ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

30 ਸਤੰਬਰ ਤੋਂ 6 ਅਕਤੂਬਰ 2026

ਸਾਲ 17ਵਾਂ - ਅੰਕ 40

email : info@sadelok.com

510-706-1300

## ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਭਾਰਤ ਪੁੱਜੇ ਅਮਰੀਕੀ ਸਫ਼ੀਰ ਸਰਜੀਓ ਗੋਰ

(ਦੇਖੋ ਸਫ਼ਾ 18 'ਤੇ)



## ਪਾਕਿਸਤਾਨ ਵਿੱਚ 1947 ਤੋਂ ਬੰਦ ਪਏ ਇਤਿਹਾਸਕ ਗੁਰਧਾਮਾਂ ਦੀ ਪੁਨਰ-ਸੁਰਜੀਤੀ ਲਈ ਵਿਸ਼ਾਲ ਰੋਡਮੈਪ

### ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਵੱਲੋਂ ਉੱਤਰੀ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਵਿਖੇ ਇਤਿਹਾਸਕ ਐਲਾਨ

**ਸਟਾਕਟਨ, ਫਰੀਮੌਂਟ, ਸੈਨਹੋਜ਼ੇ, ਯੂਨੀਅਨ ਸਿਟੀ ਅਤੇ ਮਿਲਪੀਟਸ ਵਿਖੇ ਸੰਗਤਾਂ ਦੇ ਭਰਵੇਂ ਇਕੱਠਾਂ ਨੂੰ ਕੀਤਾ ਸੰਬੋਧਨ; ਅਗਲੇ 2 ਸਾਲਾਂ 'ਚ 72 ਗੁਰਦੁਆਰਾ ਸਾਹਿਬਾਨ ਖੋਲ੍ਹਣ ਦਾ ਟੀਚਾ**



ਸ. ਰਮੇਸ਼ ਸਿੰਘ ਅਰੋੜਾ (ਕੈਬਨਿਟ ਮੰਤਰੀ ਪੰਜਾਬ, ਪਾਕਿਸਤਾਨ ਤੇ ਪ੍ਰਧਾਨ PSGPC) ਸੰਬੋਧਨ ਕਰਦੇ ਹੋਏ।

ਕੈਲੀਫ਼ੋਰਨੀਆ : ਪਾਕਿਸਤਾਨੀ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਪਹਿਲੇ ਸਿੱਖ ਕੈਬਨਿਟ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਆਪਣੇ ਉੱਤਰੀ ਕੈਲੀਫ਼ੋਰਨੀਆ ਦੌਰੇ ਦੌਰਾਨ

(ਦੇਖੋ ਸਫ਼ਾ 26-27 'ਤੇ)



## ਸਿੱਖ ਕਾਰਕੁਨ ਜਗਤਾਰ ਸਿੰਘ ਜੱਗੀ ਜੌਹਲ 9 ਸਾਲਾਂ ਦੀ ਲੰਮੀ ਹਿਰਾਸਤ ਮਗਰੋਂ ਭਾਰਤੀ ਜੇਲ੍ਹ ਵਿੱਚੋਂ ਰਿਹਾਅ

### ਅਦਾਲਤ ਦੇ 3 ਘੰਟਿਆਂ ਦੇ ਸਖ਼ਤ ਅਲਟੀਮੇਟਮ ਮਗਰੋਂ ਆਏ ਬਾਹਰ



ਨਵੀਂ ਦਿੱਲੀ/ਲੰਡਨ : ਸਕਾਟਲੈਂਡ (ਯੂ.ਕੇ.) ਦੇ ਡੰਬਾਰਟਨ ਸ਼ਹਿਰ ਦੇ ਵਸਨੀਕ 39 ਸਾਲਾ ਬ੍ਰਿਟਿਸ਼ ਸਿੱਖ ਕਾਰਕੁਨ ਜਗਤਾਰ ਸਿੰਘ ਜੱਗੀ ਜੌਹਲ ਨੂੰ ਕਰੀਬ ਨੌਂ ਸਾਲਾਂ ਦੀ ਲੰਮੀ ਅਦਾਲਤੀ ਹਿਰਾਸਤ ਤੋਂ ਬਾਅਦ ਵੀਰਵਾਰ ਨੂੰ ਆਖ਼ਰਕਾਰ ਭਾਰਤੀ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ। ਬਿਨਾਂ ਕਿਸੇ ਅਦਾਲਤੀ ਦੋਸ਼-ਸਿੱਧੀ (Conviction) ਦੇ ਨਵੰਬਰ 2017 ਤੋਂ ਭਾਰਤ ਵਿੱਚ ਬੰਦ ਜੱਗੀ ਜੌਹਲ ਦੀ ਇਹ ਰਿਹਾਈ ਅਦਾਲਤ ਵੱਲੋਂ ਪ੍ਰਸ਼ਾਸਨ ਨੂੰ ਦਿੱਤੇ ਗਏ ਤਿੰਨ ਘੰਟਿਆਂ ਦੇ ਸਖ਼ਤ ਅਲਟੀਮੇਟਮ ਉਪਰੰਤ ਹੀ ਅਮਲ ਵਿੱਚ ਆਈ ਹੈ।

(ਦੇਖੋ ਸਫ਼ਾ 40 'ਤੇ)

## ਕੈਲੀਫੋਰਨੀਆ 'ਚ ਡਾ. ਆਇਸ਼ਾ ਵਹਾਬ ਦੇ ਸਨਮਾਨ ਅਤੇ ਚੋਣ ਮੁਹਿੰਮ ਲਈ ਸਿੱਖ ਤੇ ਸਾਊਥ ਏਸ਼ੀਅਨ ਭਾਈਚਾਰੇ ਦਾ ਇਤਿਹਾਸਕ ਇਕੱਠ

**£7 ਮਿਲੀਅਨ ਦੀ ਕਾਰਪੋਰੇਟ ਲਾਬੀ ਨੂੰ ਠੁਕਰਾਉਣ ਵਾਲੀ 'ਲੋਕ ਤਾਕਤ' ਦੀ ਡਟਵੀਂ ਹਮਾਇਤ; ਸਮੂਹ ਪ੍ਰਮੁੱਖ ਬੁਲਾਰਿਆਂ ਨੇ ਟਰਾਂਸ-ਨੈਸ਼ਨਲ ਰਿਪ੍ਰੈਸ਼ਨ, ਧਾਰਮਿਕ ਆਜ਼ਾਦੀ ਅਤੇ ਹੱਕ-ਸੱਚ ਦੀ ਰਾਜਨੀਤੀ ਲਈ ਲਾਮਬੰਦੀ ਦਾ ਸੱਦਾ**




ਬੇ ਏਰੀਆ (ਕੈਲੀਫ਼ੋਰਨੀਆ), (ਸਾਡੇ ਲੋਕ) : ਕੈਲੀਫ਼ੋਰਨੀਆ ਦੇ ਬੇ ਏਰੀਆ ਵਿਖੇ ਸਿੱਖ-ਅਮਰੀਕਨ ਆਗੂਆਂ, ਪ੍ਰਮੁੱਖ ਉੱਦਮੀਆਂ, ਕਾਨੂੰਨੀ ਮਾਹਿਰਾਂ ਅਤੇ ਸਮੁੱਚੇ ਸਾਊਥ ਏਸ਼ੀਅਨ ਭਾਈਚਾਰੇ ਵੱਲੋਂ ਡਾ. ਆਇਸ਼ਾ ਵਹਾਬ ਦੇ ਸਨਮਾਨ ਅਤੇ ਉਨ੍ਹਾਂ ਦੀ ਆਗਾਮੀ ਚੋਣ ਮੁਹਿੰਮ ਦੇ ਸਮਰਥਨ ਵਿੱਚ ਇੱਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਇਕੱਠ ਦਾ ਮੁੱਖ ਮਕਸਦ ਡਾ. ਆਇਸ਼ਾ ਵਹਾਬ ਵੱਲੋਂ ਹੇਵਰਡ ਸਿਟੀ ਕੌਂਸਲ, ਕੈਲੀਫ਼ੋਰਨੀਆ ਸਟੇਟ ਅਸੈਂਬਲੀ, ਸਟੇਟ ਸੈਨੇਟ ਤੋਂ ਲੈ ਕੇ ਯੂ.ਐੱਸ.

(ਬਾਕੀ ਸਫ਼ਾ 32-33 'ਤੇ)

### 6,000 ਕਰੋੜ ਦੇ ਡਰੱਗ ਮਾਮਲੇ 'ਚ ਵੱਡੀ ਹਲਚਲ

## ਮਜੀਠੀਆ ਤੇ ਜਗਦੀਸ਼ ਭੋਲਾ 5 ਅਕਤੂਬਰ ਨੂੰ ਤਲਬ





ਚੰਡੀਗੜ੍ਹ : ਪੰਜਾਬ ਦੇ ਬਹੁਚਰਚਿਤ ਡਰੱਗ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਡਰੱਗ ਮਾਮਲੇ ਦੇ ਦੋਸ਼ੀ ਜਗਦੀਸ਼ ਸਿੰਘ ਭੋਲਾ ਨੂੰ 5 ਅਕਤੂਬਰ ਨੂੰ ਪੁੱਛਗਿੱਛ ਲਈ ਤਲਬ ਕੀਤਾ ਹੈ। ਦੋਵਾਂ ਨੂੰ ਇਕੋ ਦਿਨ ਸੰਮਨ ਕੀਤੇ ਜਾਣ ਕਾਰਨ ਐਸ.ਆਈ.ਟੀ. ਵਲੋਂ ਉਨ੍ਹਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਜਾਣਕਾਰੀ ਅਨੁਸਾਰ ਵਰੁਣ ਸ਼ਰਮਾ ਦੀ ਅਗਵਾਈ ਹੇਠ ਬਣੀ ਐਸ. ਆਈ. ਟੀ., ਜਿਸ 'ਚ ਅਭੀਮਨਯੂ ਰਾਣਾ ਤੇ ਗੁਰਬੰਸ ਸਿੰਘ ਮੈਂਬਰ ਹਨ,

(ਦੇਖੋ ਸਫ਼ਾ 38 'ਤੇ)

Bhatia & Co, Inc
Certified Public Accountants
Our Services :
AICPA
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜ਼ਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ "ਨੇੜਿਓਂ ਤੱਕੀ ਜ਼ਿੰਦਗੀ" ਰਿਲੀਜ਼






ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ "ਨੇੜਿਓਂ ਤੱਕੀ ਜ਼ਿੰਦਗੀ" ਨੂੰ ਰਿਲੀਜ਼ ਕਰਨ ਸਮੇਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੇ ਪ੍ਰਧਾਨ ਕੁਲਵਿੰਦਰ, ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਸ਼ਾਇਰ ਹਰਜਿੰਦਰ ਕੰਗ ਤੇ ਲੇਖਕ ਦੇ ਸਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਫੋਟੋ : ਮਸੂਦ ਮੱਲ੍ਹੀ

ਫਰੀਮਾਂਟ : ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ "ਨੇੜਿਓਂ ਤੱਕੀ ਜ਼ਿੰਦਗੀ" ਇੱਥੇ ਅਮਰੀਕਾ ਵਿੱਚ ਪੰਜਾਬੀ ਸਾਹਿਤ, ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਸਮਰਪਿਤ ਉੱਘੀ ਸਾਹਿਤਿਕ ਸੰਸਥਾ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੀ 26ਵੀਂ ਸਾਲਾਨਾ ਕਾਨਫਰੰਸ ਮੌਕੇ ਰਿਲੀਜ ਕੀਤੀ ਗਈ। ਐਤਵਾਰ 27 ਸਤੰਬਰ 2026 ਨੂੰ ਕਾਨਫਰੰਸ ਦੇ ਬਾਅਦ ਦੁਪਹਿਰ ਦੇ ਸ਼ੈਸ਼ਨ ਮੌਕੇ ਕਿਤਾਬ ਰਿਲੀਜ਼ ਸਮਾਰੋਹ ਦੌਰਾਨ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਅਕਾਦਮੀ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਇਸ ਕਿਤਾਬ ਨੂੰ ਕਾਨਫਰੰਸ ਵਿੱਚ ਸ਼ਾਮਲ ਵਿਦਵਾਨਾਂ, ਪਾਠਕਾਂ ਤੇ ਦਰਸ਼ਕਾਂ ਦੇ ਰੂਬਰੂ ਕੀਤਾ।
ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਕਿਤਾਬ ਦੇ ਮੁਖੜੇ ਅਤੇ ਸੋਹਣੀ ਛਪਾਈ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਹ ਇਸ ਕਿਤਾਬ ਨੂੰ ਜਰੂਰ ਹੀ ਪੜ੍ਹਨਗੇ । ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਸੰਪਾਦਨਾ ਅਤੇ ਪ੍ਰਕਾਸ਼ਨਾਂ ਵਿੱਚ ਸਹਿਯੋਗ ਦਿੱਤਾ ਹੈ ਅਤੇ ਲੇਖਕ ਦੇ ਸਪੁਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਵੀ ਇਸ ਮੌਕੇ ਹਾਜ਼ਰ ਸਨ। ਲੇਖਕ ਇਨ੍ਹੀਂ ਦਿਨੀਂ ਪੰਜਾਬ ਗਏ ਹੋਣ ਕਾਰਨ ਖੁਦ ਹਾਜ਼ਰ ਨਹੀਂ ਹੋ ਸਕੇ। ਵਰਨਣਯੋਗ ਹੈ ਕਿ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵਲੋਂ ਪਰਕਾਸ਼ਿਤ ਇਹ ਕਿਤਾਬ ਕਾਲਮਨਵੀਸ ਵਜੋਂ ਕਾਫ਼ੀ ਪੜ੍ਹੇ ਜਾਂਦੇ ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੇ 'ਪੰਜਾਬ ਟਾਈਮਜ਼' ਯੂਐੱਸਏ ਵਿੱਚ ਛਪਦੇ ਰਹੇ ਚੋਣਵੇਂ ਕਾਲਮਾਂ ਦਾ ਸੰਗ੍ਰਹਿ ਹੈ। ਪ੍ਰੋ. ਸਿੱਧੂ ਨੇ ਇਹ ਕਿਤਾਬ ਸ. ਅਮੋਲਕ ਸਿੰਘ ਜੰਮੂ ਨੂੰ ਸਮਰਪਿਤ ਕੀਤੀ ਹੋਈ

# ਮਿਸਟਰ ਸਿੰਘਜ਼ ਇੰਡੀਆ ਦੇ ਮਾਲਕ ਜੀਤ ਸਿੰਘ ਮਸਤਾਨਾ ਦਾ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨ

ਗਲਾਸਗੋ : ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆ ਕੇ ਸਿਰਫ ਆਪਣੇ ਪਰਿਵਾਰ ਹੀ ਨਹੀਂ ਪਾਲੇ, ਸਗੋਂ ਪੰਜਾਬੀਅਤ ਦਾ ਸ਼ਮਲਾ ਵੀ ਉੱਚਾ ਰੱਖਿਆ ਹੈ। ਜਿਸ ਦੌਰ ਵਿੱਚ ਬਰਤਾਨੀਆ ਵਰਗੇ ਮੁਲਕਾਂ ਵਿੱਚ ਰੰਗ ਭੇਦਭਾਵ ਸਿਖਰਾਂ 'ਤੇ ਸੀ, ਉਸ ਸਮੇਂ ਨਾ ਸਿਰਫ ਹੱਡ ਤੋੜਵੀਂ ਮਿਹਨਤ ਕੀਤੀ, ਇਸਦੇ ਨਾਲ ਨਾਲ ਸਵੈ ਮਾਨ ਵੀ ਕਾਇਮ ਰੱਖਿਆ। ਵੱਡੇ-ਵੱਡੇ ਕਾਰੋਬਾਰ ਸਥਾਪਤ ਕੀਤੇ, ਪਰ ਉਨ੍ਹਾਂ ਕਾਰੋਬਾਰਾਂ ਦੀਆਂ ਨੀਂਹਾਂ ਵਿੱਚ ਲੱਗਿਆ ਸੰਘਰਸ਼, ਅਕਸਰ ਹੀ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਸਕਾਟਲੈਂਡ ਵਾਸੀ ਸਰਦਾਰ ਜੀਤ ਸਿੰਘ ਮਸਤਾਨਾ ਉਹ ਸ਼ਖਸ ਹਨ, ਜਿਨ੍ਹਾਂ ਦਾ ਕਾਰੋਬਾਰ 'ਮਿਸਟਰ ਸਿੰਘਜ਼ ਇੰਡੀਆ' ਇੱਕ ਕਾਰੋਬਾਰ ਨਾ ਹੋ ਕੇ ਇਕ ਬ੍ਰਾਂਡ ਬਣ ਗਿਆ ਹੈ। ਪੌਣੀ ਸਦੀ ਤੋਂ ਵੱਧ ਦੇ ਸੰਘਰਸ਼ ਨੂੰ ਸਲਾਮ ਕਹਿਣ ਲਈ ਇੰਡੀਅਨ ਕੌਂਸਲ ਆਫ ਸਕਾਟਲੈਂਡ ਤੇ ਯੂਨਾਈਟਿਡ ਕਿੰਗਡਮ ਦੇ ਚੇਅਰਮੈਨ ਤੇ ਪ੍ਰਧਾਨ ਨੀਲ ਲਾਲ ਦੇ ਉਪਰਾਲੇ ਨਾਲ ਜੀਤ ਸਿੰਘ ਮਸਤਾਨਾ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਬਦਲੇ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।
ਗਲਾਸਗੋ ਸਥਿਤ ਮਿਸਟਰ ਸਿੰਘਜ਼ ਇੰਡੀਆ ਵਿਖੇ ਆਯੋਜਿਤ ਇਸ ਸਨਮਾਨ ਸਮਾਰੋਹ ਦੌਰਾਨ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ, ਉੱਥੇ ਸਕਾਟਲੈਂਡ ਦੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਜੀਤ ਸਿੰਘ ਮਸਤਾਨਾ ਨੇ ਆਪਣੇ ਕਾਰੋਬਾਰ ਦੇ ਲੋਗੋ ਵਿੱਚ, ਜਿੱਥੇ ਭਾਰਤ ਦੇ ਨਕਸ਼ੇ ਨੂੰ ਰੂਪਮਾਨ ਕਰਨ ਦੀ ਪਹਿਲਕਦਮੀ ਕੀਤੀ ਸੀ, ਉੱਥੇ ਦਸਤਾਰ ਅਤੇ ਸਿੱਖ ਵੇਸ਼ ਭੂਸ਼ਾ ਨੂੰ ਵੀ ਉਸ ਲੋਗੋ ਦਾ ਹਿੱਸਾ ਬਣਾਇਆ ਸੀ। ਸਨਮਾਨ ਸਮਾਰੋਹ ਦੌਰਾਨ ਬੁਲਾਰਿਆ ਨੇ ਉਨ੍ਹਾਂ ਦੇ ਹਿੰਦੁਸਤਾਨ ਪ੍ਰਤੀ ਪ੍ਰੇਮ ਦੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਦੀ ਸ਼ੁਰੂਆਤ ਸ. ਜੀਤ ਸਿੰਘ ਮਸਤਾਨਾ ਦੇ ਸਪੁੱਤਰ ਸੱਤੀ ਸਿੰਘ ਵੱਲੋਂ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਨਾਲ ਹੋਈ। ਮਾਸਟਰ ਆਫ ਸੈਰੇਮਨੀਜ਼ ਮਿਸਟਰ ਅਲਸਡੇਰ ਮੌਰੀਸਨ ਵੱਲੋਂ ਜੀਤ ਸਿੰਘ ਮਸਤਾਨਾ ਦੇ ਜੀਵਨ ਬਾਰੇ ਜਾਣਨਾ ਪਾਉਣ ਵਾਲੀ ਵਿਸਥਾਰਤ ਸਪੀਚ ਨੇ ਸਭ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਜੀਤ ਸਿੰਘ ਮਸਤਾਨਾ ਨੂੰ ਹਮੇਸ਼ਾ ਹੀ ਪਿਆਰ ਨਾਲ 'ਪਾਪਾ ਸਿੰਘ' ਆਖ ਕੇ ਬੁਲਾਉਂਦੇ ਹਨ, ਕਿਉਂਕਿ ਵੱਖ ਧਰਮ, ਫਿਰਕੇ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਉਹ ਪਿਓ ਵਾਂਗ ਪਿਆਰ ਦਿੰਦੇ ਹਨ। ਇਸ ਉਪਰੰਤ ਇੰਡੀਅਨ ਕੌਂਸਲ ਆਫ ਸਕਾਟਲੈਂਡ ਵੱਲੋਂ ਨੀਲ ਲਾਲ ਨੇ ਜੀਤ ਸਿੰਘ ਮਸਤਾਨਾ ਦੇ ਪੈਰੀਂ ਹੱਥ ਲਗਾਉਣ ਉਪਰੰਤ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਬਹੁਤ ਹੀ ਮੋਹ ਨਾਲ ਭੇਂਟ ਕੀਤਾ ਤਾਂ ਮਾਹੌਲ ਬੇਹੱਦ ਭਾਵੁਕ ਹੋ ਗਿਆ। ਇਸ ਤੋਂ ਇਲਾਵਾ ਮੈਂਬਰ ਪਾਰਲਾਮੈਂਟ ਡਾ. ਜ਼ੁਬੈਰ ਅਹਿਮਦ, ਚਰਨ ਗਿੱਲ, ਸੁਰਜੀਤ ਸਿੰਘ ਚੌਧਰੀ, ਏਆਈਓ ਦੇ ਮੀਤ ਪ੍ਰਧਾਨ ਸੋਹਨ ਸਿੰਘ ਰੰਧਾਵਾ, ਪ੍ਰਦੀਪ ਸਿੰਘ ਲਾਂਡਾ, ਪਦਮ ਸਿੰਘ ਦਾਸ, ਦਿਲਾਵਰ ਸਿੰਘ, ਜੇਮਜ਼ ਮੌਰਟੀਮਰ ਮਿਸਟਰ ਗਲਾਸਗੋ, ਕੋਵਲਆਤਮ ਸਿੰਘ, ਮਾਈਕਲ ਸਿੰਘ ਆਦਿ ਵੱਲੋਂ ਆਪੋ ਆਪਣੇ ਸੰਬੋਧਨ ਰਾਹੀਂ ਜੀਤ ਸਿੰਘ ਮਸਤਾਨਾ ਦੀ ਸਕਾਟਲੈਂਡ ਵਸਦੇ ਭਾਈਚਾਰੇ ਨੂੰ ਦੇਣ ਬਾਰੇ ਚਾਨਣਾ ਪਾਇਆ ਗਿਆ।



ਸਮਾਗਮ ਦੌਰਾਨ ਹਰ ਕੋਈ ਮਹਿਸੂਸ ਕਰ ਰਿਹਾ ਸੀ ਕਿ ਜੇਕਰ ਤੁਸੀਂ ਭਾਈਚਾਰੇ ਦੀ ਨਿਸ਼ਕਾਮ ਸੇਵਾ ਕਰਦੇ ਹੋ ਤਾਂ ਤੁਹਾਨੂੰ ਮਾਨ-ਸਨਮਾਨ ਦੇਣ ਵਾਲੇ ਖੁਦ ਹੀ ਲੱਭ ਲੈਂਦੇ ਹਨ। ਸਨਮਾਨ ਉਪਰੰਤ ਸ. ਜੀਤ ਸਿੰਘ ਮਸਤਾਨਾ ਨੇ ਜਿੱਥੇ ਹਾਜ਼ਰੀਨ ਦਾ ਧੰਨਵਾਦ ਕੀਤਾ, ਉੱਥੇ ਬੇਹੱਦ ਮਾਣ ਨਾਲ ਕਿਹਾ ਕਿ ਉਨ੍ਹਾਂ ਦੇ ਪੁੱਤਰਾਂ ਨੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕੀਤਾ ਹੈ ਤਾਂ ਹੀ ਉਹ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾ ਸਕੇ ਹਨ। ਆਪਣੀ ਔਲਾਦ ਪੱਖੋਂ ਸੰਤੁਸ਼ਟੀ ਇਸ ਗੱਲੋਂ ਹੀ ਝਲਕਦੀ ਸੀ ਜਦੋਂ ਉਨ੍ਹਾਂ ਦੁਆ ਮੰਗੀ ਕਿ ਵਾਹਿਗੁਰੂ ਉਨ੍ਹਾਂ ਦੇ ਪੁੱਤਰਾਂ ਵਰਗੇ ਸਲੱਗ ਪੁੱਤ ਹਰ ਕਿਸੇ ਨੂੰ ਦੇਵੇ। ਸਮਾਗਮ ਦੇ ਅਖੀਰ ਵਿੱਚ ਸੱਤੀ ਸਿੰਘ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਸਮਾਗਮ ਵਿੱਚ ਪਹੁੰਚਣ, ਉਨ੍ਹਾਂ ਦੇ ਪਿਤਾ ਨੂੰ ਸਨਮਾਨਤ ਕਰਨ ਵਰਗੀ ਦਿਆਨਤਦਾਰੀ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਨੇ ਬਹੁਤ ਔਖੇ ਸਮੇਂ ਵਿੱਚੋਂ ਨਿਕਲ ਕੇ ਵੱਖਰੀ ਪਛਾਣ ਬਣਾਈ ਹੈ। ਉਹ ਭਾਈਚਾਰੇ ਨਾਲ ਵਾਅਦਾ ਕਰਦੇ ਹਨ ਕਿ ਉਹ ਹਰ ਸਾਹ ਪੰਜਾਬ, ਪੰਜਾਬੀ, ਪੰਜਾਬੀਅਤ, ਸਿੱਖੀ ਅਤੇ ਮਾਨਵਤਾ ਦੇ ਭਲੇ ਲਈ ਹਰ ਸੰਭਵ ਯੋਗਦਾਨ ਪਹਿਲਾਂ ਵਾਂਗ ਹੀ ਪਾਉਂਦੇ ਰਹਿਣਗੇ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਕੈਲੀਫ਼ੋਰਨੀਆ ’ਚ $2 ਮਿਲੀਅਨ (ਕਰੀਬ 17 ਕਰੋੜ) ਦੀ ਮਾਲ ਚੋਰੀ (Cargo Theft) ਦਾ ਵੱਡਾ ਮਾਮਲਾ

## ਸੈਕਰਾਮੈਂਟੋ ਦੇ ਅਰਸ਼ਪ੍ਰੀਤ ਸਿੰਘ ਤੇ ਫ਼ੋਂਟਾਨਾ ਦੇ ਵਿਕਰਮਜੀਤ ਸਿੰਘ ਫ਼ੈਡਰਲ ਜਿਊਰੀ ਵੱਲੋਂ ਦੋਸ਼ੀ ਕਰਾਰ; 20 ਜਨਵਰੀ 2027 ਨੂੰ ਹੋਵੇਗਾ ਸਜ਼ਾ ਦਾ ਐਲਾਨ; ਫ਼ਰਜ਼ੀ ਟਰੱਕਿੰਗ ਕੰਪਨੀਆਂ ਰਾਹੀਂ ਲੋਡ ਚੁੱਕ ਕੇ ਗ਼ਾਇਬ ਕਰਨ ਦੇ ਖ਼ੁਲਾਸੇ

ਲਾਸ ਏਂਜਲਸ (ਕੈਲੀਫ਼ੋਰਨੀਆ) : ਦੱਖਣੀ ਕੈਲੀਫ਼ੋਰਨੀਆ ਦੇ ਪ੍ਰਮੁੱਖ ਲੌਜਿਸਟਿਕਸ ਹੱਬਾਂ ਅਤੇ ਵੇਅਰਹਾਊਸਾਂ ਵਿੱਚੋਂ ਕਰੋੜਾਂ ਰੁਪਏ ਦਾ ਮਾਲ (ਕਾਰਗੋ) ਚੋਰੀ ਕਰਨ ਦੇ ਇੱਕ ਵੱਡੇ ਅੰਤਰ-ਰਾਜੀ ਨੈੱਟਵਰਕ ਖ਼ਿਲਾਫ਼ ਅਮਰੀਕਾ ਦੀ ਫ਼ੈਡਰਲ ਜਿਊਰੀ ਨੇ ਸਖ਼ਤ ਫ਼ੈਸਲਾ ਸੁਣਾਉਂਦਿਆਂ ਦੋ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ (DOJ) ਵੱਲੋਂ ਜਾਰੀ ਅਧਿਕਾਰਤ ਵੇਰਵਿਆਂ ਅਨੁਸਾਰ, ਸੱਤ ਦਿਨਾਂ ਦੀ ਲੰਮੀ ਅਦਾਲਤੀ ਸੁਣਵਾਈ ਮਗਰੋਂ ਜਿਊਰੀ ਨੇ 28 ਸਾਲਾ ਅਰਸ਼ਪ੍ਰੀਤ ਸਿੰਘ (ਵਾਸੀ ਸੈਕਰਾਮੈਂਟੋ) ਅਤੇ 31 ਸਾਲਾ ਵਿਕਰਮਜੀਤ ਸਿੰਘ (ਵਾਸੀ ਫ਼ੋਂਟਾਨਾ) ਨੂੰ ਅੰਤਰ-ਰਾਜੀ ਜਾਂ ਵਿਦੇਸ਼ੀ ਮਾਲ ਚੋਰੀ ਕਰਨ ਦੀ ਅਪਰਾਧਿਕ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਹੈ।

ਇਸ ਤੋਂ ਇਲਾਵਾ, ਅਰਸ਼ਪ੍ਰੀਤ ਸਿੰਘ ਨੂੰ ਵਾਇਰ ਫ਼ਰਾਡ (Wire Fraud) ਦੀ ਸਾਜ਼ਿਸ਼ ਰਚਣ ਦਾ ਵੀ ਦੋਸ਼ੀ ਠਹਿਰਾਇਆ ਗਿਆ ਹੈ, ਜਦਕਿ ਜਿਊਰੀ ਵੱਲੋਂ ਵਿਕਰਮਜੀਤ ਸਿੰਘ ਨੂੰ ਵਾਇਰ ਫ਼ਰਾਡ ਦੇ ਦੋਸ਼ ਤੋਂ ਬਰੀ ਕਰ ਦਿੱਤਾ ਗਿਆ। ਯੂ.ਐੱਸ. ਡਿਸਟ੍ਰਿਕਟ ਜੱਜ ਐਨੀ ਹਵਾਂਗ (Anne Hwang) ਨੇ ਦੋਵਾਂ ਦੀ ਸਜ਼ਾ ਸੁਣਾਉਣ ਲਈ 20 ਜਨਵਰੀ 2027 ਦੀ ਤਾਰੀਖ਼ ਮੁਕੱਰਰ ਕੀਤੀ ਹੈ। ਸੰਘੀ ਕਾਨੂੰਨ ਅਧੀਨ ਅਰਸ਼ਪ੍ਰੀਤ ਸਿੰਘ ਨੂੰ ਵੱਧ ਤੋਂ ਵੱਧ 20 ਸਾਲ ਅਤੇ ਵਿਕਰਮਜੀਤ ਸਿੰਘ ਨੂੰ 5 ਸਾਲ ਤੱਕ ਦੀ ਫ਼ੈਡਰਲ ਕੈਦ ਦੀ ਸਜ਼ਾ ਹੋ ਸਕਦੀ ਹੈ।

ਕੇਸ ਨਾਲ ਜੁੜੇ ਪ੍ਰਮੁੱਖ ਤੱਥ ਅਤੇ ਵੇਰਵੇ

ਦੋਸ਼ੀ ਵਿਅਕਤੀ : ਅਰਸ਼ਪ੍ਰੀਤ ਸਿੰਘ (28, ਸੈਕਰਾਮੈਂਟੋ) ਅਤੇ ਵਿਕਰਮਜੀਤ ਸਿੰਘ (31, ਫ਼ੋਂਟਾਨਾ)

ਸੰਬੰਧਿਤ ਅਦਾਲਤ : ਯੂ.ਐੱਸ. ਡਿਸਟ੍ਰਿਕਟ ਕੋਰਟ, ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫ਼ੋਰਨੀਆ (ਲਾਸ ਏਂਜਲਸ)

ਮੁੱਖ ਦੋਸ਼ : ਕਾਰਗੋ ਚੋਰੀ ਦੀ ਸਾਜ਼ਿਸ਼ (Conspiracy to commit theft from interstate shipments)

ਵਾਇਰ ਫ਼ਰਾਡ ਦਾ ਦੋਸ਼ : ਅਰਸ਼ਪ੍ਰੀਤ ਸਿੰਘ ਦੋਸ਼ੀ ਸਾਬਤ; ਵਿਕਰਮਜੀਤ ਸਿੰਘ ਦੋਸ਼-ਮੁਕਤ

ਕੁੱਲ ਵਿੱਤੀ ਨੁਕਸਾਨ : ਘੱਟੋ-ਘੱਟ $2 ਮਿਲੀਅਨ (ਲਗਭਗ 17 ਕਰੋੜ ਰੁਪਏ)

ਚੋਰੀ ਕੀਤੇ ਸਮਾਨ ਦੀ ਕਿਸਮ : ਲੈਪਟਾਪ, ਟੈਲੀਵਿਜ਼ਨ, ਸੋਲਰ ਪੈਨਲ, ਬਰਾਂਡਿਡ ਜੁੱਤੇ, ਟਾਇਰ, ਵੈਕਿਊਮ ਕਲੀਨਰ ਤੇ LED ਲਾਈਟਾਂ

ਸਜ਼ਾ ਸੁਣਾਉਣ ਦੀ ਤਾਰੀਖ਼ : 20 ਜਨਵਰੀ 2027 (ਜੱਜ ਐਨੀ ਹਵਾਂਗ ਵੱਲੋਂ)

ਸੰਭਾਵੀ ਵੱਧ ਤੋਂ ਵੱਧ ਸਜ਼ਾ : ਅਰਸ਼ਪ੍ਰੀਤ ਸਿੰਘ: 20 ਸਾਲ ਫ਼ੈਡਰਲ ਜੇਲ੍ਹ; ਵਿਕਰਮਜੀਤ ਸਿੰਘ: 5 ਸਾਲ ਫ਼ੈਡਰਲ ਜੇਲ੍ਹ

ਕਿਵੇਂ ਚਲਾਇਆ ਜਾਂਦਾ ਸੀ ਧੋਖਾਧੜੀ ਦਾ ਨੈੱਟਵਰਕ ? (Modus Operandi)

ਫ਼ੈਡਰਲ ਪ੍ਰੌਸੀਕਿਊਟਰਾਂ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਮੁਤਾਬਕ, ਮੁਲਜ਼ਮਾਂ ਨੇ ਮਾਰਚ 2024 ਤੋਂ ਜੂਨ 2025 ਦਰਮਿਆਨ ਇਹ ਯੋਜਨਾਬੱਧ ਠੱਗੀ ਦਾ ਜਾਲ ਬੁਣਿਆ ਸੀ:

**ਅਸਲ ਟਰੱਕਿੰਗ ਕੰਪਨੀਆਂ ਦੀ ਖ਼ਰੀਦ:** ਮੁਲਜ਼ਮ ਮਾਰਕੀਟ ਵਿੱਚ ਪਹਿਲਾਂ ਤੋਂ ਮਨਜ਼ੂਰਸ਼ੁਦਾ ਅਤੇ ਸਰਗਰਮ ਟਰਾਂਸਪੋਰਟ ਕੰਪਨੀਆਂ ਨੂੰ ਖ਼ਰੀਦਦੇ ਸਨ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਮਿਸਾਲ ਵਜੋਂ, ਅਰਸ਼ਪ੍ਰੀਤ ਸਿੰਘ ਨੇ ਟੈਕਸਾਸ ਸਥਿਤ Z&F Transportation LLC ਨੂੰ $22,000 ਵਿੱਚ ਖ਼ਰੀਦਿਆ ਸੀ। ਇਸੇ ਤਰ੍ਹਾਂ ਮਈ 2024 ਵਿੱਚ Skyways Trucking LLC ਨਾਮਕ ਕੰਪਨੀ ਵੀ ਖ਼ਰੀਦੀ ਗਈ ਸੀ।

**ਫ਼ਰਜ਼ੀ ਬੋਲੀ (Bidding) ਤੇ ਲੋਡ ਚੁੱਕਣਾ:** ਇਨ੍ਹਾਂ ਕੰਪਨੀਆਂ ਦੇ ਵੈਧ ਅਮਰੀਕੀ ਡਾਟ ਨੰਬਰ (DOT) ਅਤੇ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਹ ਉਬੇਰ ਫ਼ਰੇਟ (Uber Freight) ਵਰਗੇ ਨਾਮਵਰ ਬ੍ਰੋਕਰਾਂ ਰਾਹੀਂ ਅਸਲ ਸ਼ਿਪਿੰਗ ਕੰਟਰੈਕਟਾਂ ’ਤੇ ਬੋਲੀ ਲਗਾਉਂਦੇ ਸਨ।

**ਮੰਜ਼ਿਲ ’ਤੇ ਪਹੁੰਚਾਉਣ ਦੀ ਥਾਂ ਮਾਲ ਗ਼ਾਇਬ:** ਵੇਅਰਹਾਊਸਾਂ ਵਿੱਚੋਂ ਕੀਮਤੀ ਸਾਮਾਨ—ਜਿਵੇਂ ਲੈਪਟਾਪ, ਟੀਵੀ, ਸੋਲਰ ਉਪਕਰਨ ਅਤੇ ਘਰੇਲੂ ਸਮਾਨ—ਟਰੱਕਾਂ ਵਿੱਚ ਲੋਡ ਕਰਵਾਉਣ ਤੋਂ ਬਾਅਦ, ਉਹ ਤੈਅਸ਼ੁਦਾ ਸਟੋਰਾਂ ਜਾਂ ਡਿਲੀਵਰੀ ਪੁਆਇੰਟਾਂ ’ਤੇ ਪਹੁੰਚਾਉਣ ਦੀ ਬਜਾਏ ਰਸਤੇ ਵਿੱਚ ਹੀ ਗੁਦਾਮਾਂ ਵਿੱਚ ਲਿਜਾ ਕੇ ਗ਼ਾਇਬ ਕਰ ਦਿੰਦੇ ਸਨ ਅਤੇ ਬਾਅਦ ਵਿੱਚ ਬਲੈਕ ਮਾਰਕੀਟ ਵਿੱਚ ਵੇਚ ਦਿੰਦੇ ਸਨ।

ਕਈ ਏਜੰਸੀਆਂ ਦੀ ਸਾਂਝੀ ਜਾਂਚ ਮਗਰੋਂ ਹੋਈ ਵੱਡੀ ਕਾਰਵਾਈ

ਜਾਂਚ ਰਿਪੋਰਟਾਂ ਅਨੁਸਾਰ ਇਹ ਚੋਰੀਆਂ ਸਿਰਫ਼ ਇੱਕ ਸ਼ਹਿਰ ਤੱਕ ਸੀਮਤ ਨਹੀਂ ਸਨ, ਸਗੋਂ ਦੱਖਣੀ ਕੈਲੀਫ਼ੋਰਨੀਆ ਦੇ ਫ਼ੋਂਟਾਨਾ, ਚੀਨੋ, ਪੈਰਿਸ, ਮੋਰੇਨੋ ਵੈਲੀ, ਸੈਂਟਾ ਫ਼ੇ ਸਪ੍ਰਿੰਗਜ਼, ਲੌਂਗ ਬੀਚ, ਕਾਮਪਟਨ, ਸਿਟੀ ਆਫ਼ ਇੰਡਸਟਰੀ ਸਮੇਤ ਟੈਕਸਾਸ ਦੇ ਗ੍ਰੈਂਡ ਪ੍ਰੇਰੀ ਤੱਕ ਫੈਲੀਆਂ ਹੋਈਆਂ ਸਨ।

ਇਸ ਵੱਡੇ ਗਿਰੋਹ ਦਾ ਪਰਦਾਫਾਸ਼ ਕਰਨ ਲਈ ਫ਼ੈਡਰਲ ਜਾਂਚ ਏਜੰਸੀ FBI (Inland Violent Crime Suppression Task Force), ਆਈ.ਆਰ.ਐੱਸ. ਕ੍ਰਿਮੀਨਲ ਇਨਵੈਸਟੀਗੇਸ਼ਨ (IRS-CI), ਫ਼ੋਂਟਾਨਾ ਪੁਲਿਸ ਵਿਭਾਗ, ਸੈਨ ਬਰਨਾਰਡੀਨੋ, ਰਿਵਰਸਾਈਡ ਅਤੇ ਲਾਸ ਏਂਜਲਸ ਕਾਊਂਟੀ ਸ਼ੈਰਿਫ਼ ਵਿਭਾਗਾਂ ਦੇ ਨਾਲ-ਨਾਲ ਫ਼ੋਰਟ ਵਰਥ (ਟੈਕਸਾਸ) ਪੁਲਿਸ ਨੇ ਇੱਕ ਸਾਂਝਾ ਤਾਲਮੇਲ ਅਪਰੇਸ਼ਨ ਚਲਾਇਆ ਸੀ। ਫ਼ੈਡਰਲ ਜਿਊਰੀ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਹੁਣ ਅਦਾਲਤ ਵੱਲੋਂ ਜਨਵਰੀ 2027 ਵਿੱਚ ਅੰਤਿਮ ਸਜ਼ਾ ਸੁਣਾਈ ਜਾਵੇਗੀ।


ਅਰਸ਼ਪ੍ਰੀਤ ਸਿੰਘ


ਵਿਕਰਮਜੀਤ ਸਿੰਘ

ਅਮਰੀਕੀ ਕਾਨੂੰਨੀ ਅਤੇ ਅਦਾਲਤੀ ਰਿਪੋਰਟਿੰਗ ਬੇਦਾਅਵਾ

ਸਰੋਤ ਤੇ ਪ੍ਰਮਾਣਿਕਤਾ: ਇਹ ਰਿਪੋਰਟ ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ (DOJ) – ਯੂ.ਐੱਸ. ਅਟਾਰਨੀ ਦਫ਼ਤਰ (ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫ਼ੋਰਨੀਆ) ਵੱਲੋਂ ਜਾਰੀ ਅਧਿਕਾਰਤ ਪ੍ਰੈੱਸ ਰਿਲੀਜ਼ ਅਤੇ ਫ਼ੈਡਰਲ ਕੋਰਟ ਦੀਆਂ ਸੁਣਵਾਈਆਂ ਦੇ ਵੇਰਵਿਆਂ ’ਤੇ ਆਧਾਰਿਤ ਹੈ।

**ਕਾਨੂੰਨੀ ਸਥਿਤੀ:** ਜਿਊਰੀ ਵੱਲੋਂ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਫ਼ੈਡਰਲ ਪ੍ਰਕਿਰਿਆ ਅਨੁਸਾਰ ਅੰਤਿਮ ਸਜ਼ਾ (Sentencing) ਯੂ.ਐੱਸ. ਡਿਸਟ੍ਰਿਕਟ ਜੱਜ ਵੱਲੋਂ ਸੰਘੀ ਦਿਸ਼ਾ-ਨਿਰਦੇਸ਼ਾਂ (Federal Sentencing Guidelines) ਦੇ ਆਧਾਰ ’ਤੇ 20 ਜਨਵਰੀ 2027 ਨੂੰ ਨਿਰਧਾਰਿਤ ਕੀਤੀ ਜਾਵੇਗੀ।

# ਚੋਣ ਕਮਿਸ਼ਨ ਅੰਦਰੂਨੀ ਮਤਭੇਦਾਂ ਤੇ ‘ਵੋਟ ਚੋਰੀ’ ਦੇ ਦੋਸ਼ਾਂ ’ਤੇ ਦੇਵੇ ਜਵਾਬ: ਸ਼ਿਵ ਸੈਨਾ (UBT) ਸੰਸਦ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਖੋਲ੍ਹਿਆ ਮੋਰਚਾ

## ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਖ਼ੁਦ ਪ੍ਰੈੱਸ ਕਾਨਫ਼ਰੰਸ ਕਰਕੇ ਸਥਿਤੀ ਸਪੱਸ਼ਟ ਕਰਨ ਦਾ ਸੱਦਾ; ‘14 ਲਿਖਤੀ ਇਤਰਾਜ਼ਾਂ ਦੇ ਬਾਵਜੂਦ ਸਰਬਸੰਮਤੀ ਦਾ ਦਾਅਵਾ ਝੂਠਾ’; ਡਾਟਾ ਕੇਂਦਰੀਕਰਨ ਤੇ ਨੌਜਵਾਨਾਂ ਦੀ ਵੋਟ ਰੋਕਣ ਦੇ ਲਾਏ ਦੋਸ਼

ਨਵੀਂ ਦਿੱਲੀ : ਵੋਟਰ ਸੂਚੀਆਂ ਦੇ ਵਿਸ਼ੇਸ਼ ਸੁਧਾਈ ਪ੍ਰੋਗਰਾਮ (SIR), ਫ਼ਾਰਮ-6 (Form 6) ਅਤੇ ਡਾਟਾ ਕੇਂਦਰੀਕਰਨ ਨੂੰ ਲੈ ਕੇ ਭਾਰਤੀ ਚੋਣ ਕਮਿਸ਼ਨ (ECI) ਦੁਆਲੇ ਖੜ੍ਹਾ ਹੋਇਆ ਵਿਵਾਦ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਇੰਡੀਅਨ ਐਕਸਪ੍ਰੈੱਸ ਵੱਲੋਂ ਨਸ਼ਰ ਕੀਤੀ ਗਈ ਜਾਂਚ ਰਿਪੋਰਟ ਅਤੇ ਵਿਰੋਧੀ ਧਿਰ ਵੱਲੋਂ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ ਵਿਰੁੱਧ ਸੰਸਦ ਵਿੱਚ ਮਹਾਦੋਸ਼ ਮਤਾ ਲਿਆਉਣ ਦੀਆਂ ਚੱਲ ਰਹੀਆਂ ਤਿਆਰੀਆਂ ਦਰਮਿਆਨ ਸ਼ਿਵ ਸੈਨਾ (UBT) ਦੀ ਰਾਜ ਸਭਾ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਦੀ ਕਾਰਜਸ਼ੈਲੀ ਵਿਰੁੱਧ ਤਿੱਖਾ ਮੋਰਚਾ ਖੋਲ੍ਹ ਦਿੱਤਾ ਹੈ।

ਨਵੀਂ ਦਿੱਲੀ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਿਯੰਕਾ ਚਤੁਰਵੇਦੀ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ‘ਵੋਟ ਚੋਰੀ ਹੀ ਕਾਨੂੰਨ ਚੋਰੀ ਹੈ’ ਵਾਲੇ ਬਿਆਨ ਦੀ ਡਟਵੀਂ ਹਮਾਇਤ ਕੀਤੀ। ਉਨ੍ਹਾਂ ਗੰਭੀਰ ਦੋਸ਼ ਲਾਇਆ ਕਿ ਚੋਣ ਕਮਿਸ਼ਨ ਦੇ ਵਿਕੇਂਦਰੀਕ੍ਰਿਤ (Decentralized) ਸੰਵਿਧਾਨਕ ਢਾਂਚੇ ਨੂੰ ਤਹਿਸ-ਨਹਿਸ ਕਰਕੇ ਸਾਰੇ ਅਧਿਕਾਰ ਦਿੱਲੀ ਦੇ ਮੁੱਖ ਦਫ਼ਤਰ ਤੱਕ ਸੀਮਤ ਕਰ ਦਿੱਤੇ ਗਏ ਹਨ, ਜਿਸ ਕਾਰਨ ਲੱਖਾਂ ਨੌਜਵਾਨ (Gen-Z) ਵੋਟਰ ਸੂਚੀਆਂ ਵਿੱਚ ਆਪਣੇ ਨਾਂ ਦਰਜ ਕਰਵਾਉਣ ਦੇ ਸੰਵਿਧਾਨਕ ਹੱਕ ਤੋਂ ਵਾਂਝੇ ਰਹਿ ਰਹੇ ਹਨ।

ਮੁੱਖ ਬਿੰਦੂ ਅਤੇ ਉਠਾਏ ਗਏ ਇਤਰਾਜ਼

ਪ੍ਰਮੁੱਖ ਆਗੂ : ਪ੍ਰਿਯੰਕਾ ਚਤੁਰਵੇਦੀ (ਸੰਸਦ ਮੈਂਬਰ, ਰਾਜ ਸਭਾ – ਸ਼ਿਵ ਸੈਨਾ UBT)

ਮੁੱਖ ਨਿਸ਼ਾਨਾ : ਗਿਆਨੇਸ਼ ਕੁਮਾਰ (ਮੁੱਖ ਚੋਣ ਕਮਿਸ਼ਨਰ – CEC) ਅਤੇ ਕੇਂਦਰੀ ਚੋਣ ਕਮਿਸ਼ਨ

ਅੰਦਰੂਨੀ ਖ਼ੁਲਾਸਾ : ਪਿਛਲੇ 10 ਮਹੀਨਿਆਂ ਦੌਰਾਨ ਦੋ ਚੋਣ ਕਮਿਸ਼ਨਰਾਂ ਵੱਲੋਂ ਦਰਜ ਕਰਵਾਏ 14 ਲਿਖਤੀ ਅਸਹਿਮਤੀ ਨੋਟ

ਮੁੱਖ ਦੋਸ਼ : 2:1 ਦੇ ਬਹੁਮਤ ਦੀ ਅਣਦੇਖੀ, ਸ਼ਕਤੀਆਂ ਦਾ ਕੇਂਦਰੀਕਰਨ, ਨਵੇਂ ਵੋਟਰਾਂ (Gen-Z) ਦੀ ਰਜਿਸਟ੍ਰੇਸ਼ਨ ’ਤੇ ਰੋਕ

ਪ੍ਰਮੁੱਖ ਮੰਗਾਂ : ਮੁੱਖ ਚੋਣ ਕਮਿਸ਼ਨਰ ਵੱਲੋਂ ਸਾਰੇ ਕਮਿਸ਼ਨਰਾਂ ਸਮੇਤ ਸਾਂਝੀ ਪ੍ਰੈੱਸ ਕਾਨਫ਼ਰੰਸ, ਨਿਰਪੱਖ ਸੁਤੰਤਰ ਜਾਂਚ

ਚਿਤਾਵਨੀ : ਸੱਤਾਧਾਰੀ ਧਿਰ ਲਈ ਨਸੀਹਤ: ਸੰਵਿਧਾਨਕ ਕਦਰਾਂ-ਕੀਮਤਾਂ ਦੇ ਘਾਣ ਦਾ ਖ਼ਮਿਆਜ਼ਾ ਸਭ ਨੂੰ ਭੁਗਤਣਾ ਪਵੇਗਾ

‘14 ਇਤਰਾਜ਼ਾਂ ਦੇ ਬਾਵਜੂਦ ਸਰਬਸੰਮਤੀ ਦਾ ਦਾਅਵਾ ਝੂਠਾ’: ਕਮਿਸ਼ਨ ਅੰਦਰੂਨੀ ਬਗ਼ਾਵਤ ਦੀ ਭੇਟ ਚੜ੍ਹਿਆ

ਪ੍ਰਿਯੰਕਾ ਚਤੁਰਵੇਦੀ ਨੇ ਖੋਜੀ ਰਿਪੋਰਟਿੰਗ ਦਾ ਹਵਾਲਾ ਦਿੰਦਿਆਂ ਚੋਣ ਕਮਿਸ਼ਨ ਵੱਲੋਂ ਪੇਸ਼ ਕੀਤੇ ਗਏ ਤਾਜ਼ਾ ਸਪੱਸ਼ਟੀਕਰਨਾਂ ਨੂੰ ਸਿਰੇ ਤੋਂ ਨਕਾਰ ਦਿੱਤਾ:

2 ਬਨਾਮ 1 ਦਾ ਅੰਦਰੂਨੀ ਟਕਰਾਅ: ਉਨ੍ਹਾਂ ਕਿਹਾ ਕਿ ਕਮਿਸ਼ਨ ਵਿੱਚ ਪਾਰਦਰਸ਼ਤਾ ਅਤੇ ਸੰਤੁਲਨ ਬਣਾਈ ਰੱਖਣ ਲਈ ਤਿੰਨ ਕਮਿਸ਼ਨਰਾਂ ਦਾ ਪੈਨਲ ਬਣਾਇਆ ਗਿਆ ਸੀ। ਦਸਤਾਵੇਜ਼ਾਂ ਤੋਂ ਸਪੱਸ਼ਟ ਹੈ ਕਿ ਦੋ ਚੋਣ ਕਮਿਸ਼ਨਰਾਂ ਨੇ ਫ਼ਾਰਮ-6, ਡਾਟਾ ਸੈਂਟਰਲਾਈਜ਼ੇਸ਼ਨ ਅਤੇ ਚੋਣ ਨੇਮਾਂ ਦੀ ਉਲੰਘਣਾ ਸੰਬੰਧੀ 14 ਲਿਖਤੀ ਅਸਹਿਮਤੀ ਨੋਟ (Dissents) ਦਰਜ ਕਰਵਾਏ ਸਨ। ਜਦੋਂ ਬਹੁਮਤ ਵਿਰੋਧ ਵਿੱਚ ਸੀ, ਤਾਂ ਕਮਿਸ਼ਨ ਇਹ ਦਾਅਵਾ ਕਿਵੇਂ ਕਰ ਸਕਦਾ ਹੈ ਕਿ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਹਨ ?




ਪ੍ਰੈੱਸ ਰਿਲੀਜ਼ ’ਤੇ ਦਸਤਖ਼ਤਾਂ ਦੀ ਅਣਹੋਂਦ: ਉਨ੍ਹਾਂ ਸਵਾਲ ਕੀਤਾ ਕਿ ਜੇਕਰ ਅੰਦਰੂਨੀ ਤੌਰ ’ਤੇ ਕੋਈ ਮਤਭੇਦ ਨਹੀਂ ਹੈ, ਤਾਂ ਚੋਣ ਕਮਿਸ਼ਨਰਾਂ ਨੂੰ ਕੈਬਨਿਟ ਸਕੱਤਰ ਨਾਲ ਬੰਦ ਕਮਰਾ ਮੁਲਾਕਾਤ ਕਿਉਂ ਕਰਨੀ ਪਈ ? ਇਸ ਤੋਂ ਇਲਾਵਾ ਕਮਿਸ਼ਨ ਵੱਲੋਂ ਜਾਰੀ ਕੀਤੀ ਗਈ ਸਫ਼ਾਈ ਵਾਲੀ ਪ੍ਰੈੱਸ ਰਿਲੀਜ਼ ’ਤੇ ਤਿੰਨਾਂ ਕਮਿਸ਼ਨਰਾਂ ਦੇ ਸਾਂਝੇ ਦਸਤਖ਼ਤਾਂ ਦੀ ਥਾਂ ਡਿਪਟੀ ਡਾਇਰੈਕਟਰ ਪੱਧਰ ਦੇ ਅਧਿਕਾਰੀ ਦੇ ਦਸਤਖ਼ਤ ਕਿਉਂ ਕਰਵਾਏ ਗਏ ?

ਵਿਕੇਂਦਰੀਕਰਨ ਦਾ ਘਾਣ: ਗੋਆ ਦੇ ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ (ERO) ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਹੇਠਲੇ ਪੱਧਰ ’ਤੇ ਵੋਟਰਾਂ ਦੇ ਨਾਂ ਦਰਜ ਕਰਨ ਜਾਂ ਕੱਟਣ ਦੇ ਕਾਨੂੰਨੀ ਅਧਿਕਾਰ ਖੋਹ ਕੇ ਦਿੱਲੀ ਦੇ ਦਫ਼ਤਰ ਹਵਾਲੇ ਕਰ ਦਿੱਤੇ ਗਏ ਹਨ, ਜੋ ਸਿੱਧੇ ਤੌਰ ’ਤੇ ਸੰਵਿਧਾਨਕ ਤਾਨਾਸ਼ਾਹੀ ਦਾ ਸਬੂਤ ਹੈ।

‘ਮੇਰੀ ਧੀ ਦਾ ਨਾਂ ਵੋਟਰ ਸੂਚੀ ’ਚ ਦਰਜ ਨਹੀਂ ਹੋ ਰਿਹਾ; ਨੌਜਵਾਨਾਂ ਦਾ ਹੱਕ ਖੋਹਿਆ ਜਾ ਰਿਹਾ’

ਆਪਣੇ ਨਿੱਜੀ ਪਰਿਵਾਰਕ ਤਜਰਬੇ ਦਾ ਹਵਾਲਾ ਦਿੰਦਿਆਂ ਸ਼ਿਵ ਸੈਨਾ (UBT) ਆਗੂ ਨੇ ਕਿਹਾ ਕਿ SIR ਪ੍ਰਕਿਰਿਆ ਦੀ ਆੜ ਵਿੱਚ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਨੂੰ ਯੋਜਨਾਬੱਧ ਢੰਗ ਨਾਲ ਠੱਪ ਕੀਤਾ ਗਿਆ ਹੈ:

1. ਨਿੱਜੀ ਪੀੜਾ: ਉਨ੍ਹਾਂ ਦੱਸਿਆ ਕਿ ਮੁੰਬਈ ਵਿੱਚ ਉਨ੍ਹਾਂ ਦਾ ਆਪਣਾ ਪਰਿਵਾਰ ਇਸ ਗ਼ੈਰ-ਵਾਜਬ ਸਕਰੂਟਨੀ ਦਾ ਸਾਹਮਣਾ ਕਰ ਰਿਹਾ ਹੈ। ਕਈ ਮਹੀਨਿਆਂ ਤੋਂ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਆਪਣੀ ਧੀ ਦਾ ਨਾਂ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਕਰਵਾ ਸਕੇ ਕਿਉਂਕਿ ਪੋਰਟਲ ’ਤੇ ਨਵੀਆਂ ਅਰਜ਼ੀਆਂ ਪ੍ਰਵਾਨ ਹੀ ਨਹੀਂ ਕੀਤੀਆਂ ਜਾ ਰਹੀਆਂ।

2. ਨੌਜਵਾਨ ਪੀੜ੍ਹੀ ’ਚ ਰੋਹ: ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਦੇਸ਼ ਭਰ ਵਿੱਚ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ (Gen-Z) ਆਪਣੇ ਜਮਹੂਰੀ ਹੱਕ ਦੀ ਰਾਖੀ ਲਈ ਸੜਕਾਂ ’ਤੇ ਉੱਤਰ ਕੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਰਹੇ ਹਨ।

ਭਾਜਪਾ ਨੂੰ ਨਸੀਹਤ: ‘ਅੱਜ ਵਿਰੋਧੀ ਧਿਰ ਦਾ ਨੰਬਰ ਹੈ, ਕੱਲ੍ਹ ਤੁਹਾਡਾ ਵੀ ਆਵੇਗਾ’

ਚੋਣ ਕਮਿਸ਼ਨ ਦੇ ਬਚਾਅ ਵਿੱਚ ਅੱਗੇ ਆ ਰਹੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ’ਤੇ ਨਿਸ਼ਾਨਾ ਸਾਧਦਿਆਂ ਸੰਸਦ ਮੈਂਬਰ ਨੇ ਕਿਹਾ ਕਿ ਭਾਜਪਾ ਵੱਲੋਂ ਸੰਵਿਧਾਨਕ ਸੰਸਥਾ ਨੂੰ ‘ਕਵਰ ਫ਼ਾਇਰ’ ਦੇਣਾ ਲੋਕਤੰਤਰ ਲਈ ਬੇਹੱਦ ਘਾਤਕ ਹੈ:

ਸੰਸਥਾਵਾਂ ਦੀ ਕਮਜ਼ੋਰੀ: ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸੰਵਿਧਾਨਕ ਸੰਸਥਾਵਾਂ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ ਇਸੇ ਤਰ੍ਹਾਂ ਜਾਰੀ ਰਿਹਾ ਅਤੇ ਇੱਕ ਮੁੱਖ ਚੋਣ ਕਮਿਸ਼ਨਰ ਨਿਯਮਾਂ ਨੂੰ ਛਿੱਕੇ ਟੰਗ ਕੇ ਫ਼ੈਸਲੇ ਲੈਣ ਲੱਗ ਪਿਆ, ਤਾਂ ਅੱਜ ਵਿਰੋਧੀ ਧਿਰ ਇਸ ਦਾ ਸ਼ਿਕਾਰ ਹੈ, ਕੱਲ੍ਹ ਖ਼ੁਦ ਸੱਤਾਧਾਰੀ ਧਿਰ ਨੂੰ ਵੀ ਇਹੀ ਦਿਨ ਦੇਖਣੇ ਪੈਣਗੇ।

ਖੁੱਲ੍ਹੀ ਪ੍ਰੈੱਸ ਕਾਨਫ਼ਰੰਸ ਦੀ ਮੰਗ: ਉਨ੍ਹਾਂ ਮੰਗ ਕੀਤੀ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਪਰਦੇ ਪਿੱਛੇ ਲੁਕਣ ਅਤੇ ਬੇਜਾਨ ਪ੍ਰੈੱਸ ਨੋਟ ਜਾਰੀ ਕਰਨ ਦੀ ਬਜਾਏ ਬਾਕੀ ਦੋਵਾਂ ਕਮਿਸ਼ਨਰਾਂ ਨੂੰ ਨਾਲ ਬਿਠਾ ਕੇ ਖ਼ੁਦ ਲਾਈਵ ਪ੍ਰੈੱਸ ਕਾਨਫ਼ਰੰਸ ਕਰਨ ਅਤੇ ਦੇਸ਼ ਨੂੰ ਦੱਸਣ ਕਿ ਅੰਦਰੂਨੀ ਵਿਰੋਧ ਦੇ ਬਾਵਜੂਦ ਵਿਵਾਦਤ ਫ਼ੈਸਲੇ ਕਿਉਂ ਥੋਪੇ ਗਏ।

ਪੱਤਰਕਾਰੀ ਅਤੇ ਸੰਵਿਧਾਨਕ ਬੇਦਾਅਵਾ

ਸਰੋਤ ਤੇ ਰਿਪੋਰਟਿੰਗ: ਇਹ ਰਿਪੋਰਟ ਸ਼ਿਵ ਸੈਨਾ (UBT) ਦੀ ਰਾਜ ਸਭਾ ਮੈਂਬਰ ਪ੍ਰਿਯੰਕਾ ਚਤੁਰਵੇਦੀ ਵੱਲੋਂ ਨਵੀਂ ਦਿੱਲੀ ਵਿਖੇ ਮੀਡੀਆ ਸਾਹਮਣੇ ਦਿੱਤੇ ਗਏ ਅਧਿਕਾਰਤ ਬਿਆਨਾਂ, ਦੋਸ਼ਾਂ ਅਤੇ ਖੋਜੀ ਅਖ਼ਬਾਰੀ ਰਿਪੋਰਟਾਂ ਦੇ ਵੇਰਵਿਆਂ ’ਤੇ ਆਧਾਰਿਤ ਹੈ।

ਸੰਵਿਧਾਨਕ ਸਥਿਤੀ: ਭਾਰਤੀ ਸੰਵਿਧਾਨ ਦੀ ਧਾਰਾ 324 ਅਧੀਨ ਚੋਣ ਕਮਿਸ਼ਨ ਇੱਕ ਖ਼ੁਦਮੁਖ਼ਤਿਆਰ ਅਦਾਰਾ ਹੈ। ਕਮਿਸ਼ਨ ਅੰਦਰੂਨੀ ਫ਼ੈਸਲੇ ਲੈਣ ਲਈ ਸਮੂਹਿਕ ਜ਼ਿੰਮੇਵਾਰੀ ਦੇ ਨਿਯਮਾਂ ਅਧੀਨ ਬੱਝਾ ਹੁੰਦਾ ਹੈ। ਚੋਣ ਕਮਿਸ਼ਨ ਜਾਂ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਇਲਜ਼ਾਮਾਂ ਸਬੰਧੀ ਜਾਰੀ ਕੀਤੇ ਜਾਣ ਵਾਲੇ ਕਿਸੇ ਵੀ ਅਧਿਕਾਰਤ ਪੱਖ ਜਾਂ ਸਪੱਸ਼ਟੀਕਰਨ ਨੂੰ ਪੱਤਰਕਾਰੀ ਨਿਯਮਾਂ ਅਨੁਸਾਰ ਬਰਾਬਰ ਥਾਂ ਦਿੱਤੀ ਜਾਵੇਗੀ।

# ਭਾਰਤੀ-ਅਮਰੀਕੀ ਕੁਸ਼ ਦੇਸਾਈ ਨੂੰ ਅਮਰੀਕੀ ਖੁਫ਼ੀਆ ਵਿਭਾਗ 'ਚ ਮਿਲੀ ਵੱਡੀ ਜ਼ਿੰਮੇਵਾਰੀ

ਨਿਊਯਾਰਕ : ਵਾਈਟ ਹਾਊਸ ਦੇ ਸੀਨੀਅਰ ਡਿਪਟੀ ਪ੍ਰੈੱਸ ਸਕੱਤਰ ਭਾਰਤੀ-ਅਮਰੀਕੀ ਕੁਸ਼ ਦੇਸਾਈ ਹੁਣ ਅਮਰੀਕਾ ਦੇ ਰਾਸ਼ਟਰੀ ਖੁਫ਼ੀਆ ਡਾਇਰੈਕਟਰ ਦੇ ਦਫ਼ਤਰ ਵਿਚ ਅਹਿਮ ਜ਼ਿੰਮੇਵਾਰੀ ਸੰਭਾਲਣ ਜਾ ਰਹੇ ਹਨ। ਉਹ ਅਗਲੇ ਮਹੀਨੇ ਵਾਈਟ ਹਾਊਸ ਛੱਡ ਕੇ ਰਣਨੀਤਕ ਸੰਚਾਰ ਲਈ ਸਹਾਇਕ ਰਾਸ਼ਟਰੀ ਖੁਫ਼ੀਆ ਡਾਇਰੈਕਟਰ ਵਜੋਂ ਨਵਾਂ ਅਹੁਦਾ ਸੰਭਾਲਣਗੇ।ਦੇਸਾਈ ਇਸ ਵੇਲੇ ਵਾਈਟ ਹਾਊਸ ਵਿਚ ਆਪਣੀ ਥਾਂ ਲੈਣ ਵਾਲੇ ਨਵੇਂ ਅਧਿਕਾਰੀ ਦੀ ਭਾਲ ਵਿਚ ਵੀ ਮਦਦ ਕਰ ਰਹੇ ਹਨ। ਉਨ੍ਹਾਂ ਦੇ ਨਵੇਂ ਅਹੁਦੇ 'ਤੇ ਜਾਣ ਬਾਰੇ ਪਿਛਲੇ ਕੁਝ ਸਮੇਂ ਤੋਂ ਗੱਲਬਾਤ ਚੱਲ ਰਹੀ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਦੇਸਾਈ ਡਿਪਟੀ ਪ੍ਰੈੱਸ ਸਕੱਤਰ ਵਜੋਂ ਵਾਈਟ ਹਾਊਸ ਨਾਲ ਜੁੜੇ ਸਨ। ਬਾਅਦ ਵਿੱਚ ਉਹ ਸੀਨੀਅਰ ਡਿਪਟੀ ਪ੍ਰੈੱਸ ਸਕੱਤਰ ਅਤੇ ਰਾਸ਼ਟਰਪਤੀ ਦੇ ਵਿਸ਼ੇਸ਼ ਸਹਾਇਕ ਬਣੇ। ਵਾਈਟ ਹਾਊਸ ਵਿਚ ਉਨ੍ਹਾਂ ਨੇ ਟੈਰਿਫ਼, ਮਹਿੰਗਾਈ, ਦਵਾਈਆਂ ਦੀਆਂ ਕੀਮਤਾਂ ਅਤੇ ਫੈਡਰਲ ਰਿਜ਼ਰਵ ਸਮੇਤ ਕਈ ਆਰਥਿਕ ਅਤੇ ਘਰੇਲੂ ਨੀਤੀ ਨਾਲ ਜੁੜੇ ਮੁੱਦਿਆਂ 'ਤੇ ਪ੍ਰਸ਼ਾਸਨ



ਵਲੋਂ ਜਾਣਕਾਰੀ ਦਿੱਤੀ।ਵਾਈਟ ਹਾਊਸ ਵਿੱਚ ਆਉਣ ਤੋਂ ਪਹਿਲਾਂ ਦੇਸਾਈ ਰਿਪਬਲਿਕਨ ਨੈਸ਼ਨਲ ਕਮੇਟੀ ਅਤੇ ਟਰੰਪ ਦੀ 2024 ਦੀ ਚੋਣ ਮੁਹਿੰਮ ਨਾਲ ਕੰਮ ਕਰ ਚੁੱਕੇ ਹਨ। ਉਹ ਪੈਨਸਿਲਵੇਨੀਆ ਵਿੱਚ ਚੋਣ ਮੁਹਿੰਮ ਨਾਲ ਜੁੜੀ ਸੰਚਾਰ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਆਇਓਵਾ ਰਿਪਬਲਿਕਨ ਪਾਰਟੀ ਦੇ ਸੰਚਾਰ ਡਾਇਰੈਕਟਰ ਵੀ ਰਹਿ ਚੁੱਕੇ ਹਨ।ਹੁਣ ਨਵੀਂ ਭੂਮਿਕਾ ਵਿੱਚ ਕੁਸ਼ ਦੇਸਾਈ ਰਾਸ਼ਟਰੀ ਖੁਫ਼ੀਆ ਡਾਇਰੈਕਟਰ ਦੇ ਦਫ਼ਤਰ ਵਿੱਚ ਰਣਨੀਤਕ ਸੰਚਾਰ ਦੀ ਜ਼ਿੰਮੇਵਾਰੀ ਸੰਭਾਲਣਗੇ।

# ਕੈਨੇਡਾ ਨੇ ਲੁਧਿਆਣਾ ਵਾਸੀ ਅੰਗਦ ਸਿੰਘ ਨੂੰ UAE ਦਾ ਰਾਜਦੂਤ ਕੀਤਾ ਨਿਯੁਕਤ

ਕੈਨੇਡਾ ਸਰਕਾਰ ਨੇ ਪੰਜਾਬੀ ਮੂਲ ਦੇ ਸਿੱਖ ਡਿਪਲੋਮੈਟ ਅੰਗਦ ਸਿੰਘ ਢਿੱਲੋਂ ਨੂੰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿੱਚ ਆਪਣਾ ਨਵਾਂ ਰਾਜਦੂਤ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਦਾ ਐਲਾਨ 25 ਸਤੰਬਰ ਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕੀਤਾ। ਵਿਦੇਸ਼ ਮੰਤਰੀ ਅਨੀਤਾ ਆਨੰਦ ਵੱਲੋਂ ਕੀਤੇ ਗਏ ਇਸ ਐਲਾਨ ਤੋਂ ਬਾਅਦ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦਾ ਮਾਹੌਲ ਹੈ।ਅੰਗਦ ਸਿੰਘ ਢਿੱਲੋਂ ਯੂ.ਏ.ਈ. ਵਿੱਚ ਰਾਧਾ ਕ੍ਰਿਸ਼ਨਾ ਪਾਂਡੇ ਦੀ ਥਾਂ ਕੈਨੇਡਾ ਦੇ ਸਿਖਰਲੇ ਕੂਟਨੀਤਕ ਨੁਮਾਇੰਦੇ ਵਜੋਂ ਜ਼ਿੰਮੇਵਾਰੀ ਸੰਭਾਲਣਗੇ।

ਕੈਨੇਡਾ ਸਰਕਾਰ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਨਿਯੁਕਤੀ ਵਿਆਪਕ ਕੂਟਨੀਤਕ ਫੇਰਬਦਲ ਦਾ ਹਿੱਸਾ ਹੈ। ਅੰਗਦ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦਫ਼ਤਰ ਵਿੱਚ ਸੰਚਾਲਨ ਅਤੇ ਹਿੱਸੇਦਾਰ ਸਬੰਧ ਨਿਰਦੇਸ਼ਕ ਵਜੋਂ ਸੇਵਾ ਨਿਭਾਈ ਹੈ। ਢਿੱਲੋਂ ਨੇ ਇਸ ਤੋਂ ਪਹਿਲਾਂ ਲਘੂ ਉਦਯੋਗ ਅਤੇ ਆਵਾਜਾਈ



ਮੰਤਰਾਲਿਆਂ ਵਿੱਚ ਦੋ ਸੰਘੀ ਕੈਬਨਿਟ ਮੰਤਰੀਆਂ ਦੇ ਚੀਫ਼ ਆਫ਼ ਸਟਾਫ਼ ਵਜੋਂ ਵੀ ਕੰਮ ਕੀਤਾ ਸੀ। ਇਨ੍ਹਾਂ ਭੂਮਿਕਾਵਾਂ ਵਿੱਚ ਉਨ੍ਹਾਂ ਨੇ ਜੀ-7, ਜੀ-20, ਸੰਯੁਕਤ ਰਾਸ਼ਟਰ ਮਹਾਸਭਾ, ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ, ਅੰਤਰਰਾਸ਼ਟਰੀ ਆਵਾਜਾਈ ਮੰਚ ਅਤੇ ਪਾਰਟੀਆਂ ਦੇ ਸੰਮੇਲਨ ਵਿੱਚ ਕੈਨੇਡਾ ਦੀ ਭਾਗੀਦਾਰੀ ਵਿੱਚ ਸਹਿਯੋਗ ਦਿੱਤਾ। ਇਸੇ ਤਹਿਤ ਕਾਰਮਨ ਸੋਰਜਰ ਨੂੰ ਕਿਊਬਾ ਵਿੱਚ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਅੰਗਦ ਸਿੰਘ ਢਿੱਲੋਂ ਦੇ ਪਰਿਵਾਰ ਦੀਆਂ ਜੜ੍ਹਾਂ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਘੁੰਗਰਾਣਾ ਨਾਲ ਜੁੜੀਆਂ ਹੋਈਆਂ ਹਨ। ਯੂ.ਏ.ਈ. ਵਿੱਚ ਕੈਨੇਡਾ ਦੇ ਮਹੱਤਵਪੂਰਨ ਕੂਟਨੀਤਕ ਅਹੁਦੇ 'ਤੇ ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਵਿੱਚ ਵੀ ਖੁਸ਼ੀ ਦਾ ਮਾਹੌਲ ਹੈ। ਯੂ.ਏ.ਈ. ਵਪਾਰ, ਨਿਵੇਸ਼, ਊਰਜਾ ਅਤੇ ਖੇਤਰੀ ਕੂਟਨੀਤੀ ਦੇ ਖੇਤਰਾਂ ਵਿੱਚ ਕੈਨੇਡਾ ਦਾ ਇੱਕ ਮਹੱਤਵਪੂਰਨ ਭਾਈਵਾਲ ਹੈ। ਰਾਜਦੂਤ ਵਜੋਂ ਅੰਗਦ ਸਿੰਘ ਢਿੱਲੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਖਾੜੀ ਖੇਤਰ ਵਿੱਚ ਕੈਨੇਡੀਅਨ ਹਿੱਤਾਂ ਦੀ ਨੁਮਾਇੰਦਗੀ ਕਰਨ ਦੀ ਜ਼ਿੰਮੇਵਾਰੀ ਨਿਭਾਉਣਗੇ। ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਨਵੇਂ ਕੂਟਨੀਤਕ ਨੁਮਾਇੰਦੇ ਕੌਮਾਂਤਰੀ ਪੱਧਰ 'ਤੇ ਕੈਨੇਡਾ ਦੇ ਹਿੱਤਾਂ ਨੂੰ ਅੱਗੇ ਵਧਾਉਣ ਅਤੇ ਗਲੋਬਲ ਭਾਈਵਾਲਾਂ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

# ਦਹਾਕੇ ਦੀ ਭਾਲ ਮਗਰੋਂ ਦਾਵੂਦ ਅੰਸਾਰੀ ਅਮਰੀਕਾ ਹਵਾਲੇ

ਨਿਊਯਾਰਕ : ਆਈ.ਐਸ.ਆਈ.ਐਸ. ਅਤੇ ਅਲ-ਨੁਸਰਾ ਫਰੰਟ ਲਈ ਪੈਸਾ ਇਕੱਠਾ ਕਰਨ ਅਤੇ ਸੀਰੀਆ ਜਾਣ ਵਾਲੇ ਲੋਕਾਂ ਦੀ ਮਦਦ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਉਜ਼ਬੇਕਿਸਤਾਨ ਮੂਲ ਦੇ ਅਮਰੀਕੀ ਨਾਗਰਿਕ ਦਾਵੂਦ ਅੰਸਾਰੀ ਨੂੰ ਲੰਮੀ ਭਾਲ ਤੋਂ ਬਾਅਦ ਜਾਰਜੀਆ ਤੋਂ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਹੈ। 41 ਸਾਲਾ ਅੰਸਾਰੀ ਨੂੰ ਬਰੁਕਲਿਨ ਦੀ ਸੰਘੀ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ।ਅਮਰੀਕੀ ਨਿਆਂ ਵਿਭਾਗ ਮੁਤਾਬਕ ਅੰਸਾਰੀ ਨੂੰ ਅਗਸਤ ਵਿਚ ਜਾਰਜੀਆ ਦੀ ਰਾਜਧਾਨੀ ਤਬਿਲਿਸੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉਤੇ ਵਿਦੇਸ਼ੀ ਅੱਤਵਾਦੀ ਸੰਗਠਨਾਂ ਨੂੰ ਮਦਦ ਮੁਹੱਈਆ ਕਰਵਾਉਣ ਅਤੇ ਇਸ ਲਈ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ।ਅਦਾਲਤੀ ਦਸਤਾਵੇਜ਼ਾਂ ਵਿਚ ਦੋਸ਼ ਲਾਇਆ ਗਿਆ ਹੈ ਕਿ ਅੰਸਾਰੀ ਬਰੁਕਲਿਨ ਵਿਚ 'ਚਾਯਖੋਨਾ' ਨਾਂਅ ਦਾ ਇਕ ਨੈੱਟਵਰਕ ਚਲਾਉਂਦਾ ਸੀ। ਇਸ ਰਾਹੀਂ ਸੀਰੀਆ ਜਾ ਕੇ ਆਈ.ਐਸ.ਆਈ.ਐਸ. ਜਾਂ ਅਲ-ਨੁਸਰਾ ਨਾਲ ਜੁੜਨ ਦੇ ਇੱਛੁਕ ਲੋਕਾਂ ਲਈ ਪੈਸਾ ਇਕੱਠਾ ਕਰਨ ਅਤੇ ਉਨ੍ਹਾਂ ਦੇ ਸਫ਼ਰ ਦਾ ਪ੍ਰਬੰਧ ਕਰਨ ਵਿਚ ਮਦਦ ਕੀਤੀ ਜਾਂਦੀ ਸੀ। ਇਹ ਨੈੱਟਵਰਕ ਸੀਰੀਆ ਜਾਣ ਵਾਲੇ ਲੋਕਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਲਈ ਵੀ ਆਰਥਿਕ ਸਹਾਇਤਾ ਇਕੱਠੀ ਕਰਦਾ ਸੀ। ਸੰਘੀ ਅਧਿਕਾਰੀਆਂ ਦਾ ਦਾਅਵਾ ਹੈ ਕਿ 2013 ਵਿਚ ਘੱਟੋ-ਘੱਟ ਤਿੰਨ ਲੋਕਾਂ ਨੂੰ ਸੀਰੀਆ ਭੇਜਣ ਲਈ ਇਸ ਨੈੱਟਵਰਕ ਨੇ ਆਰਥਿਕ ਮਦਦ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਇਹ ਤਿੰਨੇ ਬਾਅਦ ਵਿਚ ਸੀਰੀਆ ਵਿਚ ਮਾਰੇ ਗਏ।ਮਈ 2016 ਵਿਚ ਇਸ ਮਾਮਲੇ ਨਾਲ ਜੁੜੇ ਇਕ ਹੋਰ ਵਿਅਕਤੀ ਦੀ ਗ੍ਰਿਫ਼ਤਾਰੀ ਤੋਂ ਪੰਜ ਦਿਨ ਬਾਅਦ ਅੰਸਾਰੀ ਇਕ ਪਾਸੇ ਦੀ ਟਿਕਟ ਲੈ ਕੇ ਤੁਰਕੀ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਅਮਰੀਕਾ ਵਾਪਸ ਨਹੀਂ ਆਇਆ। ਨਵੰਬਰ 2021 ਵਿਚ ਬਰੁਕਲਿਨ ਦੀ ਸੰਘੀ ਗ੍ਰੈਂਡ ਜਿਊਰੀ ਨੇ ਉਸ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ। ਹੁਣ ਹਵਾਲਗੀ ਤੋਂ ਬਾਅਦ ਉਸ ਖ਼ਿਲਾਫ਼ ਅਮਰੀਕੀ ਅਦਾਲਤ ਵਿਚ ਮੁਕੱਦਮਾ ਅੱਗੇ ਵਧੇਗਾ।ਜੇਕਰ ਦੋਸ਼ ਸਾਬਤ ਹੁੰਦੇ ਹਨ ਤਾਂ ਅੰਸਾਰੀ ਨੂੰ ਵੱਧ ਤੋਂ ਵੱਧ 35 ਸਾਲ ਦੀ ਕੈਦ ਹੋ ਸਕਦੀ ਹੈ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਉਸ ਖ਼ਿਲਾਫ਼ ਲਗਾਏ ਗਏ ਦੋਸ਼ ਅਜੇ ਸਿਰਫ਼ ਦੋਸ਼ ਹਨ ਅਤੇ ਅਦਾਲਤ ਵਿਚ ਦੋਸ਼ੀ ਸਾਬਤ ਹੋਣ ਤੱਕ ਉਸ ਨੂੰ ਬੇਕਸੂਰ ਮੰਨਿਆ ਜਾਵੇਗਾ।

# ਗ੍ਰੀਨ ਕਾਰਡ ਲਈ ਅੰਕਾਂ ਵਾਲਾ ਨਵਾਂ ਬਿੱਲ ਪੇਸ਼

ਵਾਸ਼ਿੰਗਟਨ : ਅਲਾਬਾਮਾ ਤੋਂ ਰਿਪਬਲਿਕਨ ਸੈਨੇਟਰ ਟੌਮੀ ਟਿਊਬਰਵਿਲ ਨੇ ਅਮੈਰੀਕਨਜ਼ ਫਸਟ ਇਮੀਗ੍ਰੇਸ਼ਨ ਐਕਟ"ਨਾਮ ਦਾ ਬਿੱਲ ਪੇਸ਼ ਕੀਤਾ ਹੈ। ਇਸਦਾ ਮਕਸਦ ਅਮਰੀਕਾ ਦੀ ਕਾਨੂੰਨੀ ਇਮੀਗ੍ਰੇਸ਼ਨ ਅਤੇ ਗ੍ਰੀਨ ਕਾਰਡ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਬਦਲਣਾ ਦੱਸਿਆ ਗਿਆ ਹੈ। ਇਸ ਨਾਲ ਮਿਲਦਾ-ਜੁਲਦਾ ਬਿੱਲ ਰਿਪਬਲਿਕਨ ਸੰਸਦ ਮੈਂਬਰ ਬੈਰੀ ਮੂਰ ਨੇ ਪਹਿਲਾਂ ਪ੍ਰਤੀਨਿਧੀ ਸਭਾ ਵਿਚ ਪੇਸ਼ ਕੀਤਾ ਸੀ।

ਬਿੱਲ ਵਿਚ ਮੌਜੂਦਾ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਪ੍ਰਣਾਲੀ, ਜਿਸ ਵਿਚ ਈਬੀ-1, ਈਬੀ-2 ਅਤੇ ਈਬੀ-3 ਵਰਗੀਆਂ ਸ਼੍ਰੇਣੀਆਂ ਸ਼ਾਮਲ ਹਨ, ਦੀ ਥਾਂ ਅੰਕਾਂ ਉੱਤੇ ਆਧਾਰਿਤ ਪ੍ਰਣਾਲੀ ਲਿਆਉਣ ਦੀ ਤਜਵੀਜ਼ ਹੈ। ਬਿਨੈਕਾਰਾਂ ਨੂੰ ਪੜ੍ਹਾਈ, ਅੰਗਰੇਜ਼ੀ ਬੋਲਣ ਦੀ ਸਮਰੱਥਾ, ਉਮਰ, ਕੰਮ ਦਾ ਤਜਰਬਾ, ਤਨਖ਼ਾਹ, ਅਮਰੀਕੀ ਕੰਪਨੀ ਵੱਲੋਂ ਨੌਕਰੀ ਦੀ ਪੇਸ਼ਕਸ਼, ਫ਼ੌਜੀ ਸੇਵਾ ਅਤੇ ਅਸਾਧਾਰਨ ਪ੍ਰਾਪਤੀਆਂ ਦੇ ਆਧਾਰ 'ਤੇ ਅੰਕ ਦਿੱਤੇ ਜਾਣਗੇ।

ਬਿਨੈਕਾਰ ਨੂੰ ਘੱਟੋ-ਘੱਟ ਲੋੜੀਂਦੇ ਅੰਕ ਪ੍ਰਾਪਤ ਕਰਨੇ ਪੈਣਗੇ। ਜ਼ਿਆਦਾ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਪਹਿਲ ਮਿਲ ਸਕਦੀ ਹੈ। ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਾਮਾ ਰੱਖਣ ਤੋਂ ਪਹਿਲਾਂ ਇਹ ਦਿਖਾਉਣਾ ਪਵੇਗਾ ਕਿ ਉਨ੍ਹਾਂ




ਨੇ ਅਮਰੀਕੀ ਕਾਮਿਆਂ ਦੀ ਭਰਤੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਿਦੇਸ਼ੀ ਕਾਮੇ ਕਾਰਨ ਕਿਸੇ ਅਮਰੀਕੀ ਦੀ ਨੌਕਰੀ ਜਾਂ ਤਨਖ਼ਾਹ ਪ੍ਰਭਾਵਿਤ ਨਹੀਂ ਹੋਵੇਗੀ।

ਬਿੱਲ ਪਰਿਵਾਰਕ ਇਮੀਗ੍ਰੇਸ਼ਨ ਨੂੰ ਵੀ ਸੀਮਤ ਕਰਨ ਦੀ ਤਜਵੀਜ਼ ਕਰਦਾ ਹੈ। ਇਸ ਅਧੀਨ ਮੁੱਖ ਤੌਰ 'ਤੇ ਪਤੀ-ਪਤਨੀ ਅਤੇ ਨਾਬਾਲਗ ਬੱਚਿਆਂ ਨੂੰ ਪਹਿਲ ਮਿਲੇਗੀ। ਅਮਰੀਕੀ ਨਾਗਰਿਕਾਂ ਦੇ ਮਾਪਿਆਂ, ਭੈਣਾਂ-ਭਰਾਵਾਂ ਅਤੇ ਕੁਝ ਹੋਰ ਰਿਸ਼ਤੇਦਾਰਾਂ ਲਈ ਮੌਜੂਦਾ ਰਸਤੇ ਖ਼ਤਮ ਜਾਂ ਬਹੁਤ ਘੱਟ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਡਾਇਵਰਸਿਟੀ ਵੀਜ਼ਾ ਲਾਟਰੀ ਖ਼ਤਮ ਕਰਨ, ਧਾਰਮਿਕ ਕਾਮਿਆਂ ਲਈ ਸੀਮਤ ਗਿਣਤੀ ਰੱਖਣ ਅਤੇ ਸਰਕਾਰੀ ਕਾਲਜਾਂ ਨੂੰ ਗੈਰ-ਸਥਾਈ ਵਸਨੀਕਾਂ ਤੋਂ ਘੱਟੋ-ਘੱਟ ਬਾਹਰਲੇ ਰਾਜ ਵਾਲੀ ਫੀਸ ਲੈਣ ਦੀ ਤਜਵੀਜ਼ ਹੈ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਇਹ ਅਜੇ ਸਿਰਫ਼ ਪੇਸ਼ ਕੀਤਾ ਗਿਆ ਬਿੱਲ ਹੈ। ਇਹ ਕਾਨੂੰਨ ਨਹੀਂ ਬਣਿਆ ਅਤੇ ਮੌਜੂਦਾ ਗ੍ਰੀਨ ਕਾਰਡ ਅਰਜ਼ੀਆਂ ਜਾਂ ਉਡੀਕ ਸੂਚੀਆਂ ਉੱਤੇ ਤੁਰੰਤ ਕੋਈ ਅਸਰ ਨਹੀਂ ਪਿਆ। ਇਸਨੂੰ ਲਾਗੂ ਹੋਣ ਲਈ ਸੈਨੇਟ ਅਤੇ ਪ੍ਰਤੀਨਿਧੀ ਸਭਾ ਦੀ ਮਨਜ਼ੂਰੀ ਤੋਂ ਬਾਅਦ ਰਾਸ਼ਟਰਪਤੀ ਦੇ ਦਸਤਖ਼ਤ ਚਾਹੀਦੇ ਹਨ।

# ਭਾਰਤੀ ਮੂਲ ਦੀ ਮਲਿਕ ਸੁਪੀਰੀਅਰ ਕੋਰਟ 'ਚ ਜੱਜ ਨਿਯੁਕਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਕੈਲੀਫੋਰਨੀਆ ਦੇ ਰਾਜਪਾਲ ਗੈਵਿਨ ਨਿਊਸਮ ਨੇ ਛਾਇਆ ਮਲਿਕ ਨੂੰ ਸਾਂਤਾ ਕਲਾਰਾ ਕਾਊਂਟੀ ਸੁਪੀਰੀਅਰ ਕੋਰਟ ਵਿਚ ਜੱਜ ਨਿਯੁਕਤ ਕੀਤਾ ਹੈ। ਉਹ ਜੱਜ ਸੁਕਰਾਤ ਪੀ. ਮੈਨੂਕੀਅਨ ਦੀ ਸੇਵਾ-ਮੁਕਤੀ ਕਾਰਨ ਖਾਲੀ ਹੋਏ ਅਹੁਦੇ ਨੂੰ ਸੰਭਾਲਣਗੇ। ਭਾਰਤੀ ਮੂਲ ਦੀ ਮਲਿਕ ਦਾ ਕਾਨੂੰਨ, ਸਾਲਸੀ, ਜਨਤਕ ਨੀਤੀ ਅਤੇ ਜਨਤਕ ਸੇਵਾ ਦੇ ਖੇਤਰ ਵਿਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਹੈ। ਮਲਿਕ 2022 ਤੋਂ ਕੈਲੀਫੋਰਨੀਆ ਜਨਤਕ ਅਧਿਕਾਰ ਵਿਭਾਗ



ਵਿਚ ਵਿਵਾਦ ਨਿਪਟਾਰਾ ਵਿਭਾਗ ਦੇ ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ 2020 ਤੋਂ 2022 ਤੱਕ 'ਦੇਵੀ ਲੀਗਲ ਮੀਡੀਏਸ਼ਨ ਸਰਵਿਸਿਜ਼' ਵਿਚ ਸਾਲਸੀ ਵਜੋਂ ਅਤੇ 2012 ਤੋਂ 2022 ਤੱਕ 'ਏਰਹਲਿਚ ਐਂਡ ਕ੍ਰੇਗ' ਵਿਚ ਵਿਸ਼ੇਸ਼ ਵਕੀਲ ਵਜੋਂ ਕੰਮ ਕੀਤਾ। ਉਹ 2011 ਤੋਂ 2012 ਤੱਕ ਅਮਰੀਕੀ ਵਿਦੇਸ਼ ਵਿਭਾਗ ਨਾਲ ਨੀਤੀ ਸੰਪਰਕ ਅਧਿਕਾਰੀ ਵਜੋਂ 'ਐਡਵਾਂਸਮੈਂਟ ਪ੍ਰੋਜੈਕਟ' ਵਿਚ ਸਟਾਫ਼ ਅਟਾਰਨੀ ਵਜੋਂ ਕੰਮ ਕਰ ਚੁੱਕੇ ਹਨ।

# ਅਮਰੀਕਾ 'ਚ 6,300 ਤੋਂ ਵੱਧ ਬੱਚੇ ਇਮੀਗ੍ਰੇਸ਼ਨ ਹਿਰਾਸਤ ਵਿਚ ਲਏ ਗਏ

ਵਾਸ਼ਿੰਗਟਨ : ਅਮਰੀਕਾ ਵਿਚ ਬੱਚਿਆਂ ਨੂੰ ਇਮੀਗ੍ਰੇਸ਼ਨ ਮਾਮਲਿਆਂ ਵਿਚ ਹਿਰਾਸਤ ਵਿਚ ਰੱਖਣ ਦਾ ਮੁੱਦਾ ਸਿਰਫ਼ ਟੈਕਸਾਸ ਤੱਕ ਸੀਮਤ ਨਹੀਂ। ਇਹ ਦੇਸ਼-ਪੱਧਰੀ ਨੀਤੀ ਹੈ। ਰਿਪੋਰਟ ਮੁਤਾਬਕ, ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ 18 ਸਾਲ ਤੋਂ ਘੱਟ ਉਮਰ ਦੇ 6,300 ਤੋਂ ਵੱਧ ਬੱਚਿਆਂ ਨੂੰ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਸੀ। ਰਿਪੋਰਟ ਅਨੁਸਾਰ, ਇਨ੍ਹਾਂ ਵਿਚੋਂ ਲਗਭਗ ਅੱਧੇ ਬੱਚੇ ਟੈਕਸਾਸ ਦੇ ਡਿਲੀ ਕੇਂਦਰ ਵਿਚ ਰੱਖੇ ਗਏ ਅਤੇ 97 ਫ਼ੀਸਦੀ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ।

ਇਹ 6,300 ਤੋਂ ਵੱਧ ਦਾ ਅੰਕੜਾ ਉਸ ਸਮੇਂ ਤੱਕ ਹਿਰਾਸਤ ਵਿਚ ਲਏ ਗਏ ਬੱਚਿਆਂ ਦੀ ਕੁੱਲ ਗਿਣਤੀ ਹੈ। ਇਸਦਾ ਮਤਲਬ ਇਹ ਨਹੀਂ ਕਿ ਸਾਰੇ ਬੱਚੇ ਇਸ ਵੇਲੇ ਵੀ ਹਿਰਾਸਤ ਵਿਚ ਹਨ। ਜਨਤਕ ਤੌਰ 'ਤੇ ਉਪਲਬਧ ਅੰਕੜੇ ਸਾਰੇ ਸੰਘੀ ਵਿਭਾਗਾਂ ਅਤੇ ਹਰ ਰਾਜ ਦੇ ਬੱਚਿਆਂ ਦੀ ਤਾਜ਼ਾ, ਇਕੱਠੀ ਗਿਣਤੀ ਨਹੀਂ ਦਿੰਦੇ। ਇਸ ਲਈ ਦੇਸ਼ ਭਰ ਦਾ ਮੌਜੂਦਾ ਕੁੱਲ ਅੰਕੜਾ ਪੱਕੇ



ਤੌਰ 'ਤੇ ਦੱਸਣਾ ਸੰਭਵ ਨਹੀਂ। ਮਾਰਸ਼ਲ ਪ੍ਰੋਜੈਕਟ ਨੇ ਵੀ ਸਪੱਸ਼ਟ ਕੀਤਾ ਹੈ ਕਿ ਉਸ ਦੇ ਕੁਝ ਅੰਕੜੇ ਸਿਰਫ਼ ਆਈਸ ਦੀ ਹਿਰਾਸਤ ਵਾਲੇ ਬੱਚਿਆਂ ਬਾਰੇ ਹਨ; ਉਹ ਸਰਹੱਦੀ ਗਸ਼ਤ ਜਾਂ ਹੋਰ ਵਿਭਾਗਾਂ ਦੀ ਹਿਰਾਸਤ ਸ਼ਾਮਲ ਨਹੀਂ ਕਰਦੇ। ਕਾਨੂੰਨ ਅਨੁਸਾਰ, ਬੱਚਿਆਂ ਨੂੰ ਹਿਰਾਸਤ ਵਿਚ ਮਨੁੱਖੀ ਅਤੇ ਸੁਰੱਖਿਅਤ ਹਾਲਾਤਾਂ ਵਿਚ ਰੱਖਣਾ ਅਤੇ ਸੰਭਵ ਹੋਵੇ ਤਾਂ ਜਲਦੀ ਪਰਿਵਾਰ ਜਾਂ ਜ਼ਿੰਮੇਵਾਰ ਬਾਲਗ ਕੋਲ ਛੱਡਣਾ ਚਾਹੀਦਾ ਹੈ। ਸਮਝੌਤੇ ਹੇਠ ਪਰਿਵਾਰਾਂ ਨਾਲ ਰਹਿੰਦੇ ਬੱਚਿਆਂ ਦੀ ਹਿਰਾਸਤ ਆਮ ਤੌਰ 'ਤੇ 20 ਦਿਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਕੱਲੇ ਆਏ ਬੱਚਿਆਂ ਨੂੰ ਆਮ ਤੌਰ 'ਤੇ 72 ਘੰਟਿਆਂ ਅੰਦਰ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੀ ਦੇਖਭਾਲ ਵਿਚ ਭੇਜਣਾ ਹੁੰਦਾ ਹੈ; ਖ਼ਾਸ ਹਾਲਾਤਾਂ ਵਿਚ ਛੋਟ ਹੋ ਸਕਦੀ ਹੈ।

ਇਮੀਗ੍ਰੇਸ਼ਨ ਹਿਰਾਸਤ ਅਪਰਾਧ ਦੀ ਸਜ਼ਾ ਨਹੀਂ, ਪਰ ਬੱਚਿਆਂ ਦੀ ਲੰਮੀ ਹਿਰਾਸਤ ਅਤੇ ਹਾਲਾਤਾਂ ਬਾਰੇ ਕਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਜਾਰੀ ਹਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਅਮਰੀਕਾ-ਈਰਾਨ ਵਿਚਾਲੇ ਗੱਲਬਾਤ ਤੇਜ਼, ਹੋਰਮੁਜ਼ 'ਤੇ ਫਸਿਆ ਸਮਝੌਤਾ

ਨਿਊਯਾਰਕ : ਅਮਰੀਕਾ ਅਤੇ ਈਰਾਨ ਵਿਚਾਲੇ ਜੰਗੀ ਤਣਾਅ ਘਟਣ ਦੀ ਬਜਾਏ ਹੋਰ ਗੰਭੀਰ ਹੁੰਦਾ ਦਿਖਾਈ ਦੇ ਰਿਹਾ ਹੈ ਪਰ ਇਸੇ ਵਿਚਕਾਰ ਵਿਚੋਲਿਆਂ ਰਾਹੀਂ ਸਮਝੌਤੇ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕੀ ਅਧਿਕਾਰੀਆਂ ਨੇ ਈਰਾਨ ਨਾਲ ਗੱਲਬਾਤ ਕਰਵਾ ਰਹੇ ਵਿਚੋਲਿਆਂ ਨਾਲ ਸੰਪਰਕ ਕੀਤਾ ਹੈ। ਉੱਧਰ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਵੀ ਨਿਊਯਾਰਕ ਵਿੱਚ ਵਿਚੋਲਿਆਂ ਨਾਲ ਤਾਜ਼ਾ ਪ੍ਰਸਤਾਵਾਂ 'ਤੇ ਚਰਚਾ ਕਰ ਰਹੇ ਹਨ ਕਤਰ ਦੋਵਾਂ ਧਿਰਾਂ ਵਿਚਾਲੇ ਸੰਪਰਕ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਗੱਲਬਾਤ ਮੁੱਖ ਤੌਰ 'ਤੇ ਈਰਾਨ ਵੱਲੋਂ ਪੇਸ਼ ਕੀਤੀ ਸੱਤ ਦਿਨਾਂ ਦੀ ਯੋਜਨਾ ਦੇ ਸੋਧੇ ਰੂਪ 'ਤੇ ਕੇਂਦਰਿਤ ਹੈ। ਇਸ ਵਿੱਚ ਲੜਾਈ ਰੋਕਣ ਅਤੇ ਹੋਰਮੁਜ਼ ਜਲਡਮਰੂ ਨੂੰ ਮੁੜ ਖੋਲ੍ਹਣ ਨਾਲ ਜੁੜੀਆਂ ਸ਼ਰਤਾਂ ਸ਼ਾਮਲ ਹਨ। ਅਮਰੀਕਾ ਪਹਿਲਾਂ ਇਸ ਪੇਸ਼ਕਸ਼ ਨੂੰ ਰੱਦ ਕਰ ਚੁੱਕਾ ਹੈ ਅਤੇ ਉਸ ਦਾ ਕਹਿਣਾ ਹੈ ਕਿ ਕਿਸੇ ਵੀ ਸਮਝੌਤੇ ਵਿੱਚ ਈਰਾਨ ਦੇ ਪਰਮਾਣੂ ਪ੍ਰੋਗਰਾਮ ਨਾਲ ਜੁੜੇ ਮੁੱਦਿਆਂ ਦਾ ਹੱਲ ਹੋਣਾ ਜ਼ਰੂਰੀ ਹੈ। ਦੂਜੇ ਪਾਸੇ ਈਰਾਨ ਨੇ ਵੀ ਆਪਣੀਆਂ ਮੁੱਖ ਸ਼ਰਤਾਂ ਤੋਂ ਪਿੱਛੇ ਹਟਣ ਦਾ ਕੋਈ ਸੰਕੇਤ ਨਹੀਂ ਦਿੱਤਾ। ਇਸ ਕੂਟਨੀਤਕ ਹਲਚਲ ਦੇ ਨਾਲ ਦੋਵਾਂ ਪਾਸਿਆਂ ਤੋਂ ਸਖ਼ਤ ਬਿਆਨ ਵੀ ਸਾਹਮਣੇ ਆ ਰਹੇ ਹਨ। ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਇਹ ਜੰਗ "ਬਹੁਤ ਜਲਦੀ" ਜਿੱਤ ਲਵੇਗਾ ਅਤੇ ਟਕਰਾਅ ਖ਼ਤਮ ਹੋਣ ਨਾਲ ਤੇਲ ਤੇ ਪੈਟਰੋਲ ਦੀਆਂ ਕੀਮਤਾਂ ਹੇਠਾਂ ਆਉਣਗੀਆਂ। ਅਰਾਘਚੀ ਨੇ ਕਿਹਾ ਹੈ ਕਿ ਈਰਾਨ ਗੱਲਬਾਤ ਲਈ ਤਿਆਰ ਹੈ, ਪਰ ਕਿਸੇ ਵੀ ਹਮਲੇ ਜਾਂ ਵੱਡੀ ਜੰਗ ਦਾ ਸਾਹਮਣਾ ਕਰਨ ਲਈ ਵੀ ਤਿਆਰ ਹੈ ਹੋਰਮੁਜ਼ ਨੂੰ ਲੈ ਕੇ ਬਣੀ ਖਿੱਚੋਤਾਣ ਦਾ ਸਿੱਧਾ ਅਸਰ ਤੇਲ ਬਾਜ਼ਾਰ 'ਤੇ ਪੈ ਰਿਹਾ ਹੈ। ਸਮਝੌਤੇ ਦੀ ਉਮੀਦ ਕਮਜ਼ੋਰ ਹੋਣ ਨਾਲ ਕੱਚੇ ਤੇਲ ਦੀਆਂ ਕੀਮਤਾਂ ਮੁੜ ਚੜ੍ਹੀਆਂ ਹਨ। ਬ੍ਰੈਂਟ ਕੱਚਾ ਤੇਲ ਇੱਕ ਸਮੇਂ ਲਗਭਗ 106 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ, ਜਿਸ ਨਾਲ ਦੁਨੀਆ ਭਰ ਵਿੱਚ ਊਰਜਾ ਕੀਮਤਾਂ ਅਤੇ ਮਹਿੰਗਾਈ ਨੂੰ ਲੈ ਕੇ ਚਿੰਤਾ ਵਧੀ ਹੈ। ਇਸੇ ਦੌਰਾਨ ਈਰਾਨ ਨੇ ਹੋਰਮੁਜ਼ ਨੇੜੇ ਆਪਣੇ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਦੋ ਛੋਟੇ ਜਹਾਜ਼ ਜ਼ਬਤ ਕਰਨ ਅਤੇ 50 ਲੋਕਾਂ ਨੂੰ ਹਿਰਾਸਤ ਵਿੱਚ ਲੈਣ ਦੀ ਜਾਣਕਾਰੀ ਦਿੱਤੀ ਹੈ। ਕੇਸ਼ਮ ਟਾਪੂ ਨੇੜੇ ਸਮੁੰਦਰ ਵੱਲੋਂ ਧਮਾਕੇ ਦੀ ਆਵਾਜ਼ ਸੁਣੇ ਜਾਣ ਦੀ ਖ਼ਬਰ ਵੀ ਸਾਹਮਣੇ ਆਈ ਹੈ, ਪਰ ਇਸ ਦੇ ਕਾਰਨ ਜਾਂ ਕਿਸੇ ਨੁਕਸਾਨ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਫਿਲਹਾਲ ਨਾ ਤਾਂ ਜੰਗਬੰਦੀ 'ਤੇ ਸਹਿਮਤੀ ਬਣੀ ਹੈ ਅਤੇ ਨਾ ਹੀ ਹੋਰਮੁਜ਼ ਨੂੰ ਲੈ ਕੇ ਅੜਿੱਕਾ ਦੂਰ ਹੋਇਆ ਹੈ। ਇਸ ਦੇ ਬਾਵਜੂਦ ਵਿਚੋਲਿਆਂ ਰਾਹੀਂ ਸੰਪਰਕ ਜਾਰੀ ਰਹਿਣ ਕਾਰਨ ਗੱਲਬਾਤ ਦਾ ਦਰਵਾਜ਼ਾ ਅਜੇ ਖੁੱਲ੍ਹਾ ਹੈ ਅਤੇ ਹੁਣ ਨਜ਼ਰ ਇਸ ਗੱਲ 'ਤੇ ਹੈ ਕਿ ਦੋਵੇਂ ਧਿਰਾਂ ਆਪਣੇ ਮੌਜੂਦਾ ਰੁਖ਼ ਵਿੱਚ ਕਿੰਨੀ ਤਬਦੀਲੀ ਲਈ ਤਿਆਰ ਹੁੰਦੀਆਂ ਹਨ।

# ਪੁਲਿਸ ਦੇ ਪਿੱਛੇ ਲੱਗਣ ਦੌਰਾਨ 90 ਮੀਲ ਦੀ ਰਫ਼ਤਾਰ ਨਾਲ ਦੌੜ ਰਹੀ ਚੋਰੀ ਦੀ ਕਾਰ ਹਾਦਸਾਗ੍ਰਸਤ-ਤਿੰਨ ਨਾਬਾਲਗਾਂ ਦੀ ਮੌਤ

ਨਿਊਯਾਰਕ : ਵਰਜੀਨੀਆ ਦੇ ਅਲੈਕਜ਼ੈਂਡਰੀਆ ਵਿੱਚ ਪੁਲਿਸ ਤੋਂ ਬਚ ਕੇ ਭੱਜ ਰਹੀ ਇੱਕ ਚੋਰੀ ਦੀ ਕਾਰ ਆਈ-395 ਦੇ ਐਗਜ਼ਿਟ ਰੈਂਪ 'ਤੇ ਬੇਕਾਬੂ ਹੋ ਕੇ ਕੰਕਰੀਟ ਦੀ ਰੋਕ ਨਾਲ ਟਕਰਾ ਗਈ। ਭਿਆਨਕ ਹਾਦਸੇ ਵਿੱਚ ਕਾਰ ਵਿੱਚ ਸਵਾਰ ਤਿੰਨ ਨਾਬਾਲਗਾਂ ਦੀ ਮੌਤ ਹੋ ਗਈ, ਜਦਕਿ ਚੌਥਾ ਨਾਬਾਲਗ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖ਼ਲ ਹੈ।ਵਰਜੀਨੀਆ ਸਟੇਟ ਪੁਲਿਸ ਮੁਤਾਬਕ, ਰਾਤ ਕਰੀਬ 12:45 ਵਜੇ ਇੱਕ ਪੁਲਿਸ ਅਧਿਕਾਰੀ ਨੇ ਅਲੈਕਜ਼ੈਂਡਰੀਆ ਦੇ ਸਟੀਵਨਸਨ ਰੋਡ ਅਤੇ ਸਾਊਥ ਵਾਕਰ ਸਟਰੀਟ ਨੇੜੇ ਇੱਕ ਚੋਰੀ ਦੀ ਕਾਰ ਦੇਖੀ। ਇਹ ਕਾਰ ਮੈਰੀਲੈਂਡ ਦੇ ਪ੍ਰਿੰਸ ਜਾਰਜ ਕਾਊਂਟੀ ਤੋਂ ਚੋਰੀ ਹੋਣ ਦੀ ਰਿਪੋਰਟ ਸੀ। ਅਧਿਕਾਰੀ ਨੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਡਰਾਈਵਰ ਨੇ ਰੁਕਣ ਦੀ ਬਜਾਏ ਰਫ਼ਤਾਰ ਵਧਾ ਦਿੱਤੀ, ਜਿਸ ਤੋਂ ਬਾਅਦ ਪੁਲਿਸ ਨੇ ਉਸਦਾ ਪਿੱਛਾ ਸ਼ੁਰੂ ਕਰ ਦਿੱਤਾ। ਕਾਰ ਡਿਊਕ ਸਟਰੀਟ ਤੋਂ ਹੁੰਦੀ ਹੋਈ ਆਈ-395 ਉੱਤਰ ਵੱਲ ਦਾਖ਼ਲ ਹੋ ਗਈ। ਪੁਲਿਸ ਮੁਤਾਬਕ, ਇਸ ਦੌਰਾਨ ਕਾਰ ਦੀ ਰਫ਼ਤਾਰ ਕਰੀਬ 90 ਮੀਲ ਪ੍ਰਤੀ ਘੰਟਾ ਤੱਕ ਪਹੁੰਚ ਗਈ ਸੀ। ਕਰੀਬ ਦੋ ਮਿੰਟ ਚੱਲੇ ਪਿੱਛੇ ਤੋਂ ਬਾਅਦ ਜਦੋਂ ਕਾਰ ਐਗਜ਼ਿਟ 6 ਰਾਹੀਂ ਸ਼ਿਰਲਿੰਗਟਨ ਰੋਡ ਵੱਲ ਮੁੜੀ ਤਾਂ ਡਰਾਈਵਰ ਤੇਜ਼ ਰਫ਼ਤਾਰ ਕਾਰ 'ਤੇ ਕਾਬੂ ਨਾ ਰੱਖ ਸਕਿਆ। ਕਾਰ ਰੈਂਪ ਤੋਂ ਸੱਜੇ ਪਾਸੇ ਨਿਕਲ ਕੇ ਕੰਕਰੀਟ ਦੀ ਰੋਕ ਨਾਲ ਜਾ ਟਕਰਾਈ।ਹਾਦਸੇ ਤੋਂ ਬਾਅਦ ਪੁਲਿਸ ਅਤੇ ਅੱਗ ਬੁਝਾਊ ਵਿਭਾਗ ਦੇ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਕਾਰ ਵਿੱਚ ਫਸੇ ਨਾਬਾਲਗਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਇੱਕ ਨਾਬਾਲਗ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਤਿੰਨ ਹੋਰਾਂ ਨੂੰ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿੱਚ ਡਰਾਈਵਰ ਅਤੇ ਇੱਕ ਹੋਰ ਨਾਬਾਲਗ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਚੌਥੇ ਨਾਬਾਲਗ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਪੁਲਿਸ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਚਾਰੇ ਵਿਅਕਤੀ 18 ਸਾਲ ਤੋਂ ਘੱਟ ਉਮਰ ਦੇ ਸਨ ਅਤੇ ਹਾਦਸੇ ਵੇਲੇ ਕਿਸੇ ਨੇ ਵੀ ਸੀਟ ਬੈਲਟ ਨਹੀਂ ਲਗਾਈ ਹੋਈ ਸੀ। ਮ੍ਰਿਤਕਾਂ ਅਤੇ ਜ਼ਖ਼ਮੀ ਨਾਬਾਲਗ ਦੀ ਪਛਾਣ ਹਾਲੇ ਜਨਤਕ ਨਹੀਂ ਕੀਤੀ ਗਈ।

# ਫਿਲਾਡੈਲਫੀਆ 'ਚ ਵੱਡੀ ਕਾਰਵਾਈ, ਸਰਕਾਰੀ ਸਹਾਇਤਾ ਵਾਲੀਆਂ ਰਿਹਾਇਸ਼ਾਂ 'ਚੋਂ 41 ਭਗੌੜੇ ਗ੍ਰਿਫ਼ਤਾਰ

ਨਿਊਯਾਰਕ : ਫਿਲਾਡੈਲਫੀਆ ਵਿਚ ਸਰਕਾਰੀ ਸਹਾਇਤਾ ਵਾਲੀਆਂ ਰਿਹਾਇਸ਼ਾਂ ਵਿਚ ਰਹਿ ਰਹੇ ਭਗੌੜਿਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ 41 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋ ਹਫ਼ਤਿਆਂ ਤੱਕ ਚੱਲੀ ਇਸ ਮੁਹਿੰਮ ਦੌਰਾਨ ਗੰਭੀਰ ਅਤੇ ਹਿੰਸਕ ਅਪਰਾਧਾਂ ਦੇ ਮਾਮਲਿਆਂ ਵਿੱਚ ਲੋੜੀਂਦੇ ਲੋਕਾਂ ਦੀ ਭਾਲ ਕੀਤੀ ਗਈ। 'ਆਪਰੇਸ਼ਨ ਮੂਵਿੰਗ ਡੇ' ਨਾਂਅ ਹੇਠ ਚਲਾਈ ਗਈ ਇਸ ਮੁਹਿੰਮ ਵਿੱਚ ਅਮਰੀਕੀ ਮਾਰਸ਼ਲ ਸਰਵਿਸ ਅਤੇ ਸਰਕਾਰੀ ਰਿਹਾਇਸ਼ੀ ਵਿਭਾਗ ਦੀ ਜਾਂਚ ਟੀਮ ਨੇ ਸਾਂਝੇ ਤੌਰ 'ਤੇ ਕਾਰਵਾਈ ਕੀਤੀ। ਅਧਿਕਾਰੀਆਂ ਮੁਤਾਬਕ ਫੜੇ ਗਏ ਲੋਕ ਅੱਗਜ਼ਨੀ, ਗੰਭੀਰ ਹਮਲੇ, ਗੋਲੀਬਾਰੀ, ਹਥਿਆਰਬੰਦ ਲੁੱਟ ਅਤੇ ਬੱਚਿਆਂ ਖ਼ਿਲਾਫ਼ ਅਪਰਾਧਾਂ ਸਮੇਤ ਵੱਖ-ਵੱਖ ਮਾਮਲਿਆਂ ਵਿੱਚ ਲੋੜੀਂਦੇ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿੱਚ 31 ਸਾਲਾ ਇੱਕ ਵਿਅਕਤੀ ਵੀ ਸ਼ਾਮਲ ਹੈ, ਜਿਸ ਦੀ ਫਿਲਾਡੈਲਫੀਆ ਪੁਲਿਸ ਨੂੰ ਅਗਸਤ ਵਿੱਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਭਾਲ ਸੀ। ਇਸ ਤੋਂ ਇਲਾਵਾ ਬੱਚਿਆਂ ਖ਼ ?ਲਾਫ਼ ਅਪਰਾਧਾਂ ਦੇ ਮਾਮਲੇ ਵਿੱਚ ਲੋੜੀਂਦੇ 23 ਸਾਲਾ ਵਿਅਕਤੀ ਨੂੰ ਵੀ ਫੜਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ। ਅਧਿਕਾਰੀਆਂ ਮੁਤਾਬਕ ਇਸ ਕਾਰਵਾਈ ਦਾ ਮਕਸਦ ਸਰਕਾਰੀ ਸਹਾਇਤਾ ਵਾਲੀਆਂ ਰਿਹਾਇਸ਼ਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਦੀ ਸੁਰੱਖਿਆ ਵਧਾਉਣ ਅਤੇ ਸਰਕਾਰੀ ਮਦਦ ਅਸਲ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣਾ ਹੈ।

# ਅਮਰੀਕਾ ਵੱਲੋਂ ਭਾਰਤ ਨੂੰ ਵੱਡੀ ਰਾਹਤ; ਵਿਸ਼ੇਸ਼ ਦਵਾਈਆਂ 'ਤੇ 100 ਫੀਸਦੀ ਆਯਾਤ ਡਿਊਟੀ ਖ਼ਤਮ

## ਕੈਂਸਰ, ਦੁਰਲੱਭ ਬਿਮਾਰੀਆਂ ਤੇ ਜੀਨ ਥੈਰੇਪੀ ਦੀਆਂ ਦਵਾਈਆਂ ਨੂੰ ਟੈਕਸ ਤੋਂ ਛੋਟ; ਭਾਰਤ ਸਮੇਤ 20 ਖੇਤਰਾਂ ਨੂੰ ਮਿਲਿਆ ਲਾਭ



ਨਵੀਂ ਦਿੱਲੀ : ਅਮਰੀਕਾ ਨੇ ਐਲਾਨ ਕੀਤਾ ਹੈ ਕਿ ਭਾਰਤ ਸਮੇਤ 19 ਹੋਰ ਭਾਈਵਾਲ ਖੇਤਰਾਂ ਤੋਂ ਮੰਗਵਾਈਆਂ ਜਾਣ ਵਾਲੀਆਂ ਖਾਸ ਸਪੈਸ਼ਲਿਟੀ ਦਵਾਈਆਂ ਅਤੇ ਉਨ੍ਹਾਂ ਦੀ ਸਮੱਗਰੀ (ਕੰਪੋਨੈਂਟਸ) ਉੱਤੇ ਕੋਈ ਆਯਾਤ ਡਿਊਟੀ ਨਹੀਂ ਲੱਗੇਗੀ। ਇਹ ਫ਼ੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਕੁਝ ਖਾਸ ਪੇਟੈਂਟ ਫਾਰਮਾਸਿਊਟੀਕਲ ਉਤਪਾਦਾਂ ਉੱਤੇ ਪੂਰੇ 100 ਫੀਸਦੀ ਟੈਰਿਫ ਵੱਲ ਵਧ ਰਿਹਾ ਹੈ।

ਅਮਰੀਕੀ ਵਣਜ ਵਿਭਾਗ ਵੱਲੋਂ ਫੈਡਰਲ ਰਜਿਸਟਰ ਵਿੱਚ ਇੱਕ ਅਧਿਕਾਰਤ ਸੂਚੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਦੇਸ਼ਾਂ ਅਤੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦੇ ਯੋਗ ਫਾਰਮਾਸਿਊਟੀਕਲ ਉਤਪਾਦਾਂ ਨੂੰ ਜ਼ੀਰੋ-ਟੈਰਿਫ (ਬਿਨਾਂ ਕਿਸੇ ਟੈਕਸ) ਦੀ ਛੋਟ ਮਿਲੇਗੀ।

ਇਹ ਜ਼ੀਰੋ-ਟੈਰਿਫ ਨੀਤੀ ਹਰ ਦਵਾਈ ਉੱਤੇ ਲਾਗੂ ਨਹੀਂ ਹੁੰਦੀ। ਇਹ ਸਿਰਫ਼ ਕੁਝ ਖਾਸ ਸਪੈਸ਼ਲਿਟੀ ਫਾਰਮਾਸਿਊਟੀਕਲ ਉਤਪਾਦਾਂ ਤੱਕ ਹੀ ਸੀਮਤ ਹੈ। ਇਨ੍ਹਾਂ ਵਿੱਚ ਦੁਰਲੱਭ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ, ਪ੍ਰਮਾਣੂ ਦਵਾਈਆਂ (ਨਿਊਕਲੀਅਰ ਮੈਡੀਸਨਜ਼), ਪਲਾਜ਼ਮਾ ਤੋਂ ਤਿਆਰ ਥੈਰੇਪੀਆਂ ਅਤੇ ਬੱਚਾ ਪੈਦਾ ਕਰਨ ਦੀ ਸਮਰੱਥਾ (ਫਰਟੀਲਿਟੀ) ਨਾਲ ਜੁੜੀਆਂ ਦਵਾਈਆਂ ਸ਼ਾਮਲ ਹਨ।

ਇਸ ਛੋਟ ਵਿੱਚ ਸੈੱਲ ਅਤੇ ਜੀਨ ਥੈਰੇਪੀਆਂ, ਐਂਟੀਬਾਡੀ-ਡਰੱਗ ਕੌਂਜੂਗੇਟਸ (ADCs) ਅਤੇ ਰਸਾਇਣਕ, ਜੈਵਿਕ, ਰੇਡੀਓਲਾਜੀਕਲ ਅਤੇ ਪ੍ਰਮਾਣੂ ਖਤਰਿਆਂ ਨਾਲ ਨਜਿੱਠਣ ਲਈ ਵਰਤੀਆਂ ਜਾਣ ਵਾਲੀਆਂ ਕੁਝ ਦਵਾਈਆਂ ਵੀ ਸ਼ਾਮਲ ਹਨ। ਰਿਪੋਰਟਾਂ ਮੁਤਾਬਕ ਪਸ਼ੂਆਂ ਦੀਆਂ ਕੁਝ ਦਵਾਈਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਵਣਜ ਵਿਭਾਗ 'ਆਰਫਨ ਡਰੱਗ' (ਅਨਾਥ ਦਵਾਈ) ਨੂੰ ਇੱਕ ਅਜਿਹੇ ਫਾਰਮਾਸਿਊਟੀਕਲ ਜਾਂ ਜੈਵਿਕ ਉਤਪਾਦ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਇੱਕ ਜਾਂ ਇੱਕ ਤੋਂ ਵੱਧ ਦੁਰਲੱਭ ਬਿਮਾਰੀਆਂ ਜਾਂ ਹਾਲਤਾਂ ਲਈ ਤਿਆਰ ਕੀਤਾ ਗਿਆ ਹੋਵੇ, ਜਿੱਥੇ ਉਸ ਦਵਾਈ ਦੀਆਂ ਸਾਰੀਆਂ ਪ੍ਰਵਾਨਿਤ ਅਰਜ਼ੀਆਂ ਦਾ ਟੀਚਾ ਉਹੀ ਬਿਮਾਰੀਆਂ ਹੁੰਦੀਆਂ ਹਨ। ਇਸ ਜ਼ੀਰੋ ਫੀਸਦੀ ਟੈਰਿਫ ਵਿੱਚ ਉਹ ਸਮੱਗਰੀ ਅਤੇ ਹੋਰ ਜ਼ਰੂਰੀ ਹਿੱਸੇ ਵੀ ਸ਼ਾਮਲ ਹਨ ਜੋ ਇਨ੍ਹਾਂ ਦਵਾਈਆਂ ਨੂੰ ਬਣਾਉਣ ਲਈ ਵਰਤੇ ਜਾਂਦੇ ਹਨ। ਅਮਰੀਕਾ ਨੇ ਕੁਝ ਲਾਇਸੈਂਸ ਵਾਲੇ ਫਾਰਮਾਸਿਊਟੀਕਲ ਉਤਪਾਦਾਂ ਅਤੇ ਉਨ੍ਹਾਂ ਦੇ ਹਿੱਸਿਆਂ ਉੱਤੇ 100 ਫੀਸਦੀ ਐਡ ਵੈਲੋਰਮ ਟੈਰਿਫ (ਯਾਨੀ ਉਤਪਾਦ ਦੀ ਕੀਮਤ ਦੇ ਹਿਸਾਬ ਨਾਲ ਤੈਅ ਕੀਤਾ ਜਾਣ ਵਾਲਾ ਟੈਕਸ) ਦਾ ਐਲਾਨ ਕੀਤਾ ਸੀ।

ਇਹ ਡਿਊਟੀ ਟਰੰਪ ਦੇ ਐਲਾਨ ਦੇ ਇੱਕ ਸ਼ਿਸ਼ਟਾਚਾਰ (ਪਰਿਸ਼ਿਸ਼ਟ) ਵਿੱਚ ਸ਼ਾਮਲ ਕੰਪਨੀਆਂ ਲਈ 31 ਜੁਲਾਈ ਤੋਂ ਲਾਗੂ ਹੋ ਗਈ ਸੀ। ਇਸ ਮਾਪਦੰਡ ਤੋਂ ਪ੍ਰਭਾਵਿਤ ਹੋਰਨਾਂ ਕੰਪਨੀਆਂ ਲਈ ਇਹ ਟੈਰਿਫ ਮੰਗਲਵਾਰ, 29 ਸਤੰਬਰ ਤੋਂ ਲਾਗੂ ਹੋਣ ਲਈ ਤੈਅ ਕੀਤਾ ਗਿਆ ਹੈ।

ਫਿਰ ਵੀ, ਵਣਜ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਫਾਰਮਾਸਿਊਟੀਕਲ ਉੱਤੇ ਸੈਕਸ਼ਨ 232 ਦੇ ਟੈਰਿਫ ਦਾ ਮੌਜੂਦਾ ਸਮੇਂ ਵਿੱਚ ਜੈਨਰਿਕ ਦਵਾਈਆਂ ਅਤੇ ਉਨ੍ਹਾਂ ਨਾਲ ਸਬੰਧਿਤ ਹਿੱਸਿਆਂ ਉੱਤੇ ਕੋਈ ਅਸਰ ਨਹੀਂ ਪਵੇਗਾ।

ਇਸ ਦੌਰਾਨ, ਫਾਰਮਾਸਿਊਟੀਕਲ ਐਕਸਪੋਰਟ ਪ੍ਰੋਮੋਸ਼ਨ ਕੌਂਸਲ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਹੈ ਕਿ ਭਾਰਤ ਨੇ 2024-25 ਵਿੱਚ 30.46 ਅਬਦੁਲ (ਬਿਲੀਅਨ) ਡਾਲਰ ਦੀਆਂ ਦਵਾਈਆਂ ਅਤੇ ਫਾਰਮਾਸਿਊਟੀਕਲ ਵਸਤੂਆਂ ਦਾ ਨਿਰਯਾਤ ਕੀਤਾ, ਜਿਸ ਵਿੱਚ ਅਮਰੀਕਾ ਇਸ ਦੇ ਸਭ ਤੋਂ ਵੱਡੇ ਬਾਜ਼ਾਰਾਂ ਵਿੱਚੋਂ ਇੱਕ ਹੈ।

ਵਣਜ ਵਿਭਾਗ ਦੇ ਤਹਿਤ ਉਦਯੋਗ ਅਤੇ ਸੁਰੱਖਿਆ ਬਿਊਰੋ ਨੇ ਕਿਹਾ ਕਿ ਸਪੈਸ਼ਲਿਟੀ ਉਤਪਾਦ ਜ਼ੀਰੋ ਟੈਰਿਫ ਲਈ ਯੋਗ ਹੋ ਸਕਦੇ ਹਨ ਜੇਕਰ ਉਹ ਉਨ੍ਹਾਂ ਦੇਸ਼ਾਂ ਤੋਂ ਆਉਂਦੇ ਹਨ ਜਿਨ੍ਹਾਂ ਕੋਲ ਅਮਰੀਕਾ ਨਾਲ ਵਪਾਰ ਅਤੇ ਸੁਰੱਖਿਆ ਸਮਝੌਤਾ ਹੈ ਜਾਂ ਭਵਿੱਖ ਵਿੱਚ ਹੋਣ ਦੀ ਉਮੀਦ ਹੈ।

ਭਾਰਤ ਨੂੰ ਅਰਜਨਟੀਨਾ, ਬੰਗਲਾਦੇਸ਼, ਕੰਬੋਡੀਆ, ਇਕਵਾਡੋਰ, ਅਲ ਸਵਾਡੋਰ, ਯੂਰਪੀਅਨ ਯੂਨੀਅਨ, ਗੁਆਟੇਮਾਲਾ, ਇੰਡੋਨੇਸ਼ੀਆ, ਜਾਪਾਨ, ਜਾਰਡਨ, ਮਲੇਸ਼ੀਆ, ਉੱਤਰੀ ਮੈਸੇਡੋਨੀਆ, ਦੱਖਣੀ ਕੋਰੀਆ, ਸਵਿਟਜ਼ਰਲੈਂਡ, ਲੀਚਟਨਸਟਾਈਨ, ਤਾਈਵਾਨ, ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਵੀਅਤਨਾਮ ਦੇ ਨਾਲ ਸੂਚੀਬੱਧ ਕੀਤਾ ਗਿਆ ਹੈ।

ਵਰਲਡ ਕਸਟਮਜ਼ ਆਰਗੇਨਾਈਜ਼ੇਸ਼ਨ ਐਡ ਵੈਲੋਰਮ ਟੈਰਿਫ ਨੂੰ ਉਨ੍ਹਾਂ ਵਸਤੂਆਂ ਦੇ ਵਿੱਤੀ ਮੁੱਲ ਦੀ ਇੱਕ ਖਾਸ ਪ੍ਰਤੀਸ਼ਤਤਾ ਵਜੋਂ ਪਰਿਭਾਸ਼ਿਤ ਕਰਦੀ ਹੈ ਜਿਨ੍ਹਾਂ ਉੱਤੇ ਟੈਕਸ ਲਗਾਇਆ ਜਾਂਦਾ ਹੈ। ਵਣਜ ਵਿਭਾਗ ਨੇ ਕੰਪਨੀਆਂ ਲਈ ਅਮਰੀਕਾ ਵਿੱਚ ਸਿਹਤ ਸੰਕਟ ਨਾਲ ਨਜਿੱਠਣ ਲਈ ਜ਼ਰੂਰੀ ਵਿਸ਼ੇਸ਼ ਦਵਾਈਆਂ ਲਈ ਟੈਰਿਫ ਤੋਂ ਛੋਟ ਦੀ ਮੰਗ ਕਰਨ ਵਾਸਤੇ ਇੱਕ ਰਸਤਾ ਤਿਆਰ ਕੀਤਾ ਹੈ।

ਇਹ ਸਹਾਇਤਾ ਮੰਗਣ ਵਾਲੀਆਂ ਫ਼ਰਮਾਂ ਨੂੰ ਉਤਪਾਦ ਦੇ ਵਰਗੀਕਰਨ, ਸਰਗਰਮ ਤੱਤਾਂ, ਉਤਪਾਦਕ, ਮੂਲ ਦੇਸ਼ ਅਤੇ ਸ਼ਾਮਲ ਡਾਕਟਰੀ ਜ਼ਰੂਰਤ ਬਾਰੇ ਜਾਣਕਾਰੀ ਜਮ ?ਹਾਂ ਕਰਾਉਣੀ ਪਵੇਗੀ।

ਵਣਜ ਵਿਭਾਗ ਅਮਰੀਕੀ ਵਪਾਰ ਪ੍ਰਤੀਨਿਧੀ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਤਾਲਮੇਲ ਨਾਲ ਇਨ੍ਹਾਂ ਬੇਨਤੀਆਂ ਦਾ ਵਿਅਕਤੀਗਤ ਤੌਰ 'ਤੇ ਮੁਲਾਂਕਣ ਕਰੇਗਾ।

# ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਬੁਲਾਉਣ ਦੇ ਚਾਹਵਾਨਾਂ ਲਈ ਵੱਡੀ ਖ਼ਬਰ ! ਸੰਸਦ 'ਚ ਪੇਸ਼ ਹੋਇਆ 'ਬਿੱਲ'

ਅਮਰੀਕਾ 'ਚ ਰੁਜ਼ਗਾਰ ਆਧਾਰਿਤ (H1-B) ਗ੍ਰੀਨ ਕਾਰਡ ਸਿਸਟਮ 'ਚ ਵੱਡੇ ਬਦਲਾਅ ਦੇ ਮਕਸਦ ਨਾਲ ਅਮਰੀਕੀ ਸੈਨੇਟ 'ਚ ਇੱਕ ਨਵਾਂ ਬਿਲ ਪੇਸ਼ ਕੀਤਾ ਗਿਆ ਹੈ। ਅਲਾਬਾਮਾ ਤੋਂ ਰਿਪਬਲੀਕਨ ਸੈਨੇਟਰ ਟੌਮੀ ਟਿਊਬਰਵਿਲੇ ਵੱਲੋਂ 23 ਸਤੰਬਰ 2026 ਨੂੰ ਇਹ 'ਅਮਰੀਕਨਜ਼ ਫ਼ਰਸਟ ਇਮੀਗ੍ਰੇਸ਼ਨ ਐਕਟ' ਨਾਂ ਦਾ ਬਿੱਲ ਪੇਸ਼ ਕੀਤਾ ਗਿਆ ਹੈ। ਇਹ ਬਿੱਲ ਫਿਲਹਾਲ ਸੈਨੇਟ ਦੀ ਜੁਡੀਸ਼ੀਅਰੀ ਕਮੇਟੀ ਕੋਲ ਵਿਚਾਰ ਅਧੀਨ ਹੈ ਅਤੇ ਅਜੇ ਤੱਕ ਕਾਨੂੰਨ ਨਹੀਂ ਬਣਿਆ ਹੈ।

ਇਸ ਬਿੱਲ ਅਨੁਸਾਰ ਮੌਜੂਦਾ EB-1, EB-2 ਅਤੇ EB-3 ਵਰਗੀਆਂ ਕੈਟੇਗਰੀਆਂ ਦੀ ਥਾਂ ਪੁਆਇੰਟ ਸਿਸਟਮ ਲਾਗੂ ਕੀਤਾ ਜਾਵੇਗਾ। ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਵਿਦਿਅਕ ਯੋਗਤਾ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ, ਉਮਰ, ਤਨਖ਼ਾਹ, ਫੌਜੀ ਸੇਵਾ ਅਤੇ ਵਿਸ਼ੇਸ਼ ਪ੍ਰਾਪਤੀਆਂ ਦੇ ਆਧਾਰ 'ਤੇ ਪੁਆਇੰਟ ਦਿੱਤੇ ਜਾਣਗੇ। ਨੌਕਰੀ ਦੇਣ ਵਾਲਿਆਂ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਵਿਦੇਸ਼ੀ ਵਰਕਰਾਂ ਨੂੰ ਨੌਕਰੀ 'ਤੇ ਰੱਖਣ ਤੋਂ ਪਹਿਲਾਂ ਅਮਰੀਕੀ ਨਾਗਰਿਕਾਂ ਨੂੰ ਪਹਿਲ ਦੇਣ।



ਇਸ ਤੋਂ ਇਲਾਵਾ ਪਰਿਵਾਰਕ ਆਧਾਰ 'ਤੇ ਮਿਲਣ ਵਾਲੇ ਗ੍ਰੀਨ ਕਾਰਡ ਦੀਆਂ ਸ਼੍ਰੇਣੀਆਂ ਨੂੰ ਸੀਮਿਤ ਕਰ ਕੇ ਸਿਰਫ਼ ਸਪਾਊਸ ਅਤੇ ਨਾਬਾਲਗ ਬੱਚਿਆਂ ਤੱਕ ਹੀ ਸੀਮਤ ਕਰਨ ਦਾ ਪ੍ਰਸਤਾਵ ਹੈ। ਅਮਰੀਕੀ ਨਾਗਰਿਕਾਂ ਦੇ ਮਾਪਿਆਂ, ਭੈਣ-ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਪਾਂਸਰ ਕਰਨ ਦੇ ਰਸਤਿਆਂ ਨੂੰ ਵੀ ਬੰਦ ਜਾਂ ਬਹੁਤ ਸੀਮਤ ਕੀਤਾ ਜਾ ਸਕਦਾ ਹੈ। ਬਿਲ 'ਚ ਲਾਟਰੀ ਰਾਹੀਂ ਮਿਲਣ ਵਾਲੇ ਡਾਇਵਰਸਿਟੀ ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਕੇ ਉਸ ਦੀ ਥਾਂ Skill-based ਸਿਸਟਮ ਲਿਆਉਣ ਦਾ ਵੀ ਪ੍ਰਸਤਾਵ ਹੈ। ਹਾਲਾਂਕਿ, ਭਾਰਤ ਪਹਿਲਾਂ ਹੀ ਇਸ ਲਾਟਰੀ ਸਿਸਟਮ ਤੋਂ ਬਾਹਰ ਹੈ, ਇਸ ਲਈ ਭਾਰਤੀਆਂ 'ਤੇ ਇਸ ਦਾ ਕੋਈ ਸਿੱਧਾ ਅਸਰ ਨਹੀਂ ਪਵੇਗਾ।

ਲੰਬੇ ਸਮੇਂ ਤੋਂ ਗ੍ਰੀਨ ਕਾਰਡ ਦੀ ਵੇਟਿੰਗ ਲਿਸਟ 'ਚ ਫਸੇ ਹਾਈਲੀ ਕੁਆਲੀਫਾਈਡ ਭਾਰਤੀ ਪੇਸ਼ੇਵਰਾਂ ਲਈ ਪੁਆਇੰਟ ਸਿਸਟਮ ਮਦਦਗਾਰ ਸਾਬਿਤ ਹੋ ਸਕਦਾ ਹੈ, ਪਰ ਫੈਮਿਲੀ ਵੀਜ਼ਾ ਰਾਹੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਬੁਲਾਉਣ ਦੇ ਚਾਹਵਾਨਾਂ ਲਈ ਮੁਸ਼ਕਲਾਂ ਵਧ ਸਕਦੀਆਂ ਹਨ। ਇਹ ਸਿਰਫ਼ ਇੱਕ ਬਿੱਲ ਹੈ, ਇਸ ਲਈ ਅਮਰੀਕੀ ਇਮੀਗ੍ਰੇਸ਼ਨ ਦੇ ਮੌਜੂਦਾ ਨਿਯਮਾਂ 'ਚ ਫਿਲਹਾਲ ਕੋਈ ਬਦਲਾਅ ਨਹੀਂ ਹੋਇਆ ਹੈ। ਭਾਰਤੀ ਐਪਲੀਕੈਂਟਸ ਨੂੰ ਫਿਲਹਾਲ ਆਪਣੇ ਮੌਜੂਦਾ ਪਲਾਨ 'ਚ ਕੋਈ ਬਦਲਾਅ ਕਰਨ ਦੀ ਲੋੜ ਨਹੀਂ ਹੈ, ਪਰ ਉਨ੍ਹਾਂ ਅਮਰੀਕੀ ਸੰਸਦ 'ਚ ਇਸ ਬਿੱਲ 'ਤੇ ਹੋਣ ਵਾਲੀ ਕਾਰਵਾਈ 'ਤੇ ਨਜ਼ਰ ਰੱਖਣੀ ਚਾਹੀਦੀ ਹੈ।

# ਮੁੜ ਦੋਸਤਾਨਾ ਸੰਬੰਧ

ਭਾਰਤ ਦੇ ਆਪਣੇ ਕੁੱਝ ਗੁਆਂਢੀਆਂ ਤੋਂ ਇਲਾਵਾ ਦੁਨੀਆ ਭਰ ਦੇ ਬਹੁਤੇ ਦੇਸ਼ਾਂ ਨਾਲ ਸੰਬੰਧ ਬਿਹਤਰ ਬਣੇ ਰਹੇ ਹਨ। ਚਾਹੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆ ਭਰ ਵਿਚ ਟੈਰਿਫ ਦੇ ਮਸਲੇ ’ਤੇ ਅਤੇ ਕੌਮਾਂਤਰੀ ਵਪਾਰਕ ਨਿਯਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਇਕ ਤਰ੍ਹਾਂ ਦਾ ਬਵਾਲ ਪੈਦਾ ਕਰਕੇ ਰੱਖ ਦਿੱਤਾ ਹੈ, ਜਿਸ ਦੀ ਜ਼ਦ ਵਿਚ ਬਹੁਤੇ ਦੇਸ਼ ਆ ਗਏ ਹਨ। ਈਰਾਨ ਨਾਲ ਸਿੱਧੇ ਟਕਰਾਅ ਦਾ ਅਸਰ ਵੀ ਭਾਰਤ ਸਮੇਤ ਦੁਨੀਆ ਦੇ ਬਹੁਤੇ ਦੇਸ਼ਾਂ ’ਤੇ ਦੇਖਿਆ ਜਾ ਸਕਦਾ ਹੈ। ਆਪਣੀਆਂ ਨੀਤੀਆਂ ਨਾਲ ਟਰੰਪ ਨੇ ਆਪਣੇ ਅਮਰੀਕਾ ਦੇ ਬਹੁਤੇ ਮਿੱਤਰ ਦੇਸ਼ਾਂ ਨੂੰ ਵੀ ਉਸ ਤੋਂ ਦੂਰੀ ਬਣਾਈ ਰੱਖਣ ਲਈ ਮਜਬੂਰ ਕਰ ਦਿੱਤਾ ਹੈ। ਉਸ ਨੇ ਬਿਨਾਂ ਕਿਸੇ ਕਾਰਨ ਵੈਨੇਜ਼ੁਏਲਾ ’ਤੇ ਹਮਲਾ ਕਰਕੇ ਉਥੋਂ ਦੇ ਰਾਸ਼ਟਰਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਯੂਰਪ ਦੇ ਦੇਸ਼ਾਂ ਨੂੰ ਵੀ ਉਸ ਨੇ ਆਪਣੀਆਂ ਅਸਾਵੀਆਂ ਨੀਤੀਆਂ ਕਰਕੇ ਨਾਰਾਜ਼ ਕਰ ਲਿਆ ਹੈ। ਗ੍ਰੀਨਲੈਂਡ ਨੂੰ  ਹਥਿਆਉਣ ਦਾ ਲਾਲਚ ਦਿਖਾਉਣ ਕਰਕੇ ਯੂਰਪੀਅਨ ਯੂਨੀਅਨ ਦੇ ਦੇਸ਼ ਵੀ ਇਕ ਤਰ੍ਹਾਂ ਨਾਲ ਉਸ ਦੇ ਖ਼ਿਲਾਫ਼ ਖੜ੍ਹੇ ਹੋ ਗਏ ਹਨ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਸੈਂਕੜੇ ਵਰ੍ਹਿਆਂ ਦੇ ਗੁਆਂਢੀ ਮਿੱਤਰ ਦੇਸ਼ ਕੈਨੇਡਾ ਨਾਲ ਵੀ ਉਸਦੇ ਸੰਬੰਧ ਬੁਰੀ ਤਰ੍ਹਾਂ ਵਿਗੜ ਚੁੱਕੇ ਹਨ। ਟਰੰਪ ਨੇ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਉਹ ਕੈਨੇਡਾ ਨੂੰ ਆਪਣਾ ਇਕ ਸੂਬਾ ਬਣਾਉਣ ਦੀ ਇੱਛਾ ਰੱਖਦਾ ਹੈ। ਦੂਜੇ ਪਾਸੇ ਭਾਰਤ ਅਤੇ ਕੈਨੇਡਾ ਆਪਸੀ ਸੰਬੰਧ ਸੁਧਾਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਭਾਰਤ ਦੇ ਕੈਨੇਡਾ ਨਾਲ ਸੰਬੰਧ ਬੇਹੱਦ ਪੁਰਾਣੇ ਹਨ। ਬਸਤੀਵਾਦ ਦੇ ਸਮੇਂ ਕੈਨੇਡਾ ਬਰਤਾਨੀਆ ਦੀ ਅਧੀਨਗੀ ਵਿਚ ਸੀ। ਇਸ ਲਈ ਉਸ ਸਮੇਂ ਵੀ ਭਾਰਤੀ ਮੂਲ ਦੇ ਲੋਕ ਉੱਥੇ ਬਹੁਤੀ ਰੁਕਾਵਟ ਤੋਂ ਬਗ਼ੈਰ ਜਾ ਸਕਦੇ ਸਨ। ਅੱਜ ਤਾਂ ਭਾਰਤੀ, ਖ਼ਾਸ ਕਰਕੇ ਪੰਜਾਬੀ ਪਰਿਵਾਰ ਵੱਡੀ ਗਿਣਤੀ ਵਿਚ ਕੈਨੇਡਾ ਵਿਚ ਵਸੇ ਹੋਏ ਹਨ ਅਤੇ ਉਥੋਂ ਦੇ ਨਾਗਰਿਕ ਬਣੇ ਹੋਏ ਹਨ। ਕੈਨੇਡਾ ਨੇ ਵੀ ਭਾਰਤੀਆਂ ਲਈ ਅਕਸਰ ਆਪਣੇ ਦਰ ਖੋਲ੍ਹੀ ਰੱਖੇ ਹਨ। ਦੋਹਾਂ ਦੇਸ਼ਾਂ ਦਾ ਵਪਾਰ ਵੀ ਛੜੱਪੇ ਮਾਰਦਾ ਅੱਗੇ ਵਧਦਾ ਰਿਹਾ ਹੈ, ਪਰ ਦੋਹਾਂ ਦੇਸ਼ਾਂ ਦੇ ਸੰਬੰਧ ਸਾਲ 2023 ਵਿਚ ਉਸ ਸਮੇਂ ਵਿਗੜੇ ਜਦੋਂ ਹਰਦੀਪ ਸਿੰਘ ਨਿੱਝਰ ਜੋ, ਕਿ ਕੈਨੇਡੀਅਨ ਸ਼ਹਿਰੀ ਬਣ ਚੁੱਕਾ ਸੀ, ਨੂੰ ਕੁਝ ਲੋਕਾਂ ਵਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਉਸ ਸਮੇਂ ਜਸਟਿਨ ਟਰੂਡੋ ਕੈਨੇਡਾ ਦਾ ਪ੍ਰਧਾਨ ਮੰਤਰੀ ਸੀ। ਨਿੱਝਰ ਦੇ ਕਤਲ ਨੂੰ ਜਸਟਿਨ ਟਰੂਡੋ ਦੀ ਸਰਕਾਰ ਵਲੋਂ ਭਾਰਤੀ ਖ਼ੁਫੀਆ ਏਜੰਸੀਆਂ ਨਾਲ ਜੋੜਿਆ ਗਿਆ ਸੀ। ਜਿਸ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸੰਬੰਧ ਇਥੋਂ ਤੱਕ ਵਿਗੜ ਗਏ ਕਿ ਉਨ੍ਹਾਂ ਨੇ ਆਪਣੇ ਸਫ਼ਾਰਤਖਾਨਿਆਂ ਵਿਚ ਵੀ ਇਕ ਤਰ੍ਹਾਂ ਨਾਲ ਸਟਾਫ਼ ’ਚ ਕਾਫੀ ਕਟੌਤੀ ਕਰ ਦਿੱਤੀ ਸੀ ਅਤੇ ਵਪਾਰ ਦੇ ਨਾਲ-ਨਾਲ ਹਰ ਤਰ੍ਹਾਂ ਦਾ ਆਪਸੀ ਮੇਲਜੋਲ ਵੀ ਬੇਹੱਦ ਘਟਾ ਲਿਆ ਸੀ। ਟਰੂਡੋ ਤੋਂ ਬਾਅਦ ਮਾਰਚ, 2025 ਵਿਚ ਮਾਰਕ ਕਾਰਨੀ ਪ੍ਰਧਾਨ ਮੰਤਰੀ ਬਣਿਆ, ਜਿਸ ਨੇ ਵੱਡੇ ਕਦਮ ਉਠਾ ਕੇ ਭਾਰਤ ਨਾਲ ਮੁੜ ਚੰਗੇ ਸੰਬੰਧ ਬਣਾਉਣ ਨੂੰ ਪਹਿਲ ਦਿੱਤੀ। ਇਸੇ ਸਾਲ ਮਾਰਚ ਦੇ ਮਹੀਨੇ ਵਿਚ ਦੋਹਾਂ ਦੇਸ਼ਾਂ ਦਾ ਆਪਸੀ ਸਹਿਯੋਗ ਅਤੇ ਮਿਲਵਰਤਣ ਵਧਦਾ ਨਜ਼ਰ ਆਇਆ। ਇਸ ਵਿਚ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਦਾ ਵੀ ਵੱਡਾ ਯੋਗਦਾਨ ਰਿਹਾ।

ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਦੇ ਚੱਲ ਰਹੇ ਸੰਮੇਲਨ ਵਿਚ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਅਨੀਤਾ ਆਨੰਦ ਦੀ ਮੁਲਾਕਾਤ ਹੋਈ, ਜਿਸ ਵਿਚ ਵਪਾਰਕ, ਆਰਥਿਕ, ਸੁਰੱਖਿਆ ਅਤੇ ਲੋਕਾਂ ਦੇ ਪੱਧਰ ’ਤੇ ਮੁੜ ਸਹਿਯੋਗ ਨੂੰ ਪਹਿਲੀ ਪੱਧਰ ’ਤੇ ਲਿਆਉਣ ਦੀ ਯੋਜਨਾ ਬਣਾਈ ਗਈ। ਇਥੋਂ ਤੱਕ ਕਿ ਸਾਲ 2030 ਤੱਕ ਆਪਸੀ ਵਪਾਰ ਨੂੰ ਵੀ ਦੁੱਗਣਾ ਕਰਨ ਦਾ ਤਹੱਈਆ ਕੀਤਾ ਗਿਆ। ਚਾਹੇ ਅਮਰੀਕੀ ਪ੍ਰਸ਼ਾਸਨ ਨੇ ਦੋਹਾਂ ਦੇਸ਼ਾਂ ਦੇ ਸਹਿਯੋਗ ਸੰਬੰਧੀ ਉਂਗਲਾਂ ਜ਼ਰੂਰ ਉਠਾਈਆਂ ਹਨ, ਪਰ ਭਾਰਤ ਨੇ ਕੌਮਾਂਤਰੀ ਮੰਚ ’ਤੇ ਅਮਰੀਕਾ ਦੇ ਵਿਰੋਧ ਵਿਚ ਖੜ੍ਹੇ ਅਤੇ ਦੁਸ਼ਮਣ ਦੇਸ਼ਾਂ ਨਾਲ ਵੀ ਤੈਅਸ਼ੁਦਾ ਨੀਤੀ ਅਧੀਨ ਆਪਣੇ ਸੰਬੰਧਾਂ ਨੂੰ  ਹੋਰ ਵਧਾਉਣ ਨੂੰ ਤਰਜੀਹ ਦਿੱਤੀ ਹੈ। ਕੈਨੇਡਾ ਨਾਲ ਮੁੜ ਬਣ ਰਹੇ ਦੋਸਤਾਨਾ ਸੰਬੰਧਾਂ ਨੂੰ ਭਾਰਤ ਦੀ ਕੌਮਾਂਤਰੀ ਨੀਤੀ ਦੀ ਇਕ ਹੋਰ ਵੱਡੀ ਸਫ਼ਲਤਾ ਮੰਨਿਆ ਜਾ ਸਕਦਾ ਹੈ, ਜਿਸ ਦਾ ਅਸਰ ਖ਼ਾਸ ਤੌਰ ’ਤੇ ਪੰਜਾਬ ਵਿਚ ਵੀ ਵੇਖਿਆ ਅਤੇ ਮਹਿਸੂਸ ਕੀਤਾ ਜਾਵੇਗਾ।

# ਭਾਰਤੀ ਪੁਲਾੜ ਖੋਜ ਪ੍ਰੋਗਰਾਮ ’ਚ ਕਾਰਪੋਰੇਟਾਂ ਦਾ ਦਾਖ਼ਲਾ

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਦੇਸ਼ ਦਾ ਨਾਮ ਕੌਮਾਂਤਰੀ ਪੱਧਰ ’ਤੇ ਚਮਕਾਇਆ ਹੈ, ਪਰ ਅੱਜਕੱਲ੍ਹ ਇਹ ਸੰਸਥਾ ਚਰਚਾ ਵਿੱਚ ਹੈ। ਪਹਿਲਾ ਕਾਰਨ ਇਸ ਦੇ ਕੁਝ ਵਿਗਿਆਨੀਆਂ ਵੱਲੋਂ ਦਿੱਤੇ ਗਏ ਅਸਤੀਫ਼ੇ, ਦੂਜਾ ਕਾਰਨ ਨਿੱਜੀ ਖੇਤਰ ਦੀ ਕੰਪਨੀ ‘ਸਕਾਈਰੂਟ’ ਵੱਲੋਂ ‘ਵਿਕਰਮ’ ਰਾਕੇਟ ਪੁਲਾੜ ਵਿੱਚ ਭੇਜਣਾ ਅਤੇ ਤੀਜਾ ਕਾਰਨ ਇਸ ਦੇ ਕਰਮਚਾਰੀਆਂ ਦੀਆਂ ਨੌਂ ਜਥੇਬੰਦੀਆਂ ਵੱਲੋਂ ਸੰਸਥਾ ਦੇ ਚੇਅਰਮੈਨ ਵੀ. ਨਾਰਾਇਣਨ ਨੂੰ ਇਸਰੋ ਅਤੇ ਆਪਣੇ ਭਵਿੱਖ ਬਾਰੇ ਚਿੰਤਾ ਪ੍ਰਗਟਾਉਂਦਿਆਂ ਲਿਖਿਆ ਪੱਤਰ ਹੈ। ਭਾਰਤ ’ਚ ਪੁਲਾੜ ਖੋਜ ਪ੍ਰੋਗਰਾਮ ਤਕਰੀਬਨ ਪੰਜ ਦਹਾਕਿਆਂ ਦੀ ਮਿਹਨਤ ਨਾਲ ਉਸਰਿਆ ਸੀ, ਜਿਸ ਦਾ ਮਕਸਦ ਪੁਲਾੜ ਖੋਜ ਨੂੰ ਲੋਕ ਭਲਾਈ ਲਈ ਵਰਤਣਾ ਸੀ। ਇਸ ਮਿਹਨਤ ਨੇ ਇਸਰੋ ਨੂੰ ਦੁਨੀਆ ਦੀਆਂ ਪਹਿਲੀਆਂ ਛੇ ਪੁਲਾੜ ਖੋਜ ਸੰਸਥਾਵਾਂ ਵਿੱਚ ਸ਼ੁਮਾਰ ਕੀਤਾ।? ਜੀਓ ਸਟੇਸ਼ਨਰੀ ਅਰਥ ਔਰਬਿਟ ਅਤੇ ਲੋਅ ਅਰਥ ਔਰਬਿਟ ਸੈਟੇਲਾਈਟ ਦੀ ਵੱਡੀ ਖੇਪ ਇਸਰੋ ਕੋਲ ਮੌਜੂਦ ਹੋਣ ਸਦਕਾ ਸੰਚਾਰ ਸੁਵਿਧਾਵਾਂ ਬਹੁਤ ਸੁਖਾਲੀਆਂ ਹੋ ਗਈਆਂ ਹਨ। ਇਸਰੋ ਨੇ ਇੱਕ ਵਪਾਰਕ ਵਿੰਗ ‘ਅੰਤਰਿਕਸ਼ ਕਾਰਪੋਰੇਸ਼ਨ’ 28 ਸਤੰਬਰ 1992 ਨੂੰ ਸ਼ੁਰੂ ਕੀਤਾ ਸੀ, ਜਿਸ ਨੇ ਯੂਰੋਪ, ਮੱਧ ਪੂਰਬ, ਬ੍ਰਿਟੇਨ, ਦੱਖਣ-ਪੂਰਬੀ ਏਸ਼ਿਆਈ ਅਤੇ ਕੈਨੇਡੀਅਨ ਪੁਲਾੜ ਸੰਸਥਾਵਾਂ ਨਾਲ ਵਪਾਰਕ ਸਮਝੌਤੇ ਕੀਤੇ।

24 ਜੂਨ 2020 ਨੂੰ ਕੇਂਦਰੀ ਕੈਬਨਿਟ ਵੱਲੋਂ ਪੁਲਾੜ ਖੋਜ ਪ੍ਰੋਗਰਾਮ ਨੂੰ ਕਾਰਪੋਰੇਟ ਖੇਤਰ ਲਈ ਖੋਲ੍ਹ ਦਿੱਤਾ ਗਿਆ। ਇਹ ਭਾਰਤ ਨੂੰ ਤਕਨੀਕੀ ਪੱਖ ਤੋਂ ‘ਆਤਮ-ਨਿਰਭਰ’ ਬਣਾਉਣ ਵੱਲ ਪਹਿਲਕਦਮੀ ਸੀ। ਇਸੇ ਤਰ੍ਹਾਂ ਜੂਨ 2020 ਦੌਰਾਨ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ। ਖੇਤੀ ਕਾਨੂੰਨ ਤਾਂ ਕਿਸਾਨਾਂ ਨੇ ਆਪਣੇ ਅੰਦੋਲਨ ਰਾਹੀਂ ਵਾਪਸ ਕਰਵਾ ਲਏ, ਪਰ ਕੋਵਿਡ ਮਹਾਮਾਰੀ ਦੌਰਾਨ ਸਰਕਾਰ ਨੇ ਚੁੱਪ-ਚੁਪੀਤੇ ਪੁਲਾੜੀ ਖੋਜ ਪ੍ਰੋਗਰਾਮ ਵਿੱਚ ਕਾਰਪੋਰੇਟਾਂ ਨੂੰ ਦਾਖ਼ਲ ਕਰ ਦਿੱਤਾ। ਪੁਲਾੜੀ ਖੋਜ ’ਚ ਨਿੱਜੀਕਰਨ ਨੂੰ ਸੁਖਾਲਾ ਬਣਾਉਣ ਲਈ ਸਰਕਾਰ ਨੇ ਉਕਤ ਕੈਬਨਿਟ ਮੀਟਿੰਗ ਵਿੱਚ ਹੀ ‘ਇੰਡੀਅਨ ਨੈਸ਼ਨਲ ਸਪੇਸ ਪ੍ਰੋਮੋਸ਼ਨ ਐਂਡ ਔਥੋਰਾਈਜੇਸ਼ਨ ਸੈਂਟਰ’ (ਇਨ-ਸਪੇਸ) ਦੀ ਸਥਾਪਨਾ ਕਰਨ ਦਾ ਫ਼ੈਸਲਾ ਕੀਤਾ, ਜੋ ਖ਼ੁਦਮੁਖਤਿਆਰ ਨੋਡਲ ਏਜੰਸੀ ਹੈ। ਇਨ-ਸਪੇਸ ਦੇ ਚੇਅਰਮੈਨ ਉਦਯੋਗਪਤੀ ਪਵਨ ਗੋਇਨਕਾ ਹਨ ਅਤੇ ਬੋਰਡ ਮੈਂਬਰਾਂ ਵਿੱਚ ਵੀ ਨਿੱਜੀ ਖੇਤਰ ਦੇ ਨੁਮਾਇੰਦੇ ਸ਼ਾਮਿਲ ਹਨ। ਇਸ ਦਾ ਮੰਤਵ ਭਾਰਤ ਦੇ ਪੁਲਾੜ ਖੋਜ ਸੋਮਿਆਂ ਨੂੰ ਵਧੀਆ ਤਰੀਕੇ ਨਾਲ ਵਰਤਣਾ ਅਤੇ ਪੁਲਾੜ ਆਧਾਰਿਤ ਖੋਜਾਂ ਨੂੰ ਹੁਲਾਰਾ ਦੇਣਾ ਹੈ। ਇਹ ਸੈਂਟਰ ਨਿੱਜੀ ਪੁਲਾੜ ਕੰਪਨੀਆਂ ਦੀ ਸਿਖਲਾਈ ਸਮੇਤ ਹਰ ਮੰਗ ਨੂੰ ਸਮਝੇਗਾ ਅਤੇ ਉਸ ਨੂੰ ਸੁਖਾਲਾ ਬਣਾਏਗਾ। ਇੱਕ ਤਰ੍ਹਾਂ ਹੁਣ ਇਸਰੋ ਨੂੰ ਦੂਜੇ ਦਰਜੇ ’ਤੇ ਧੱਕ ਦਿੱਤਾ ਗਿਆ ਹੈ ਅਤੇ ਇਹ ਸੈਂਟਰ ਹੀ ਸਭ ਕੁਝ ਨਿਰਧਾਰਿਤ ਕਰੇਗਾ। ਇਸਰੋ ਇਸ ਦੇ ਫ਼ੈਸਲੇ ਮੰਨਣ ਲਈ ਪਾਬੰਦ ਹੋਵੇਗੀ। ਛੇ ਮਾਰਚ 2019 ਨੂੰ ‘ਨਿਊ ਸਪੇਸ ਇੰਡੀਆ ਲਿਮਟਿਡ’ (ਐੱਨ ਐੱਸ ਆਈ ਐੱਲ) ਦੀ ਸਥਾਪਨਾ ਕੀਤੀ ਗਈ ਸੀ, ਜਿਸ ਨੇ ਬ੍ਰਹਿਮੰਡੀ ਖੋਜ ਦੇ ਨਿੱਜੀਕਰਨ ਦਾ ਰਾਹ ਪੱਧਰਾ ਕਰਨਾ ਸੀ ਅਤੇ ਅੰਤਰਿਕਸ਼ ਕਾਰਪੋਰੇਸ਼ਨ ਦਾ ਭੋਗ ਪਾਉਣਾ ਸੀ। ਇਸੇ ਤਰ੍ਹਾਂ ਇਸਰੋ ਦੀਆਂ ਜਾਇਦਾਦਾਂ ਨੂੰ ਵੀ ਨਿੱਜੀ ਕੰਪਨੀਆਂ ‘ਗਰਾਊਂਡ ਸਟੇਸ਼ਨ ਐਜ਼ ਏ ਸਰਵਿਸ’ ਵਜੋਂ ਵਰਤ ਸਕਣਗੀਆਂ।

ਅਹਿਮਦਾਬਾਦ ਸਥਿਤ ਅਜ਼ੀਸਟਾ ਏਅਰੋਸਪੇਸ ਕੰਪਨੀ ਨੂੰ ਵੈਰੀ ਹਾਈ ਅਤੇ ਅਲਟਰਾ ਹਾਈ ਫ੍ਰੀਕੁਐਂਸੀ ਦੇ ਨਾਲ-ਨਾਲ ਹਵਾਈ ਅਤੇ ਸਮੁੰਦਰੀ ਜਹਾਜ਼ਾਂ ਦੇ ਰਾਡਾਰ ਸਿਸਟਮ ਵਿੱਚ ਵਰਤੇ ਜਾਣ ਵਾਲੇ ਐੱਸ ਅਤੇ ਐਕਸ ਲਈ ਛੇ ਅਜਿਹੇ ਸਰਵਿਸ ਗਰਾਊਂਡ ਦੀ ਮਨਜ਼ੂਰੀ ਵੀ ਮਿਲ ਚੁੱਕੀ ਹੈ। ਪੁਲਾੜ



ਖੋਜ ਦਾ ਨਿੱਜੀਕਰਨ ਕਰਨ ਲਈ ਜੋ ਲੱਛੇਦਾਰ ਭਾਸ਼ਾ ਵਰਤੀ ਜਾ ਰਹੀ ਹੈ, ਉਹ ਬਿਜਲੀ, ਟੈਲੀਕੌਮ, ਬੀਮਾ ਤੇ ਹਵਾਈ ਖੇਤਰਾਂ ਦੇ ਨਿੱਜੀਕਰਨ ਲਈ ਵੀ ਵਰਤੀ ਗਈ। ਇਨ-ਸਪੇਸ ਦੇ ਚੇਅਰਮੈਨ ਪਵਨ ਗੋਇਨਕਾ ਨੇ ਸਪੱਸ਼ਟ ਕੀਤਾ ਹੈ ਕਿ ਇਸਰੋ ਭਵਿੱਖ ਵਿੱਚ ‘ਲਾਂਚ ਵਹੀਕਲਜ਼’ ਦਾ ਨਿਰਮਾਣ ਨਹੀਂ ਕਰੇਗੀ। ਹਾਲਾਂਕਿ ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਸੰਸਥਾ ਦੇ ਨਿੱਜੀਕਰਨ ਦੀ ਸੰਭਾਵਨਾ ਨੂੰ ਨਕਾਰ ਦਿੱਤਾ ਹੈ, ਪਰ ਚੇਅਰਮੈਨ ਵੱਲੋਂ ਇਸਰੋ ਦੀਆਂ ਜਥੇਬੰਦੀਆਂ ਦੇ ਮੁੱਖ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਗਏ। ਮੁਲਾਜ਼ਮਾਂ ਨੇ ਇਹ ਸਵਾਲ ਵੀ ਕੀਤਾ ਸੀ ਕਿ ਰੁਟੀਨ ਸੈਟੇਲਾਈਟ ਦਾ ਨਿਰਮਾਣ ਕਿਉਂ ਰੋਕਿਆ ਗਿਆ ਹੈ ਅਤੇ ਨਿੱਜੀ ਕੰਪਨੀਆਂ ਲਈ ਕੁਲਾਸੇਕਰਾਪਟਨਮ (ਤਾਮਿਲਨਾਡੂ) ਵਿੱਚ ਨਵਾਂ ਪੁਲਾੜ ਲਾਂਚ ਕੰਪਲੈਕਸ ਕਿਉਂ ਉਸਾਰਿਆ ਜਾ ਰਿਹਾ ਹੈ? ਇਸ ਸਾਲ ਦਸ ਜੂਨ ਨੂੰ ਇਨ-ਸਪੇਸ ਨੇ ਇਸਰੋ ਦੀ ਵੱਡੀ ਅਮਾਨਤ ਐੱਲ ਵੀ ਐੱਮ-3 ਰਾਕੇਟ ਦੀ ਤਕਨੀਕ ਨਿੱਜੀ ਕੰਪਨੀਆਂ ਨੂੰ ਵੇਚਣ ਲਈ ਟੈਂਡਰ ਮੰਗੇ ਹਨ।

ਨਾਸਾ: ਸਾਲ 1960 ਤੱਕ ਨਾਸਾ ਸਰਕਾਰੀ ਫੰਡਾਂ ਨਾਲ ਚੱਲਦੀ ਸੀ ਅਤੇ ਉਸ ਵਿੱਚ 36,000 ਮੁਲਾਜ਼ਮ ਕੰਮ ਕਰਦੇ ਸਨ। ਨਾਸਾ ਵਿੱਚ ਨਿੱਜੀ ਭਾਈਵਾਲੀ ਨੇ ਅੱਜ ਮੁਲਾਜ਼ਮਾਂ ਦੀ ਗਿਣਤੀ 14,000 ਤੱਕ ਸੀਮਿਤ ਕਰ ਦਿੱਤੀ ਹੈ। ਜਿਵੇਂ ਜਨਤਕ ਖੇਤਰ ਦੀ ਬੀ ਐੱਸ ਐੱਨ ਐੱਲ ਦਾ ਸੁਮੱਚਾ ਢਾਂਚਾ ਜੀਓ ਨੂੰ ਵਰਤਣ ਲਈ ਦਿੱਤਾ ਸੀ। ਅੱਜ ਜੀਓ ਕਿੱਥੇ ਪਹੁੰਚ ਗਿਆ ਅਤੇ ਬੀ ਐੱਸ ਐੱਨ ਐੱਲ

**ਡਾ. ਜਸਬੀਰ ਸਿੰਘ ਔਲਖ**

ਆਖ਼ਰੀ ਸਾਹਾਂ ’ਤੇ ਹੈ। ਇਸਰੋ ਵਿੱਚ ਮਨਜ਼ੂਰਸ਼ੁਦਾ 18,142 ਆਸਾਮੀਆਂ ਵਿੱਚੋਂ 2613 ਆਸਾਮੀਆਂ ਖਾਲੀ ਹਨ ਅਤੇ ਚੰਦਰਯਾਨ ਵਰਗੇ ਵੱਕਾਰੀ ਪ੍ਰੋਜੈਕਟ ਵਿੱਚ ਲੱਗੇ ਵਿਗਿਆਨੀਆਂ ਸਮੇਤ ਇੱਕ ਵੱਡਾ ਸਮੂਹ ਅਸਤੀਫ਼ੇ ਦੇ ਚੁੱਕਾ ਹੈ। ਸੇਵਾਮੁਕਤ ਵਿਗਿਆਨੀਆਂ ਨੂੰ ਨਿੱਜੀ ਖੇਤਰ ਨੇ ਮੋਟੀਆਂ ਤਨਖਾਹਾਂ ਨਾਲ ਆਪਣੇ ਵੱਲ ਖਿੱਚ ਲਿਆ ਹੈ। ਵਿਗਿਆਨੀਆਂ ਨੂੰ ਇਸਰੋ ਵਿੱਚ ਰੱਖਣ ਲਈ ਕਿਸੇ ਪੇਸ਼ੇਵਰ ਪਹੁੰਚ ਦੀ ਬਜਾਏ ਅਸਤੀਫ਼ੇ ਨਾਮਨਜ਼ੂਰ ਕਰਨ ਵਾਲਾ ਨੌਕਰਸ਼ਾਹ ਤਰੀਕਾ ਅਪਣਾਇਆ ਗਿਆ।

ਇਹ ਉਦਾਰੀਕਰਨ ਤੋਂ ਬਾਅਦ ਸ਼ੁਰੂ ਹੋਏ ਰੁਝਾਨ ਦਾ ਹੀ ਰੂਪ ਹੈ, ਜਿੱਥੇ ਜਨਤਕ ਖੇਤਰ ਨੂੰ ਘੱਟ ਮਨੁੱਖੀ ਸ਼ਕਤੀ ਨਾਲ ਵੱਧ ਕੰਮ ਕਰਨ ਲਈ ਕਿਹਾ ਜਾਂਦਾ ਹੈ। ਜਨਤਕ ਖੇਤਰ, ਸਿਆਸੀ ਸਰਪ੍ਰਸਤੀ ਵਾਲੇ ਨਿੱਜੀ ਖੇਤਰ ਦਾ ਮੁਕਾਬਲਾ ਕਰਨ ਵਿੱਚ ਖ਼ਤਾ ਖਾ ਜਾਂਦਾ ਹੈ। ਇਨ-ਸਪੇਸ ਵੱਲੋਂ ਫਰਵਰੀ 2025 ਵਿੱਚ ਨਿੱਜੀ ਪੁਲਾੜ ਕੰਪਨੀਆਂ ਨੂੰ ‘ਟੈਕਨਾਲੋਜੀ ਅਡਾਪਸ਼ਨ ਫੰਡ’ ਦੇ ਨਾਮ ਹੇਠ ਪੰਜ ਸੌ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਵੀ ਮਨਜ਼ੂਰ ਕੀਤੀ ਗਈ ਸੀ। ਇਨ੍ਹਾਂ ਨਿੱਜੀ ਕੰਪਨੀਆਂ ਦਾ ਰਾਹ ਮੋਕਲਾ ਕਰਨ ਲਈ ਅਪਰੈਲ 2025 ਵਿੱਚ ‘ਇਨ-ਸਪੇਸ’ ਨੇ ‘ਸੈਟੇਲਾਈਟ ਬੱਸ ਐਜ਼ ਏ ਸਰਵਿਸ’ ਤਹਿਤ ਸੈਟੇਲਾਈਟ ਪੁਲਾੜ ਵਿੱਚ ਭੇਜਣ ਦਾ ਪ੍ਰਬੰਧ ਕੀਤਾ ਸੀ। ਇਸੇ ਦੇ ਆਧਾਰ ’ਤੇ ਸਕਾਈਰੂਟ ਵੱਲੋਂ ‘ਵਿਕਰਮ’ ਸੈਟੇਲਾਈਟ 18 ਜੁਲਾਈ 2026 ਨੂੰ ਦਾਗਿਆ ਗਿਆ, ਜਿਸ ਦੀ ਪ੍ਰਸ਼ੰਸਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਸੈਸ਼ਨ ਵਾਲੇ ਦਿਨ ਬਾਹਰ ਖੜ੍ਹ ਕੇ ਕੀਤੀ ਸੀ।

ਸਰਕਾਰੀ ਕੰਜੂਸੀ: ‘ਦਿ ਹਿੰਦੂ’ ਵਿੱਚ 29 ਜੁਲਾਈ 2026 ਨੂੰ ਛਪੀ ਖ਼ਬਰ ਮੁਤਾਬਿਕ ਸਾਇੰਸ ਅਤੇ ਤਕਨਾਲੋਜੀ, ਬਾਇਓਟੈਕਨੋਲੋਜੀ, ਪ੍ਰਮਾਣੂ ਊਰਜਾ (ਅਟੌਮਿਕ ਐਨਰਜੀ), ਇਸਰੋ ਅਤੇ ਦੂਜੇ ਵਿਗਿਆਨਕ ਵਿਭਾਗਾਂ ਲਈ ‘ਗਰੌਸ ਐਕਸਪੈਂਡੀਚਰ ਔਨ ਰਿਸਰਚ ਐਂਡ ਡਿਵੈਲਪਮੈਂਟ’ (GERD) ਤਹਿਤ ਜਿੱਥੇ ਕੇਂਦਰੀ ਸਹਾਇਤਾ ਘਟ ਰਹੀ ਹੈ, ਉੱਥੇ ਨਿੱਜੀ ਖੇਤਰ ਦਾ ਯੋਗਦਾਨ ਲਗਾਤਾਰ ਵਧ ਰਿਹਾ ਹੈ ਜੋ 2017-18 ਦੌਰਾਨ 38.5 ਫ਼ੀਸਦੀ ਸੀ, ਉਹ 2023-24 ਦੌਰਾਨ ਵਧ ਕੇ 51.8 ਫ਼ੀਸਦੀ ਹੋ ਗਿਆ। ਇਹ ਅੰਕੜਾ ਜੇ ਰਕਮ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਕ੍ਰਮਵਾਰ 46,700 ਕਰੋੜ ਤੋਂ ਵਧ ਕੇ 126,800 ਕਰੋੜ ਰੁਪਏ ਬਣਦਾ ਹੈ। ਵਿਗਿਆਨਕ ਕੰਮਾਂ ਲਈ ਜਿੱਥੇ ਭਾਰਤ ਸਰਕਾਰ ਨੇ 2021-22 ਵਿੱਚ ਸਿਰਫ਼ 0.64 ਫ਼ੀਸਦੀ ਖਰਚਿਆ, ਉੱਥੇ ਇਸੇ ਸਾਲ ਦੌਰਾਨ ਚੀਨ, ਜਪਾਨ, ਦੱਖਣੀ ਕੋਰੀਆ, ਅਮਰੀਕਾ ਅਤੇ ਇਜ਼ਰਾਈਲ ਨੇ ਆਪਣੀ ਜੀ ਡੀ ਪੀ ਦਾ ਕ੍ਰਮਵਾਰ 2.4, 3.3, 4.8, 3.5 ਅਤੇ 5 ਫ਼ੀਸਦੀ ਖਰਚਿਆ ਹੈ।

ਨਿੱਜੀਕਰਨ ਦੇ ਖ਼ਤਰੇ: ਭਾਰਤ ਵਿੱਚ ਪੁਲਾੜ ਗਤੀਵਿਧੀਆਂ ਸਬੰਧੀ ਕੋਈ ਕਾਨੂੰਨ ਨਹੀਂ ਹੈ। ਇਸ ਅਸਪੱਸ਼ਟਤਾ ਦਾ ਫ਼ਾਇਦਾ ਨਿੱਜੀ ਕੰਪਨੀਆਂ ਵੱਲੋਂ ਉਠਾਉਣਾ ਸੁਭਾਵਿਕ ਹੈ। ਕਿਸੇ ਨੁਕਸਾਨ ਦੀ ਸੂਰਤ ਵਿੱਚ ਜ਼ਿੰਮੇਵਾਰੀ ਤੈਅ ਕਰਨ ਲਈ ਕੋਈ ਕਾਨੂੰਨੀ ਖਰੜਾ ਵੀ ਨਹੀਂ ਹੈ। ਇਨ-ਸਪੇਸ ਦੀ ਭੂਮਿਕਾ ਸਿਰਫ਼ ਨਿੱਜੀ ਕੰਪਨੀਆਂ ਨੂੰ ਹੁਲਾਰਾ ਦੇਣਾ ਹੈ, ਰੈਗੂਲੇਟ ਕਰਨਾ ਨਹੀਂ, ਖ਼ਾਸਕਰ ਜਦੋਂ ਇਸ ’ਚ ਨਿੱਜੀ ਖੇਤਰ ਦੇ ਨੁਮਾਇੰਦੇ ਹਾਵੀ ਹੋਣ। ਇਸਰੋ ਦਾ ਸ਼ੁਰੂਆਤੀ ਉਦੇਸ਼ ਕਿਸੇ ਪੁਲਾੜੀ ਦੌੜ ਵਿੱਚ ਪੈਣਾ ਨਹੀਂ ਸੀ ਸਗੋਂ ਵਿਕਾਸਮੁਖੀ ਅਤੇ ਸਮਾਜਿਕ ਸਵੈ-ਨਿਰਭਰਤਾ ਸੀ। ਨਿੱਜੀ ਪੂੰਜੀ ਨਿਵੇਸ਼ ਤਾਂ ਮੁਨਾਫ਼ਾ ਆਧਾਰਿਤ ਹੁੰਦਾ ਹੈ, ਜਿਸ ਵਿੱਚ ਸਮਾਜਿਕ ਸਰੋਕਾਰਾਂ ਲਈ ਕੋਈ ਥਾਂ ਨਹੀਂ ਹੁੰਦੀ। ਇੱਕ ਹੋਰ ਖ਼ਤਰਾ ਇਹ ਹੈ ਕਿ ਮਿਜ਼ਾਈਲ ਨਿਰਮਾਣ ਵਿੱਚ ਲੱਗੇ ਜਨਤਕ ਅਦਾਰੇ ਡੀ ਆਰ ਡੀ ਓ ਵਿੱਚ ਵੀ ਪਿਛਲੇ ਦਿਨਾਂ ਵਿੱਚ ਨਿੱਜੀਕਰਨ ਦੀ ਖਿੜਕੀ ਖੋਲ੍ਹ ਦਿੱਤੀ ਗਈ ਹੈ। ਪੁਲਾੜ ਵਿੱਚ ਨਿੱਜੀ ਖੇਤਰ ਦਾ ਦਖ਼ਲ ਆਪਸੀ ਮੁਕਾਬਲੇਬਾਜ਼ੀ ਅਤੇ ਕਬਜ਼ਾ ਕਰਨ ਦੀ ਪ੍ਰਵਿਰਤੀ ਨੂੰ ਵੀ ਵਧਾਉਂਦਾ ਹੈ। 1967 ਦੀ ਆਊਟਰ ਸਪੇਸ ਸੰਧੀ ਪੁਲਾੜ ਨੂੰ ਨਿੱਜੀਕਰਨ ਤੋਂ ਮੁਕਤ ਕਰਦੀ ਹੈ, ਪਰ ਅਮਰੀਕਾ ਪਹਿਲਾਂ ਹੀ ਸਪੇਸ ਐਕਟ 2015 ਰਾਹੀਂ 1967 ਦੀ ਸੰਧੀ ਨੂੰ ਬੇਅਸਰ ਕਰ ਚੁੱਕਿਆ ਹੈ। ਐਲੋਨ ਮਸਕ 2050 ਤੱਕ ਮੰਗਲ ਗ੍ਰਹਿ ’ਤੇ ਬਸਤੀ ਕਾਇਮ ਦਾ ਸੁਪਨਾ ਲੈ ਰਿਹਾ ਹੈ। ਕੀ ਹੁਣ ਪੁਲਾੜ ਬਸਤੀਵਾਦ ਦੀ ਨਵੀਂ ਪ੍ਰਯੋਗਸ਼ਾਲਾ ਨਹੀਂ ਬਣਨ ਜਾ ਰਿਹਾ? ਬ੍ਰਿਟਿਸ਼ ਇਤਿਹਾਸਕਾਰ ਹੌਬਸਬਾਨ ਨੇ ਲਿਖਿਆ ਸੀ ਕਿ ਭਵਿੱਖਬਾਣੀ, ਭੂਤਕਾਲ ਨੂੰ ਸਮਝ ਕੇ ਹੀ ਕੀਤੀ ਜਾ ਸਕਦੀ ਹੈ। ਉਂਝ, ਧਰਤੀ ’ਤੇ ਫੈਲੇ ਬਸਤੀਵਾਦ ਨਾਲ ਪੁਲਾੜ ਦੇ ਭਵਿੱਖੀ ਬਸਤੀਵਾਦੀ ਵਿਸਥਾਰ ਨੂੰ ਸਮਝਿਆ ਜਾ ਸਕਦਾ ਹੈ। ਨਿੱਜੀਕਰਨ ਨਾਲ ਵਾਤਾਵਰਨ ਵਿਗਾੜ ਵੀ ਵਧਦੇ ਹਨ। ਇੱਕ ਅੰਦਾਜ਼ੇ ਮੁਤਾਬਿਕ ਧਰਤੀ ਦੇ ਆਲੇ-ਦੁਆਲੇ ਬੇਕਾਰ ਹੋ ਚੁੱਕੇ 27 ਹਜ਼ਾਰ ਪੁਲਾੜੀ ਟੁਕੜਿਆਂ ਦਾ ਇੱਕ ਸਮੂਹ ਘੁੰਮ ਰਿਹਾ ਹੈ, ਜੋ ਇਸ ਸਦੀ ਦੇ ਅੰਤ ਤੱਕ ਪੰਜਾਹ ਗੁਣਾ ਵਧ ਸਕਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਰਾਸ਼ਟਰਪਤੀ ਟਰੰਪ ਦੀ ਮਕਬੂਲੀਅਤ ਦਰ ਹੇਠਲੇ ਪੱਧਰ 'ਤੇ-ਸਰਵੇਖਣ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਵਾਲ ਸਟਰੀਟ ਜਰਨਲ ਦੇ ਸਰਵੇਖਣ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਕਬੂਲੀਅਤ ਦਰ ਇੱਕ ਨਵੇਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ੍ਰ ਇਹ ਅੰਕੜਾ ਮੱਧ-ਕਾਲੀ ਚੋਣਾਂ ਤੋਂ ਪਹਿਲਾਂ ਕਿਸੇ ਮੌਜੂਦਾ ਰਾਸ਼ਟਰਪਤੀ ਨੂੰ ਮਿਲੀ ਹੁਣ ਤੱਕ ਦੀ ਸਭ ਤੋਂ ਘੱਟ ਮਕਬੂਲੀਅਤ ਦਰ ਹੈ, ਜੋ ਇਸ ਅਦਾਰੇ ਵੱਲੋਂ ਦਹਾਕਿਆਂ ਤੋਂ ਕੀਤੇ ਜਾ ਰਹੇ ਸਰਵੇਖਣਾਂ ਵਿੱਚ ਦਰਜ ਕੀਤੀ ਗਈ ਹੈ੍ਰ ਹਫਤੇ ਦੇ ਅੰਤ ਵਿੱਚ ਜਾਰੀ ਕੀਤੇ ਗਏ ਇਸ ਸਰਵੇਖਣ ਵਿੱਚ ਟਰੰਪ ਦੀ ਮਕਬੂਲੀਅਤ ਦਰ 37% ਪਾਈ ਗਈ। 1990 ਵਿੱਚ ਵਾਲ ਸਟਰੀਟ ਜਰਨਲ ਵੱਲੋਂ ਸਰਵੇਖਣ ਸ਼ੁਰੂ ਕਰਨ ਤੋਂ ਲੈ ਕੇ ਹੁਣ ਤੱਕ, ਮੱਧ-ਕਾਲੀ ਚੋਣਾਂ ਤੋਂ ਪਹਿਲਾਂ ਕਿਸੇ ਰਾਸ਼ਟਰਪਤੀ ਲਈ ਇਹ ਸਭ ਤੋਂ ਘੱਟ ਦਰ ਹੈ; ਉਸ ਸਮੇਂ ਸਾਬਕਾ ਰਾਸ਼ਟਰਪਤੀ ਜਾਰਜ ਐੱਚ. ਡਬਲਯੂ. ਬੁਸ਼ ਅਹੁਦੇ 'ਤੇ ਸਨ ਤੇ ਉਨਾ ਦੀ ਮਕਬੂਲੀਅਤ ਦਰ 39 ਫੀਸਦੀ ਸੀ। ਟਰੰਪ ਦੀ ਘੱਟ ਮਕਬੂਲੀਅਤ ਦਰ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਅਮਰੀਕੀ ਲੋਕ ਆਰਥਿਕਤਾ ਅਤੇ ਇਸ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਪ੍ਰਤੀ ਡੂੰਘੀ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਤਾਜ਼ਾ ਸਰਵੇਖਣ ਅਨੁਸਾਰ, 65% ਲੋਕਾਂ ਨੇ ਕਿਹਾ ਕਿ ਆਰਥਿਕਤਾ ਮਜ਼ਬੂਤ ਨਹੀਂ ਹੈ ਅਤੇ 60% ਨੇ ਕਿਹਾ ਕਿ ਟਰੰਪ ਦੀਆਂ ਨੀਤੀਆਂ ਨੇ ਆਰਥਿਕਤਾ ਨੂੰ ਹੋਰ ਖਰਾਬ ਕੀਤਾ ਹੈ। ਇਹ ਸਰਵੇਖਣ 16 ਤੋਂ 21 ਸਤੰਬਰ ਦਰਮਿਆਨ 1,500 ਰਜਿਸਟਰਡ ਵੋਟਰਾਂ 'ਤੇ ਕੀਤਾ ਗਿਆ, ਜਿਸ ਵਿੱਚ ਗਲਤੀ ਦੀ ਗੁੰਜਾਇਸ਼ 2.5 ਫ਼ੀਸਦੀ ਅੰਕ ਹੋ ਸਕਦੀ ਹੈ।

# ਮਾਂਟਰੀਅਲ ਨੇੜੇ ਆਸਮਾਨੋਂ ਡਿੱਗਿਆ ਹੈਲੀਕਾਪਟਰ, 4 ਲੋਕਾਂ ਦੀ ਦਰਦਨਾਕ ਮੌਤ

ਮਾਂਟਰੀਅਲ (ਕੈਨੇਡਾ) : ਕੈਨੇਡਾ ਦੇ ਮਾਂਟਰੀਅਲ ਦੇ ਦੱਖਣ-ਪੂਰਬ 'ਚ ਸ਼ਨੀਵਾਰ ਨੂੰ ਇਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਉਸ 'ਚ ਸਵਾਰ ਸਾਰੇ ਚਾਰ ਲੋਕ ਮਾਰੇ ਗਏ। ਇਸ ਦੀ ਜਾਣਕਾਰੀ ਪੁਲਸ ਅਧਿਕਾਰੀ ਨੇ ਦਿੱਤੀ ਹੈ। ਇਸ ਦੌਰਾਨ ਕਿਊਬੈਕ ਸੂਬਾਈ ਪੁਲਸ ਦੇ ਬੁਲਾਰੇ ਆਡਰੀ-ਐਨ ਬਿਲੋਡੇਉ ਨੇ ਕਿਹਾ ਕਿ ਹੈਲੀਕਾਪਟਰ ਨੂੰ ਕੁਝ ਸਮੱਸਿਆ ਆਈ ਅਤੇ ਉਹ ਮਾਂਟਰੀਅਲ ਤੋਂ ਲਗਭਗ 50 ਕਿਲੋਮੀਟਰ ਦੱਖਣ-ਪੂਰਬ 'ਚ ਸੇਂਟ-ਬ੍ਰਿਗਾਈਡ-ਡੀ'ਇਬਰਵਿਲ ਨਗਰਪਾਲਿਕਾ 'ਚ ਦੁਪਹਿਰ 2:30 ਵਜੇ ਦੇ ਕਰੀਬ ਹਾਦਸਾਗ੍ਰਸਤ ਹੋ ਗਿਆ। ਹਾਲਾਂਕਿ ਬਿਲੋਡੇਉ ਨੇ ਕਿਹਾ ਕਿ ਅੱਗ ਬੁਝਾਊ ਅਮਲੇ ਨੇ ਇਕ ਘੰਟੇ ਦੇ ਅੰਦਰ ਅੱਗ ਬੁਝਾ ਦਿੱਤੀ, ਪਰ ਉਦੋਂ ਤੱਕ ਜਹਾਜ਼ 'ਚ ਸਵਾਰ ਸਾਰੇ ਚਾਰ ਲੋਕਾਂ ਦੀ ਮੌਤ ਹੋ ਚੁੱਕੀ ਸੀ। ਸੂਬਾਈ ਪੁਲਸ ਨੇ ਅਜੇ ਤੱਕ ਮ੍ਰਿਤਕਾਂ ਦੀ ਪਛਾਣ ਜਾਂ ਹਾਦਸੇ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਹੈ। ਬੁਲਾਰੇ ਨੇ ਕਿਹਾ ਕਿ ਇੰਝ ਲੱਗਦਾ ਹੈ ਕਿ ਹੈਲੀਕਾਪਟਰ ਨਿੱਜੀ ਸੀ। ਟਰਾਂਸਪੋਰਟੇਸ਼ਨ ਸੇਫਟੀ ਬੋਰਡ ਆਫ਼ ਕੈਨੇਡਾ ਨੇ ਜਾਂਚਕਰਤਾਵਾਂ ਨੂੰ ਹਾਦਸੇ ਵਾਲੀ ਥਾਂ 'ਤੇ ਭੇਜਿਆ ਹੈ।

# ਅਮਰੀਕਾ ਵੱਲੋਂ ਇਰਾਨ ਦੀ ਫੌਜੀ ਸਪਲਾਈ ਲਈ ਮਦਦ ਕਰਨ ਵਾਲਿਆਂ 'ਤੇ ਨਵੀਆਂ ਪਾਬੰਦੀਆਂ

## ਇਰਾਨ ਨਾਲ ਕੂਟਨੀਤਕ ਗੱਲਬਾਤ ਬਾਰੇ ਸਥਿਤੀ ਹਾਲੇ ਵੀ ਅਸਪਸ਼ਟ

ਵਾਸ਼ਿੰਗਟਨ : ਅਮਰੀਕਾ ਨੇ ਅਜਿਹੇ ਵਿਅਕਤੀਆਂ ਅਤੇ ਕੰਪਨੀਆਂ ਖ਼ਿਲਾਫ਼ ਕਾਰਵਾਈ ਕੀਤੀ, ਜਿਨ੍ਹਾਂ 'ਤੇ ਇਰਾਨ ਦੀ ਫੌਜੀ ਸਪਲਾਈ ਚੇਨ ਲਈ ਵਿੱਤੀ ਸਹਾਇਤਾ ਦੇਣ ਦੇ ਦੋਸ਼ ਲਾਏ ਗਏ ਹਨ। ਟਰੰਪ ਪ੍ਰਸ਼ਾਸਨ ਵੱਲੋਂ ਇਰਾਨ ਖ਼ਿਲਾਫ਼ ਆਰਥਿਕ ਦਬਾਅ ਦੀ ਮੁਹਿੰਮ ਅੱਗੇ ਵਧਾਈ ਜਾ ਰਹੀ ਹੈ ਤੇ ਦੋਵਾਂ ਦੇਸ਼ਾਂ ਵਿਚਾਲੇ ਮੁੜ ਸ਼ੁਰੂ ਹੋਈ ਕੂਟਨੀਤਕ ਗੱਲਬਾਤ ਦੇ ਜਾਰੀ ਰਹਿਣ ਬਾਰੇ ਸਪਸ਼ਟਤਾ ਨਹੀਂ ਹੈ। ਅਮਰੀਕੀ ਖ਼ਜ਼ਾਨਾ ਵਿਭਾਗ ਦੀ ਹਾਲੀਆ ਕਾਰਵਾਈ ਪ੍ਰਸ਼ਾਸਨ ਦੀ 'ਅਪਰੇਸ਼ਨ ਇਕਨਾਮਿਕ ਆਊਟਕਾਸਟ' ਮੁਹਿੰਮ ਦਾ ਹਿੱਸਾ ਹੈ। ਇਸ ਮੁਹਿੰਮ ਦਾ ਉਦੇਸ਼ ਪਹਿਲਾਂ ਹੀ ਵੱਡੀਆਂ ਅੰਤਰਰਾਸ਼ਟਰੀ ਪਾਬੰਦੀਆਂ ਦਾ ਸਾਹਮਣਾ ਕਰ ਰਹੀ ਇਰਾਨੀ ਸਰਕਾਰ ਲਈ 'ਮਹੱਤਵਪੂਰਨ ਵਿੱਤੀ ਸਹਾਰਿਆਂ' ਨੂੰ ਖ਼ਤਮ ਕਰਨਾ ਹੈ।



ਖ਼ਜ਼ਾਨਾ ਮੰਤਰੀ ਸਕਾਟ ਬੈਸੈਂਟ ਨੇ ਕਿਹਾ, "ਖ਼ਜ਼ਾਨਾ ਵਿਭਾਗ ਅਜਿਹੇ ਸ਼ਾਸਨ ਨੂੰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਬਰਦਾਸ਼ਤ ਨਹੀਂ ਕਰੇਗਾ ਅਤੇ ਇਰਾਨ ਨੂੰ ਸਹੂਲਤ ਦੇਣ ਵਾਲਿਆਂ ਦੀ ਪਛਾਣ, ਉਨ੍ਹਾਂ ਦਾ ਪਰਦਾਫਾਸ਼ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨਾ ਜਾਰੀ ਰੱਖੇਗਾ।

ਇਰਾਨ, ਹਾਂਗਕਾਂਗ ਅਤੇ ਪਾਕਿਸਤਾਨ ਵਿੱਚ ਸਥਿਤ 10 ਵਿਅਕਤੀਆਂ ਅਤੇ ਸੰਸਥਾਵਾਂ 'ਤੇ ਪਾਬੰਦੀਆਂ ਲਾਈਆਂ ਗਈਆਂ ਹਨ। ਅਮਰੀਕਾ ਨੇ ਉਨ੍ਹਾਂ 'ਤੇ ਇਰਾਨ ਦੇ ਰੱਖਿਆ ਮੰਤਰਾਲੇ ਲਈ ਹਥਿਆਰ ਅਤੇ ਹਥਿਆਰਾਂ ਦੇ ਪੁਰਜ਼ੇ ਹਾਸਲ ਕਰਨ ਵਿੱਚ ਮਦਦ ਕਰਨ ਦੇ ਦੋਸ਼ ਲਾਏ ਹਨ। ਇਹ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ ਇਰਾਨ ਅਤੇ ਅਮਰੀਕਾ ਵਿਚਾਲੇ ਜੰਗ ਨੂੰ ਸੱਤ ਮਹੀਨੇ ਹੋ ਚੁੱਕੇ ਹਨ।

ਇਰਾਨੀ ਮੁਦਰਾ ਰਿਕਾਰਡ ਹੇਠਲੇ ਪੱਧਰ 'ਤੇ

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਾਜ਼ਾ ਪਾਬੰਦੀਆਂ ਦਾ ਉਦੇਸ਼ ਇਰਾਨ ਦੀਆਂ ਫੌਜੀ ਖਰੀਦ ਕੋਸ਼ਿਸ਼ਾਂ ਵਿੱਚ ਮਦਦ ਕਰਨ ਵਾਲੇ ਲੋਕਾਂ ਅਤੇ ਕੰਪਨੀਆਂ ਦੀ ਲਾਗਤ ਵਧਾਉਣਾ ਵੀ ਹੈ।

ਅਮਰੀਕਾ ਨੇ 2024 ਵਿੱਚ ਵੀ ਇਰਾਨ ਦੇ ਰੱਖਿਆ ਮੰਤਰਾਲੇ ਅਤੇ ਹਥਿਆਰਬੰਦ ਬਲਾਂ ਦੀ ਲੌਜਿਸਟਿਕਸ ਨਾਲ ਜੁੜੀਆਂ ਉਨ੍ਹਾਂ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਨ੍ਹਾਂ 'ਤੇ ਮਿਜ਼ਾਈਲਾਂ ਅਤੇ ਡਰੋਨ ਬਣਾਉਣ ਅਤੇ ਉਨ੍ਹਾਂ ਦੇ ਪ੍ਰਸਾਰ ਵਿੱਚ ਸਹਾਇਤਾ ਕਰਨ ਦੇ ਦੋਸ਼ ਸਨ।

ਤਾਜ਼ਾ ਵਿੱਤੀ ਪਾਬੰਦੀਆਂ ਅਜਿਹੇ ਸਮੇਂ ਲਾਈਆਂ ਗਈਆਂ ਹਨ ਜਦੋਂ ਇਰਾਨ ਦੀ ਮੁਦਰਾ ਮੰਗਲਵਾਰ ਨੂੰ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਈ। ਤਹਿਰਾਨ ਵਿੱਚ ਕਾਰੋਬਾਰੀ ਇਕ ਅਮਰੀਕੀ ਡਾਲਰ ਦੇ ਬਦਲੇ 25 ਲੱਖ ਤੋਂ ਵੱਧ ਰਿਆਲ ਦਾ ਲੈਣ-ਦੇਣ ਕਰ ਰਹੇ ਸਨ। 28 ਫਰਵਰੀ ਨੂੰ ਜੰਗ ਸ਼ੁਰੂ ਹੋਣ ਤੋਂ ਬਾਅਦ ਰਿਆਲ ਦੀ ਕੀਮਤ ਲਗਾਤਾਰ ਡਿੱਗ ਰਹੀ ਹੈ। ਇਸ ਤੋਂ ਪਹਿਲਾਂ 2 ਸਤੰਬਰ ਨੂੰ ਇਕ ਡਾਲਰ ਦੇ ਮੁਕਾਬਲੇ 22 ਲੱਖ ਰਿਆਲ ਦਾ ਰਿਕਾਰਡ ਹੇਠਲਾ ਪੱਧਰ ਦਰਜ ਕੀਤਾ ਗਿਆ ਸੀ।

ਕੌਮਾਂਤਰੀ ਪਾਬੰਦੀਆਂ ਕਾਰਨ ਇਰਾਨ ਦੀ ਅਰਥਵਿਵਸਥਾ ਸਾਲਾਂ ਤੋਂ ਦਬਾਅ ਹੇਠ ਹੈ। ਹਾਲਾਂਕਿ, ਇਸ ਸਾਲ ਅਮਰੀਕਾ ਵੱਲੋਂ ਇਰਾਨੀ ਤੇਲ 'ਤੇ ਲਾਈ ਗਈ ਸਮੁੰਦਰੀ ਨਾਕਾਬੰਦੀ ਅਤੇ ਜੰਗ ਸ਼ੁਰੂ ਹੋਣ ਤੋਂ ਬਾਅਦ ਲਾਈਆਂ ਗਈਆਂ ਨਵੀਆਂ ਪਾਬੰਦੀਆਂ ਨੇ ਦੇਸ਼ ਦੀ ਅਰਥਵਿਵਸਥਾ ਨੂੰ ਬੇਮਿਸਾਲ ਤੇਜ਼ੀ ਨਾਲ ਸੰਕਟ ਵੱਲ ਧੱਕ ਦਿੱਤਾ ਹੈ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ! ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚ ਪਿਤਾ, ਵਾਹਿਗੁਰੂਜ ਆਪ ਦੇ ਹਜ਼ੂਰ.... ਅਰਦਾਸ ਹੈ ਜੀ।

ਅਖਰ ਵਾਧਾ ਘਾਟਾ ਭੁੱਲ ਚੁਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖੜ੍ਹਾ ਹੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਹੋਵੇ, ਉਹ ਭੀਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜ੍ਹੇ ਹੋ ਕੇ ਤੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੇ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸਾ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਤਾਂ ਉਨ੍ਹਾਂ ਤੋਂ ਬਿਨਾਂ ਸੰਗਤਿ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

੪. ਸਾਧ ਸੰਗਤਿ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ :

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ ਗੁਰਦੁਆਰਿਆਂ ਦੇ ਦਰਸ਼ਨ ਕਰੇ ਅਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤਿ ਹੋਵੇ। ਬਿਨਾਂ ਖਾਸ ਕਾਰਨ ਦੇ (ਜਦਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਿਰਾਸ ਦੇ ਪਾਠ ਮਗਰੋਂ ਸੁਖ ਆਸਨ ਕੀਤਾ ਜਾਵੇ। ਜਦ ਤੱਕ ਗ੍ਰੰਥਾਂ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਦੀ ਸੇਵਾ ਲਈ ਹਾਜ਼ਰ ਰਹਿ ਸਕੇ, ਜਾਂ ਪਾਠੀਆਂ ਦਰਸ਼ਨੇਕਾਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤੱਕ ਪ੍ਰਕਾਸ਼ ਰਹੇ, ਉਪਰੰਤ ਸੁਖ ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ




ਲਈ ਰੁਮਾਲ ਹੋਵੇ॥ ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸ) ਉਪਰ ਦੱਸੇ ਸਮਿਆਨ ਤੋਂ ਇਲਾਵਾ ਧੂਮ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬਤੀਆਂ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ ਤੇ ਤੁਲ ਕਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਹਬ ਦੇ ਪੰਘੂੜੇ ਦੇ ਪਾਵਿਆਂ ਨੂੰ ਮੁਠੀਆਂ ਭਰਨੀਆਂ, ਕੰਧਾਂ ਜਾਂ ਥੜਿਆਂ ਤੇ ਨੱਕ ਰਗੜਨਾ ਜਾਂ ਮੁਠੀਆਂ ਭਰਨੀਆਂ, ਮੰਜੀ ਸਾਹਿਬ ਹੇਠ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਣੀਆਂ ਜਾਂ ਰੱਖਣੀਆਂ-ਇਹੋ ਜਿਹੇ ਕਰਮ ਮਨਮਤ ਹਨ।

(ਖ) ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਅਸਵਾਰਾ ਸਾਹਿਬ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅਤੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ।

ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ, ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉਠ ਖੜੋਣਾ ਚਾਹੀਏ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ ਸੁਥਰਾ ਹੋ ਕੇ ਜਾਣਾ

(ਚਲਦਾ)

# ਨੇਵਾਡਾ 'ਚ ਗੈਰ-ਨਾਗਰਿਕ ਦੱਸੇ 185 ਵੋਟਰ ਨਿਕਲੇ ਅਮਰੀਕੀ ਨਾਗਰਿਕ

ਨਿਊਯਾਰਕ : ਅਮਰੀਕਾ ਦੇ ਨੇਵਾਡਾ ਸੂਬੇ ਵਿਚ ਵੋਟਰ ਸੂਚੀਆਂ ਦੀ ਜਾਂਚ ਦੌਰਾਨ ਵੱਡੀ ਗੜਬੜ ਸਾਹਮਣੇ ਆਈ ਹੈ। ਗ੍ਰਹਿ ਸੁਰੱਖਿਆ ਵਿਭਾਗ ਵਲੋਂ ਗੈਰ-ਨਾਗਰਿਕ ਦੱਸੇ ਗਏ 185 ਵੋਟਰਾਂ ਦੇ ਰਿਕਾਰਡਾਂ ਦੀ ਜਾਂਚ ਕਰਨ ਤੋਂ ਬਾਅਦ ਨੇਵਾਡਾ ਦੇ ਚੋਣ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਸਾਰੇ ਅਮਰੀਕੀ ਨਾਗਰਿਕ ਹਨ ਜੁਲਾਈ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਨੇਵਾਡਾ, ਕੈਲੀਫੋਰਨੀਆ, ਪੈਨਸਿਲਵੇਨੀਆ ਅਤੇ ਨਿਊ ਜਰਸੀ ਦੀਆਂ ਵੋਟਰ ਸੂਚੀਆਂ ਵਿੱਚ ਕੁੱਲ 2 ਲੱਖ 78 ਹਜ਼ਾਰ ਗੈਰ-ਨਾਗਰਿਕ ਮਿਲੇ ਹਨ। ਬਾਅਦ ਵਿਚ ਸੂਬਿਆਂ ਨੂੰ ਭੇਜੀ ਜਾਣਕਾਰੀ ਵਿਚ ਇਸ ਅੰਕੜੇ ਨੂੰ ਸੰਭਾਵਿਤ ਗੈਰ-ਨਾਗਰਿਕਾਂ ਦੀ ਗਿਣਤੀ ਦੱਸਿਆ ਗਿਆ ਅਤੇ ਨੇਵਾਡਾ ਵਿਚ ਇਹ ਗਿਣਤੀ ਵੱਧ ਤੋਂ ਵੱਧ 15,903 ਦੱਸੀ ਗਈ। ਅਗਸਤ ਵਿੱਚ ਗ੍ਰਹਿ ਸੁਰੱਖਿਆ ਵਿਭਾਗ ਨੇ ਨੇਵਾਡਾ ਨੂੰ 185 ਲੋਕਾਂ ਦੇ ਰਿਕਾਰਡ ਭੇਜਦਿਆਂ ਉਨ੍ਹਾਂ ਨੂੰ ਗੈਰ-ਨਾਗਰਿਕ ਦੱਸਿਆ ਸੀ। ਹੁਣ ਸੂਬੇ ਦੇ ਅਧਿਕਾਰੀਆਂ ਨੇ ਜਾਂਚ ਤੋਂ ਬਾਅਦ ਕਿਹਾ ਹੈ ਕਿ ਉਨ੍ਹਾਂ ਦੇ ਰਿਕਾਰਡ ਇਨ੍ਹਾਂ ਸਾਰੇ ਲੋਕਾਂ ਦੇ ਅਮਰੀਕੀ ਨਾਗਰਿਕ ਹੋਣ ਦੀ ਪੁਸ਼ਟੀ ਕਰਦੇ ਹਨ। ਨੇਵਾਡਾ ਦੇ ਉਪ ਮਹਾਂ ਨਿਆਂਵਾਦੀ ਗ੍ਰੇਗ ਓਟ ਨੇ ਗ੍ਰਹਿ ਸੁਰੱਖਿਆ ਵਿਭਾਗ ਨੂੰ ਕਿਹਾ ਕਿ ਇਨ੍ਹਾਂ 185 ਲੋਕਾਂ ਨੂੰ ਗੈਰ-ਨਾਗਰਿਕ ਸਾਬਤ ਕਰਨ ਲਈ ਕੋਈ ਠੋਸ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਮੁਤਾਬਕ ਸਿਰਫ਼ ਵੋਟਰ ਪਛਾਣ ਨੰਬਰ ਮਿਲਣ ਨਾਲ ਕਿਸੇ ਵਿਅਕਤੀ ਦੀ ਨਾਗਰਿਕਤਾ ਤੈਅ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪੁਰਾਣੀਆਂ ਅਤੇ ਨਵੀਆਂ ਵੋਟਰ ਰਜਿਸਟ ?ਰੇਸ਼ਨ ਪ੍ਰਣਾਲੀਆਂ ਕਾਰਨ ਇੱਕੋ ਨੰਬਰ ਵੱਖ-ਵੱਖ ਰਿਕਾਰਡਾਂ ਨਾਲ ਜੁੜਿਆ ਹੋ ਸਕਦਾ ਹੈ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ 185 ਲੋਕਾਂ ਦੀ ਸੂਚੀ ਵਿਸਥਾਰਪੂਰਵਕ ਹੱਥੀਂ ਜਾਂਚ ਕੀਤੇ ਰਿਕਾਰਡਾਂ ਦਾ ਸਿਰਫ਼ ਇੱਕ ਹਿੱਸਾ ਸੀ। ਵਿਭਾਗ ਨੇ ਇਹ ਵੀ ਕਿਹਾ ਕਿ ਨੇਵਾਡਾ ਨਾਲ 6,218 ਹੋਰ ਅਜਿਹੇ ਰਿਕਾਰਡ ਸਾਂਝੇ ਕੀਤੇ ਗਏ ਹਨ, ਜਿਨ੍ਹਾਂ ਦੀ ਜਾਣਕਾਰੀ ਉਸ ਦੇ ਵਿਦੇਸ਼ੀ ਨਾਗਰਿਕਾਂ ਨਾਲ ਸਬੰਧਤ ਰਿਕਾਰਡਾਂ ਨਾਲ ਵੱਧ ਮੇਲ ਖਾਂਦੀ ਹੈ। ਹਾਲਾਂਕਿ ਵਿਭਾਗ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਹੁਣ ਵੀ ਇਨ੍ਹਾਂ 185 ਲੋਕਾਂ ਨੂੰ ਗੈਰ-ਨਾਗਰਿਕ ਮੰਨਦਾ ਹੈ ਜਾਂ ਨਹੀਂ। ਇਸੇ ਤਰ੍ਹਾਂ ਪੈਨਸਿਲਵੇਨੀਆ ਦੇ ਚੋਣ ਅਧਿਕਾਰੀਆਂ ਨੇ ਵੀ ਵੋਟਰ ਸੂਚੀ ਵਿੱਚ 14,576 ਤੱਕ ਸੰਭਾਵਿਤ ਗੈਰ-ਨਾਗਰਿਕ ਹੋਣ ਦੇ ਦਾਅਵੇ ਦਾ ਆਧਾਰ ਮੰਗਿਆ ਹੈ। ਉੱਥੋਂ ਦੇ ਮੁੱਖ ਚੋਣ ਅਧਿਕਾਰੀ ਅਲ ਸ਼ਮਿਟ ਮੁਤਾਬਕ ਸੰਘੀ ਅਧਿਕਾਰੀਆਂ ਨੇ ਪਹਿਲਾਂ ਹੀ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਨੂੰ ਇਸ ਅੰਕੜੇ 'ਤੇ ਪੂਰਾ ਭਰੋਸਾ ਨਹੀਂ ਸੀ।

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸਰੀ ਦੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਪੰਜ ਉਮੀਦਵਾਰ ਜੇਤੂ







ਸਰੀ, ਬੀ.ਸੀ., (ਰਾਜ ਗੋਗਨਾ/ਸਾਡੇ ਲੋਕ) : ਬੀਤੇ ਦਿਨ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸਰੀ ਕੈਨੇਡਾ ਦੀਆਂ ਡਾਇਰੈਕਟਰ ਚੋਣਾਂ ਵਿੱਚ ਪੰਥਕ ਸਲੇਟ ਦੇ ਪੰਜ ਉਮੀਦਵਾਰ ਜੇਤੂ ਰਹੇ। ਕੁੱਲ 313 ਮੈਂਬਰਾਂ ਵਿੱਚੋਂ 286 ਨੇ ਆਪਣੀ ਵੋਟ ਪਾਈ। ਜਗਤਾਰ ਸਿੰਘ ਸੰਧੂ ਨੇ ਸਭ ਤੋਂ ਵੱਧ 159 ਵੋਟਾਂ ਪ੍ਰਾਪਤ ਕੀਤੀਆਂ। ਕਿਸ਼ਨ ਸਿੰਘ ਹੀਰ ਨੂੰ 155, ਕਮਲਜੀਤ ਸਿੰਘ ਹੁੰਦਲ ਨੂੰ 152, ਸੁਖਵਿੰਦਰ ਕੌਰ ਸਿੱਧੂ ਨੂੰ 151 ਅਤੇ ਰਣਧੀਰ ਸਿੰਘ ਸਹੋਤਾ ਨੂੰ 145 ਵੋਟਾਂ ਮਿਲੀਆਂ। ਹੋਰ ਉਮੀਦਵਾਰਾਂ ਵਿੱਚ ਪਿਆਰਾ ਸਿੰਘ ਪਨੇਸਰ ਅਤੇ ਸਤਿੰਦਰਪਾਲ ਸਿੰਘ ਗਿੱਲ ਨੂੰ 127-127, ਗੁਰਦੀਪ ਸਿੰਘ ਸਮਰਾ ਨੂੰ 123, ਕੁਲਵੰਤ ਕੌਰ ਦਿਓਲ ਨੂੰ 119 ਅਤੇ ਸੁਖਦੇਵ ਸਿੰਘ ਗਿੱਲ ਨੂੰ 113 ਵੋਟਾਂ ਪ੍ਰਾਪਤ ਹੋਈਆਂ। ਪੰਥਕ ਸਲੇਟ ਦੀ ਚੋਣ ਮੁਹਿੰਮ ਵਿੱਚ ਮਿੰਦੀ ਵਿਰਕ, ਜਸਵਿੰਦਰ ਸਿੰਘ ਬਦੇਸ਼ਾ, ਸੁਖਵੰਤ ਸਿੰਘ ਤੱਖਰ ਅਤੇ ਮਨਜੀਤ ਸਿੰਘ ਧਾਮੀ ਦੇ ਨਾਲ ਦਵਿੰਦਰ ਸਿੰਘ ਗਰੇਵਾਲ, ਪਿਆਰਾ ਸਿੰਘ ਨੱਤ, ਹਰਜੀਤ ਸਿੰਘ ਅਟਵਾਲ, ਸਵਰਨ ਸਿੰਘ ਸਿੱਧੂ, ਬਹਾਦਰ ਸਿੰਘ ਸੰਧੂ, ਬਲਦੇਵ ਸਿੰਘ ਸੰਧੂ, ਪਰੀਤਮ ਸਿੰਘ ਬੋਲਾ ਅਤੇ ਅਮਰੀਕ ਸਿੰਘ ਸਿਹੋਤਾ ਨੇ ਵੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਸਮੇਤ ਹੋਰ ਸਹਿਯੋਗੀਆਂ ਨੇ ਮੈਂਬਰਾਂ ਨਾਲ ਰਾਬਤਾ ਕਰਕੇ ਗੁਰਦੁਆਰਾ ਸਾਹਿਬ ਦੇ ਸੁਚੱਜੇ ਪ੍ਰਬੰਧ ਲਈ ਆਪਣਾ ਪੱਖ ਰੱਖਿਆ।ਚੋਣਾਂ ਤੋਂ ਬਾਅਦ ਨਵੇਂ ਚੁਣੇ ਗਏ ਡਾਇਰੈਕਟਰਾਂ ਤੋਂ ਉਮੀਦ ਹੈ ਕਿ ਉਹ ਸਮੁੱਚੀ ਸੰਗਤ ਨੂੰ ਨਾਲ ਲੈ ਕੇ, ਪਾਰਦਰਸ਼ਤਾ ਅਤੇ ਆਪਸੀ ਸਤਿਕਾਰ ਨਾਲ ਗੁਰਦੁਆਰਾ ਸਾਹਿਬ ਦੀ ਸੇਵਾ ਕਰਨਗੇ। ਵੋਟ ਪਾਉਣ ਵਾਲੇ ਸਾਰੇ ਮੈਂਬਰਾਂ ਅਤੇ ਚੋਣ ਪ੍ਰਕਿਰਿਆ ਵਿੱਚ ਸੇਵਾ ਨਿਭਾਉਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਾਠ ਕਰਦੇ ਕਰਦੇ ਬਾਬਾ ਜੀ ਤੇ ਦੋ-ਤਿੰਨ ਹੋਰ ਪ੍ਰੇਮੀ ਜਿਹਨਾਂ ਵਿੱਚ ਦਾਸ ਵੀ ਸ਼ਾਮਲ ਸੀ, ਸ. ਬਾਵਾ ਸਿੰਘ ਜੀ ਦੇ ਡੇਰੇ ਪੁੱਜ ਗਏ। ਸ. ਬਾਵਾ ਸਿੰਘ ਜੀ ਆਪ ਤਾਂ ਨ ਮਿਲੇ ਪਰ ਉਹਨਾਂ ਦਾ ਲੜਕਾ ਜਿਸ ਦਾ ਨਾਉਂ ਦਇਆ ਸਿੰਘ ਸੀ, ਰਸਤੇ ਦੇ ਨਾਲ ਲਗਦੇ ਖੇਤ ਵਿੱਚ ਗੰਢੇ ਲਾਉਂਦਾ ਮਿਲ ਪਿਆ। ਚੌਪਈ ਸਾਹਿਬ ਜੀ ਦਾ ਪਾਠ ਸੰਪੂਰਨ ਹੋਣ ਉਪ੍ਰੰਤ, ਬਾਬਾ ਜੀ ਉਸ ਪਾਸ ਗਏ ਤੇ ਸ. ਦਇਆ ਸਿੰਘ ਨੂੰ ਫ਼ਤਹਿ ਬੁਲਾਈ। ਸ. ਦਇਆ ਸਿੰਘ ਜੋ ਸ. ਬਾਵਾ ਸਿੰਘ ਦੇ ਪੁੱਤਰਾਂ ਵਿੱਚੋਂ ਦੂਜੇ ਨੰਬਰ ਤੇ ਸੀ ਜੋ ਅਜੇ ਗੁਰਮਤਿ ਦੇ ਸਿਧਾਂਤਾਂ ਤੋਂ ਜਾਣੂੰ ਨਹੀਂ ਸੀ। ਇਹ ਦੁਨਿਆਵੀ ਕੰਮਾਂ ਨੂੰ ਪਹਿਲ ਦਿੰਦੇ ਸਨ, ਜੇਕਰ ਝੂੰਗੇ ਵਿੱਚ ਗੁਰੂ ਘਰ ਦੀ ਸੇਵਾ ਮਿਲ ਜਾਵੇ ਤਾਂ ਸੁਤੇ ਸਿੱਧ ਕਰ ਲੈਂਦੇ ਸਨ। ਸ. ਦਇਆ ਸਿੰਘ ਜੀ ਨੇ ਵੀ ਆਪਣੇ ਜਟਕੇ ਸੁਭਾਅ ਅਨੁਸਾਰ ਅੱਧਾ ਕੁ ਫ਼ਤਹਿ ਦਾ ਉੱਤਰ ਦਿੱਤਾ ਤੇ ਆਉਣ ਦਾ ਕਾਰਨ ਪੁੱਛਿਆ। ਬਾਬਾ ਜੀ ਨੇ ਬੜੀ ਨਿਮ੍ਰਤਾ ਅਤੇ ਪਿਆਰ ਨਾਲ ਬੇਨਤੀ ਕੀਤੀ ਕਿ, ਦਇਆ ਸਿੰਘ! ਤੁਹਾਨੂੰ ਪਤਾ ਹੀ ਹੈ ਕਿ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ ਤੇ ਅੱਜ ਇੱਟਾਂ ਮੁੱਕ ਗਈਆਂ ਹਨ। ਜੇਕਰ ਸਵੇਰ ਤੱਕ ਇੱਟਾਂ ਨਾ ਆਈਆਂ ਤਾਂ ਉਸਾਰੀ ਦਾ ਕੰਮ ਰੁੱਕ ਜਾਵੇਗਾ ਅਤੇ ਮਿਸਤਰੀ ਵੀ ਵਿਹਲੇ ਰਹਿਣਗੇ। ਜੇ ਤੁਸੀਂ ਮਿਹਰਬਾਨੀ ਕਰਕੇ ਇੱਟਾਂ ਦਾ ਫੇਰਾ ਲਾ ਦੇਵੋ ਤਾਂ ਮਿਸਤਰੀ ਵੀ ਵਿਹਲੇ ਨਾ ਰਹਿਣਗੇ ਤੇ ਉਸਾਰੀ ਦਾ ਕਾਰਜ ਵੀ ਚੱਲਦਾ ਰਹੇਗਾ, ਇਸੇ ਬਹਾਨੇ ਤੁਹਾਡੀ ਸੇਵਾ ਵੀ ਹੋ ਜਾਵੇਗੀ।

ਬਾਬਾ ਜੀ ਦੀ ਸਾਰੀ ਗੱਲ ਸੁਣ ਕੇ ਸ. ਦਇਆ ਸਿੰਘ ਨੇ ਉੱਤਰ ਦਿੱਤਾ ਕਿ ਤੁਸੀਂ ਵੇਖ ਹੀ ਰਹੇ ਹੋ ਅਸੀਂ ਗੰਢੇ ਲਾ ਰਹੇ ਹਾਂ। ਇਹ ਕੰਮ ਵਿਚਾਲੇ ਛੱਡ ਕੇ ਮੈਂ ਕਿਵੇਂ ਇੱਟਾਂ ਲੈਣ ਜਾ ਸਕਦਾ ਹਾਂ। ਤੁਸੀਂ ਆਪ ਜ਼ਿਮੀਂਦਾਰ ਹੋ ਕਦੇ ਜ਼ਿਮੀਂਦਾਰ ਆਪਣਾ ਕੰਮ ਵਿਚਾਲੇ ਛੱਡ ਕੇ ਨਹੀਂ ਜਾਂਦਾ। ਮੈਂ ਤਾਂ ਇਹ ਦੋ ਕਨਾਲ ਗੰਢੇ ਲਾ ਕੇ ਹੀ, ਜੇ ਫਿਰ ਵਿਹਲ ਹੋਇਆ ਤਾਂ ਕੱਲ੍ਹ ਸ਼ਾਮ ਨੂੰ ਇੱਟਾਂ ਦਾ ਫੇਰਾ ਲਿਆ ਸਕਦਾ ਹਾਂ। ਬਾਬਾ ਜੀ ਨੇ ਦਇਆ ਸਿੰਘ ਨੂੰ ਕਿਹਾ ਕਿ ਮੈਂ ਆਪ ਜ਼ਿਮੀਂਦਾਰ ਹਾਂ ਤਦ ਹੀ ਤਾਂ ਤੁਹਾਨੂੰ ਕਹਿ ਰਿਹਾ ਹਾਂ ਕਿ ਇਹਨਾਂ ਗੰਢਿਆਂ ਦੀ ਪਨੀਰੀ ਦਾ ਕੱਲ੍ਹ ਦੁਪਹਿਰ ਤੱਕ ਕੁਝ ਨਹੀਂ ਵਿਗੜਨਾ। ਜੇ ਕੋਈ ਜ਼ਰੂਰੀ ਵੱਤਰ ਦਾ ਕੰਮ ਹੁੰਦਾ ਤਾਂ ਅਸੀਂ ਤੈਨੂੰ ਮਜ਼ਬੂਰ ਵੀ ਨਹੀਂ ਕਰਨਾ ਸੀ। ਪਰ ਦਇਆ ਸਿੰਘ ਹੋਰਾਂ ਪਹਿਲਾਂ ਵਾਲਾ ਉੱਤਰ ਹੀ ਦੁਹਰਾਇਆ ਕਿ ਮੈਂ ਤਾਂ ਕੰਮ ਪੂਰਾ ਕੀਤੇ ਬਿਨਾਂ ਕੋਈ ਸੇਵਾ ਨਹੀਂ ਕਰ ਸਕਦਾ। ਬਾਬਾ ਜੀ ਨੇ ਸ. ਦਇਆ ਸਿੰਘ ਨੂੰ ਕਿਹਾ, 'ਦਇਆ ਸਿੰਘ ਤੇਰੀ ਮਰਜ਼ੀ', ਬਹਾਨੇ ਨਾਲ ਸੇਵਾ ਹੋ ਜਾਣੀ ਸੀ ਅਤੇ ਗੰਢੇ ਵੀ ਲੱਗ ਜਾਣੇ ਸਨ। ਇੰਨਾ ਕਹਿ ਕੇ ਬਾਬਾ ਜੀ ਨੇ ਦਇਆ ਸਿੰਘ ਨੂੰ ਫ਼ਤਹਿ ਬੁਲਾਈ ਤੇ ਅਸੀਂ ਸਾਰੇ ਬਾਬਾ ਜੀ ਨਾਲ ਵਾਪਿਸ ਗੁਰਦੁਆਰੇ ਨੂੰ ਤੁਰ ਪਏ।



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਰਸਤੇ ਵਿੱਚ ਤੁਰੇ ਆਉਂਦੇ ਬਾਬਾ ਜੀ ਨੇ ਸੁਭਾਵਕ ਬਚਨ ਸ਼ੁਰੂ ਕਰ ਦਿੱਤਾ ਕਿ ਵੇਖੋ ਭਾਗਾਂ ਤੋਂ ਬਿਨਾਂ ਮਨੁੱਖ ਸੇਵਾ ਵੀ ਨਹੀਂ ਕਰ ਸਕਦਾ। ਜੇ ਦਇਆ ਸਿੰਘ ਸੇਵਾ ਕਰਨ ਨੂੰ ਮੰਨ ਜਾਂਦਾ ਤਾਂ ਸਤਿਗੁਰੂ ਜੀ ਦੀ ਖ਼ੁਸ਼ੀ ਵੀ ਬਿਅੰਤ ਹੋਣੀ ਸੀ ਤੇ ਗੰਢੇ ਲਾਉਣ ਦਾ ਕਾਰਜ ਵੀ ਹੋ ਜਾਣਾ ਸੀ। ਗੰਢੇ ਪਤਾ ਨਹੀਂ ਹੋਣੇ ਵੀ ਹਨ ਕਿ ਨਹੀਂ ਸੇਵਾ ਦਾ ਸਮਾਂ ਵੀ ਹੱਥੋਂ ਗੁਆ ਲਿਆ; ਅੱਛਾ! ਭਾਗਾਂ ਦੀ ਗੱਲ ਹੈ। ਜਿਸ ਪਾਸੋਂ ਸਤਿਗੁਰੂ ਜੀ ਨੇ ਸੇਵਾ ਲੈਣੀ ਹੋਵੇਗੀ ਲੈ ਲੈਣਗੇ। ਸੇਵਾ ਵੀ ਭਾਗਾਂ ਨਾਲ ਹੀ ਹੋ ਸਕਦੀ ਹੈ।

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥

(ਆਸਾ ਮ: ੫, ਅੰਗ ੪੫੭)

ਸੇਵਾ ਬੜੀ ਉੱਤਮ ਵਸਤੂ ਹੈ ਪਰ ਜਿਸ ਨੂੰ ਪਰਮੇਸ਼ਰ ਆਪ ਮਿਹਰ ਕਰਕੇ ਸੇਵਾ ਵਿੱਚ ਲਾਏ ਉਹ ਹੀ ਸੇਵਾ ਕਰ ਸਕਦਾ ਹੈ।

ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ॥

(ਮਾਰੂ ਮ: ੪, ਅੰਗ ੧੦੭੦)

ਸੇਵਾ ਪ੍ਰਥਾਇ ਹੋਏ ਵਿਚਾਰਾਂ ਸੁਣਾਉਂਦਿਆ ਬਾਬਾ ਜੀ ਨੇ ਬਚਨ ਕੀਤਾ ਕਿ ਗੁਰੂ ਘਰ ਦੀ ਜਾਂ ਕਿਸੇ ਵੀ ਭਲੇ ਅਰਥ ਚਲ ਰਹੀ ਸੇਵਾ ਵਿੱਚ ਆਪਣੇ ਵਿੱਤ ਅਨੁਸਾਰ ਹਿੱਸਾ ਜ਼ਰੂਰ ਪਾਉਣਾ ਚਾਹੀਦਾ ਹੈ। ਆਪਣਾ ਕੰਮ ਪੂਰਾ ਕਰ ਕੇ ਜਿੰਨਾ ਸਮਾਂ ਮਿਲੇ ਸੇਵਾ ਕਰ ਕੇ ਸਰੀਰ ਨੂੰ ਸਫਲਾ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਦੀ ਖ਼ੁਸ਼ੀ ਅਤੇ ਲੋੜਵੰਦ ਦੀ ਅਸੀਸ ਅਵੱਸ਼ ਲੈਣੀ ਚਾਹੀਦੀ ਹੈ। ਕਈ ਵਾਰੀ ਜੀਵਨ ਵਿੱਚ ਅਜਿਹੇ ਸਮੇਂ ਵੀ ਕਰਤਾਰ ਬਖ਼ਸ਼ਿਸ਼ ਕਰਦਾ ਹੈ, ਜਿੱਥੇ ਘਰੋਗੀ ਕੰਮ ਨੂੰ ਪਿੱਛੇ ਰੱਖ ਕੇ ਸੇਵਾ ਦੇ ਕਾਰਜ ਨੂੰ ਪਹਿਲ ਦੇ ਦੇਣੀ ਚਾਹੀਦੀ ਹੈ। ਜੋ ਅਜਿਹੇ ਸਮੇਂ ਨੂੰ ਸਾਂਭ ਲੈਂਦਾ ਹੈ, ਉਸ ਦੀ ਕੀਤੀ ਸੇਵਾ ਗੁਰੂ-ਦਰ ਪ੍ਰਵਾਨ ਹੁੰਦੀ ਹੈ ਅਤੇ ਦੁਨਿਆਵੀ ਕਾਰਜ ਵਿੱਚ ਵੀ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਪੈਂਦਾ। ਗੁਰੂ ਮਹਾਰਾਜ ਜੀ ਸਾਰੇ ਘਾਟੇ ਪੂਰੇ ਕਰ ਦਿੰਦੇ ਹਨ। ਗੁਰੂ-ਖ਼ੁਸ਼ੀ ਪ੍ਰਾਪਤ ਕਰਨ ਨਾਲ ਕਈ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਅਜਿਹੀ ਕੀਤੀ ਸੇਵਾ ਲਈ ਹੀ ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥

ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥

(ਵਾਰ ਗਉੜੀ, ਅੰਗ ੩੧੪)

ਇਸ ਪ੍ਰਕਾਰ ਦੀਆਂ ਵੀਚਾਰਾਂ ਸੁਣਾਦਿਆਂ, ਸੁਣਦਿਆਂ ਅਸੀਂ ਸਾਰੇ ਗੁਰਦੁਆਰਾ ਸਾਹਿਬ ਪੁੱਜ ਗਏ। ਸਾਰੀ ਸੰਗਤ ਨੇ ਪੰਜ ਇਸ਼ਨਾਨਾ ਕਰ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਸੰਗਤੀ ਰੂਪ ਵਿੱਚ ਸੋਦਰੁ ਦੀ ਹਾਜ਼ਰੀ ਭਰੀ, ਗੁਰੂ ਮਹਾਰਾਜ ਜੀ ਨੂੰ ਸੁੱਖ-ਆਸਣ ਕਰਨ ਉਪ੍ਰੰਤ ਲੰਗਰ ਛਕ ਕੇ ਹਰ ਰੋਜ਼ ਦੀ ਤਰ੍ਹਾਂ ਗੁਰ ਇਤਿਹਾਸ ਨੂੰ ਵਾਚਣਾ ਕੀਤਾ ਤੇ ਰਾਤ ਅਰਾਮ ਕਰਨ ਉਪ੍ਰੰਤ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਛੰਨ ਵਿੱਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ। ਬਾਬਾ ਜੀ ਨੇ ਆਏ ਗੁਰੂ ਮੁੱਖਵਾਕ ਦੀ ਕਥਾ ਸੰਗਤਾਂ ਨੂੰ ਸ੍ਰਵਣ ਕਰਾਈ। ਹੁਕਮਨਾਮੇ ਦੀ ਚਲ ਰਹੀ ਵੀਚਾਰ ਸਮੇਂ ਹੀ ਗੋਂਦਪੁਰ ਪਿੰਡ ਤੋਂ ਇੱਕ ਪ੍ਰੇਮੀ ਨਵਾਂ ਟਰੱਕ ਲੈ ਕੇ ਆ ਪੁੱਜਾ। ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਗੁਰੂ ਹਜ਼ੂਰੀ ਵਿੱਚ ਬੈਠ ਕੇ ਚਲ ਰਹੀ ਮੁੱਖਵਾਕ ਦੀ ਵੀਚਾਰ ਸ੍ਰਵਣ ਕੀਤੀ। ਪ੍ਰਸ਼ਾਦ ਵਰਤਣ ਉਪ੍ਰੰਤ ਉਸ ਪ੍ਰੇਮੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕਰਕੇ ਸਾਨੂੰ ਇਹ ਨਵੇਂ ਟਰੱਕ ਦੀ ਬਖ਼ਸ਼ਿਸ਼ ਕੀਤੀ ਹੈ। ਸਾਡੇ ਮਨ ਦੀ ਇੱਛਾ ਸੀ ਕਿ ਇਸ ਨਵੇਂ ਟਰੱਕ ਨਾਲ ਕਾਰੋ-ਬਾਰ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਘਰ ਦੀ ਕੋਈ ਸੇਵਾ ਕਰੀਏ ਤਾਂ ਜੋ ਸਾਡੇ ਕਾਰੋਬਾਰ ਵਿੱਚ ਕੋਈ ਵਿਘਨ ਨਾ ਪਵੇ। ਗੁਰਦੁਆਰਾ ਸਾਹਿਬ ਦੀ ਸੇਵਾ ਚੱਲ ਰਹੀ ਹੈ, ਜੇ ਤੁਸੀਂ ਹੁਕਮ ਕਰੋ ਤਾਂ ਰੇਤਾ ਦੇ ਦੋ ਫੇਰੇ ਲਿਆ ਦਿੰਦੇ ਹਾਂ, ਜੇ ਕੋਈ ਹੋਰ ਸੇਵਾ ਲੈਣੀ ਹੈ ਤਾਂ ਉਸ ਨੂੰ ਕਰਨ ਲਈ ਵੀ ਦੱਸ ਦੇਵੋ। ਬਾਬਾ ਜੀ ਨੇ ਉਸ ਪ੍ਰੇਮੀ ਦੀ ਸਾਰੀ ਗੱਲ ਸੁਣ ਕੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਬਾਹਰ ਆ ਕੇ ਸਾਰੀ ਸੰਗਤ ਨੇ ਜਲ-ਪਾਣੀ ਛਕਿਆ।

(ਚਲਦਾ)

## ਸਕੂਲ ਆਫ਼ ਮੈਡੀਸਨ ਨੇ ਵਿਦਿਆਰਥੀਆਂ ਨੂੰ ਨਸਲੀ ਆਧਾਰ 'ਤੇ ਦਾਖਲੇ ਦਿੱਤੇ-ਨਿਆਂ ਵਿਭਾਗ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਮਰੀਕੀ ਨਿਆਂ ਵਿਭਾਗ ਨੇ ਕਿਹਾ ਹੈ ਕਿ ਉਸ ਨੇ ਪਾਇਆ ਹੈ ਕਿ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਸੈਨ ਫਰਾਂਸਿਸਕੋ (ਯੂ.ਸੀ.ਐਸ.ਐਫ.) ਦੇ ਸਕੂਲ ਆਫ਼ ਮੈਡੀਸਨ ਨੇ 2023-2025 ਦੇ ਸੈਸ਼ਨਾਂ ਲਈ ਦਾਖਲਿਆਂ ਵਿਚ ਨਸਲ ਦੇ ਆਧਾਰ 'ਤੇ ਵਿਤਕਰਾ ਕੀਤਾ ਹੈ। ਵਿਭਾਗ ਅਨੁਸਾਰ ਅਜਿਹਾ ਕਰਕੇ ਸਿਵਲ ਰਾਈਟਸ ਐਕਟ 1964 ਦੇ ਟਾਈਟਲ -6 ਅਤੇ 2023 ਦੇ ਅਮਰੀਕੀ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਕੀਤੀ ਹੈ। ਸਹਾਇਕ ਅਟਾਰਨੀ ਜਨਰਲ ਹਰਮੀਤ ਢਿੱਲੋਂ ਨੇ ਕਿਹਾ ਕਿ ਡਾਕਟਰ ਬਣਨ ਦੇ ਚਾਹਵਾਨਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਦੇ ਆਧਾਰ 'ਤੇ ਦਾਖਲਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਸੰਘੀ ਫੰਡ ਪ੍ਰਾਪਤ ਮੈਡੀਕਲ ਸਕੂਲ ਨਸਲ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦੇ ਸਕਦੇ। ਵਿਭਾਗ ਨੇ ਕਿਹਾ ਕਿ ਦਾਖਲਾ ਪ੍ਰਕਿਰਿਆਵਾਂ ਦੌਰਾਨ ਸਟੂਡੈਂਟਸ ਫਾਰ ਫੇਅਰ ਐਡਮਿਸ਼ਨਜ਼ ਬਨਾਮ ਹਾਰਵਰਡ ਕੇਸ ਵਿਚ ਸੁਪਰੀਮ ਕੋਰਟ ਦੇ ਉਸ ਫੈਸਲੇ ਦੀ ਵੀ ਉਲੰਘਣਾ ਕੀਤੀ ਹੈ, ਜਿਸ ਨੇ ਉੱਚ ਸਿੱਖਿਆ ਵਿਚ ਨਸਲੀ ਵਿਤਕਰੇ 'ਤੇ ਪਾਬੰਦੀ ਲਗਾਈ ਸੀ। ਯੂਸੀਐਸਐਫ ਦੀ ਦਾਖਲਾ ਪ੍ਰਕਿਰਿਆ ਦੇ ਤਿੰਨ ਪੜਾਅ ਹਨ: ਮੁੱਢਲੀ ਅਰਜ਼ੀ, ਸੈਕੰਡਰੀ ਅਰਜ਼ੀ ਅਤੇ ਇੰਟਰਵਿਊ। ਮੁੱਢਲੀ ਅਤੇ ਸੈਕੰਡਰੀ ਦੋਵਾਂ ਅਰਜ਼ੀਆਂ ਵਿਚ ਨਸਲ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਸ 'ਤੇ ਚਰਚਾ ਕੀਤੀ ਜਾਂਦੀ ਹੈ। ਨਿਆਂ ਵਿਭਾਗ ਦਾ ਦਾਅਵਾ ਹੈ ਕਿ ਇਸ ਜਾਣਕਾਰੀ ਦੀ ਵਰਤੋਂ ਇਹ ਤੈਅ ਕਰਨ ਲਈ ਕੀਤੀ ਗਈ ਸੀ ਕਿ ਕਿਹੜੇ ਬਿਨੈਕਾਰ ਪ੍ਰਕਿਰਿਆ ਵਿੱਚ ਅੱਗੇ ਵਧਣਗੇ ਅਤੇ ਅੰਤ ਵਿੱਚ ਕਿਸ ਨੂੰ ਦਾਖਲਾ ਮਿਲੇਗਾ। ਸੈਕੰਡਰੀ ਅਰਜ਼ੀ ਦੇਣ ਵਾਲਿਆਂ ਵਿੱਚੋਂ 10% ਤੋਂ ਵੀ ਘੱਟ ਉਮੀਦਵਾਰ ਇੰਟਰਵਿਊ ਤੱਕ ਪਹੁੰਚਦੇ ਹਨ। ਵਿਭਾਗ ਅਨੁਸਾਰ, ਗੋਰੇ ਅਤੇ ਏਸ਼ੀਆਈ ਬਿਨੈਕਾਰਾਂ ਦੇ ਮੁਕਾਬਲੇ ਕਾਲੇ ਅਤੇ ਹਿਸਪੈਨਿਕ ਬਿਨੈਕਾਰਾਂ ਨੂੰ ਇੰਟਰਵਿਊ ਲਈ ਵੱਧ ਦਰ 'ਤੇ ਬੁਲਾਇਆ ਗਿਆ ਸੀ, ਭਾਵੇਂਕਿ ਉਨਾਂ ਦੇ ਮੈਡੀਕਲ ਕਾਲਜ ਦਾਖਲ ਟੈਸਟ ਵਿਚ ਸਕੋਰ ਅਤੇ ਅੰਡਰ-ਗ੍ਰੈਜੂਏਟ ਗਰੇਡ ਅੰਕ ਔਸਤ ਘੱਟ ਸਨ। ਨਿਆਂ ਵਿਭਾਗ ਨੇ ਦੋਸ਼ ਲਾਇਆ ਕਿ 2023 ਤੋਂ 2025 ਦੌਰਾਨ ਯੂ.ਸੀ.ਐਸ.ਐਫ. ਨੇ ਅਜਿਹੇ ਕਾਲੇ ਅਤੇ ਹਿਸਪੈਨਿਕ ਬਿਨੈਕਾਰਾਂ ਨੂੰ ਵੀ ਦਾਖਲਾ ਦਿੱਤਾ, ਜਿਨਾਂ ਦਾ ਅਕਾਦਮਿਕ ਪ੍ਰਦਰਸ਼ਨ ਔਸਤ ਰੱਦ ਕੀਤੇ ਗਏ ਗੋਰੇ ਅਤੇ ਏਸ਼ਿਆਈ ਬਿਨੈਕਾਰਾਂ ਨਾਲੋਂ ਵੀ ਘੱਟ ਸੀ।

## ਐਫ.ਬੀ.ਆਈ. ਨੇ ਗੈਂਗਸਟਰ ਗੋਲਡੀ ਬਰਾੜ ਨੂੰ 10 ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਦੀ ਸੂਚੀ 'ਚ ਕੀਤਾ ਸ਼ਾਮਲ

### 10 ਲੱਖ ਅਮਰੀਕੀ ਡਾਲਰ ਦੇ ਇਨਾਮ ਦਾ ਐਲਾਨ

ਲਾਸ ਏਂਜਲਸ : ਅਮਰੀਕੀ ਜਾਂਚ ਏਜੰਸੀ ਐਫਬੀਆਈ (ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ) ਨੇ ਬਦਨਾਮ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ। ਐਫਬੀਆਈ ਨੇ 28 ਸਤੰਬਰ ਨੂੰ ਗੋਲਡੀ ਬਰਾੜ ਨੂੰ ਰਸਮੀ ਤੌਰ 'ਤੇ ਆਪਣੀ ਦਸ ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਕਰ ਲਿਆ ਹੈ। ਸਾਲ 1950 ਵਿੱਚ ਇਸਦੀ ਸ਼ੁਰੂਆਤ ਤੋਂ ਬਾਅਦ ਬਰਾੜ ਸੂਚੀ ਵਿੱਚ ਸ਼ਾਮਲ ਹੋਣ ਵਾਲਾ 543ਵਾਂ ਭਗੌੜਾ ਬਣ ਗਿਆ ਹੈ। ਅਮਰੀਕੀ ਪ੍ਰਸ਼ਾਸਨ ਨੇ ਉਸ ਦੀ ਗ੍ਰਿਫ਼ਤਾਰ ਜਾਂ ਉਸ ਦੀ ਸਹੀ ਜਾਣਕਾਰੀ ਦੇਣ ਵਾਲੇ ਵਿਅਕਤੀ ਲਈ 10 ਲੱਖ ਅਮਰੀਕੀ ਡਾਲਰ (ਲਗਭਗ 8.3 ਕਰੋੜ ਰੁਪਏ) ਤੱਕ ਦੇ ਇਨਾਮ ਦਾ ਐਲਾਨ ਕੀਤਾ ਹੈ।

ਐਫਬੀਆਈ ਨੇ ਉਸਨੂੰ ਬਹੁਤ ਹਿੰਸਕ, ਹਥਿਆਰਬੰਦ ਅਤੇ ਖਤਰਨਾਕ ਦੱਸਿਆ ਹੈ। ਮੰਨਿਆ ਜਾਂਦਾ ਹੈ ਕਿ ਉਸਦੇ ਕੈਲੀਫੋਰਨੀਆ ਅਤੇ ਕੈਨੇਡਾ ਦੇ ਕੁਝ ਹਿੱਸਿਆਂ ਨਾਲ ਸਬੰਧ ਹਨ। ਐਫਬੀਆਈ ਦੇ ਅਨੁਸਾਰ, ਬਰਾੜ ਉੱਤਰੀ ਅਮਰੀਕਾ ਵਿੱਚ ਕੰਮ ਕਰ ਰਹੇ ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਸਮੂਹ ਦਾ ਆਗੂ ਹੈ। ਅਮਰੀਕੀ ਅਧਿਕਾਰੀਆਂ ਦਾ ਦੋਸ਼ ਹੈ ਕਿ ਇਹ ਸਮੂਹ ਗੋਲੀਬਾਰੀ, ਕਤਲ, ਅਗਵਾ, ਜਬਰੀ ਵਸੂਲੀ, ਅਤੇ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਰਿਹਾ ਹੈ। ਭਾਰਤ ਨਾਲ ਜੁੜੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਦੀ ਇੱਕ ਲੰਬੀ ਅਮਰੀਕੀ ਜਾਂਚ ਓਪਰੇਸ਼ਨ ਹਾਰਡਬਾਲ ਦੌਰਾਨ ਬਰਾੜ ਦੀ ਪਛਾਣ ਇੱਕ ਸ਼ੱਕੀ ਵਜੋਂ ਹੋਈ ਸੀ।



ਜੁਲਾਈ ਵਿੱਚ, ਅਮਰੀਕੀ ਅਧਿਕਾਰੀਆਂ ਨੇ 37 ਲੋਕਾਂ ਵਿਰੁੱਧ ਦੋਸ਼ਾਂ ਦਾ ਐਲਾਨ ਕੀਤਾ ਜੋ ਕਥਿਤ ਤੌਰ 'ਤੇ ਤਿੰਨ ਅਜਿਹੇ ਸੰਗਠਨਾਂ ਨਾਲ ਜੁੜੇ ਹੋਏ ਸਨ। ਐਫਬੀਆਈ ਨੇ ਕਿਹਾ ਕਿ ਇੱਕ ਦੋਸ਼ ਬਿਸ਼ਨੋਈ ਸਮੂਹ 'ਤੇ ਕੇਂਦ੍ਰਿਤ ਸੀ। ਦੋਸ਼ ਹੈ ਕਿ ਬਰਾੜ ਨੇ ਇਸ ਸਮੂਹ ਦੀ ਅਗਵਾਈ ਕਰਨ ਅਤੇ ਵੱਖ-ਵੱਖ ਦੇਸ਼ਾਂ ਵਿੱਚ ਇਸਦੇ ਮੈਂਬਰਾਂ ਅਤੇ ਸਹਿਯੋਗੀਆਂ ਨੂੰ ਨਿਰਦੇਸ਼ ਦੇਣ ਵਿੱਚ ਮਦਦ ਕੀਤੀ। ਐਫਬੀਆਈ ਨੇ ਬਰਾੜ ਅਤੇ ਲਾਰੈਂਸ ਬਿਸ਼ਨੋਈ ਨੂੰ ਜੂਨ 2023 ਵਿੱਚ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਵੀ ਜੋੜਿਆ ਹੈ। ਨਿੱਝਰ ਦੀ 18 ਜੂਨ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਸਿੱਖ ਧਾਰਮਿਕ ਸਥਾਨ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬਰਾੜ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਉਹ ਅਤੇ ਉਸਦਾ ਗਿਰੋਹ ਨਿੱਝਰ ਦੇ ਕਤਲ ਲਈ ਜ਼ਿੰਮੇਵਾਰ ਸਨ।

# ਵਿਦੇਸ਼ ਵਿਭਾਗ ਵਲੋਂ ਵੀਜ਼ਾ ਧੋਖਾਧੜੀ ਸ਼ਿਕਾਇਤਾਂ ਲਈ ਆਨਲਾਈਨ ਪੋਰਟਲ ਸ਼ੁਰੂ

ਸੈਕਰਾਮੈਂਟੋ : ਅਮਰੀਕੀ ਵਿਦੇਸ਼ ਵਿਭਾਗ ਨੇ ਵਿਅਕਤੀਆਂ, ਕੰਪਨੀਆਂ, ਸਕੂਲਾਂ ਅਤੇ ਹੋਰ ਸੰਗਠਨਾਂ ਨਾਲ ਸੰਬੰਧਿਤ ਸ਼ੱਕੀ ਵੀਜ਼ਾ ਧੋਖਾਧੜੀ ਜਾਂ ਦੁਰਵਰਤੋਂ ਦੀ ਰਿਪੋਰਟ ਕਰਨ ਲਈ ਇੱਕ ਆਨਲਾਈਨ ਪੋਰਟਲ ਸ਼ੁਰੂ ਕੀਤਾ ਹੈ। ਇਹ ਸਿਸਟਮ ਸੈਲਾਨੀ ਅਤੇ ਵਪਾਰਕ ਵੀਜ਼ਾ, ਰੁਜ਼ਗਾਰ ਵੀਜ਼ਾ, ਵਿਦਿਆਰਥੀ ਵੀਜ਼ਾ ਅਤੇ ਪ੍ਰਵਾਸੀ ਜਾਂ ਪਰਿਵਾਰ-ਅਧਾਰਤ ਵੀਜ਼ਾ, ਨਾਲ ਹੀ ਵੀਜ਼ਾ ਜਾਂ ਇਮੀਗ੍ਰੇਸ਼ਨ ਧੋਖਾਧੜੀ ਦੇ ਹੋਰ ਸ਼ੱਕੀ ਮਾਮਲਿਆਂ ਨੂੰ ਕਵਰ ਕਰਦਾ ਹੈ ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੋਟ ਨੇ ਸੋਸ਼ਲ ਮੀਡੀਆ 'ਤੇ ਇਸ ਪਹਿਲਕਦਮੀ ਦਾ ਐਲਾਨ ਕਰਦੇ ਹੋਏ ਕਿਹਾ ਕਿ ਅਮਰੀਕੀ ਵੀਜ਼ਾ ਅਧਿਕਾਰ ਨਹੀਂ ਬਲਕਿ ਇਕ ਵਿਸ਼ੇਸ਼ ਅਧਿਕਾਰ ਹੈ ਅਤੇ ਲੋਕਾਂ ਨੂੰ ਅਜਿਹੀ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਜਿਸ ਨਾਲ ਅਧਿਕਾਰੀਆਂ ਨੂੰ ਸ਼ੱਕੀ ਉਲੰਘਣਾਵਾਂ ਦੀ ਪਛਾਣ ਕਰਨ ਵਿੱਚ ਮਦਦ ਮਿਲ ਸਕੇ। ਸ਼ਿਕਾਇਤਾਂ ਗੁਮਨਾਮ ਤੌਰ 'ਤੇ ਜਮਾਂ ਕਰਵਾਈਆਂ ਜਾ ਸਕਦੀਆਂ ਹਨ। ਜਿਹੜੇ ਲੋਕ ਆਪਣਾ ਨਾਂਅ ਅਤੇ ਈਮੇਲ ਪਤਾ ਪ੍ਰਦਾਨ ਕਰਦੇ ਹਨ, ਜੇਕਰ ਵਾਧੂ ਜਾਣਕਾਰੀ ਦੀ ਲੋੜ ਹੋਵੇ ਤਾਂ ਜਾਂਚਕਰਤਾਵਾਂ ਦੁਆਰਾ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਵਿਭਾਗ ਨੇ ਸ਼ਿਕਾਇਤਕਰਤਾਵਾਂ ਨੂੰ ਸ਼ਾਮਿਲ ਵਿਅਕਤੀ ਜਾਂ ਸੰਗਠਨ ਬਾਰੇ ਵੱਧ ਤੋਂ ਵੱਧ ਵੇਰਵੇ ਪ੍ਰਦਾਨ ਕਰਨ ਲਈ ਕਿਹਾ ਹੈ ਜਿਸ ਵਿਚ ਉਨ੍ਹਾਂ ਦਾ ਨਾਂਅ, ਪਾਸਪੋਰਟ ਜਾਂ ਵੀਜ਼ਾ ਨੰਬਰ, ਏ-ਨੰਬਰ, ਪਟੀਸ਼ਨ ਜਾਂ ਰਸੀਦ ਨੰਬਰ, ਜਨਮ ਮਿਤੀ, ਪਤਾ , ਸੰਪਰਕ ਵੇਰਵੇ, ਕੌਮੀਅਤ ਅਤੇ ਸੋਸ਼ਲ ਮੀਡੀਆ ਪ੍ਰੋਫਾਈਲ ਸ਼ਾਮਿਲ ਹੋ ਸਕਦੇ ਹਨ। ਕੰਪਨੀਆਂ, ਵਿਦਿਅਕ ਸੰਸਥਾਵਾਂ, ਕਾਨੂੰਨ ਫਰਮਾਂ ਅਤੇ ਹੋਰ ਸੰਗਠਨਾਂ ਨਾਲ ਸੰਬੰਧਿਤ ਸ਼ਿਕਾਇਤਾਂ ਵਿੱਚ ਉਨ੍ਹਾਂ ਦਾ ਨਾਂਅ, ਪਤਾ, ਵੈੱਬਸਾਈਟ, ਸੰਪਰਕ ਵੇਰਵੇ ਅਤੇ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਨਾਂਅ ਸ਼ਾਮਿਲ ਹੋ ਸਕਦੇ ਹਨ੍ਹ ਵਿਦੇਸ਼ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਜਾਣਬੁੱਝ ਕੇ ਗਲਤ ਜਾਣਕਾਰੀ ਜਮਾਂ ਕਰਨ ਦੇ ਨਤੀਜੇ ਵਜੋਂ ਜੁਰਮਾਨਾ, ਕੈਦ, ਜਾਂ ਦੋਵੇਂ ਹੋ ਸਕਦੇ ਹਨ।

# ਸੰਯੁਕਤ ਰਾਸ਼ਟਰ ਮਹਾਸਭਾ 'ਚ ਏ. ਆਈ., ਪਰਵਾਸ ਤੇ ਨੌਜਵਾਨਾਂ ਦੇ ਭਵਿੱਖ 'ਤੇ ਦੁਨੀਆ ਨੇ ਰੱਖੀ ਆਪਣੀ ਗੱਲ

ਨਿਊਯਾਰਕ : ਸੰਯੁਕਤ ਰਾਸ਼ਟਰ ਮਹਾਸਭਾ ਦੀ ਉੱਚ ਪੱਧਰੀ ਬਹਿਸ ਦੇ ਪੰਜਵੇਂ ਦਿਨ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.), ਪਰਵਾਸ, ਵਧਦੀ ਅਸਮਾਨਤਾ ਅਤੇ ਨੌਜਵਾਨਾਂ ਦੇ ਭਵਿੱਖ ਵਰਗੇ ਮੁੱਦੇ ਚਰਚਾ ਦੇ ਕੇਂਦਰ ਵਿਚ ਰਹੇ। ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੇ ਆਪਣੀ ਗੱਲ ਰੱਖਦਿਆਂ ਜ਼ੋਰ ਦਿੱਤਾ ਕਿ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਨਵੀਂ ਤਕਨਾਲੋਜੀ ਦਾ ਫਾਇਦਾ ਹਰ ਦੇਸ਼ ਅਤੇ ਹਰ ਵਰਗ ਤੱਕ ਪਹੁੰਚਣਾ ਚਾਹੀਦਾ ਹੈ। ਚੀਨ ਦੇ ਉਪ ਰਾਸ਼ਟਰਪਤੀ ਹਾਨ ਝੇਂਗ ਨੇ ਕਿਹਾ ਕਿ ਏ.ਆਈ. ਦੀ ਵਰਤੋਂ ਲੋਕਾਂ ਦੀ ਭਲਾਈ ਲਈ ਹੋਣੀ ਚਾਹੀਦੀ ਹੈ ਅਤੇ ਤਕਨਾਲੋਜੀ ਦੇ ਮਾਮਲੇ ਵਿਚ ਅਮੀਰ ਤੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਵਧ ਰਹੇ ਪਾੜੇ ਨੂੰ ਘਟਾਉਣ ਦੀ ਲੋੜ ਹੈ। ਸਿੰਗਾਪੁਰ ਦੇ ਵਿਦੇਸ਼ ਮੰਤਰੀ ਵਿਵੀਅਨ ਬਾਲਾਕ੍ਰਿਸ਼ਨਨ ਨੇ ਵੀ ਏ.ਆਈ. ਨੂੰ ਅੱਜ ਦੇ ਸਮੇਂ ਦਾ ਅਹਿਮ ਮੁੱਦਾ ਦੱਸਦਿਆਂ ਕਿਹਾ ਕਿ ਇਸ ਦੇ ਵਿਕਾਸ ਦੇ ਨਾਲ ਮਜ਼ਬੂਤ ਨਿਯਮ, ਸੁਰੱਖਿਆ ਅਤੇ ਲੋਕਾਂ ਨੂੰ ਲੋੜੀਂਦੇ ਹੁਨਰ ਦੇਣਾ ਵੀ ਜ਼ਰੂਰੀ ਹੈ। ਜਮਾਇਕਾ, ਮਲੇਸ਼ੀਆ ਅਤੇ ਬੇਲੀਜ਼ ਨੇ ਚਿੰਤਾ ਜਤਾਈ ਕਿ ਜੇ ਏ.ਆਈ. ਨਾਲ ਜੁੜੀ ਤਾਕਤ ਅਤੇ ਫੈਸਲੇ ਕੁਝ ਹੀ ਦੇਸ਼ਾਂ ਤੱਕ ਸੀਮਤ ਰਹੇ ਤਾਂ ਦੁਨੀਆ 'ਚ ਪਹਿਲਾਂ ਤੋਂ ਮੌਜੂਦ ਅਸਮਾਨਤਾ ਹੋਰ ਵਧ ਸਕਦੀ ਹੈ। ਜਰਮਨੀ ਅਤੇ ਮੋਲਡੋਵਾ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ ਤਕਨਾਲੋਜੀ ਇੰਨੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਕਿ ਕਾਨੂੰਨ ਅਤੇ ਨਿਯਮ ਉਸ ਦੇ ਨਾਲ ਕਦਮ ਮਿਲਾਉਣ ਵਿਚ ਪਿੱਛੇ ਰਹਿ ਰਹੇ ਹਨ। ਆਗੂਆਂ ਨੇ ਕਿਹਾ ਕਿ ਏ.ਆਈ. ਭੁੱਖਮਰੀ ਰੋਕਣ ਅਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਲੜਨ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ, ਪਰ ਗਲਤ ਹੱਥਾਂ ਵਿਚ ਜਾਣ 'ਤੇ ਇਹ ਅਰਥਵਿਵਸਥਾ, ਸੁਰੱਖਿਆ ਅਤੇ ਵਿਸ਼ਵ ਸ਼ਾਂਤੀ ਲਈ ਖਤਰਾ ਵੀ ਬਣ ਸਕਦੀ ਹੈ। ਬਹਿਸ ਦੌਰਾਨ ਪਰਵਾਸ ਦਾ ਮੁੱਦਾ ਵੀ ਅਹਿਮ ਰਿਹਾ। ਜਿਬੂਤੀ ਨੇ ਯਮਨ ਵਿਚ ਹਿੰਸਾ ਤੋਂ ਬਚ ਕੇ ਆ ਰਹੇ ਹਜ਼ਾਰਾਂ ਲੋਕਾਂ ਕਾਰਨ ਆਪਣੇ ਸਰੋਤਾਂ 'ਤੇ ਵਧ ਰਹੇ ਦਬਾਅ ਦਾ ਜ਼ਿਕਰ ਕਰਦਿਆਂ ਅੰਤਰਰਾਸ਼ਟਰੀ ਮਦਦ ਦੀ ਮੰਗ ਕੀਤੀ। ਟਿਊਨੀਸ਼ੀਆ ਨੇ ਕਿਹਾ ਕਿ ਗੈਰ-ਨਿਯਮਤ ਪਰਵਾਸ ਨੂੰ ਸਿਰਫ਼ ਸੁਰੱਖਿਆ ਨਾਲ ਜੋੜ ਕੇ ਦੇਖਣ ਦੀ ਬਜਾਏ ਜੰਗ, ਗਰੀਬੀ ਅਤੇ ਬੇਰੁਜ਼ਗਾਰੀ ਵਰਗੇ ਕਾਰਨਾਂ ਨੂੰ ਵੀ ਹੱਲ ਕਰਨਾ ਪਵੇਗਾ। ਫਿਲੀਪੀਨਜ਼ ਨੇ ਪਰਵਾਸੀ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਨੂੰ ਮਨੁੱਖੀ ਤਸਕਰੀ ਤੇ ਸ਼ੋਸ਼ਣ ਤੋਂ ਬਚਾਉਣ 'ਤੇ ਜ਼ੋਰ ਦਿੱਤਾ। ਇਸੇ ਦੌਰਾਨ ਜ਼ਾਂਬੀਆ ਨੇ ਅਫ਼ਰੀਕਾ ਦੀ ਵਧ ਰਹੀ ਨੌਜਵਾਨ ਆਬਾਦੀ ਨੂੰ ਸਮੱਸਿਆ ਨਹੀਂ, ਸਗੋਂ ਇੱਕ ਵੱਡੇ ਮੌਕੇ ਵਜੋਂ ਪੇਸ਼ ਕੀਤਾ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਮਹਿਮਤਪੁਰ ਦਾ ਦਿਹਾਂਤ



ਨਿਊਯਾਰਕ : ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਮਹਿਮਤਪੁਰ ਦੇ ਦਿਹਾਂਤ ਨਾਲ ਸਿੱਖ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ। ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਮਿਲਣ ਤੋਂ ਬਾਅਦ ਪਰਿਵਾਰ, ਸਾਕ-ਸਬੰਧੀਆਂ, ਦੋਸਤਾਂ ਅਤੇ ਸੰਗਤਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਰਣਜੀਤ ਸਿੰਘ ਮਹਿਮਤਪੁਰ ਲੰਮੇ ਸਮੇਂ ਤੱਕ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨਾਲ ਜੁੜੇ ਰਹੇ ਅਤੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਭਾਈਚਾਰੇ ਦੇ ਲੋਕਾਂ ਮੁਤਾਬਕ ਉਨ੍ਹਾਂ ਵਲੋਂ ਕੀਤੀਆਂ ਸੇਵਾਵਾਂ ਅਤੇ ਸਮਾਜ ਪ੍ਰਤੀ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੇ ਵਿਛੋੜੇ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਗਤ ਅਤੇ ਭਾਈਚਾਰੇ ਨਾਲ ਜੁੜੇ ਲੋਕਾਂ ਵਲੋਂ ਪਰਿਵਾਰ ਨਾਲ ਹਮਦਰਦੀ ਸਾਂਝੀ ਕਰਦਿਆਂ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ।

# ਅਮਰੀਕਾ 'ਚ ਟੋਨੀ ਸੰਧੂ ਨੇ ਮੁੜ ਗੱਡੇ ਜਿੱਤ ਦੇ ਝੰਡੇ, ਓਲੰਪੀਆ 'ਚ ਦੂਜੀ ਵਾਰ ਜਿੱਤਿਆ ਗੋਲਡ ਮੈਡਲ

ਲਾਸ ਵੇਗਸ, ਅਮਰੀਕਾ (ਗੁਰਿੰਦਰਜੀਤ ਨੀਟਾ ਮਾਛੀਕੇ/ਸਾਡੇ ਲੋਕ) : ਪਾਵਰਲਿਫਟਿੰਗ ਦੇ ਖੇਤਰ ਵਿੱਚ ਆਪਣੀ ਤਾਕਤ ਅਤੇ ਕਾਬਲੀਅਤ ਦਾ ਲੋਹਾ ਮਨਵਾ ਰਹੇ ਪੰਜਾਬੀ ਗੱਭਰੂ ਟੋਨੀ ਸੰਧੂ ਨੇ ਇੱਕ ਵਾਰ ਫਿਰ ਵੱਡੀ ਮੱਲ ਮਾਰਦਿਆਂ ਲਾਸ ਵੇਗਾਸ ਵਿਖੇ ਹੋਈ ਓਲੰਪੀਆ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਟੋਨੀ ਸੰਧੂ ਵੱਲੋਂ ਇਸ ਵੱਕਾਰੀ ਮੁਕਾਬਲੇ ਵਿੱਚ ਦੂਜੀ ਵਾਰ ਸੋਨ ਤਮਗਾ ਜਿੱਤਣ ਨਾਲ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਤੋਂ ਪਹਿਲਾਂ USPA ਚੈਂਪੀਅਨਸ਼ਿਪ ਵਿੱਚ ਵੀ ਟੋਨੀ ਸੰਧੂ ਗੋਲਡ ਮੈਡਲ ਆਪਣੇ ਨਾਮ ਕਰ ਚੁੱਕਾ ਹੈ।




ਵਰਲਡ ਸਟਰੌਂਗਮੈਨ ਇੰਡੀਆ ਦੇ ਪ੍ਰਧਾਨ ਹਰਵਿੰਦਰ ਸਲੀਣਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਖਿਡਾਰੀਆਂ ਨੇ ਹਿੱਸਾ ਲੈ ਕੇ ਆਪਣੀ ਤਾਕਤ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ। ਸਖ਼ਤ ਮੁਕਾਬਲੇ ਦੌਰਾਨ ਟੋਨੀ ਸੰਧੂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ 'ਤੇ ਕਬਜ਼ਾ ਕੀਤਾ ਅਤੇ ਇੱਕ ਵਾਰ ਫਿਰ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕੀਤਾ।

ਟੋਨੀ ਸੰਧੂ ਦੀ ਇਹ ਕਾਮਯਾਬੀ ਉਸ ਦੀ ਲੰਮੇ ਸਮੇਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਆਪਣੇ ਟੀਚੇ ਪ੍ਰਤੀ ਦ੍ਰਿੜ੍ਹ ਲਗਨ ਦਾ ਨਤੀਜਾ ਹੈ। ਵਿਦੇਸ਼ੀ ਧਰਤੀ 'ਤੇ ਪਾਵਰਲਿਫਟਿੰਗ ਵਰਗੀ ਤਾਕਤਵਰ ਖੇਡ ਵਿੱਚ ਵਾਰ-ਵਾਰ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰਕੇ ਉਹ ਨਵੀਂ ਪੀੜ੍ਹੀ ਦੇ ਖਿਡਾਰੀਆਂ ਲਈ ਵੀ ਪ੍ਰੇਰਨਾ ਬਣ ਰਿਹਾ ਹੈ। ਟੋਨੀ ਸੰਧੂ ਦੀ ਇਸ ਮਾਣਮੱਤੀ ਜਿੱਤ 'ਤੇ ਉਸ ਦੇ ਪਰਿਵਾਰ, ਦੋਸਤਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਭਾਈਚਾਰੇ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਮੁਬਾਰਕਾਂ ਦਿੱਤੀਆਂ ਗਈਆਂ ਹਨ। ਨਾਲ ਹੀ ਉਸ ਦੇ ਸੁਨਹਿਰੇ ਖੇਡ ਭਵਿੱਖ ਅਤੇ ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ – ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ – ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉੱਥੇ ਦੂਜੇ ਆਰਟਸ ਕਾਲਜ ਦੇ ਵਿਦੇਸ਼ੀ ਮਿਸ਼ਨਰੀਆਂ ਦੁਆਰਾ ਚਲਾਏ ਜਾਣ ਵਾਲੇ ਸਕਾਟਿਸ਼ ਅਤੇ ਰੋਮਨ ਕੈਥੋਲਿਕ ਇਕ ਸਰਕਾਰੀ ਕਾਲਜ ਬੰਬੇ ਵਿਚ ਅਤੇ ਦੂਸਰਾ ਯੋਗੇਸ਼ਵਰੀ ਵਿਚ? ਪਰ ਇਹ ਬੰਬੇ ਦੇ ਲੋਕ ਹਿਤੂਆਂ ਅਤੇ ਵਿੱਦਿਅਕ ਮਾਹਿਰਾਂ ਨੂੰ ਬਦਨਾਮ ਕਰਨਾ ਜ਼ਰੂਰ ਕਿਹਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ (ਸਿੱਖਾਂ ਦੁਆਰਾ) ਪੰਜਾਬ ਤੋਂ ਬੰਬੇ ਵਿਚ ਇਕ ਭਾਰਤੀ ਪ੍ਰਾਈਵੇਟ ਕਾਲਜ ਚਾਲੂ ਕਰਨ ਲਈ ਉਕਸਾਹਟ ਅਤੇ ਪੈਸੇ ਦੇ ਸਾਰੇ ਰਾਹਾਂ ਲਈ ਇੰਤਜ਼ਾਰ ਕਰਨਾ ਪਿਆ। (ਸਫ਼ਾ 153/172)

**To be Located at Dadar (ਸਫ਼ਾ 154/172)**

6ਵਾਂ ਕਾਲਜ ਸਾਰੇ ਜਗਤ ਦੇ ਬਹੁਤ ਜ਼ਿਆਦਾ ਸਤਿਕਾਰ ਵਿਚ ਇਕ ਚੰਗਾ ਹਿੱਸਾ ਸਥਾਨਕ ਵਿੱਦਿਅਕ ਮਾਹਿਰਾਂ ਤੋਂ ਭਰਤੀ ਕੀਤਾ ਜਾਵੇਗਾ ਅਤੇ ਇਹ ਸਮਝਿਆ ਜਾਂਦਾ ਹੈ ਸ਼ੁਰੂਆਤ ਤੋਂ ਉੱਚ ਦਰਜੇ ਦੇ ਯੋਗ ਅਤੇ ਤਜਰਬੇਕਾਰ ਨੌਕਰ-ਚਾਕਰ ਕੁਝ ਪਹਿਲੇ ਦਰਜੇ ਦੇ ਇਹ ਵਿਦੇਸ਼ੀ ਵਿੱਦਿਆ ਪ੍ਰਾਪਤ ਅਤੇ ਪ੍ਰੈਜ਼ੀਡੈਂਸੀ ਵਿਚ ਪਹਿਲੀ (First rate) ਅਨੁਪਾਤ ਨਾਲ ਉੱਚ ਨਿਯੁਕਤੀਆਂ ਪ੍ਰੋਫੈਸਰੀ ਤਜਰਬਾ ਪ੍ਰਾਪਤ ਦੂਜਿਆਂ ਨਾਲ ਇਕਸਾਰ ਹੋਣਗੇ। ਆਮ ਤੌਰ 'ਤੇ ਦਾਦਰ (Bombay) ਦੇ ਵਿਹੜੇ ਵਿਚ ਵਿਦਿਆਰਥੀਆਂ ਲਈ ਹਵਾਦਾਰ ਤੇ ਆਰਾਮਦੇਹ ਸਟਾਫ਼ ਕੁਆਰਟਰਜ ਵਗ਼ੈਰਾ ਸੰਸਥਾ ਲਈ ਵਿਸ਼ੇਸ਼ ਤੌਰ 'ਤੇ ਫ਼ੈਸ਼ਨਦਾਰ ਬਣਾਏ ਜਾਣਗੇ ਆਦਿ। ਬੰਬੇ ਵਿਚ ਆਸਾਨ ਫ਼ਾਸਲਾ ਪ੍ਰੰਤੂ ਅਜੇ ਭਾਰੀ ਆਵਾਜਾਈ ਦੇ ਰੌਲੇ-ਰੱਪੇ ਤੋਂ ਦੂਰ ਨਵਾਂ ਕਾਲਜ ਇਮਾਨਦਾਰ ਵਿਦਵਾਨਾਂ ਲਈ ਜ਼ਿਆਦਾ ਆਬੋ-ਹਵਾ ਅਤੇ ਰਵਾਇਤਾਂ ਪ੍ਰਾਪਤ ਕਰੇਗਾ।

ਕਾਲਜ ਕਿਸੇ ਜਾਤ ਜਾਂ ਜਮਾਤ ਲਈ ਪੱਕੇ ਤੌਰ 'ਤੇ ਰਿਜ਼ਰਵ ਹੋਣ ਲਈ ਨਹੀਂ ਜਾ ਰਿਹਾ ਹੈ। ਬਿਨਾਂ ਸ਼ੱਕ ਦੂਜੇ ਕਾਲਜਾਂ ਵਾਂਗ ਬੈਕਵਰਡ ਕਲਾਸਾਂ ਨੂੰ ਬਣਦੀ ਹੌਸਲਾ ਅਫਜਾਈ ਦਿੱਤੀ ਜਾਵੇਗੀ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਮਾਨਦਾਰ ਪਬਲਿਕ ਜ਼ਿੰਦਾ-ਦਿਲੀ ਵੱਲੋਂ ਅਤੇ ਲੋਕ ਰੂਹ ਵਾਲੇ ਟਰੱਸਟੀਆਂ ਦੇ ਫ਼ੰਡ (Bombay) ਬੰਬਈ ਵਿਚ ਇਕ ਨਿਰੋਲ ਭਾਰਤੀ ਸੰਸਥਾ ਦੁਆਰਾ ਚਲਾਏ ਤੇ ਪ੍ਰਬੰਧ ਕੀਤੇ ਹੋਇਆਂ ਆਪਣੀ ਪੜ੍ਹਾਈ ਪਿੱਛੇ ਪਏ ਹੋਏ ਹੱਕਦਾਰ ਗ਼ਰੀਬ ਵਿਦਿਆਰਥੀਆਂ ਦੀ ਮਦਦ ਕਰੇਗੀ।




ਡਾਕਟਰ ਅੰਬੇਡਕਰ ਨੂੰ ਬਣਦਾ ਸਤਿਕਾਰ (ਲਾਭ) ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ, ਜੋ ਨਵੀਆਂ ਲੀਹਾਂ ਉੱਪਰ ਸਭ ਤੋਂ ਵੱਧ ਫ਼ੈਸ਼ਨਦਾਰ ਅਤੇ ਵਿਸਥਾਰ 'ਚ ਸਾਰੇ ਜਗਤ ਲਈ ਇਹਦੀ ਸੰਸਥਾ ਕਾਲਜ ਜਥੇਬੰਦ ਕਰ ਰਿਹਾ ਹੈ।

ਵਿੱਦਿਆ ਦੇ ਪੱਖੋਂ ਉਸ ਦੇ ਯਤਨ ਵਿਚ ਸਾਰੇ ਸਫਲਤਾਪੂਰਨ ਵਾਹ ਲਾਉਣ ਅਤੇ ਉਹਦੀ ਸਫਲਤਾ 'ਤੇ ਉਨ੍ਹਾਂ ਨੂੰ ਵਧਾਈ ਦੇਣ ਅਤੇ ਸਿੱਖ ਵਿੱਦਿਅਕ ਮਾਹਿਰਾਂ ਅਤੇ ਲੋਕ ਹਿਤੈਸ਼ੀਆਂ ਨੂੰ ਮਨਾ ਕੇ ਸਕੀਮ ਦੀ ਠੋਸ ਪਿੱਠ ਪੂਰਨੀ ਹਰ ਇਕ ਚਾਹੁੰਦਾ ਹੈ।

(The Bombay Chronicle, dated 18&29 September. 1936)

**ਨਵੇਂ ਆਰਟਸ ਕਾਲਜ ਦਾ ਸੁਝਾਅ ਦਿੱਤਾ**

ਸ੍ਰੀਮਾਨ ਜੀ,

Editor Chronicle

ਸੇਵਾ ਵਿਖੇ

'ਅੰਮ੍ਰਿਤ ਲਾਲ' ਦੇ ਇਕ ਪੱਤਰ ਦੇ ਹਵਾਲੇ ਨਾਲ 26 ਸਤੰਬਰ 1936 ਨੂੰ ਤੁਹਾਡੇ ਰਸਾਲੇ (Journal) ਵਿਚ ਛਪੇ ਪੱਤਰ ਬਾਰੇ ਕੀ ਮੈਂ ਪੁੱਛ ਸਕਦਾ ਹਾਂ:

1. ਡਾ. ਅੰਬੇਡਕਰ ਦੀ ਨਿਰੋਲ ਵਿੱਦਿਅਕ ਸਿੱਖ ਫ਼ੰਡ ਕਾਲਜ ਸਕੀਮ ਨਿਰੋਲ ਇਕ ਵਿੱਦਿਅਕ ਹੈ ਜਾਂ ਡਾਕਟਰ ਦੁਆਰਾ ਲੋਕਾਂ ਦੀ ਅਗਵਾਈ ਵਿਚ ਵੱਡੇ ਪੱਧਰ 'ਤੇ ਧਰਮ ਬਦਲੀ ਨਾਲ ਕੋਈ ਵੀ ਚੀਜ਼ ਕਰਨ ਨੂੰ ਰੱਖਦਾ ਹੈ।

2. ਪ੍ਰੈੱਸ ਵਿਚ ਅਲੋਚਨਾ ਦੀ ਘੜੀ ਜਾ ਸਕਦੀ ਸਕੀਮ ਦੱਬੀਆਂ ਕੁਚਲੀਆਂ ਜਾਤਾਂ ਦੇ ਜਾਇਜ਼ ਮੁਫਾਦਾਂ ਤੇ ਇਕ ਹਮਲੇ ਦੇ ਤੌਰ ਉੱਤੇ ਅਤੇ ਉਨ੍ਹਾਂ ਦੇ ਮੁਫਾਦਾਂ ਦੇ ਇਕ ਦੁਸ਼ਮਣ ਵਜੋਂ ਆਲੋਚਨਾਤਮਿਕ ਗਾਇਣ ਹੈ।

3. ਮਹਾਨ ਜੀ.ਜੀ. ਅਗਰਕਾਰ ਜਿਸ 'ਤੇ ਖ਼ੁਦ ਆਪਣੇ ਉੱਪਰ ਤੇ ਉਸ ਦੇ ਸਮਾਜ ਸੁਧਾਰ ਦੇ ਦਸਤੇ ਤੇ ਕੰਮ ਕਾਰਨ ਪੂਨਾ ਦੇ ਬ੍ਰਾਹਮਣਾਂ ਦੁਆਰਾ ਬੁਰੀ ਤਰ੍ਹਾਂ ਜ਼ੁਲਮ ਢਾਹਿਆ ਗਿਆ ਸੀ, ਅੰਮ੍ਰਿਤ ਲਾਲ ਦੇ ਬਿਆਨ ਨਾਲ ਲਗਾਇਆ ਗਿਆ ਲੇਬਲ ਨਹੀਂ ਹੈ।

4. ਡਾ. ਅੰਬੇਡਕਰ ਦੇ ਕਾਲਜ ਲਈ ਚੁਣਿਆ ਗਿਆ ਸਥਾਨ ਕੋਹੇਨੂਰ ਮਿਲਜ਼ ਦੇ ਨਾਲ ਨਹੀਂ ਜੁੜਦਾ ਅਤੇ ਇਸ ਕਰਕੇ ਕਿਸੇ ਵੀ ਤਰ੍ਹਾਂ ਨਾ-ਯੋਗ ਹੈ।

**(ਚਲਦਾ)**



ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061



ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

1. ਮਾਨਸਿਕ ਤਣਾਓ ਨੂੰ ਘਟਾਓ।
2. ਸਰੀਰਕ ਤਣਾਓ ਨੂੰ ਘਟਾਓ : ਬੈਠਣ ਅਤੇ ਖੜੇ ਹੋਣ ਸਮੇਂ ਸਰੀਰਕ ਢਾਂਚਾ ਠੀਕ ਰੱਖੋ, ਇਹ ਤੁਹਾਨੂੰ ਗਰਦਨ ਅਤੇ ਮੋਢਿਆਂ ਦੀਆਂ ਮਾਸਪੇਸ਼ੀਆਂ ਦੇ ਤਣਾਓ ਤੋਂ ਬਚਣ ਲਈ ਸਹਾਈ ਹੋਵੇਗਾ।
3. ਰੋਜ਼ਾਨਾ ਦੀ ਕਸਰਤ ਤਣਾਓ ਦੂਰ ਕਰਦੀ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਸਿਰ ਦਰਦ ਵਾਰ-ਵਾਰ ਹੋਵੇ।
2. ਬਹੁਤ ਜ਼ਿਆਦਾ ਸਿਰ ਦਰਦ ਹੋਵੇ।
3. ਸਿਰ ਦਰਦ ਦੇ ਨਾਲ ਨਾਲ ਬੁਖ਼ਾਰ ਹੋਵੇ, ਉਲਟੀਆਂ ਆਉਣ ਜਾਂ ਧੁੰਦਲਾ ਦਿਖਾਈ ਦੇਵੇ।

**ਸਿਰ ਦਰਦ ਇੱਕ ਐਮਰਜੈਂਸੀ ਹੈ, ਜੇਕਰ : ਤੁਹਾਨੂੰ ਹੇਠ ਲਿਖੇ ਲੱਛਣ ਹਨ :**

1. ਸਿਰ ਦਰਦ ਦੇ ਨਾਲ ਨਾਲ ਬੁਖ਼ਾਰ, ਜੀਅ ਕੱਚਾ ਹੋਣਾ, ਉਲਟੀਆਂ ਅਤੇ ਗਰਦਨ ਦਾ ਅਕੜਾਓ ਹੋਣਾ।
2. ਧੁੰਦਲਾ ਦਿੱਸਣਾ, ਬੋਲਣ ਵਿੱਚ ਮੁਸ਼ਕਲ ਆਉਣੀ ਜਾਂ ਤੁਹਾਡੇ ਸਰੀਰ ਦੇ ਕਿਸੇ ਇੱਕ ਪਾਸੇ ਦਾ ਕਮਜ਼ੋਰ ਹੋਣਾ।
3. ਬਿਨਾਂ ਕਿਸੇ ਖ਼ਾਸ ਕਾਰਨ ਤੋਂ ਅਚਾਨਕ ਬਹੁਤ ਜ਼ਿਆਦਾ ਸਿਰ ਦਰਦ ਹੋਣਾ।
4. ਜੇ ਤੁਸੀਂ ਆਪਣੀ ਠੋਡੀ ਦੇ ਨਾਲ ਆਪਣੀ ਛਾਤੀ ਨੂੰ ਛੂਹਣ ਦੀ ਕੋਸ਼ਿਸ਼ ਕਰੋ ਅਤੇ ਉਦੋਂ ਸਿਰ ਦਰਦ ਵੱਧ ਜਾਵੇ।

**ਸਿਰ ਦਰਦ ਦੇ ਕੁਝ ਹੋਰ ਕਾਰਨ**

1. ਅੱਖਾਂ ਦੇ ਦਰਦ, ਨਿਗਾਹ ਘਟਣ ਜਾਂ ਗਲਾਉਕੋਮਾ ਦੇ ਕਾਰਨ ਸਿਰ ਦਰਦ ਹੋਣਾ - ਆਪਣੇ ਡਾਕਟਰ ਨੂੰ ਦਿਖਾਓ ।
2. ਬੁਖ਼ਾਰ ਅਤੇ ਸਾਈਨਸ ਦੇ ਇਨਫ਼ੈਕਸ਼ਨ ਕਾਰਨ ਸਿਰ ਦਰਦ - ਆਪਣੇ ਡਾਕਟਰ ਨੂੰ ਦਿਖਾਓ ।
3. ਐਲਰਜੀ ਦੇ ਕਾਰਨ ਸਿਰ ਦਰਦ - ਐਲਰਜੀ ਦੇ ਇਲਾਜ ਲਈ ਆਪਣੇ ਡਾਕਟਰ ਨੂੰ ਦਿਖਾਓ।




4. ਸਵੇਰੇ ਸੌਂ ਕੇ ਉੱਠਣ ਵੇਲੇ ਮਾਨਸਕਿ ਤਣਾਓ ਅਤੇ ਨਲਦ ਨਾ ਆਉਣ ਕਾਰਨ ਸਿਰ ਦਰਦ - ਮਾਨਸਿਕ ਤਣਾਓ ਦਾ ਅਧਿਆਇ ਪੜ੍ਹੋ।

**ਲਕਵਾ ਜਾਂ ਅਧਰੰਗ** (ਸਟ੍ਰੋਕ)

**ਸਟ੍ਰੋਕ ਕੀ ਹੈ ?**

ਦਿਮਾਗ਼ ਦੇ ਠੀਕ ਕੰਮ ਕਰਨ ਲਈ ਦਿਮਾਗ਼ ਨੂੰ ਲਗਾਤਾਰ ਖ਼ੂਨ ਦੀ ਸਪਲਾਈ ਦੀ ਜ਼ਰੂਰਤ ਹੈ। ਖ਼ੂਨ ਦਿਮਾਗ਼ ਦੇ ਹਰ ਇੱਕ ਹਿੱਸੇ ਵਿੱਚ ਜਾਂਦਾ ਹੈ। ਖ਼ੂਨ ਦੀ ਧਮਣੀ ਦੇ ਬੰਦ ਹੋਣ ਨਾਲ ਜਾਂ ਖ਼ੂਨ ਦੀ ਧਮਣੀ ਦੇ ਫਟਣ ਕਾਰਨ ਜੇਕਰ ਦਿਮਾਗ਼ ਦੇ ਕੁਝ ਹਿੱਸੇ 'ਚ ਖ਼ੂਨ ਦੀ ਸਪਲਾਈ ਰੁਕਦੀ ਹੈ ਤਾਂ ਦਿਮਾਗ਼ ਦਾ ਉਹ ਹਿੱਸਾ ਕੰਮ ਕਰਨਾ ਬੰਦ ਕਰ ਦਿੰਦਾ ਹੈ । ਇਸਨੂੰ ਸਟ੍ਰੋਕ (ਲਕਵਾ ਜਾਂ ਅਧਰੰਗ) ਹੋਣਾ ਕਹਿੰਦੇ ਹਨ।

**ਮਿੰਨੀ ਸਟ੍ਰੋਕ ਕੀ ਹੈ ?**

ਮਿੰਨੀ ਸਟ੍ਰੋਕ, ਇੱਕ ਸਟ੍ਰੋਕ ਦੀ ਤਰ੍ਹਾਂ ਹੀ ਹੈ, ਪਰ ਇਹ ਕੁਝ ਘੰਟਿਆਂ ਦੇ ਅੰਦਰ ਅੰਦਰ ਪੂਰੀ ਤਰ੍ਹਾਂ ਠੀਕ ਹੋ ਜਾਂਦਾ ਹੈ। ਮਿੰਨੀ ਸਟ੍ਰੋਕ, ਹੋਣ ਵਾਲੇ ਸਟ੍ਰੋਕ ਦੀ ਚਿਤਾਵਨੀ ਹੈ, ਇਸ ਲਈ ਇਸ. ਨਜ਼ਰ-ਅੰਦਾਜ਼ ਨਾ ਕਰੋ।

**ਲੱਛਣ :**

1. ਸਰੀਰ ਦੇ ਇੱਕ ਹਿੱਸੇ ਵਿੱਚ ਅਚਾਨਕ ਕਮਜ਼ੋਰੀ ਆਉਣਾ।
2. ਬੋਲ ਨਾ ਸਕਣਾ।
3. ਧੁੰਦਲਾ ਦਿੱਸਣਾ।
4. ਖਾਣੇ ਨੂੰ ਗਲੇ ਤੋਂ ਅੰਦਰ ਲੰਘਾਉਣ ਵਿੱਚ ਮੁਸ਼ਕਲ ਆਉਣੀ।
5. ਚੱਕਰ ਆਉਣੇ।
6. ਅਚਾਨਕ ਡਿੱਗਣਾ।
7. ਅਚਾਨਕ ਅਤੇ ਬਹੁਤ ਜ਼ਿਆਦਾ ਸਿਰ ਦਰਦ।

**ਕਾਰਨ :**

1. ਹਾਈ ਬਲੱਡ ਪ੍ਰੈਸ਼ਰ।
2. ਸ਼ੂਗਰ ਰੋਗ।
3. ਕੋਲੈਸਟਰੋਲ (ਖ਼ੂਨ ਵਿੱਚ ਤੇਲ (ਚਰਬੀ) ਦੀ ਮਾਤਰਾ) ਦਾ ਵੱਧ ਹੋਣਾ।
4. ਦਿਲ ਦੀ ਧੜਕਣ ਦਾ ਇੱਕ ਸੁਰ ਵਿੱਚ ਨਾ ਹੋਣਾ (ਏਟ੍ਰੀਅਲ ਫ਼ਿਬ੍ਰੀਲੇਸ਼ਨ)।
5. ਸਿਗਰਟ ਅਤੇ ਸ਼ਰਾਬ ਪੀਣਾ।
6. ਮੋਟਾਪਾ।
7. ਦਿਮਾਗ਼ ਵਿੱਚ ਖ਼ੂਨ ਦੀਆਂ ਧਮਣੀਆਂ ਦਾ ਫੈਲਣਾ (ਐਨਿਯੁਰਿਜ਼ਮ)।

**ਰੋਕਥਾਮ/ਬਚਾਅ :**

1. ਸਿਹਤਮੰਦ ਆਦਤਾਂ ਅਪਣਾਓ, ਜਿਵੇਂ ਭਾਰ ਨੂੰ ਕਾਬੂ ਵਿੱਚ ਰੱਖਣਾ, ਸੰਤੁਲਿਤ ਖ਼ੁਰਾਕ, ਰੋਜ਼ਾਨਾ ਕਸਰਤ ਕਰਨਾ, ਸਿਗਰਟ ਤੇ ਸ਼ਰਾਬ ਛੱਡਣਾ।
2. ਸਟ੍ਰੈੱਸ ਮੈਨੇਜਮੈਂਟ : ਮਾਨਸਿਕ ਤਣਾਓ ਤੋਂ ਮੁਕਤੀ ਪਾਉਣ ਦੇ ਉੱਚਿਤ ਤਰੀਕੇ ਸਿੱਖੋ।
3. ਸ਼ੂਗਰ ਰੋਗ ਨੂੰ ਕਾਬੂ ਵਿੱਚ ਰੱਖੋ।
4. ਆਪਣੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖੋ।
5. ਜੇਕਰ ਤੁਹਾਡੇ ਦਿਲ ਦੀ ਧੜਕਣ ਇੱਕ ਸੁਰ ਵਿੱਚ ਨਹਲ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ (ਪੈਲਪੀਟੇਸ਼ਨ)।
6. ਆਪਣੇ ਕੋਲੈਸਟਰੋਲ ਦੀ ਮਾਤਰਾ ਨੂੰ ਜਾਂਚਦੇ ਰਹੋ।
7. ਸਟ੍ਰੋਕ ਤੋਂ ਬਚਣ ਲਈ ਰੋਜ਼ਾਨਾ ਐਸਪੀਰਿਨ ਦੀ ਦਵਾਈ ਲੈਣਾ ਮੱਦਦਗਾਰ ਹੈ। ਐਸਪੀਰਿਨ ਦੀ ਦਵਾਈ ਲੈ ਰਹੇ ਹੋ ਤਾਂ ਆਪਣੇ ਡਾਕਟਰ ਦੀ ਸਲਾਹ ਲਵੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਦੱਖਣੀ ਏਸ਼ੀਆ ਟਰੰਪ ਪ੍ਰਸ਼ਾਸਨ ਦੀ ਮੁੱਖ ਤਰਜੀਹ: ਯੂ.ਐੱਸ. ਸਟੇਟ ਡਿਪਾਰਟਮੈਂਟ ਨੇ ਭਾਰਤ ਸਮੇਤ ਗੁਆਂਢੀ ਮੁਲਕਾਂ ਨਾਲ ਰਣਨੀਤਕ ਭਾਈਵਾਲੀ ਦੇ ਖੋਲ੍ਹੇ ਵੇਰਵੇ

## ਅਮਰੀਕਾ ਬਣਿਆ ਭਾਰਤ ਦਾ ਸਭ ਤੋਂ ਵੱਡਾ LPG ਨਿਰਯਾਤਕ ਦੇਸ਼; 10 ਸਾਲਾ ਰੱਖਿਆ ਸਮਝੌਤਾ ਤੇ 'ਸ਼ਾਂਤੀ ਐਕਟ' ਰਾਹੀਂ ਸਿਵਲ ਪ੍ਰਮਾਣੂ ਭਾਈਵਾਲੀ ਨੂੰ ਵੱਡਾ ਹੁਲਾਰਾ; ਨੇਪਾਲ, ਬੰਗਲਾਦੇਸ਼ ਤੇ ਸ੍ਰੀਲੰਕਾ ਨਾਲ ਵਧਿਆ ਸਹਿਯੋਗ

ਨਿਊਯਾਰਕ : ਅਮਰੀਕੀ ਵਿਦੇਸ਼ ਮੰਤਰਾਲੇ (U.S. Department of State) ਦੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਬਾਰੇ ਬਿਊਰੋ ਦੀ ਡਿਪਟੀ ਸਹਾਇਕ ਸਕੱਤਰ ਬੈਥਨੀ ਮੌਰੀਸਨ (Bethany Morrison) ਨੇ ਨਿਊਯਾਰਕ ਵਿਖੇ ਇੱਕ ਅਹਿਮ ਪ੍ਰੈੱਸ ਬ੍ਰੀਫਿੰਗ ਦੌਰਾਨ ਸਪੱਸ਼ਟ ਕੀਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਅਧੀਨ ਸਮੁੱਚਾ ਦੱਖਣੀ ਏਸ਼ੀਆਈ ਖਿੱਤਾ ਅਮਰੀਕਾ ਦੀ ਵਿਦੇਸ਼ ਨੀਤੀ ਦਾ ਕੇਂਦਰੀ ਧੁਰਾ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰੀ ਹੋਰਨਾਂ ਸੰਕਟਾਂ ਕਾਰਨ ਅਤੀਤ ਵਿੱਚ ਅਕਸਰ ਪਿਛੋਕੜ ਵਿੱਚ ਧੱਕੇ ਜਾਣ ਵਾਲੇ ਇਸ ਖਿੱਤੇ ਅੰਦਰ ਹੁਣ ਊਰਜਾ, ਰੱਖਿਆ, ਵਪਾਰ ਅਤੇ ਕਵਾਡ (QUAD) ਵਰਗੇ ਬਹੁ-ਪੱਖੀ ਮੰਚਾਂ ਰਾਹੀਂ ਨਿਰਣਾਇਕ ਤੇ ਇਤਿਹਾਸਕ ਪ੍ਰਗਤੀ ਦਰਜ ਕੀਤੀ ਗਈ ਹੈ।




ਬੈਥਨੀ ਮੌਰੀਸਨ ਨੇ ਭਾਰਤ, ਨੇਪਾਲ, ਸ੍ਰੀਲੰਕਾ, ਬੰਗਲਾਦੇਸ਼ ਅਤੇ ਮਾਲਦੀਵ ਨਾਲ ਅਮਰੀਕਾ ਦੇ ਪੁਖ਼ਤਾ ਹੁੰਦੇ ਕੂਟਨੀਤਕ ਅਤੇ ਆਰਥਿਕ ਸੰਬੰਧਾਂ ਦਾ ਵਿਸਥਾਰਤ ਲੇਖਾ-ਜੋਖਾ ਪੇਸ਼ ਕਰਦਿਆਂ ਐਲਾਨ ਕੀਤਾ ਕਿ ਦੋਵਾਂ ਧਿਰਾਂ ਵਿਚਾਲੇ ਇਹ ਭਾਈਵਾਲੀ ਬੇਮਿਸਾਲ ਉਚਾਈਆਂ ਛੂਹ ਰਹੀ ਹੈ।

**ਭਾਰਤ ਨਾਲ ਰਿਸ਼ਤੇ ਨਵੀਂ ਸਿਖ਼ਰ 'ਤੇ: ਊਰਜਾ ਅਤੇ ਰੱਖਿਆ ਖੇਤਰ 'ਚ ਵੱਡੀਆਂ ਪੁਲਾਂਘਾਂ**

ਬੈਥਨੀ ਮੌਰੀਸਨ ਨੇ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਦੀ ਸ਼ਲਾਘਾ ਕਰਦਿਆਂ ਪ੍ਰਮੁੱਖ ਪ੍ਰਾਪਤੀਆਂ ਗਿਣਵਾਈਆਂ:

LPG ਬਰਾਮਦ ਵਿੱਚ ਅਮਰੀਕਾ ਮੋਹਰੀ: ਭਾਰਤ ਦੀ ਊਰਜਾ ਸੁਰੱਖਿਆ ਅਤੇ ਸਪਲਾਈ ਚੇਨ ਦੇ ਵਿਭਿੰਨਤਾ ਪ੍ਰੋਗਰਾਮ ਤਹਿਤ ਅਮਰੀਕਾ ਹੁਣ ਭਾਰਤ ਨੂੰ ਤਰਲ ਪੈਟਰੋਲੀਅਮ ਗੈਸ (LPG) ਨਿਰਯਾਤ ਕਰਨ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਮੁਲਕ ਬਣ ਗਿਆ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਊਰਜਾ ਕਾਰੋਬਾਰ ਨੂੰ ਨਵੀਂ ਮਜ਼ਬੂਤੀ ਮਿਲੀ ਹੈ।

10 ਸਾਲਾ ਰੱਖਿਆ ਢਾਂਚਾ: ਦੋਵਾਂ ਦੇਸ਼ਾਂ ਨੇ ਅਗਲੇ ਦਹਾਕੇ ਲਈ ਸੁਰੱਖਿਆ ਅਤੇ ਰੱਖਿਆ ਉਪਕਰਨਾਂ ਦੇ ਸਾਂਝੇ ਉਤਪਾਦਨ ਨੂੰ ਹੁਲਾਰਾ ਦੇਣ ਹਿੱਤ 10 ਸਾਲਾ ਰੱਖਿਆ ਫਰੇਮਵਰਕ 'ਤੇ ਸਹੀ ਪਾਈ ਹੈ।

'ਸ਼ਾਂਤੀ ਐਕਟ' ਤੇ ਪ੍ਰਮਾਣੂ ਸੁਧਾਰ: ਭਾਰਤ ਵੱਲੋਂ ਦੋ ਦਹਾਕਿਆਂ ਵਿੱਚ ਪਹਿਲੀ ਵਾਰ ਪ੍ਰਮਾਣੂ ਰੈਗੂਲੇਟਰੀ ਪ੍ਰਣਾਲੀ ਵਿੱਚ ਵੱਡਾ ਸੁਧਾਰ ਕਰਦਿਆਂ 'ਸ਼ਾਂਤੀ ਐਕਟ' (Shanti Act) ਪਾਸ ਕੀਤਾ ਗਿਆ ਹੈ, ਜਿਸ ਨਾਲ ਅਮਰੀਕੀ ਕੰਪਨੀਆਂ ਨਾਲ ਸਿਵਲ ਪ੍ਰਮਾਣੂ ਊਰਜਾ ਪ੍ਰੋਜੈਕਟਾਂ ਦੀ ਰਫ਼ਤਾਰ ਤੇਜ਼ ਹੋ ਗਈ ਹੈ।

**ਨੇਪਾਲ ਆਫ਼ਤ ਰਾਹਤ ਅਤੇ ਸ੍ਰੀਲੰਕਾ-ਬੰਗਲਾਦੇਸ਼ ਨਾਲ ਸਾਂਝ**

ਖਿੱਤੇ ਦੇ ਹੋਰਨਾਂ ਗੁਆਂਢੀ ਮੁਲਕਾਂ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਅਮਰੀਕੀ ਅਧਿਕਾਰੀ ਨੇ ਦੱਸਿਆ:

1. ਨੇਪਾਲ ਦੀ ਆਫ਼ਤ ਮੌਕੇ ਵੱਡੀ ਮਦਦ: ਨੇਪਾਲ ਵਿੱਚ ਆਈ ਕੁਦਰਤੀ ਆਫ਼ਤ ਦੌਰਾਨ ਅਮਰੀਕਾ ਨੇ ਤੁਰੰਤ ਮਦਦ ਭੇਜੀ। ਹਾਲ ਹੀ ਵਿੱਚ 31 ਮਿਲੀਅਨ ਡਾਲਰ ਦੀ ਵਾਧੂ ਰਾਹਤ ਦਾ ਐਲਾਨ ਕਰਦਿਆਂ ਕੁੱਲ ਸਹਾਇਤਾ 36 ਮਿਲੀਅਨ ਡਾਲਰ ਪਹੁੰਚਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ USAID ਦੇ ਪ੍ਰਬੰਧ ਨੂੰ ਸਟੇਟ ਡਿਪਾਰਟਮੈਂਟ ਨਾਲ ਸਿੱਧਾ ਜੋੜਨ ਮਗਰੋਂ ਆਫ਼ਤ ਪ੍ਰਬੰਧਨ ਫ਼ੰਡਾਂ ਦੀ ਵੰਡ ਹੋਰ ਸੁਚਾਰੂ ਹੋਈ ਹੈ।
2. ਸ੍ਰੀਲੰਕਾ ਦੀ ਸਮੁੰਦਰੀ ਭੂਮਿਕਾ: ਹਿੰਦ ਮਹਾਸਾਗਰ ਵਿੱਚ ਵਪਾਰਕ ਜਹਾਜ਼ਰਾਨੀ ਦੀ ਸੁਰੱਖਿਆ ਅਤੇ ਖੇਤਰੀ ਤਣਾਅ ਦਰਮਿਆਨ ਸ੍ਰੀਲੰਕਾ ਅਮਰੀਕਾ ਲਈ ਇੱਕ ਮਹੱਤਵਪੂਰਨ ਭਾਈਵਾਲ ਵਜੋਂ ਉੱਭਰਿਆ ਹੈ।
3. ਬੰਗਲਾਦੇਸ਼ ਨਾਲ ਵਪਾਰਕ ਛਾਲ: ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਉਪਰੰਤ ਅਮਰੀਕੀ ਹਵਾਬਾਜ਼ੀ ਕੰਪਨੀ 'ਬੋਇੰਗ' (Boeing) ਨਾਲ ਇੱਕ ਵੱਡੇ ਜਹਾਜ਼ ਖ਼ਰੀਦ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ, ਅਤੇ ਸਿਵਲ ਪ੍ਰਮਾਣੂ ਸਹਿਯੋਗ ਦੇ ਸਹਿਮਤੀ ਪੱਤਰ (MOU) 'ਤੇ ਦਸਤਖ਼ਤ ਕੀਤੇ ਜਾ ਰਹੇ ਹਨ।

ਬੈਥਨੀ ਮੌਰੀਸਨ ਨੇ ਸਪੱਸ਼ਟ ਕੀਤਾ ਕਿ ਜ਼ਮੀਨੀ ਹਕੀਕਤ ਇਹ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਆਉਣ ਵਾਲੇ ਹਫ਼ਤਿਆਂ ਵਿੱਚ ਇਸੇ ਸਾਲ ਦੂਜੀ ਵਾਰ ਦੱਖਣੀ ਏਸ਼ੀਆ ਦੇ ਵਿਸਥਾਰਤ ਦੌਰੇ 'ਤੇ ਜਾ ਰਹੇ ਹਨ। ਖਿੱਤੇ ਦੇ ਹਰੇਕ ਦੇਸ਼ ਵਿੱਚ ਅਮਰੀਕੀ ਵਿਸ਼ੇਸ਼ ਦੂਤਾਂ ਦੀ ਸਰਗਰਮੀ ਇਹ ਦਰਸਾਉਂਦੀ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਇਹ ਰਣਨੀਤਕ ਸਬੰਧ ਹੋਰ ਮਜ਼ਬੂਤ ਅਤੇ ਬਹੁ-ਪੱਖੀ ਰੂਪ ਧਾਰਨ ਕਰਨਗੇ।

| ਅਮਰੀਕਾ-ਦੱਖਣੀ ਏਸ਼ੀਆ ਸੰਬੰਧਾਂ ਦੇ ਪ੍ਰਮੁੱਖ ਅੰਕੜੇ ਅਤੇ ਵੇਰਵੇ | | |
|---|---|---|
| ਦੇਸ਼ | ਪ੍ਰਮੁੱਖ ਖੇਤਰ / ਸਮਝੌਤੇ | ਮੁੱਖ ਉਪਲਬਧੀ / ਵੇਰਵਾ |
| ਭਾਰਤ (India) | ਰੱਖਿਆ, ਪ੍ਰਮਾਣੂ ਊਰਜਾ ਅਤੇ ਊਰਜਾ ਵਪਾਰ | 10 ਸਾਲਾ ਰੱਖਿਆ ਢਾਂਚਾ ਸਮਝੌਤਾ; 'ਸ਼ਾਂਤੀ ਐਕਟ' ਰਾਹੀਂ ਸਿਵਲ ਪ੍ਰਮਾਣੂ ਸਹਿਯੋਗ; ਅਮਰੀਕਾ ਭਾਰਤ ਦਾ ਸਭ ਤੋਂ ਵੱਡਾ LPG ਸਪਲਾਇਰ ਬਣਿਆ |
| ਨੇਪਾਲ (Nepal) | ਮਨੁੱਖੀ ਸਹਾਇਤਾ ਅਤੇ ਆਫ਼ਤ ਪ੍ਰਬੰਧਨ | ਕੁਦਰਤੀ ਆਫ਼ਤ ਮਗਰੋਂ $31 ਮਿਲੀਅਨ ਦੀ ਵਾਧੂ ਰਾਹਤ; ਕੁੱਲ $36 ਮਿਲੀਅਨ ਨਾਲ ਅਮਰੀਕਾ ਚੋਟੀ ਦਾ ਸਹਾਇਤਾ ਦਾਤਾ (Top Donor) ਬਣਿਆ |
| ਸ੍ਰੀਲੰਕਾ (Sri Lanka) | ਸਮੁੰਦਰੀ ਸੁਰੱਖਿਆ ਤੇ ਬੁਨਿਆਦੀ ਢਾਂਚਾ | ਹਿੰਦ ਮਹਾਸਾਗਰ ਵਿੱਚ ਸਮੁੰਦਰੀ ਨਿਗਰਾਨੀ; ਚੱਕਰਵਾਤ 'ਦਿਤਵਾਮ' ਮਗਰੋਂ ਸੁਰੱਖਿਆ ਗੱਠਜੋੜ ਮਜ਼ਬੂਤ |
| ਬੰਗਲਾਦੇਸ਼ (Bangladesh) | ਹਵਾਬਾਜ਼ੀ ਤੇ ਸਿਵਲ ਪ੍ਰਮਾਣੂ ਸਹਿਯੋਗ | ਬੋਇੰਗ (Boeing) ਜਹਾਜ਼ਾਂ ਦਾ ਵੱਡਾ ਵਪਾਰਕ ਸੌਦਾ; ਸਿਵਲ ਪ੍ਰਮਾਣੂ ਸਹਿਯੋਗ MOU 'ਤੇ ਦਸਤਖ਼ਤ ਤੈਅ |
| ਮਾਲਦੀਵ (Maldives) | ਹਿੰਦ ਮਹਾਸਾਗਰ ਦੀ ਭੂ-ਰਾਜਨੀਤਿਕ ਸਥਿਰਤਾ | ਆਪਸੀ ਚਿੰਤਾਵਾਂ ਦੂਰ ਕਰਕੇ ਦੁਵੱਲੇ ਸੰਬੰਧਾਂ ਨੂੰ ਮੁੜ ਰਣਨੀਤਕ ਲੀਹ 'ਤੇ ਲਿਆਉਣ ਦੇ ਯਤਨ ਜਾਰੀ |

**ਅੰਤਰਰਾਸ਼ਟਰੀ ਕੂਟਨੀਤਕ ਤੇ ਪੱਤਰਕਾਰੀ ਬੇਦਾਅਵਾ**

ਸਰੋਤ ਤੇ ਪ੍ਰਮਾਣਿਕਤਾ: ਇਹ ਰਿਪੋਰਟ ਯੂ.ਐੱਸ. ਸਟੇਟ ਡਿਪਾਰਟਮੈਂਟ (ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਬਿਊਰੋ) ਦੀ ਡਿਪਟੀ ਸਹਾਇਕ ਸਕੱਤਰ ਬੈਥਨੀ ਮੌਰੀਸਨ ਵੱਲੋਂ ਨਿਊਯਾਰਕ ਵਿਖੇ ਕੀਤੀ ਗਈ ਅਧਿਕਾਰਤ ਪ੍ਰੈੱਸ ਬ੍ਰੀਫਿੰਗ ਅਤੇ ਜਾਰੀ ਵੇਰਵਿਆਂ 'ਤੇ ਆਧਾਰਿਤ ਹੈ।

ਦੁਵੱਲੇ ਸਮਝੌਤਿਆਂ ਦਾ ਦਾਇਰਾ: ਊਰਜਾ ਨਿਰਯਾਤ (LPG), ਰੱਖਿਆ ਫਰੇਮਵਰਕ, ਬੋਇੰਗ ਵਪਾਰਕ ਸੌਦੇ ਅਤੇ ਸਿਵਲ ਪ੍ਰਮਾਣੂ MOU ਸੰਬੰਧੀ ਅੰਕੜੇ ਅਤੇ ਪ੍ਰੋਟੋਕੋਲ ਦੋਵਾਂ ਦੇਸ਼ਾਂ ਦੀਆਂ ਸੰਬੰਧਤ ਸਰਕਾਰਾਂ ਅਤੇ ਰੈਗੂਲੇਟਰੀ ਸੰਸਥਾਵਾਂ ਦੇ ਕਾਨੂੰਨੀ ਨੇਮਾਂ ਅਧੀਨ ਲਾਗੂ ਹੋਣਗੇ।

# ਗੁਰੂ ਗ੍ਰੰਥ ਸਾਹਿਬ ਦੀ ਰਾਖੀ ਵਿੱਚ ਕੋਈ ਕਸਰ ਨਹੀਂ ਛੱਡਾਂਗੇ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ 7 ਮੈਂਬਰੀ ਕਮੇਟੀ ਨਾਲ ਮੀਟਿੰਗ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਸਰਕਾਰੀ ਰਿਹਾਇਸ਼ ’ਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026 ਸਬੰਧੀ ਬਣਾਈ 7 ਮੈਂਬਰੀ ਕਮੇਟੀ ਨਾਲ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਕਮੇਟੀ ਮੈਂਬਰਾਂ ਨਾਲ ਐਕਟ ਵਿੱਚ ਸੋਧਾਂ ਬਾਰੇ ਬਾਰੀਕੀ ਨਾਲ ਗੱਲਬਾਤ ਕੀਤੀ। ਦੋ ਘੰਟੇ ਦੇ ਕਰੀਬ ਚੱਲੀ ਮੀਟਿੰਗ ਵਿੱਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖ਼ਾਲਸਾ, ਰਾਮਪੁਰ ਖੇੜਾ ਦੇ ਸੰਤ ਬਾਬਾ ਸੇਵਾ ਸਿੰਘ, ਸੇਵਾਮੁਕਤ ਜਸਟਿਸ ਜਸਪਾਲ ਸਿੰਘ, ਸੇਵਾਮੁਕਤ ਜਸਟਿਸ ਗੁਰਬੀਰ ਸਿੰਘ, ਸਾਬਕਾ ਆਈ ਪੀ ਐੱਸ ਅਧਿਕਾਰੀ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਜਤਿੰਦਰ ਸਿੰਘ ਔਲਖ ਅਤੇ ਐਡਵੋਕੇਟ ਪ੍ਰੀਤ ਇੰਦਰ ਪਾਲ ਸਿੰਘ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਤਜਵੀਜ਼ਸ਼ੁਦਾ ਸੋਧਾਂ ਦੀ ਸਮੀਖਿਆ ਕੀਤੀ ਜਾਵੇ ਅਤੇ ਅਕਾਲ ਤਖ਼ਤ ਵੱਲੋਂ ਬਣਾਏ ਪੈਨਲ ਨਾਲ ਮੀਟਿੰਗਾਂ ਕੀਤੀਆਂ ਜਾਣ ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰਾਖੀ ਲਈ ਕਾਨੂੰਨ ਵਿੱਚ ਕੋਈ ਕਸਰ ਨਾ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਬੇਅਦਬੀ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਪੰਜਾਬ ਵਿੱਚ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਅਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ। ਇਸ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਇਸ ਕਾਨੂੰਨ ਨੇ ਬੇਅਦਬੀ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਕਾਰਨ ਸਿੱਖ ਸੰਗਤ ਦੇ ਵਲੂੰਧਰੇ ਹਿਰਦਿਆਂ ਨੂੰ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਮਕਸਦ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਯਕੀਨੀ ਬਣਾਉਣਾ ਹੈ ਤਾਂ ਜੋ ਕੋਈ ਵੀ ਵਿਅਕਤੀ ਕਦੇ ਵੀ ਅਜਿਹਾ ਗੰਭੀਰ ਅਪਰਾਧ ਕਰਨ ਦੀ ਹਿੰਮਤ ਨਾ ਕਰ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਸੁਝਾਈਆਂ ਗਈਆਂ ਸੋਧਾਂ ’ਤੇ ਚਰਚਾ ਕੀਤੀ ਜਾਵੇਗੀ ਤਾਂ ਜੋ ਸਾਰੇ ਕਾਨੂੰਨੀ, ਸੰਵਿਧਾਨਕ ਅਤੇ ਹੋਰ ਸਬੰਧਤ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਸੁਖਾਵਾਂ ਹੱਲ ਕੱਢਿਆ ਜਾ ਸਕੇ। ਮੁੱਖ ਮੰਤਰੀ ਨੇ ਨੋਡਲ ਅਧਿਕਾਰੀ ਪੀ ਸੀ ਐੱਸ ਹਰਜੀਤ ਸਿੰਘ ਸੰਧੂ ਨੂੰ ਹਦਾਇਤ ਕੀਤੀ ਕਿ ਉਹ ਭਵਿੱਖੀ ਮੀਟਿੰਗਾਂ ਲਈ ਮੁਕੰਮਲ ਤਾਲਮੇਲ ਯਕੀਨੀ ਬਣਾਉਣ ਅਤੇ ਕਮੇਟੀ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ, ਬੇਅਦਬੀ ਆਦਿ ਮਾਮਲਿਆਂ ਨਾਲ ਸਬੰਧਤ ਕਾਨੂੰਨੀ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਤਹਿਤ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਐਕਟ-2026 ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਸੀ। ਇਸ ’ਤੇ ਅਕਾਲ ਤਖ਼ਤ ਦੇ ਜਥੇਦਾਰ ਨੇ ਕੁਝ ਇਤਰਾਜ਼ ਜਤਾਇਆ ਸੀ, ਜਿਸ ਵਿੱਚ ਸੋਧਾਂ ਨੂੰ ਲੈ ਕੇ ਹੀ ਪੰਜਾਬ ਸਰਕਾਰ ਵੱਲੋਂ 7 ਮੈਂਬਰੀ ਕਮੇਟੀ ਬਣਾਈ ਗਈ ਹੈ।

**ਅਕਾਲ ਤਖ਼ਤ ਵੱਲੋਂ ਲਾਏ ਇਤਰਾਜ਼ ਦੂਰ ਕੀਤੇ ਜਾਣਗੇ: ਗਿਆਨੀ ਰਘਬੀਰ ਸਿੰਘ**

ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਜਤਾਏ ਗਏ ਇਤਰਾਜ਼ਾਂ ਨੂੰ ਆਪਸੀ ਗੱਲਬਾਤ ਨਾਲ ਦੂਰ ਕੀਤਾ ਜਾਵੇਗਾ। ਉਨ੍ਹਾਂ ਸ਼ ?ੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਮਾਮਲੇ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਕ ਬੀਬੀ ਦੇ ਸਰਾਂ ਵਿੱਚ 6-7 ਮਹੀਨੇ ਰਹਿਣਾ ਤੇ ਸ਼ੋ੍ਰਮਣੀ ਕਮੇਟੀ ਵੱਲੋਂ ਸਹੂਲਤਾਂ ਦੇਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਇਸ ਮਾਮਲੇ ਵਿੱਚ ਪੁਲੀਸ ਤੇ ਸ਼ੋ੍ਰਮਣੀ ਕਮੇਟੀ ਵੱਲੋਂ ਬਣਾਈ ਕਮੇਟੀ ਪਾਰਦਰਸ਼ੀ ਢੰਗ ਨਾਲ ਜਾਂਚ ਕਰ ਕੇ ਸੱਚ ਸਾਹਮਣੇ ਲਿਆਵੇ।

# ਲਾਹੌਰ ’ਚ ਸਿੱਖ ਵਿਰਾਸਤ ’ਤੇ ਉਸਾਰੀ ਦਾ ਖਦਸ਼ਾ, ਜਥੇਦਾਰ ਗੜਗੱਜ ਨੇ ਮਰੀਅਮ ਨਵਾਜ਼ ਨੂੰ ਲਿਖਿਆ ਪੱਤਰ

ਅੰਮ੍ਰਿਤਸਰ : ਲਾਹੌਰ ਦੇ ਅੰਦਰੂਨ ਸ਼ਹਿਰ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਵਿਰਾਸਤੀ ਸਥਾਨਾਂ ਦੀ ਸੁਰੱਖਿਆ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪਾਕਿਸਤਾਨ ਪੰਜਾਬ ਸਰਕਾਰ ਦਾ ਧਿਆਨ ਖਿੱਚਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਾਕਿਸਤਾਨ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਨੂੰ ਪੱਤਰ ਲਿਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਬੰਧਤ ‘ਲਾਲ ਖੂਹ, ਕੱਟੜੀ ਚੰਦੂ’ ਦੀ ਮੌਜੂਦਾ ਸਥਿਤੀ ਦੀ ਤੁਰੰਤ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨੂੰ ਭੇਜੇ ਪੱਤਰ ਦੀ ਕਾਪੀ ਪੰਜਾਬ ਸਰਕਾਰ ਦੇ ਪ੍ਰੋਵਿੰਸ਼ੀਅਲ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੂੰ ਵੀ ਭੇਜੀ ਗਈ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਪੱਤਰ ਦਾ ਉਦੇਸ਼ ਕਿਸੇ ਸਰਕਾਰ, ਸੰਸਥਾ ਜਾਂ ਵਿਅਕਤੀ ’ਤੇ ਦੋਸ਼ ਲਗਾਉਣਾ ਨਹੀਂ, ਸਗੋਂ ਸਿੱਖ ਇਤਿਹਾਸ



ਨਾਲ ਜੁੜੀ ਸਾਂਝੀ ਵਿਰਾਸਤ ਦੀ ਸੰਭਾਲ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਰਾਹੀਂ ‘ਲਾਲ ਖੂਹ, ਕੱਟੜੀ ਚੰਦੂ’ ਦੇ ਆਲੇ-ਦੁਆਲੇ ਉਸਾਰੀ ਜਾਂ ਤਬਦੀਲੀ ਸਬੰਧੀ ਚਿੰਤਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ’ਚ ਆਈਆਂ ਹਨ। ਇਸ ਲਈ ਅਨੁਮਾਨਾਂ ਦੀ ਬਜਾਏ ਅਧਿਕਾਰਤ ਤੱਥਾਂ ਦੇ ਆਧਾਰ ’ਤੇ ਜਾਂਚ ਕਰਵਾਈ ਜਾਵੇ। ਜੇਕਰ ਕੋਈ ਉਸਾਰੀ ਜਾਂ ਤਬਦੀਲੀ ਚੱਲ ਰਹੀ ਹੈ ਤਾਂ ਜਾਂਚ ਮੁਕੰਮਲ ਹੋਣ ਤੱਕ ਉਸ ਨੂੰ ਰੋਕਿਆ ਜਾਵੇ। ਉਨ੍ਹਾਂ ਆਸ ਪ੍ਰਗਟਾਈ ਕਿ ਪਾਕਿਸਤਾਨ ਪੰਜਾਬ ਸਰਕਾਰ ਲੋੜੀਂਦੀ ਕਾਰਵਾਈ ਕਰਕੇ ਇਸ ਦੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼ੋ੍ਰਮਣੀ ਕਮੇਟੀ ਨੂੰ ਭੇਜੇਗੀ।

# ਕੈਪਟਨ ਅਮਰਿੰਦਰ ਦਾ ਇੰਟਰਵਿਊ, ਭਾਜਪਾ ’ਚ ਜਾਕੇ ਮੈਂ ਕੁੱਝ ਨਹੀਂ ਖੱਟਿਆ

## ਅਮਰਿੰਦਰ ਸਿੰਘ ਮੁੜ ਕਾਂਗਰਸ ’ਚ ਜਾਣ ਤੋਂ ਵੀ ਪਾਲਾ ਵੱਟ ਰਹੇ ਹਨ

## ਸਾਬਕਾ ਮੁੱਖ ਮੰਤਰੀ ਨੇ ਅਮ੍ਰਿਤਪਾਲ ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਕੀਤੀ ਵਕਾਲਤ ਕੀਤੀ



ਚੰਡੀਗੜ੍ਹ : ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਭਾਜਪਾ ’ਚ ਜਾਕੇ ਕੁੱਝ ਵੀ ਹਾਸਿਲ ਨਹੀਂ ਕੀਤਾ। ਨਾਲ ਹੀ ਇਹ ਵੀ ਕਿਹਾ ਹੈ ਕਿ ਉਹ ਮੁੜ ਤੋਂ ਕਾਂਗਰਸ ਵਿੱਚ ਨਹੀਂ ਜਾਣਾ ਚਾਹੁਣਗੇ। ਕੈਪਟਨ ਸਿੰਘ ਨੇ ਇਹ ਗੱਲਾਂ ਇੱਕ ਅੰਗਰੇਜ਼ੀ ਅਖਬਾਰ ਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਆਖੀਆਂ। ਜਿਵੇਂ ਕਿ ਅੱਜ ਕਲ੍ਹ ਚਰਚਾ ਹੋ ਰਹੀ ਹੈ ਕਿ ਜਿਹੜੇ ਵੀ ਨੇਤਾ ਆਪਣੀ ਮੂਲ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਗਏ ਨੇ ਉਥੇ ਉਨ੍ਹਾਂ ਨੂੰ ਉਹ ਸਤਿਕਾਰ ਨਹੀਂ ਮਿਲਿਆ ਜਿਸਦੇ ਉਹ ਹੱਕਦਾਰ ਸਨ, ਅਜਿਹੀ ਚਰਚਾ ਵਿੱਚ ਸਭਤੋਂ ਪਹਿਲਾ ਨਾਂਅ ਕੈਪਟਨ ਅਮਰਿੰਦਰ ਸਿੰਘ ਦਾ ਹੀ ਆਉਂਦਾ ਹੈ। ਤੁਹਾਨੂੰ ਪਤਾ ਹੋਵੇਗਾ ਕਿ ਉਹ ਚਾਰ ਸਾਲ ਪਹਿਲਾਂ ਹੀ ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਸਨ।

ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ, ‘ਕੁਝ ਨਹੀਂ ਖੱਟਿਆ’ ਮੈਂ ਭਾਜਪਾਈ ਬਣ ਕੇ। ਇਹ ਬੋਲ ਹੁਣ ਜਿੱਥੇ ਭਾਜਪਾ ਦੀ ਆਪਣੀ ਇੱਜਤ ਦਾ ਸਵਾਲ ਬਣ ਗਏ ਹਨ ਉੱਥੇ ਹੀ ਬਾਕੀ ਹੋਰ ਜੋ ਭਾਜਪਾ ਵਿੱਚ ਗਏ ਹਨ ਉਨ੍ਹਾਂ ਨੂੰ ਵੀ ਆਪਣੇ ਫੈਸਲੇ ਤੇ ਮੁੜਕੇ ਗ਼ੌਰ ਕਰਨ ਲਈ ਪ੍ਰੇਰਿਤ ਕਰਦੇ ਹਨ। ਕੈਂਪਟਨ ਨੇ ਸਾਫ ਕਿਹਾ ਹੈ ਕਿ ਉਹ ਮੁੱਖ ਮੰਤਰੀ ਦੀ ਦੌੜ ’ਚੋਂ ਬਾਹਰ ਹਨ। ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਭਾਜਪਾ ਨਾਲ ਚਾਰ ਸਾਲਾਂ ਵਿੱਚ ਉਨ੍ਹਾਂ ਨੂੰ ‘ਅਸਲ ’ਚ ਕੁੱਝ ਵੀ ਹਾਸਲ ਨਹੀਂ ਹੋਇਆ’ ਇੰਨਾ ਹੋਣ ਦੇ ਬਾਵਜੂਦ ਉਨ੍ਹਾਂ ਦੀ ਕਾਂਗਰਸ ਵਿੱਚ ਮੁੜ ਸ਼ਾਮਲ ਹੋਣ ਦੀ ਵੀ ਕੋਈ ਯੋਜਨਾ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਚੋਣਾਂ ਲੜਨ ਦੇ ਉਨ੍ਹਾਂ ਦੇ ਦਿਨ ਹੁਣ ‘ਅਸਰਦਾਰ ਢੰਗ ਨਾਲ ਖ਼ਤਮ’ ਹੋ ਚੁੱਕੇ ਹਨ।

ਕੈਪਟਨ ਦੇ ਇਸ ਇੰਟਰਵਿਊ ਦੀ ਚਰਚਾ ਇਸ ਲਈ ਵੀ ਹੈ ਕਿ ਨਾ ਤਾਂ ਭਾਜਪਾ ਤੇ ਨਾ ਹੀ ਕਾਂਗਰਸ ਨੇ ਹਜੇ ਤਕ, ਚੋਣਾਂ ਜਿੱਤਣ ਤੋਂ ਬਾਅਦ ਆਪਣੇ ਹੋਣ ਵਾਲੇ ਮੁੱਖ ਮੰਤਰੀ ਦਾ ਨਾਂਅ ਜ਼ਾਹਿਰ ਕੀਤਾ ਹੈ। ਕੈਪਟਨ ਜੋ ਕਿ ਹਮੇਸ਼ ਸਿਧਿ ਗੱਲ ਕਰਦੇ ਨੇ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ ਕਿ, “ਜਿੱਥੋਂ ਤੱਕ ਇਸ ਗੱਲ ਦਾ ਸਵਾਲ ਹੈ ਕਿ ਮੈਂ ਚਾਰ ਸਾਲਾਂ ਵਿੱਚ ਕੀ ਖੱਟਿਆ ਹੈ, ਅਸਲ ਵਿੱਚ ਕੁੱਝ ਨਹੀਂ। ਜੇ ਤੁਸੀਂ ਕਿਸੇ ਪਾਰਟੀ ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਸੀਂ ਉਮੀਦ ਕਰਦੇ ਹੋ ਕਿ ਤੁਹਾਡੇ ਨਾਲ ਸਲਾਹ ਕੀਤੀ ਜਾਵੇਗੀ, ਖ਼ਾਸ ਕਰ ਕੇ ਉਸ ਵਿਅਕਤੀ ਨਾਲ ਜਿਸ ਨੇ ਪੰਜਾਬ ਨੂੰ ਸਮਝਣ ਵਿੱਚ ਲਗਪਗ 60 ਸਾਲ ਬਿਤਾਏ ਹਨ। ਮੈਂ ਇਹ ਦਾਅਵਾ ਨਹੀਂ ਕਰ ਰਿਹਾ ਕਿ ਪੰਜਾਬ ਬਾਰੇ ਮੇਰੇ ਕੋਲ ਸਾਰੇ ਜਵਾਬ ਹਨ, ਪਰ ਮੈਂ ਇਸ ਸੂਬੇ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।

84 ਸਾਲ ਦੇ ਹੋ ਚੁੱਕੇ ਅਮਰਿੰਦਰ ਸਿੰਘ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਸਿਆਸੀ ਸਫ਼ਰ ਬਾਰੇ ਬਹੁਤ ਹੀ ਬੇਬਾਕੀ ਨਾਲ ਗੱਲਾਂ ਕੀਤੀਆਂ। ਖਾਸ ਗੱਲ ਇਹ ਕਿ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਭਾਜਪਾ ‘ਛੱਜ ਜਾਣ ਦੇ ਫ਼ੈਸਲੇ ’ਤੇ ਅਫ਼ਸੋਸ ਹੈ ਤਾਂ ਉਨ੍ਹਾਂ ਕਿਹਾ ਕਿ ਨਹੀਂ, ਉਨ੍ਹਾਂ ਨੂੰ ਕੋਈ ਅਫ਼ਸੋਸ ਨਹੀਂ ਹੈ। ਤੇ ਫੇਰ ਜਦੋਂ ਪੁੱਛਿਆ ਗਿਆ ਕਿ ਕੀ ਉਹ ਭਾਜਪਾ ਵਿੱਚ ਹੀ ਰਹਿਣਗੇ, ਤਾਂ ਉਨ੍ਹਾਂ ਅੱਗੋਂ ਸਵਾਲ ਕੀਤਾ ਕਿ ਉਣਹਾਬ ਨੂੰ ਦੱਸਿਆ ਜਾਵੇ ਕਿ ਉਨ੍ਹਾਂ ਕੋਲ ਹੋਰ ਵਿਕਲਪ ਕੀ ਹੈ।

ਕੈਪਟਨ ਅਮਰਿੰਦਰ ਸਿੰਘ ਤੋਂ ਜਦੋਂ 2027 ਦੀਆਂ ਚੋਣਾਂ ਬਾਰੇ ਕੋਈ ਭਵਿੱਖਬਾਣੀ ਕਰਨ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਹਾਲੇ ਤਾਂ ਇਹ ਵੀ ਸਾਫ਼ ਨਹੀਂ ਹੈ ਕਿ ਇਸ ਸਮੇਂ ਕਿਹੜੀ ਪਾਰਟੀ ਮੋਹਰੀ ਹੈ। ਪ੍ਰੰਤੂ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀ ਭੁੱਲ ਗਈ ਹੈ ਕਿ ਉਹ ਇੱਕ ਸਰਕਾਰ ਹੈ ਅਤੇ ਹੁਣ ਇਸ ਦੀ ਕੋਈ ਭਰੋਸੇਯੋਗਤਾ ਨਹੀਂ ਬਚੀ। ਅਕਾਲੀਆਂ ਬਾਰੇ ਉਨ੍ਹਾਂ ਕਿਹਾ ਕਿ ਕਈ ਧੜਿਆਂ ਵਿੱਚ ਵੰਡੀ ਜਾਣ ਕਾਰਨ ਉਹ ਆਪਣਾ ਵੱਕਾਰ ਗੁਆ ਚੁਕੇ ਹਨ। ਸਾਬਕਾ ਮੁੱਖ ਮੰਤਰੀ ਦਾ ਮੰਨਣਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਲਈ ਅਸਲ ਮੁਕਾਬਲਾ ‘ਆਪ’ ਅਤੇ ਕਾਂਗਰਸ ਵਿਚਕਾਰ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਭਾਜਪਾ ਆਪਣੀ ਰਣਨੀਤੀ ਵਿੱਚ ਸੁਧਾਰ ਨਹੀਂ ਕਰਦੀ, ਉਦੋਂ ਤੱਕ ਇਸ ਕੋਲ ਜ਼ਮੀਨੀ ਸਮਰਥਨ ਦੀ ਘਾਟ ਹੈ।

ਇੱਕ ਖਾਸ ਗੱਲ ਹੋਰ, ਉਹ ਇਹ ਕਿ ਕੈਪਟਨ ਅਮਰਿੰਦਰ ਸਿੰਘ ਨੇ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਉਸ ਨੂੰ ਬਾਹਰ ਆਕੇ ਚੋਣ ਲੜਨ ਦਿਓ। ਤੁਸੀਂ ਜਿੰਨਾ ਚਿਰ ਉਸ ਨੂੰ ਜੇਲ੍ਹ ਵਿੱਚ ਰੱਖੋਗੇ, ਉਹ ਉਂਨਾ ਹੀ ਪ੍ਰਸਿੱਧ ਹੁੰਦਾ ਜਾਵੇਗਾ, ਉਨ੍ਹਾਂ ਦਾਅਵੇ ਨਾਉ ਕਿਹਾ। ਉਨ੍ਹਾਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਕੈਦ ਕੱਟ ਰਹੇ ਜਗਤਾਰ ਸਿੰਘ ਹਵਾਰਾ ਸਣੇ ਲੰਮੇ ਸਮੇਂ ਤੋਂ ਜੇਲ੍ਹ ’ਚ ਬੰਦ, ਬੰਦੀ ਸਿੰਘਾਂ ਦੀ ਰਿਹਾਈ ਦੀ ਵੀ ਹਮਾਇਤ ਕੀਤੀ।

# ਪੰਜਾਬ ਦੀਆਂ ਸਰਕਾਰੀ ਕੋਠੀਆਂ ’ਤੇ ਨਾਜਾਇਜ਼ ਕਬਜ਼ਿਆਂ ਦਾ ਮੁੱਦਾ, ਰਾਜਪਾਲ ਨੂੰ ਦਿੱਤੀ ਗਈ ਸ਼ਿਕਾਇਤ

ਚੰਡੀਗੜ੍ਹ : ਇੱਥੇ ਸੈਕਟਰ-39 ਸਥਿਤ ਪੰਜਾਬ ਦੇ ਮੰਤਰੀਆਂ ਲਈ ਬਣੀਆਂ ਸਰਕਾਰੀ ਕੋਠੀਆਂ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ। ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਅੱਜ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਕੇ ਇਸ ਮਾਮਲੇ ਸਬੰਧੀ ਸ਼ਿਕਾਇਤ ਦਿੱਤੀ। ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਦੋਸ਼ ਲਗਾਇਆ ਕਿ ਸੈਕਟਰ-39 ’ਚ ਮੰਤਰੀਆਂ ਲਈ ਬਣੀਆਂ ਕਈ ਸਰਕਾਰੀ ਕੋਠੀਆਂ ’ਤੇ ਅਜਿਹੇ ਲੋਕ ਕਾਬਜ਼ ਹਨ, ਜਿਨ੍ਹਾਂ ਦਾ ਪੰਜਾਬ ਸਰਕਾਰ ’ਚ ਮੰਤਰੀ ਵਜੋਂ ਕੋਈ ਅਹੁਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਠੀਆਂ ਦੀ ਵਰਤੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ, ਜਦੋਂ ਕਿ ਜਿਨ੍ਹਾਂ ਮੰਤਰੀਆਂ ਨੂੰ ਸਰਕਾਰੀ ਰਿਹਾਇਸ਼ ਮਿਲਣੀ ਚਾਹੀਦੀ ਹੈ, ਉਨ੍ਹਾਂ ਸਬੰਧੀ ਸਥਿਤੀ ਸਪੱਸ਼ਟ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਸੈਕਟਰ-39 ਦੀਆਂ ਕਰੀਬ 12 ਕੋਠੀਆਂ ਦੀ ਸੂਚੀ ਮੌਜੂਦ ਹੈ ਅਤੇ ਇਨ੍ਹਾਂ ਕੋਠੀਆਂ ਦੀ ਅਲਾਟਮੈਂਟ ਅਤੇ ਵਰਤੋਂ ਦੀ ਜਾਂਚ ਹੋਣੀ ਚਾਹੀਦੀ ਹੈ। ਖਹਿਰਾ ਨੇ ਕਿਹਾ ਕਿ ਇੱਕ ਕੋਠੀ ਨੂੰ ਲੈ ਕੇ ਪਹਿਲਾਂ ਹੀ ਸੋਸ਼ਲ ਮੀਡੀਆ ’ਤੇ ਵੀ ਮਾਮਲਾ ਸਾਹਮਣੇ ਆ ਚੁੱਕਾ ਹੈ। ਉਨ੍ਹਾਂ ਮੁਤਾਬਕ ਕੋਠੀ ’ਚ ਰਹਿ ਰਹੇ ਵਿਅਕਤੀ ਵੱਲੋਂ ਖ਼ੁਦ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਸੀ ਕਿ ਇਹ ਸਰਕਾਰੀ ਰਿਹਾਇਸ਼ ਇੱਕ ਮੰਤਰੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਹੈ। ਇਸ ਮਾਮਲੇ ਨੂੰ ਉਨ੍ਹਾਂ ਨੇ ਸਰਕਾਰੀ ਕੋਠੀਆਂ ਦੀ ਵਰਤੋਂ ਨਾਲ ਜੋੜਦਿਆਂ ਰਾਜਪਾਲ ਦੇ ਧਿਆਨ ’ਚ ਲਿਆਂਦਾ। ਇਸੇ ਤਰ੍ਹਾਂ ਇੱਕ ਹੋਰ ਸਰਕਾਰੀ ਕੋਠੀ ਦਾ ਜ਼ਿਕਰ



ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਕਿ ਇਹ ਕੋਠੀ ਵੀ ਪਿਛਲੇ ਕਈ ਸਾਲਾਂ ਤੋਂ ਇੱਕ ਅਜਿਹੇ ਵਿਅਕਤੀ ਦੇ ਕਬਜ਼ੇ ਵਿੱਚ ਹੈ, ਜਿਸ ਦਾ ਮੰਤਰੀ ਮੰਡਲ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਸ ਮੰਤਰੀ ਲਈ ਇਹ ਰਿਹਾਇਸ਼ ਨਿਰਧਾਰਤ ਕੀਤੀ ਗਈ ਸੀ, ਉਹ ਖ਼ੁਦ ਸਰਕਾਰੀ ਰਿਹਾਇਸ਼ ਤੋਂ ਵਾਂਝਾ ਰਹਿ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਕੋਠੀਆਂ ਦੀ ਅਲਾਟਮੈਂਟ ਸਬੰਧੀ ਪੂਰੀ ਜਾਣਕਾਰੀ ਜਨਤਕ ਕੀਤੀ ਜਾਣੀ ਚਾਹੀਦੀ ਹੈ। ਕਿਹੜੀ ਕੋਠੀ ਕਿਸ ਦੇ ਨਾਮ ’ਤੇ ਅਲਾਟ ਹੋਈ, ਕਿਸ ਵਿਅਕਤੀ ਵੱਲੋਂ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਸ ਦੀ ਅਲਾਟਮੈਂਟ ਕਿਸ ਨਿਯਮ ਤਹਿਤ ਕੀਤੀ ਗਈ ਹੈ, ਇਸ ਬਾਰੇ ਸਰਕਾਰ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਨੇ ਤੀਰਥ ਬੱਸ ਯਾਤਰਾ ਨਾਲ ਜੁੜੇ ਮਾਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਯਾਤਰਾ ਨਾਲ ਸਬੰਧਿਤ ਕੰਮ ਲਈ ਵੱਡੇ ਪੱਧਰ ’ਤੇ ਸਰਕਾਰੀ ਪੈਸਾ ਖ਼ਰਚ ਕੀਤਾ ਗਿਆ ਅਤੇ ਇਸ ਸਬੰਧੀ ਠੇਕੇ ਅਤੇ ਭੁਗਤਾਨਾਂ ਦੀ ਜਾਂਚ ਦੀ ਲੋੜ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਇਸ ਕੰਮ ਨਾਲ ਜੁੜੇ ਵਿਅਕਤੀ ਨੂੰ ਸੈਕਟਰ-39 ’ਚ ਸਰਕਾਰੀ ਕੋਠੀ ਦਿੱਤੇ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਖਹਿਰਾ ਨੇ ਕਿਹਾ ਕਿ ਜੇਕਰ ਸਰਕਾਰੀ ਕੋਠੀਆਂ ਮੰਤਰੀਆਂ ਅਤੇ ਹੋਰ ਅਧਿਕਾਰੀਆਂ ਲਈ ਹਨ ਤਾਂ ਉਨ੍ਹਾਂ ਦੀ ਵਰਤੋਂ ਵੀ ਨਿਰਧਾਰਤ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕੋਈ ਵਿਅਕਤੀ ਸਰਕਾਰ ਵਿੱਚ ਮੰਤਰੀ ਜਾਂ ਅਧਿਕਾਰੀ ਨਹੀਂ ਹੈ ਤਾਂ ਉਸ ਨੂੰ ਸਰਕਾਰੀ ਮੰਤਰੀ ਕੋਠੀ ਵਿੱਚ ਰਹਿਣ ਦੀ ਇਜਾਜ਼ਤ ਕਿਵੇਂ ਮਿਲੀ।

ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਅਤੇ ਸਰਕਾਰੀ ਰਿਹਾਇਸ਼ਾਂ ਦੀ ਅਲਾਟਮੈਂਟ ਅਤੇ ਵਰਤੋਂ ਦਾ ਰਿਕਾਰਡ ਚੈੱਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਠੀ ’ਤੇ ਨਿਯਮਾਂ ਦੇ ਉਲਟ ਕਬਜ਼ਾ ਹੈ ਤਾਂ ਉਸ ਨੂੰ ਖ਼ਾਲੀ ਕਰਵਾਉਣ ਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਮਲਾ ਸਿਰਫ਼ ਸਰਕਾਰੀ ਕੋਠੀਆਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਨਾਲ ਸਰਕਾਰੀ ਪੈਸੇ ਅਤੇ ਸਰਕਾਰੀ ਸਾਧਨਾਂ ਦੀ ਵਰਤੋਂ ਵੀ ਜੁੜੀ ਹੋਈ ਹੈ। ਇਸ ਲਈ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਸਰਕਾਰੀ ਰਿਹਾਇਸ਼ਾਂ ਕਿਸ ਆਧਾਰ ’ਤੇ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਵਰਤੋਂ ਕੌਣ ਕਰ ਰਿਹਾ ਹੈ। ਰਾਜਪਾਲ ਨੂੰ ਸ਼ਿਕਾਇਤ ਦੇਣ ਤੋਂ ਬਾਅਦ ਹੁਣ ਇਸ ਮਾਮਲੇ ਵਿੱਚ ਸਰਕਾਰ ਵੱਲੋਂ ਕੀ ਜਵਾਬ ਦਿੱਤਾ ਜਾਂਦਾ ਹੈ ਅਤੇ ਸਰਕਾਰੀ ਕੋਠੀਆਂ ਦੀ ਅਲਾਟਮੈਂਟ ਸਬੰਧੀ ਕੀ ਕਾਰਵਾਈ ਹੁੰਦੀ ਹੈ, ਇਸ ’ਤੇ ਸਭ ਦੀ ਨਜ਼ਰ ਰਹੇਗੀ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਭਾਰਤ ਪੁੱਜੇ ਅਮਰੀਕੀ ਸ.ਫੀਰ ਸਰਜੀਓ ਗੋਰ







ਅੰਮ੍ਰਿਤਸਰ : ਨਵੀਂ ਦਿੱਲੀ ਵਿਚ ਅਮਰੀਕੀ ਸਫ਼ੀਰ ਮਿਸਟਰ ਸਰਜੀਓ ਗੋਰ, 28 ਮੈਂਬਰੀ ਉੱਚ ਪੱਧਰੀ ਅਮਰੀਕੀ ਵਫਦ ਸਮੇਤ ਵਿਖੇ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜੇ । ਇਸ ਵਫਦ ਵਿਚ ਕਈ ਅਮਰੀਕੀ ਸੈਨੇਟਰ ਵੀ ਸ਼ਾਮਿਲ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਹੋਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵਲੋਂ ਅਮਰੀਕੀ ਵ.ਫਦ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਵਫਦ ਵਿਚ ਅਮਰੀਕੀ ਰਾਜਦੂਤ ਤੋਂ ਇਲਾਵਾ ਕੁਝ ਅਮਰੀਕੀ ਸੈਨੇਟਰ ਤੇ ਹੋਰ ਅਧਿਕਾਰੀ ਤੇ ਵਿਦਵਾਨ ਸ਼ਾਮਿਲ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਅਮਰੀਕੀ ਸਫ਼ੀਰ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ਸੁੰਦਰ ਮਾਡਲ, ਕੌਫੀ ਟੇਬਲ ਬੁੱਕ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਤੇ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਅੱਜ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਅਮਰੀਕੀ ਵਫਦ ਵਿਚ ਸਫ਼ੀਰ ਸਰਜੀਓ ਗੋਰ ਤੋਂ ਇਲਾਵਾ, ਮਿਸ ਬਰਿਆਨਾ ਮਾਸਟ, ਪ੍ਰਤੀਨਿਧ ਗੈਲਾਘੇਰ, ਜਾਨਾ ਗੈਲਾਘੇਰ, ਥਾਨੇਦਾਰ, ਸ਼ਸ਼ੀ ਥਾਨੇਦਾਰ, ਪ੍ਰਤੀਨਿਧੀ ਪੈਟ੍ਰੋਨਿਸ ਤੇ ਸਟੀਵਨਸ, ਜੈਕਲਾਇ ਨਿਊਮਨ, ਮਾਈਕਲ ਵੈਗਲੇਨ, ਨੈਂਸੀ ਬਿਊਜਿਉ ਡੁਫੋਰ, ਕਾਰਥਿਕ ਰਾਜਾ, ਐਰਿਕ ਅਸ਼ੀਦਾ, ਲਾਉਰਾ, ਬੈਰੇਟ, ਲੈਸਲੇ ਐਲਵਿਨ, ਸ਼ੈਨਨ ਗੋਨਜ਼, ਹੀਰੋਆ ਜੌਰਡਨ, ਵਿਲ ਹੋਰਟਨ, ਮਾਈਕਲ ਕਰੈਮਰ ਆਦਿ ਸ਼ਾਮਿਲ ਸਨ।

**ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਅਮਰੀਕੀ ਅਧਿਕਾਰੀਆਂ ਨੇ ਨਿਭਾਈਆਂ ਸਨ ਸੇਵਾਵਾਂ :** ਗਿਆਨੀ ਗੜਗੱਜ ਨੇ ਸਿੱਖ ਰਾਜ ਅਤੇ ਅਮਰੀਕਾ ਦੇ ਪੁਰਾਣੇ ਸਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਅਮਰੀਕੀ ਅਧਿਕਾਰੀਆਂ ਨੇ ਸੇਵਾਵਾਂ ਨਿਭਾਈਆਂ ਸਨ। ਉਨ੍ਹਾਂ ਕਿਹਾ ਕਿ ਸਰਜੀਓ ਗੋਰ ਰੂਹਾਨੀ ਸਕੂਨ ਲੈਣ ਲਈ ਦਰਬਾਰ ਸਾਹਿਬ ਆਏ ਸਨ ਅਤੇ ਖੁਸ਼ ਹੋ ਕੇ ਵਾਪਸ ਗਏ। ਇਸ ਦੌਰਾਨ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੇ ਵਿਰੋਧ ਅਤੇ ਭੰਨ-ਤੋੜ ਸਬੰਧੀ ਸਵਾਲ 'ਤੇ ਗਿਆਨੀ ਗੜਗੱਜ ਨੇ ਕਿਹਾ ਕਿ ਗੱਡੀਆਂ ਫੂਕਣਾ, ਯੂਨੀਵਰਸਿਟੀਆਂ ਵਿੱਚ ਭੰਨ-ਤੋੜ ਕਰਨਾ ਅਤੇ ਸਮਾਨ ਲੁੱਟਣਾ ਪੰਜਾਬ ਅਤੇ




ਪੰਜਾਬੀਆਂ ਦਾ ਖਾਸਾ ਨਹੀਂ ਹੈ। ਉਨ੍ਹਾਂ ਇਸ ਮਾਮਲੇ ਦੀ ਮੁਕੰਮਲ ਜਾਂਚ ਦੀ ਮੰਗ ਕਰਦਿਆਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਸ਼ਾਂਤੀ ਬਣਾਉਣ ਲਈ ਯਤਨ ਕਰਨ ਦੀ ਅਪੀਲ ਕੀਤੀ।

# ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਕੀਤਾ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ



**ਰਾਵਲਪਿੰਡੀ ਦੇ ਪਿੰਡ ਥੋਹਾ ਖਾਲਸਾ ਦੇ ਸ਼ਹੀਦੀ ਖੂਹ ਬਾਰੇ ਜਾਣਕਾਰੀ ਲੈਂਦੇ ਹੋਏ ਰਾਜਦੂਤ ਸਰਜੀਓ ਗੋਰ ਤੇ ਹੋਰ।**

ਅੰਮ੍ਰਿਤਸਰ : ਭਾਰਤ 'ਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਨੇ ਅਮਰੀਕੀ ਅਧਿਕਾਰੀਆਂ ਦੇ ਵਫ਼ਦ ਦੇ ਨਾਲ ਅੱਜ ਸਵੇਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਬਾਅਦ ਅੰਮ੍ਰਿਤਸਰ ਦੇ ਟਾਊਨ ਹਾਲ 'ਚ ਸਥਾਪਤ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ ਕੀਤਾ । ਉਨ੍ਹਾਂ ਨੇ ਬੜੀ ਉਤਸੁਕਤਾ ਨਾਲ ਅਜਾਇਬ-ਘਰ 'ਚ ਪ੍ਰਦਰਸ਼ਨੀ ਹਿਤ ਰੱਖੀਆਂ ਗਈਆਂ ਤਸਵੀਰਾਂ, ਦਸਤਾਵੇਜ਼ਾਂ ਅਤੇ ਵਸਤੂਆਂ ਨੂੰ ਵੇਖਿਆ ਅਤੇ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ । ਉੱਥੇ ਸਥਾਪਤ ਗੈਲਰੀਆਂ ਦਾ ਦੌਰਾ ਕਰਨ ਉਪਰੰਤ ਉਨ੍ਹਾਂ ਦੇਸ਼ ਦੀ ਵੰਡ ਨੂੰ ਸੰਤਾਪ ਦੱਸਿਆ । ਰਾਜਦੂਤ ਗੋਰ ਨੇ ਦੇਸ਼ ਦੀ ਵੰਡ ਵੇਲੇ ਰਾਵਲਪਿੰਡੀ ਦੇ ਪਿੰਡ ਥੋਹਾ ਖ਼ਾਲਸਾ 'ਚ ਆਪਣੀ ਇੱਜ਼ਤ ਬਚਾਉਣ ਲਈ 96 ਬਹਾਦਰ ਸਿੱਖ ਬੀਬੀਆਂ ਦੁਆਰਾ ਖੂਹ 'ਚ ਛਲਾਂਗਾਂ ਮਾਰ ਕੇ ਦਿੱਤੀ ਸ਼ਹਾਦਤ ਨਾਲ ਸੰਬੰਧਿਤ ਪਾਰਟੀਸ਼ਨ ਮਿਊਜ਼ੀਅਮ ਦੀ ਗੈਲਰੀ 'ਚ ਉਸਾਰੇ ਖੂਹ ਨੂੰ ਇਕ ਦਰਦਨਾਕ ਯਾਦਗਾਰ ਦੱਸਿਆ । ਉਹ ਲਗਭਗ 30 ਮਿੰਟ ਤਕ ਪਾਰਟੀਸ਼ਨ ਮਿਊਜ਼ੀਅਮ 'ਚ ਰੁਕੇ। ਅਮਰੀਕੀ ਰਾਜਦੂਤ ਨੂੰ ਪਾਰਟੀਸ਼ਨ ਮਿਊਜ਼ੀਅਮ ਦੇ ਰਾਜਵਿੰਦਰ ਕੌਰ ਨੇ ਅਜਾਇਬ-ਘਰ ਦੀਆਂ ਗੈਲਰੀਆਂ ਬਾਰੇ ਵਧੇਰੇ ਜਾਣਕਾਰੀ ਦਿੱਤੀ।

# ਬ੍ਰਿਟਿਸ਼ ਸਿੱਖ ਨੌਜਵਾਨ Vikram Digwa ਨੂੰ ਉਮਰ ਕੈਦ ਦੀ ਸਜ਼ਾ ਖ਼ਿਲਾਫ਼ ਅਪੀਲ ਦੀ ਇਜਾਜ਼ਤ

## 18 ਸਾਲਾ ਵਿਦਿਆਰਥੀ ਦੇ ਕਤਲ ਮਾਮਲੇ ਵਿੱਚ ਸੁਣਾਈ ਸੀ 21 ਸਾਲ ਦੀ ਸਜ਼ਾ; 5 ਨਵੰਬਰ ਨੂੰ ਅਪੀਲ 'ਤੇ ਸੁਣਵਾਈ

ਲੰਡਨ : ਦੱਖਣ-ਪੂਰਬੀ ਇੰਗਲੈਂਡ ਵਿੱਚ 18 ਸਾਲਾ ਵਿਦਿਆਰਥੀ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਵਾਲੇ 23 ਸਾਲਾ ਬ੍ਰਿਟਿਸ਼ ਸਿੱਖ ਨੌਜਵਾਨ ਨੂੰ ਮੰਗਲਵਾਰ ਨੂੰ ਆਪਣੀ ਸਜ਼ਾ ਖ਼ ?ਲਾਫ਼ ਅਪੀਲ ਕਰਨ ਦੀ ਇਜਾਜ਼ਤ ਮਿਲ ਗਈ। ਵਿਕਰਮ ਦਿਗਵਾ ਨੂੰ ਸਾਊਥੈਂਪਟਨ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਸ ਨੇ ਅਦਾਲਤ 'ਚ ਆਪਣੇ ਬਚਾਅ ਲਈ ਧਾਰਮਿਕ ਕਾਰਨਾਂ ਦੀਆਂ ਦਲੀਲਾਂ ਦਿੱਤੀਆਂ ਸਨ। ਉਸ ਨੇ ਕਿਹਾ ਸੀ ਕਿ ਉਸ ਕੋਲ ਕਿਰਪਾਨ ਸੀ ਜਿਸ ਨੂੰ ਸਿੱਖ ਬਰਤਾਨੀਆ 'ਚ ਕਾਨੂੰਨੀ ਤੌਰ 'ਤੇ ਆਪਣੇ ਕੋਲ ਰੱਖ ਸਕਦੇ ਹਨ। ਅਦਾਲਤ ਮੁਤਾਬਕ ਹੈਨਰੀ ਨੇ ਦਿਗਵਾ ਨੂੰ ਸਿਰਫ਼ ਇਹ ਪੁੱਛਿਆ ਸੀ ਕਿ "ਕੀ ਤੁਸੀਂ ਬੁਰੇ ਆਦਮੀ ਹੋ?" ਦਿਗਵਾ ਵੱਲੋਂ ਉਸ 'ਤੇ ਨਸਲੀ ਟਿੱਪਣੀ ਕਰਨ ਦਾ ਦਾਅਵਾ ਅਦਾਲਤ ਨੇ ਰੱਦ ਕਰ ਦਿੱਤਾ ਸੀ।

ਜਾਣਕਾਰੀ ਅਨੁਸਾਰ ਦਿਗਵਾ ਨੂੰ ਪਿਛਲੇ ਸਾਲ ਦਸੰਬਰ ਵਿੱਚ ਸਾਊਥੈਂਪਟਨ ਯੂਨੀਵਰਸਿਟੀ ਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤ ਮੁਤਾਬਕ ਨੋਵਾਕ ਪੋਰਟਸਵੁੱਡ ਵਿੱਚ ਰਾਤ ਬਾਹਰ ਬਿਤਾਉਣ ਮਗਰੋਂ ਘਰ ਪਰਤ ਰਿਹਾ ਸੀ, ਜਦੋਂ ਦਿਗਵਾ ਨੇ ਉਸ 'ਤੇ ਪੰਜ ਵਾਰ ਵਾਰ ਕੀਤੇ। ਜੂਨ ਵਿੱਚ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਪੈਰੋਲ ਲਈ ਯੋਗ ਹੋਣ ਤੋਂ ਪਹਿਲਾਂ ਘੱਟੋ-ਘੱਟ 21 ਸਾਲ ਜੇਲ੍ਹ ਵਿੱਚ ਰਹਿਣ ਦਾ ਹੁਕਮ ਦਿੱਤਾ ਗਿਆ ਸੀ। ਹੁਣ ਉਸ ਨੂੰ 5 ਨਵੰਬਰ ਨੂੰ ਕੋਰਟ ਆਫ਼ ਅਪੀਲ ਵਿੱਚ ਇਸ ਸਜ਼ਾ ਦੀ ਮਿਆਦ ਨੂੰ ਚੁਣੌਤੀ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਉਸ ਨੇ ਆਪਣੇ ਕਤਲ ਦੇ ਦੋਸ਼ੀ ਠਹਿਰਾਏ ਜਾਣ ਖ਼ਿਲਾਫ਼ ਵੀ ਅਪੀਲ ਕਰਨ ਦੀ ਅਰਜ਼ੀ ਦਿੱਤੀ ਹੈ, ਜਿਸ 'ਤੇ ਵੱਖਰੇ ਤੌਰ 'ਤੇ ਫ਼ੈਸਲਾ ਕੀਤਾ



ਜਾਵੇਗਾ।

ਇਹ ਕਿਹਾ ਗਿਆ ਸੀ ਕਿ ਦਿਗਵਾ ਨੇ ਧਾਰਮਿਕ ਆਧਾਰ 'ਤੇ ਸਵੈ-ਰੱਖਿਆ ਦੀ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਕਤਲ ਵਿੱਚ ਵਰਤਿਆ ਗਿਆ ਚਾਕੂ ਨਹੀਂ ਕਿਰਪਾਨ ਸੀ। ਬ੍ਰਿਟੇਨ ਵਿੱਚ ਸਿੱਖਾਂ ਨੂੰ ਧਾਰਮਿਕ ਕਕਾਰ ਕਿਰਪਾਨ ਰੱਖਣ ਦੀ ਕਾਨੂੰਨੀ ਇਜਾਜ਼ਤ ਹੈ।

ਇਸ ਮਾਮਲੇ ਮਗਰੋਂ ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਭਾਈਚਾਰੇ ਖ਼ਿਲਾਫ਼ ਪ੍ਰਤੀਕਿਰਿਆ ਅਤੇ 'ਹੇਟ ਕ੍ਰਾਈਮ' ਵਧਣ ਦਾ ਖ਼ਦਸ਼ਾ ਜ਼ਾਹਰ ਕੀਤਾ ਸੀ।

ਜੁਲਾਈ ਵਿੱਚ ਦਿਗਵਾ ਦੀ ਭਾਰਤ ਵਿੱਚ ਜਨਮੀ ਮਾਂ ਕਿਰਨ ਕੌਰ ਨੂੰ ਵੀ ਸਾਊਥੈਂਪਟਨ ਕ੍ਰਾਊਨ ਕੋਰਟ ਨੇ ਮੁਲਜ਼ਮ ਦੀ ਮਦਦ ਕਰਨ ਦੇ ਦੋਸ਼ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ।

53 ਸਾਲਾ ਕਿਰਨ ਕੌਰ ਨੂੰ ਦਿਗਵਾ ਵੱਲੋਂ ਨੋਵਾਕ ਦੇ ਕਤਲ ਲਈ ਵਰਤੇ ਗਏ ਹਥਿਆਰ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਜਾਂਚ ਵਿੱਚ ਰੁਕਾਵਟ ਪਾਉਣ ਲਈ ਉਸ ਨੂੰ ਘਟਨਾ ਸਥਾਨ ਤੋਂ ਹਟਾਉਣ ਵਿੱਚ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ।

**ਅਦਾਲਤ ਨੇ ਕਿਹਾ- ਕਿਰਪਾਨ ਹਮਲੇ ਲਈ ਨਹੀਂ :** ਕਿਰਨ ਕੌਰ ਨੂੰ ਸਜ਼ਾ ਸੁਣਾਉਂਦੇ ਸਮੇਂ ਜਸਟਿਸ ਵਿਲੀਅਮ ਮੌਸਲੇ ਨੇ ਕਿਹਾ ਕਿ ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਹੈ ਕਿ ਕਿਰਪਾਨ ਧਾਰਮਿਕ ਵਿਸ਼ਵਾਸ ਦੇ ਪ੍ਰਤੀਕ ਵਜੋਂ ਪਹਿਨੀ ਜਾਂਦੀ ਹੈ ਅਤੇ ਇਸ ਨੂੰ ਕਿਸੇ 'ਤੇ ਹਮਲਾ ਕਰਨ ਦੇ ਮਕਸਦ ਨਾਲ ਨਹੀਂ ਰੱਖਿਆ ਜਾਂਦਾ।

**ਸਿੱਖ ਭਾਈਚਾਰਾ ਨੋਵਾਕ ਦੀ ਯਾਦ 'ਚ ਅਖੰਡ ਪਾਠ ਕਰਵਾਏਗਾ**

ਉਨ੍ਹਾਂ ਕਿਹਾ ਕਿ ਕਿਸੇ ਖ਼ਤਰੇ ਦੇ ਜਵਾਬ ਵਿੱਚ ਕਿਰਪਾਨ ਦੀ ਵਰਤੋਂ ਨੂੰ ਵਾਜਬ ਮੰਨਣ ਲਈ ਹਾਲਾਤ ਬਹੁਤ ਗੰਭੀਰ ਅਤੇ ਤੁਰੰਤ ਖ਼ਤਰੇ ਵਾਲੇ ਹੋਣੇ ਚਾਹੀਦੇ ਹਨ।

ਇਸ ਸਾਲ ਮਾਮਲੇ ਦੀ ਸੁਣਵਾਈ ਦੌਰਾਨ ਅਪਰਾਧ ਦੇ ਵੇਰਵੇ ਸਾਹਮਣੇ ਆਉਣ ਮਗਰੋਂ ਬ੍ਰਿਟਿਸ਼ ਸਿੱਖ ਆਗੂਆਂ ਅਤੇ ਸੰਸਦ ਮੈਂਬਰਾਂ ਨੇ ਕਿਰਪਾਨ ਦੀ ਗ਼ਲਤ ਵਿਆਖਿਆ ਦੀ ਨਿੰਦਾ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਵਿੱਚ ਧਾਰਮਿਕ ਸੁਰੱਖਿਆ ਜਾਂ ਧਾਰਮਿਕ ਆਧਾਰ 'ਤੇ ਕੋਈ ਜਾਇਜ਼ ਠਹਿਰਾਉਣਾ ਲਾਗੂ ਨਹੀਂ ਹੁੰਦਾ।

**ਪੁਲੀਸ 'ਤੇ ਵੀ 'ਦੋਹਰੇ ਮਾਪਦੰਡਾਂ' ਦੇ ਦੋਸ਼**

ਇਸ ਮਾਮਲੇ ਕਾਰਨ ਸਾਊਥੈਂਪਟਨ ਵਿੱਚ ਭਾਈਚਾਰਕ ਤਣਾਅ ਵੀ ਪੈਦਾ ਹੋਇਆ। ਹੈਂਪਸ਼ਾਇਰ ਅਤੇ ਆਇਲ ਆਫ਼ ਵਾਈਟ ਕਾਂਸਟੈਬੁਲਰੀ ਦੇ ਅਧਿਕਾਰੀ ਵੀ ਪੁਲੀਸ ਦੇ ਕੰਮਕਾਜ ਵਿੱਚ 'ਦੋਹਰੇ ਮਾਪਦੰਡਾਂ' ਦੇ ਦੋਸ਼ਾਂ ਨੂੰ ਲੈ ਕੇ ਇੰਡੀਪੈਂਡੈਂਟ ਆਫ਼ਿਸ ਫ਼ਾਰ ਪੁਲੀਸ ਕੰਡਕਟ (ਆਈਓਪੀਸੀ) ਦੀ ਜਾਂਚ ਦੇ ਘੇਰੇ ਵਿੱਚ ਆਏ।

ਇਹ ਮਾਮਲਾ ਪੀੜਤ ਦੇ ਆਖ਼ਰੀ ਪਲਾਂ ਦੀ ਪੁਲੀਸ ਬਾਡੀ ਕੈਮਰੇ ਦੀ ਵੀਡੀਓ ਨਾਲ ਵੀ ਜੁੜਿਆ ਸੀ। ਵੀਡੀਓ ਵਿੱਚ ਪੁਲੀਸ ਅਧਿਕਾਰੀ ਉਸ ਨੂੰ ਹੱਥਕੜੀਆਂ ਲਾਉਂਦੇ ਨਜ਼ਰ ਆਏ ਸਨ। ਇਹ ਕਾਰਵਾਈ ਦਿਗਵਾ ਵੱਲੋਂ ਉਸ 'ਤੇ ਨਸਲਵਾਦ ਦੇ ਲਾਏ ਦੋਸ਼ਾਂ ਦੇ ਆਧਾਰ 'ਤੇ ਕੀਤੀ ਗਈ ਸੀ, ਪਰ ਬਾਅਦ ਵਿੱਚ ਅਦਾਲਤ ਵਿੱਚ ਇਹ ਦੋਸ਼ ਗ਼ਲਤ ਸਾਬਤ ਹੋਏ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਪੁਨਰ ਸੁਰਜੀਤ ਵੱਲੋਂ ਅਕਾਲ ਤਖਤ 'ਤੇ ਅਰਦਾਸ

## ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਈ ਮੁਹਿੰਮ ਸ਼ੁਰੂ



ਅੰਮ੍ਰਿਤਸਰ : ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਦੀ ਲੋੜ ਦੱਸਦਿਆ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਵੱਲੋਂ ਗੁਰਦੁਆਰਾ ਸੁਧਾਰ ਨਾਂਅ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਅਕਾਲ ਤਖਤ ਵਿਖੇ ਅਰਦਾਸ ਕੀਤੀ ਗਈ ਹੈ।

ਜਥੇਬੰਦੀ ਦੇ ਯੂਥ ਵਿੰਗ ਪ੍ਰਧਾਨ ਗੁਰਜੀਤ ਸਿੰਘ ਤਲਵੰਡੀ ਨੇ ਆਪਣੇ ਸਾਥੀਆਂ ਸਮੇਤ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰਨ ਤੋਂ ਬਾਅਦ ਸੰਗਤ ਦੇ ਨਾਮ ਚਿੱਠੀ ਜਾਰੀ ਕੀਤੀ ਹੈ। ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ 100 ਸਾਲ ਪਹਿਲਾਂ ਵੀ ਗੁਰਦੁਆਰਿਆਂ ਵਿੱਚ ਪ੍ਰਬੰਧਾਂ ਦੇ ਸੁਧਾਰ ਲਈ ਅਤੇ ਮਹੰਤਾਂ ਨੂੰ ਬਾਹਰ ਕੱਢਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ ਗਈ ਸੀ। ਅੱਜ ਮੁੜ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਦੀ ਵੱਡੀ ਲੋੜ ਹੈ।

ਉਨ੍ਹਾਂ ਆਖਿਆ ਕਿ ਪੰਥ ਸਾਹਮਣੇ ਉਜਾਗਰ ਹੋਇਆ ਇਹ ਨਵਾਂ ਮਸਲਾ ਹੈ ਕਿ ਖਾਲਸੇ ਦੀ ਜਨਮ ਭੂਮੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਕ ਬੀਬੀ ਨੇ ਉਥੋਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਉੱਤੇ ਗੰਭੀਰ ਦੋਸ਼ ਲਾਉਂਦਿਆਂ ਐੱਫ ਆਈ ਆਰ ਦਰਜ ਕਰਵਾਈ ਹੈ। ਉਨ੍ਹਾਂ ਕਿਹਾ ਕਿ ਹੁਣ ਕੌਮ ਕੋਲ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਿਆ, ਇਸੇ ਲਈ ਅੱਜ ਅਰਦਾਸ ਕੀਤੀ ਗਈ ਹੈ।

ਪਾਰਟੀ ਆਗੂਆਂ ਨੇ ਦੱਸਿਆ ਕਿ ਵੱਖ-ਵੱਖ ਥਾਵਾਂ ਤੋਂ ਰੋਜ਼ ਜਥੇ ਆ ਕੇ ਸ੍ਰੀ ਅਕਾਲ ਤਖਤ ਵਿਖੇ ਅਰਦਾਸ ਕਰਨਗੇ ਅਤੇ ਇਸ ਤੋਂ ਬਾਅਦ ਅਗਲੀ ਰਣਨੀਤੀ ਉਲੀਕੀ ਜਾਵੇਗੀ। ਅੱਜ ਅਰਦਾਸ ਕਰਨ ਮੌਕੇ ਅਮਨਇੰਦਰ ਸਿੰਘ ਬੰਨੀ ਬਰਾੜ, ਸੁਖਜਿੰਦਰ ਸਿੰਘ, ਪ੍ਰਿਤਪਾਲ ਸਿੰਘ ਕੋਹਲੀ, ਬਲਵਿੰਦਰ ਸਿੰਘ, ਅਮਰੀਕ ਸਿੰਘ, ਜਸਵੰਤ ਸਿੰਘ, ਪ੍ਰੀਤਮ ਸਿੰਘ,ਸੁਖਵੀਰ ਸਿੰਘ ਗਿੱਲ, ਯੂਥ ਪ੍ਰਧਾਨ ਗੁਰਜੀਤ ਸਿੰਘ ਤਲਵੰਡੀ, ਅਜੈਪਾਲ ਸਿੰਘ ਮੀਰਕੋਟ, ਮਨਿੰਦਰ ਸਿੰਘ ਧੁੰਨਾ ਪ੍ਰਧਾਨ ਜ਼ਿਲ੍ਹਾ ਅੰਮ੍ਰਿਤਸਰ, ਹਰਜਿੰਦਰ ਸਿੰਘ ਠਰੂ ਪ੍ਰਧਾਨ ਜਿਲਾ ਤਰਨ ਤਾਰਨ, ਮਧੁਪਾਲ ਸਿੰਘ ਗੋਗਾ, ਗੁਰਲਾਲ ਸਿੰਘ ਸੰਧੂ, ਸਵਿੰਦਰ ਸਿੰਘ ਦੋਬਲੀਆ, ਹਰਜੀਤ ਸਿੰਘ ਪੁਰੇਵਾਲ, ਬਿਕਰਮ ਸਿੰਘ, ਕੰਵਲਜੀਤ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

# ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ ਹੁਸ਼ਿਆਰਪੁਰ 'ਚ ਧਾਮੀ ਦੇ ਘਰ ਸਾਹਮਣੇ ਲਗਾਇਆ ਰੋਸ ਧਰਨਾ



ਹੁਸ਼ਿਆਰਪੁਰ : ਬਹਿਰੀਨ ਤੋਂ ਆਈ ਬੀਬੀ ਨਾਲ ਹੋਏ ਜਬਰ ਜਨਾਹ ਵਾਲੇ ਮਾਮਲੇ ਨੂੰ ਲੈ ਕੇ ਅੱਜ ਅਕਾਲੀ ਦਲ (ਵਾਰਿਸ ਪੰਜਾਬ ਦੇ) ਵਲੋਂ ਹੁਸ਼ਿਆਰਪੁਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਘਰ ਦੇ ਬਾਹਰ ਰੋਸ ਧਰਨਾ ਲਗਾਇਆ ਤੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਗਈ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਉਕਤ ਘਟਨਾ ਨੇ ਸਮੁੱਚੀ ਸਿੱਖ ਕੌਮ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਸ ਪੂਰੇ ਮਾਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਉਕਤ ਮਾਮਲੇ ਨਾਲ ਸਬੰਧਿਤ ਸਾਰੇ ਤੱਥਾਂ, ਸ਼੍ਰੋਮਣੀ ਕਮੇਟੀ ਅਧੀਨ ਆਉਂਦੀਆਂ ਸਰਾਂਵਾਂ ਦੇ ਰਿਕਾਰਡ ਅਤੇ ਹੋਰ ਸਬੰਧਿਤ ਸਬੂਤਾਂ ਦੀ ਨਿਰਪੱਖ ਤੇ ਪਾਰਦਰਸ਼ੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਜਲਦ ਤੋਂ ਜਲਦ ਕਰਵਾਈਆਂ ਜਾਣ। ਇਸ ਮੌਕੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਅਮਰਜੀਤ ਸਿੰਘ ਚਾਵਲਾ 'ਤੇ ਦਰਜ ਹੋਈ ਐਫ.ਆਈ.ਆਰ. ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਿੱਖ ਕੌਮ ਲਈ ਸ਼ਰਮਸਾਰ ਕਰਨ ਵਾਲੀ ਘਟਨਾ ਹੈ। ਉਨ੍ਹਾਂ ਕਿਹਾ ਕਿ ਧਾਮੀ ਉਕਤ ਮਾਮਲੇ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ। ਇਸ ਮੌਕੇ ਭਾਈ ਜਸਕਰਨ ਸਿੰਘ ਕਾਨ੍ਹ ਸਿੰਘ ਵਾਲਾ, ਭਾਈ ਸੁਖਦੇਵ ਸਿੰਘ ਕਾਦੀਆਂ ਪ੍ਰਧਾਨ ਯੂਥ ਵਿੰਗ, ਅਮਰਜੀਤ ਸਿੰਘ ਵੰਨਚਿੜੀ, ਭਾਈ ਪਰਮਜੀਤ ਸਿੰਘ ਜੌਹਲ, ਇਕਬਾਲ ਸਿੰਘ ਝੂੰਦਾ, ਪ੍ਰਿਥੀਪਾਲ ਸਿੰਘ, ਬੀਬੀ ਹਰਪ੍ਰੀਤ ਕੌਰ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਦਲਜੀਤ ਸਿੰਘ ਜਵੰਦਾ, ਇਕਬਾਲ ਸਿੰਘ ਸੰਧੂ, ਅਵਤਾਰ ਸਿੰਘ ਸ਼ੇਖੂ, ਪ੍ਰਭਜੋਤ ਸਿੰਘ ਰਾਹੋਂ, ਸੁਖਵੀਰ ਸਿੰਘ ਵਲਟੋਹਾ, ਰੱਬੀ ਕੰਦੋਲਾ, ਭੁਪਿੰਦਰ ਸਿੰਘ ਸੱਜਣ ਸ਼ਾਮਚੁਰਾਸੀ, ਮਨਦੀਪ ਸਿੰਘ ਚੱਬੇਵਾਲ, ਪ੍ਰਭਜੋਤ ਸਿੰਘ, ਭਾਈ ਸੁਖਵੀਰ ਸਿੰਘ ਚੀਮਾ, ਹਰਪ੍ਰੀਤ ਸਿੰਘ, ਮਨਦੀਪ ਸਿੰਘ, ਸਤਿੰਦਰ ਸਿੰਘ, ਸੁਖਰਾਜ ਸਿੰਘ ਸੁਲਤਾਨ ਵਿੰਡ, ਮਹਿੰਦਰਪਾਲ ਸਿੰਘ ਤੁੰਗ, ਗੁਰਦੇਵ ਸਿੰਘ ਸੰਧੂ, ਗੁਰਮਿੰਦਰ ਸਿੰਘ ਚਾਵਲਾ, ਹਰਦੇਵ ਸਿੰਘ ਸ਼ਾਹੀ, ਮਨਜਿੰਦਰ ਸਿੰਘ ਰੜ੍ਹਾ, ਕਰਮਵੀਰ ਸਿੰਘ ਰੰਧਾਵਾ ਆਦਿ ਸਮੇਤ ਵੱਡੀ ਗਿਣਤੀ 'ਚ ਅਕਾਲੀ ਦਲ (ਵਾਰਿਸ ਪੰਜਾਬ ਦੇ) ਅਹੁਦੇਦਾਰ ਤੇ ਵਰਕਰ ਹਾਜ਼ਰ ਸਨ। ਧਾਮੀ ਦੇ ਘਰ ਦਾ ਘਿਰਾਓ ਕਰਨ ਵਾਲੇ ਸਰਕਾਰ ਦੇ ਹੱਥਾਂ 'ਚ ਖੇਡ ਰਹੇ-ਮੰਨਣ ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਸਮਰਥਨ 'ਚ ਆਏ ਸ਼੍ਰੋਮਣੀ ਅਕਾਲੀ ਦਲ (ਬ) ਦੇ ਅਹੁਦੇਦਾਰਾਂ ਤੇ ਵਰਕਰਾਂ ਨੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਵਲੋਂ ਲਗਾਏ ਧਰਨੇ ਦਾ ਡਟ ਕੇ ਵਿਰੋਧ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਧਾਮੀ ਦੇ ਘਰ ਦਾ ਘਿਰਾਓ ਕਰਨ ਵਾਲਿਆਂ ਨੂੰ ਸੋਝੀ ਨਹੀਂ ਹੈ, ਜੇਕਰ ਹੁੰਦੀ ਤਾਂ ਇਹ ਪ੍ਰਧਾਨ ਧਾਮੀ ਦੇ ਦਫ਼ਤਰ ਵਿਖੇ ਪਹੁੰਚ ਕੇ ਗੱਲ ਕਰ ਸਕਦੇ ਸਨ । ਅਕਾਲੀ ਦਲ (ਵਾਰਿਸ ਪੰਜਾਬ ਦੇ) ਪਾਰਟੀ ਸਰਕਾਰ ਦੇ ਹੱਥਾਂ 'ਚ ਖੇਡ ਕੇ ਕੌਮ ਨੂੰ ਖੇਰੂੰ-ਖੇਰੂੰ ਕਰਨ 'ਚ ਲੱਗੀ ਹੋਈ ਹੈ । ਇਸ ਮੌਕੇ ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ, ਰਣਜੀਤ ਸਿੰਘ ਕਾਹਲੋਂ ਮੈਂਬਰ ਸ਼੍ਰੋਮਣੀ ਕਮੇਟੀ, ਰਣਜੀਤ ਸਿੰਘ ਰਾਣਾ ਜਲੰਧਰ ਕੌਮੀ ਮੀਤ ਪ੍ਰਧਾਨ ਸ਼ ?ਰੋਮਣੀ ਅਕਾਲੀ ਦਲ (ਬ), ਹਰਿੰਦਰ ਸਿੰਘ ਢੀਂਡਸਾ ਹਲਕਾ ਉਤਰੀ ਜਲੰਧਰ, ਜਤਿੰਦਰ ਸਿੰਘ ਲਾਲੀ ਬਾਜਵਾ, ਪ੍ਰੇਮ ਸਿੰਘ ਪਿੱਪਲਾਂਵਾਲਾ, ਗੁਰਜੀਤ ਸਿੰਘ ਨੀਲਾ ਨਲੋਆ, ਨਿਰਮਲ ਸਿੰਘ ਭੀਲੋਵਾਲ, ਜਗਮੋਹਣ ਸਿੰਘ ਹਵੇਲੀ, ਪਰਮਜੀਤ ਸਿੰਘ ਬਾਹੋਵਾਲ, ਅੰਮ੍ਰਿਤਪਾਲ ਸਿੰਘ ਕੁਲਾਰ ਫਗਵਾੜਾ, ਪ੍ਰਿੰ: ਹਰਜਿੰਦਰ ਸਿੰਘ, ਇਕਬਾਲ ਸਿੰਘ ਖੇੜਾ, ਸਰਬਜੀਤ ਸਿੰਘ ਮੋਮੀ ਜ਼ਿਲ੍ਹਾ ਪ੍ਰਧਾਨ ਐਸ.ਸੀ. ਵਿੰਗ, ਕਿਰਪਾਲ ਸਿੰਘ ਗੇਰਾ, ਦਲਜੀਤ ਸਿੰਘ ਲੰਮਾ ਪਿੰਡ, ਫ਼ੁਮਣ ਸਿੰਘ, ਅਵਤਾਰ ਸਿੰਘ ਘੁੰਮਣ, ਬਾਬਾ ਸੁਖਵਿੰਦਰ ਸਿੰਘ ਤੱਲ੍ਹਣ, ਜਗਦੀਪ ਸਿੰਘ ਵਿਰਦੀ, ਹਰਵਿੰਦਰ ਸਿੰਘ, ਰਜਿੰਦਰ ਸਿੰਘ, ਗੁਰਦਿਆਲ ਸਿੰਘ ਨਿੱਝਰ, ਮੇਜਰ ਸਿੰਘ ਕਾਹਲੋਂ, ਇਕਬਾਲ ਸਿੰਘ ਜੌਹਲ ਆਦਿ ਸਮੇਤ ਸ਼੍ਰੋਮਣੀ ਅਕਾਲੀ (ਬ) ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਕਿਸਾਨਾਂ ਵੱਲੋਂ ਸਿਆਸੀ ਧਿਰਾਂ ਤੋਂ ਸਵਾਲ ਪੁੱਛਣ ਦਾ ਫ਼ੈਸਲਾ

## ਸੰਯੁਕਤ ਕਿਸਾਨ ਮੋਰਚੇ (ਗ਼ੈਰ-ਸਿਆਸੀ) ਨੇ ਨਸ਼ਿਆਂ ਅਤੇ ਪੁਲੀਸ ਜਬਰ ਰੋਕਣ ਲਈ ਚਰਚਾ ਕੀਤੀ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਵੱਲੋਂ ਐਤਵਾਰ ਨੂੰ ਚੰਡੀਗੜ੍ਹ ਸਥਿਤ ਕਿਸਾਨ ਭਵਨ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਪੁਲੀਸ ਜਬਰ ਖ਼ਤਮ ਕਰਨ ਸਣੇ ਹੋਰਨਾਂ ਸਮਾਜਿਕ ਮੁੱਦਿਆਂ 'ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਦੌਰਾਨ ਐੱਸ ਕੇ ਐੱਮ (ਗ਼ੈਰ-ਸਿਆਸੀ) ਸਣੇ ਲੋਕ ਹਿੱਤ ਵਿੱਚ ਕੰਮ ਕਰਨ ਵਾਲੀਆਂ 36 ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਧਾਰਮਿਕ, ਸਮਾਜਿਕ ਅਤੇ ਨੌਜਵਾਨ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਸਾਰੀਆਂ ਧਿਰਾਂ ਨੇ ਫ਼ੈਸਲਾ ਲਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੇ ਪਿੰਡਾਂ ਵਿੱਚ ਨਸ਼ਿਆਂ, ਪੁਲੀਸ ਜਬਰ ਅਤੇ ਕਿਸਾਨੀ ਮੁੱਦਿਆਂ ਸਬੰਧੀ ਬੋਰਡ ਲਾਏ ਜਾਣਗੇ। ਇਸ ਦੇ ਨਾਲ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਤੋਂ ਇਨ੍ਹਾਂ ਮੁੱਦਿਆਂ 'ਤੇ ਸਵਾਲ ਪੁੱਛੇ ਜਾਣਗੇ।

ਮੋਰਚੇ ਦੇ ਕੌਮੀ ਕਨਵੀਨਰ ਜਗਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਸਿਰਸਾ, ਸਤਨਾਮ ਸਿੰਘ ਬਹਿਰੂ, ਅਮਰਜੀਤ ਸਿੰਘ, ਸੁਖਦੇਵ ਸਿੰਘ ਭੋਜਰਾਜ ਅਤੇ ਮਨਜੀਤ ਸਿੰਘ ਸਿੰਘ ਰਾਏ ਨੇ ਕਿਹਾ ਕਿ ਅੱਜ ਚਰਚਾ ਦੌਰਾਨ ਤਿੰਨ ਦਰਜਨ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਆਗੂਆਂ ਨੇ ਸੂਬੇ ਵਿੱਚੋਂ ਨਸ਼ਿਆਂ ਅਤੇ ਪੁਲੀਸ ਜਬਰ ਖ਼ਤਮ ਕਰਨ ਲਈ ਵਿਚਾਰ ਰੱਖੇ। ਇਨ੍ਹਾਂ ਮੁੱਦਿਆਂ ਵਿਰੁੱਧ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਸਾਰੀਆਂ ਲੋਕ ਹਿੱਤ ਵਿੱਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠੇ ਕਰਨ ਲਈ ਕਮੇਟੀ ਬਣਾਈ ਗਈ ਹੈ।

ਇਸ ਮੌਕੇ ਸਤਨਾਮ ਸਿੰਘ ਬਾਗੜੀਆਂ, ਕਾਕਾ ਸਿੰਘ ਕੋਟੜਾ, ਅਜੇਪਾਲ ਸਿੰਘ ਬਰਾੜ, ਹਰਚਰਨ ਸਿੰਘ ਹਵਾਰਾ, ਪਰਮਜੀਤ ਸਿੰਘ ਗਾਜ਼ੀ, ਪਰਮਜੀਤ ਸਿੰਘ ਮੰਡ, ਰੋਮਨ ਜੀਤ ਸਿੰਘ, ਸੁਖਵਿੰਦਰ ਸਿੰਘ ਢਿੱਲਵਾਂ, ਅਮਰਿੰਦਰ ਸਿੰਘ ਹੈਪੀ, ਮਲਕੀਤ ਸਿੰਘ ਮਲਵਈ, ਸ਼ੇਰਾ ਅਠਵਾਲ, ਰਜਿੰਦਰ ਸਿੰਘ ਜਫਰਵਾਲ, ਸੋਨੂ ਔਲਖ, ਬਲਜੀਤ ਸਿੰਘ ਤੱਗੜ, ਕਵਲਜੀਤ ਸਿੰਘ ਖ਼ੁਸ਼ਹਾਲਪੁਰ, ਗੁਰਦੀਪ ਸਿੰਘ ਬਠਿੰਡਾ, ਲੱਖਾ ਸਿਧਾਣਾ, ਨਵਦੀਪ ਜਲਵੇੜਾ, ਭਾਨਾ ਸਿੱਧੂ, ਮੋਹਣਜੀਤ ਸਿੰਘ ਸ਼ੇਰੋਂ ਆਦਿ ਨੇ ਵਿਚਾਰ ਰੱਖੇ।

# ਸਿੰਘ ਸਾਹਿਬਾਨ ਕਰਨਗੇ ਰਾਜੋਆਣਾ ਸਬੰਧੀ ਅਗਲੀ ਰਣਨੀਤੀ ਦਾ ਫ਼ੈਸਲਾ




ਪਟਿਆਲਾ : ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਜੁੜੇ ਸਮੁੱਚੇ ਮਾਮਲੇ ਅਤੇ ਅਗਲੀ ਰਣਨੀਤੀ ਸਬੰਧੀ ਅੰਤਿਮ ਫ਼ੈਸਲਾ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਜਾਵੇਗਾ, ਜੋ ਸਮੁੱਚੀ ਕੌਮ ਲਈ ਮਾਰਗਦਰਸ਼ਨ ਹੋਵੇਗਾ ਤੇ ਇਹ ਇਕੱਤਰਤਾ ਛੇਤੀ ਹੀ ਹੋਵੇਗੀ੍ ਇਸ ਗੱਲ ਦਾ ਪ੍ਰਗਟਾਵਾ ਇਥੇ ਕੇਂਦਰੀ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਸਾਂਝੀ ਬੈਠਕ ਦੌਰਾਨ ਸਾਹਮਣੇ ਆਈ। ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਰਾਜੋਆਣਾ ਨਾਲ ਦੋਵੇਂ ਤਖ਼ਤਾਂ ਦੇ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਅੱਜ ਮੁਲਾਕਾਤ ਕਰਕੇ ਉਨ੍ਹਾਂ ਦੀ ਸਿਹਤ ਅਤੇ ਹਾਲਾਤ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਉਨ੍ਹਾਂ ਨਾਲ ਦੁਵੱਲੀ ਬੈਠਕ ਕਰਕੇ ਕਈ ਵਿਚਾਰਾਂ ਵੀ ਕੀਤੀਆਂ। ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਰਾਜੋਆਣਾ ਸਿੱਖ ਪਰੰਪਰਾ 'ਤੇ ਪਹਿਰਾ ਦਿੰਦਿਆਂ ਸਪੱਸ਼ਟ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਜਾਨ ਬਖ਼ਸ਼ੀ ਦੀ ਭੀਖ ਨਹੀਂ ਚਾਹੀਦੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਾਲ 2019 ਵਿੱਚ ਰਾਜੋਆਣਾ ਸਬੰਧੀ ਕੀਤੇ ਆਪਣੇ ਐਲਾਨ ਨੂੰ ਹਾਲੇ ਤੱਕ ਲਾਗੂ ਨਹੀਂ ਕਰ ਰਹੀ। ਐਡਵੋਕੇਟ ਧਾਮੀ ਨੇ ਦੱਸਿਆ ਕਿ ਰਾਜੋਆਣਾ ਪਿਛਲੇ ਕਰੀਬ 32 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਨੂੰ ਫਾਂਸੀ ਦੀ ਚੱਕੀ ਵਿੱਚ ਬੈਠਿਆਂ ਵੀ 19 ਸਾਲ ਤੋਂ ਵੱਧ ਹੋ ਚੁੱਕੇ ਹਨ। ਦੇਸ਼ ਦੇ ਕਾਨੂੰਨੀ ਤੇ ਪ੍ਰਸ਼ਾਸਨਿਕ ਢਾਂਚੇ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਇਹ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਜਿਸ ਮੁਲਕ ਵਿੱਚ ਇੱਕ ਪੁੱਤ ਨੂੰ ਆਪਣੀ ਬਜ਼ੁਰਗ ਮਾਂ ਨੂੰ ਮਿਲਣ ਲਈ ਵੀ ਪੈਰੋਲ ਨਾ ਦਿੱਤੀ ਜਾਵੇ, ਉੱਥੇ ਇਨਸਾਫ਼ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ? ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕੇਵਲ ਇੱਕ ਵਿਅਕਤੀਗਤ ਮਾਮਲਾ ਨਹੀਂ ਬਲਕਿ ਸਮੁੱਚਾ 'ਕੌਮੀ ਮਸਲਾ' ਹੈ।

# ਪੀ.ਜੀ.ਆਈ. 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੀਆਂ ਅੱਖਾਂ ਦੀ ਹੋਈ ਜਾਂਚ



ਚੰਡੀਗੜ੍ਹ : ਕੇਂਦਰੀ ਜੇਲ੍ਹ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਅੱਖਾਂ ਦੀ ਜਾਂਚ ਅਤੇ ਇਲਾਜ ਲਈ ਪੀ.ਜੀ.ਆਈ. ਚੰਡੀਗੜ੍ਹ ਦੇ ਆਈ ਸੈਂਟਰ ਵਿਖੇ ਸਖ਼ਤ ਪੁਲਿਸ ਸੁਰੱਖਿਆ ਹੇਠ ਲਿਆਂਦਾ ਗਿਆ ਜਿੱਥੇ ਉਨ੍ਹਾਂ ਦੀਆਂ ਅੱਖਾਂ ਨਾਲ ਸੰਬੰਧਿਤ ਮੈਡੀਕਲ ਜਾਂਚ ਕੀਤੀ ਗਈ ਜਦਕਿ ਜਾਂਚ ਤੋਂ ਬਾਅਦ ਡਾਕਟਰਾਂ ਵਲੋਂ ਅਗਲੇ ਇਲਾਜ ਬਾਰੇ ਫ਼ੈਸਲਾ ਕੀਤਾ ਜਾਣਾ ਹੈ। ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵੀ ਪਹੁੰਚਿਆ। ਜਦੋਂ 2 ਸਤੰਬਰ 2026 ਨੂੰ ਹਾਈਕੋਰਟ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਦਾਇਰ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਦਰਜ ਕੀਤਾ ਕਿ ਉਨ੍ਹਾਂ ਨੂੰ ਪੀ.ਜੀ.ਆਈ ਚੰਡੀਗੜ੍ਹ ਦੇ ਅੱਖਾਂ ਦੇ ਵਿਭਾਗ ਵਿਚ ਤੁਰੰਤ ਲਿਜਾਇਆ ਜਾਵੇ ਅਤੇ ਉੱਥੇ ਉਚਿੱਤ ਇਲਾਜ ਮੁਹੱਈਆ ਕਰਵਾਇਆ ਜਾਵੇ। ਇਸ ਤੋਂ ਪਹਿਲਾ ਰਾਜੋਆਣਾ ਨੇ ਆਪਣੀਆਂ ਅੱਖਾਂ ਦੀ ਸਰਜਰੀ ਪਟਿਆਲਾ ਦੇ ਆਈ ਹਸਪਤਾਲ ਤੋਂ ਆਪਣੇ ਖ਼ਰਚੇ 'ਤੇ ਕਰਵਾਉਣ ਦੀ ਇਜਾਜ਼ਤ ਮੰਗੀ ਸੀ। ਪਟੀਸ਼ਨ ਵਿਚ ਦੱਸਿਆ ਗਿਆ ਸੀ ਕਿ ਅੱਖਾਂ 'ਤੇ ਪਹਿਨਣ ਵਾਲੀਆਂ ਪਾਵਰ ਵਾਲੀਆਂ ਐਨਕਾਂ ਕਾਰਨ ਉਨ੍ਹਾਂ ਨੂੰ ਖ਼ਾਰਸ਼ ਅਤੇ ਤਕਲੀਫ਼ ਹੁੰਦੀ ਹੈ ਅਤੇ ਦੋਵੇਂ ਅੱਖਾਂ ਵਿਚ ਮੋਤੀਆਬਿੰਦ ਦੀ ਸਮੱਸਿਆ ਹੋਣ ਦੀ ਗੱਲ ਵੀ ਪਟੀਸ਼ਨ ਵਿਚ ਰੱਖੀ ਗਈ ਸੀ। ਹਾਈਕੋਰਟ ਵਿਚ ਸੁਣਵਾਈ ਦੌਰਾਨ ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਕਿਹਾ ਗਿਆ ਸੀ ਕਿ ਰਾਜੋਆਣਾ ਨੂੰ ਪੀ.ਜੀ.ਆਈ. ਦੇ ਆਈ ਸੈਂਟਰ ਵਿਚ ਦਿਖਾਇਆ ਜਾਵੇ। ਜਿੱਥੇ ਉਨ੍ਹਾਂ ਨੂੰ ਲੋੜੀਂਦਾ ਇਲਾਜ ਦਿੱਤਾ ਜਾਵੇਗਾ। ਇਸ ਤੋਂ ਬਾਅਦ ਰਾਜੋਆਣਾ ਦੇ ਵਕੀਲ ਨੇ ਪੀ.ਜੀ.ਆਈ ਵਿਚ ਜਾਂਚ ਅਤੇ ਇਲਾਜ ਕਰਵਾਉਣ 'ਤੇ ਕੋਈ ਇਤਰਾਜ਼ ਨਾ ਹੋਣ ਦੀ ਗੱਲ ਕਹੀ ਸੀ। ਪੀ.ਜੀ.ਆਈ ਦੇ ਮਾਹਿਰ ਡਾਕਟਰ ਨੇ ਰਾਜੋਆਣਾ ਦੀ ਅੱਜ ਦੀ ਜਾਂਚ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ ਦੀ ਸਥਿਤੀ ਦਾ ਮੁਲਾਂਕਣ ਕਰਨਗੇ ਅਤੇ ਲੋੜ ਅਨੁਸਾਰ ਅਗਲੇ ਇਲਾਜ ਜਾਂ ਸਰਜਰੀ ਬਾਰੇ ਫ਼ੈਸਲਾ ਲਿਆ ਜਾ ਸਕਦਾ ਹੈ। ਇਸ ਸੰਬੰਧੀ ਅੰਤਿਮ ਜਾਣਕਾਰੀ ਪੀ.ਜੀ.ਆਈ ਵਲੋਂ ਖ਼ਬਰ ਲਿਖੇ ਜਾਣ ਤੱਕ ਜਾਰੀ ਨਹੀਂ ਕੀਤੀ ਗਈ।

# ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਖ਼ਿਲਾਫ਼ ਮੁਜ਼ਾਹਰੇ

## ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ




ਅੰਮ੍ਰਿਤਸਰ : ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਅਤੇ ਵੋਟਰ ਸੂਚੀਆਂ ਨਾਲ ਜੁੜੇ ਮੁੱਦਿਆਂ 'ਤੇ ਪ੍ਰਦਰਸ਼ਨ ਕੀਤੇ ਗਏ। ਇਸੇ ਲੜੀ ਤਹਿਤ ਪੰਜਾਬ ਦੇ ਸਹਿ-ਇੰਚਾਰਜ ਸੂਰਜ ਸਿੰਘ ਠਾਕੁਰ ਦੀ ਅਗਵਾਈ ਹੇਠ ਅੰਮ੍ਰਿਤਸਰ ਸ਼ਹਿਰੀ ਅਤੇ ਦਿਹਾਤੀ ਕਾਂਗਰਸ ਵੱਲੋਂ ਨਾਵਲਟੀ ਚੌਂਕ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਚੋਣ ਕਮਿਸ਼ਨ ਦੇ ਪੁਤਲੇ ਫੂਕੇ ਗਏ। ਇਸ ਮੌਕੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਵੋਟਰਾਂ ਦੇ ਹੱਕਾਂ, ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਲਈ ਨਾਅਰੇਬਾਜ਼ੀ ਕੀਤੀ।

ਸੂਰਜ ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ 'ਵੋਟ ਚੋਰੀ' ਬਾਰੇ ਜੋ ਸਵਾਲ ਉਠਾਏ ਗਏ ਸਨ, ਚੋਣ ਕਮਿਸ਼ਨ ਦੇ ਅੰਦਰੋਂ ਸਾਹਮਣੇ ਆਏ ਇਹ ਇਤਰਾਜ਼ ਉਨ੍ਹਾਂ ਸਵਾਲਾਂ ਨੂੰ ਹੋਰ ਗੰਭੀਰ ਬਣਾਉਂਦੇ ਹਨ। 14 ਇਤਰਾਜ਼ ਆਪਣੇ ਆਪ ਵਿੱਚ ਵੋਟ ਚੋਰੀ ਦਾ ਕਾਨੂੰਨੀ ਸਬੂਤ ਨਹੀਂ ਹਨ, ਪਰ ਇਹ ਜ਼ਰੂਰ ਮੰਗ ਕਰਦੇ ਹਨ ਕਿ ਚੋਣ ਕਮਿਸ਼ਨ ਦੇਸ਼ ਦੇ ਸਾਹਮਣੇ ਇਨ੍ਹਾਂ ਸਾਰੇ ਸਵਾਲਾਂ ਦਾ ਸਪੱਸ਼ਟ ਜਵਾਬ ਦੇਵੇ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਵੋਟ ਕਿਸੇ ਪਾਰਟੀ ਦੀ ਜਾਇਦਾਦ ਨਹੀਂ, ਹਰ ਨਾਗਰਿਕ ਦਾ ਲੋਕਤੰਤਰੀ ਹੱਕ ਹੈ। ਵੋਟ ਦੀ ਰਾਖੀ ਹੀ ਲੋਕਤੰਤਰ ਦੀ ਰਾਖੀ ਹੈ ਅਤੇ ਇਸ ਹੱਕ ਨਾਲ ਕਿਸੇ ਵੀ ਪੱਧਰ 'ਤੇ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹਲਕਾ ਮਜੀਠਾ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਦੇ ਦੋ ਮੈਂਬਰਾਂ ਵੱਲੋਂ ਪਿਛਲੇ 10 ਮਹੀਨਿਆਂ ਦੌਰਾਨ ਘੱਟੋ-ਘੱਟ 14 ਵਾਰ ਲਿਖਤੀ ਇਤਰਾਜ਼ ਦਰਜ ਕੀਤੇ ਜਾਣਾ ਬੇਹੱਦ ਗੰਭੀਰ ਮਾਮਲਾ ਹੈ। ਰਿਪੋਰਟਾਂ ਮੁਤਾਬਕ ਇਹ ਇਤਰਾਜ਼ ਵੋਟਰਾਂ ਦੇ ਨਾਮ ਜੋੜਨ-ਹਟਾਉਣ, ਵੋਟਰ ਡੇਟਾਬੇਸ ਤੱਕ ਪਹੁੰਚ ਅਤੇ ਚੋਣ ਪ੍ਰਕਿਰਿਆ ਨਾਲ ਸਬੰਧਤ ਕਈ ਅਹਿਮ ਮਾਮਲਿਆਂ ਬਾਰੇ ਸਨ। ਸਾਬਕਾ ਮੰਤਰੀ ਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ। ਸੁਖਵਿੰਦਰ ਸਿੰਘ ਡੈਨੀ ਨੇ ਕਿਹਾ ਕਿ ਚੋਣ ਕਮਿਸ਼ਨ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਦੀ ਜਾਇਦਾਦ ਨਹੀਂ, ਸਗੋਂ ਦੇਸ਼ ਦੇ ਲੋਕਤੰਤਰ ਦੀ ਸੰਵਿਧਾਨਕ ਸੰਸਥਾ ਹੈ।

# ਅੱਤਵਾਦੀ ਹਮਲਿਆਂ ਵਿਰੁੱਧ ਭਾਰਤ ਦਾ ਫ਼ੈਸਲਾਕੁੰਨ ਜਵਾਬ ਸੀ ਸਰਜੀਕਲ ਸਟ੍ਰਾਈਕ : ਮੋਦੀ

## • ਨਸ਼ਿਆਂ ਵਿਰੁੱਧ ਲੜਾਈ ਦਾ ਕੀਤਾ ਅਹਿਦ • 'ਮਨ ਕੀ ਬਾਤ' ਰਾਹੀਂ ਕੀਤਾ ਸੰਬੋਧਨ

ਨਵੀਂ ਦਿੱਲੀ : ਅੱਤਵਾਦ ਖ਼ਿਲਾਫ਼ ਭਾਰਤ ਦੀ ਨੀਤੀ 'ਤੇ ਚਾਨਣਾ ਪਾਉਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2016 ਦੀ ਸਰਜੀਕਲ ਸਟ੍ਰਾਈਕ ਅੱਤਵਾਦੀ ਹਮਲਿਆਂ ਦੇ ਦਰਦ ਪ੍ਰਤੀ ਭਾਰਤ ਦਾ ਫੈਸਲਾਕੁੰਨ ਜਵਾਬ ਸੀ ਤੇ ਉਸ ਸਮੇਂ ਦੇਸ਼ ਨੇ ਅੱਤਵਾਦ ਵਿਰੋਧੀ ਨੀਤੀ ਦੀ ਇਕ ਨਵੀਂ ਉਦਾਹਰਣ ਪੇਸ਼ ਕੀਤੀ। ਆਪਣੇ ਮਾਸਿਕ ਪ੍ਰਸਾਰਣ ਮਨ ਕੀ ਬਾਤ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਦੀ ਪਾਲਣਾ ਕਰਦਾ ਹੈ। ਦੇਸ਼ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅੱਤਵਾਦ ਨਾਲ ਸਖ਼ਤੀ ਤੇ ਫੈਸਲਾਕੁੰਨ ਢੰਗ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਦਹਾਕੇ ਦੌਰਾਨ ਬਾਲਾਕੋਟ ਹਵਾਈ ਹਮਲੇ ਤੋਂ ਲੈ ਕੇ ਆਪ੍ਰੇਸ਼ਨ ਸੰਧੂਰ ਤੱਕ ਭਾਰਤ ਨੇ ਵਾਰ-ਵਾਰ ਸਪੱਸ਼ਟ ਸੰਦੇਸ਼ ਭੇਜਿਆ ਹੈ ਕਿ ਜੇਕਰ ਅੱਤਵਾਦੀ ਦੇਸ਼ 'ਤੇ ਬੁਰੀ ਨਜ਼ਰ ਪਾਉਣ ਦੀ ਹਿੰਮਤ ਕਰਦੇ ਹਨ, ਤਾਂ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੱਤਾ ਜਾਵੇਗਾ। 2016 ਦੇ ਸਰਜੀਕਲ ਸਟ੍ਰਾਈਕ ਦਾ ਹਵਾਲਾ ਦਿੰਦੇ ਹੋਏ, ਮੋਦੀ ਨੇ ਕਿਹਾ ਕਿ ਦਸ ਸਾਲ ਪਹਿਲਾਂ, 28-29 ਸਤੰਬਰ, 2016 ਨੂੰ, ਭਾਰਤੀ ਫੌਜ ਨੇ ਪਾਕਿਸਤਾਨ 'ਚ ਅੱਤਵਾਦੀ ਟਿਕਾਣਿਆਂ 'ਤੇ ਸਰਜੀਕਲ ਸਟ੍ਰਾਈਕ ਕੀਤੇ ਸਨ। ਜੰਮੂ-ਕਸ਼ਮੀਰ ਦੇ ਉੜੀ ਵਿਖੇ ਇਕ ਫੌਜੀ ਕੈਂਪ 'ਤੇ ਅੱਤਵਾਦੀਆਂ ਵਲੋਂ ਹਮਲਾ ਕਰਨ ਤੋਂ ਬਾਅਦ,




ਜਿਸ 'ਚ 18 ਸੈਨਿਕ ਮਾਰੇ ਗਏ ਸਨ, ਭਾਰਤੀ ਫੌਜਾਂ ਨੇ ਕੰਟਰੋਲ ਰੇਖਾ ਦੇ ਪਾਰ ਅੱਤਵਾਦੀ ਕੈਂਪਾਂ 'ਤੇ ਸਰਜੀਕਲ ਸਟ੍ਰਾਈਕ ਕੀਤੇ। ਮੋਦੀ ਨੇ ਕਿਹਾ ਕਿ ਭਾਰਤ ਲੰਬੇ ਸਮੇਂ ਤੋਂ ਅੱਤਵਾਦੀ ਹਮਲਿਆਂ ਦੁਆਰਾ ਲੱਗੇ ਜ਼ਖ਼ਮਾਂ ਨੂੰ ਝੱਲ ਰਿਹਾ ਹੈ। ਉਨ੍ਹਾਂ ਯਾਦ ਕੀਤਾ ਕਿ ਇਕ ਸਮਾਂ ਸੀ ਜਦੋਂ ਦੇਸ਼ 'ਚ ਲੜੀਵਾਰ ਧਮਾਕੇ ਇਕ ਆਮ ਘਟਨਾ ਬਣ ਗਏ ਸਨ। ਉਨ੍ਹਾਂ ਕਿਹਾ ਕਿ ਸਤੰਬਰ ਦੇ ਇਸੇ ਮਹੀਨੇ, ਖਾਸ ਕਰਕੇ 13 ਸਤੰਬਰ, 2008 ਨੂੰ, ਦਿੱਲੀ ਵਿਚ ਲੜੀਵਾਰ ਧਮਾਕਿਆਂ 'ਚ ਬਹੁਤ ਸਾਰੀਆਂ ਮਾਸੂਮ ਜਾਨਾਂ ਗਈਆਂ ਸਨ। ਕੁਝ ਹਫ਼ਤਿਆਂ ਬਾਅਦ ਹੀ, ਮੁੰਬਈ 'ਚ 26/11 ਦਾ ਵੱਡਾ ਹਮਲਾ ਹੋਇਆ। ਪਹਿਲਾਂ ਵੀ, ਹਰ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾਂਦੀ ਸੀ, ਪਰ ਅਜਿਹੇ ਸੱਦੇ ਅਕਸਰ ਧਿਆਨ ਨਹੀਂ ਦਿੱਤੇ ਜਾਂਦੇ ਸਨ, ਸਗੋਂ ਸਮਾਂ ਲੰਘਣ ਦੀ ਉਡੀਕ ਕੀਤੀ ਜਾਂਦੀ ਸੀ। ਸਰਹੱਦ ਪਾਰ ਅੱਤਵਾਦ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਦਾ ਮੋਦੀ ਦਾ ਇਹ ਹਵਾਲਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਵਲੋਂ ਵਿਸ਼ਵ ਸੰਗਠਨ ਵਿਚ ਆਪਣੇ ਭਾਸ਼ਣ ਵਿਚ ਕਸ਼ਮੀਰ ਮੁੱਦੇ ਨੂੰ ਉਠਾਉਣ ਲਈ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮੰਚ ਦੀ ਵਰਤੋਂ ਕਰਨ ਤੋਂ 2 ਦਿਨ ਬਾਅਦ ਆਇਆ ਹੈ। ਆਪਣੇ ਸੰਬੋਧਨ ਵਿਚ, ਪ੍ਰਧਾਨ ਮੰਤਰੀ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਵੀ ਉਜਾਗਰ ਕੀਤਾ ਤੇ ਕਿਹਾ ਕਿ ਦੇਸ਼ ਭਰ ਦੇ ਲੱਖਾਂ ਨੌਜਵਾਨਾਂ ਨੇ ਹਾਲ ਹੀ 'ਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਨਸ਼ਿਆਂ ਵਿਰੁੱਧ ਇਕ ਮਹੱਤਵਪੂਰਨ ਸੰਕਲਪ ਲਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੇ ਖੁਦ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਖਾਧੀ ਹੈ ਤੇ ਇਸ ਸੰਦੇਸ਼ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਲਈ ਹੈ। ਇਹ ਸਭ 'ਨਸ਼ਾ ਮੁਕਤ ਯੁਵਾ ਅਭਿਆਨ' ਦੇ ਤਹਿਤ ਹੋਇਆ ਹੈ। 2 ਅਕਤੂਬਰ ਨੂੰ ਮਹਾਤਮਾ ਗਾਂਧੀ ਦੀ ਜਯੰਤੀ ਦਾ ਹਵਾਲਾ ਦਿੰਦੇ ਹੋਏ, ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਨੂੰ ਜੀਵਨ ਲਈ ਮਾਰਗਦਰਸ਼ਕ ਸਿਧਾਂਤ ਦਿੱਤੇ ਤੇ ਸਫਾਈ ਉਨ੍ਹਾਂ ਵਿੱਚੋਂ ਇਕ ਹੈ। ਅਸੀਂ ਅਕਸਰ ਆਪਣੇ ਆਲੇ-ਦੁਆਲੇ ਸਫਾਈ ਨਾਲ ਸਬੰਧਤ ਕਈ ਯਤਨ ਦੇਖਦੇ ਹਾਂ। ਇਹ ਯਤਨ ਬਹੁਤ ਪ੍ਰੇਰਨਾਦਾਇਕ ਤੇ ਉਤਸ਼ਾਹਜਨਕ ਹਨ।

# 'ਆਪ੍ਰੇਸ਼ਨ ਸੰਧੂਰ' ਤੋਂ ਡੇਢ ਸਾਲ ਬਾਅਦ ਪਾਕਿ ਪੁੱਜੇ ਸੀਨੀਅਰ ਭਾਰਤੀ ਅਧਿਕਾਰੀ

## ਐੱਸ. ਸੀ. ਓ. ਮੀਟਿੰਗ 'ਚ ਹੋਏ ਸ਼ਾਮਿਲ ਦੁਵੱਲੀ ਗੱਲਬਾਤ ਨਹੀਂ, ਸਿਰਫ਼ ਬਹੁ-ਪੱਖੀ ਮੁੱਦਿਆਂ ਤੱਕ ਸੀਮਤ ਭਾਰਤ ਦੀ ਸ਼ਮੂਲੀਅਤ



ਅੰਮ੍ਰਿਤਸਰ : 'ਆਪ੍ਰੇਸ਼ਨ ਸੰਧੂਰ' ਤੋਂ ਕਰੀਬ ਡੇਢ ਸਾਲ ਬਾਅਦ ਭਾਰਤ ਨੇ ਸ਼ੰਘਾਈ ਸਹਿਯੋਗ ਸੰਗਠਨ (ਐੱਸ. ਸੀ. ਓ.) ਦੀ ਬੈਠਕ 'ਚ ਸ਼ਾਮਿਲ ਹੋਣ ਲਈ ਆਪਣੇ ਇਕ ਸੀਨੀਅਰ ਡਿਪਲੋਮੈਟ ਨੂੰ ਪਾਕਿਸਤਾਨ ਭੇਜਿਆ ਹੈ। ਪਾਕਿ ਦੇ ਐੱਸ. ਸੀ. ਓ. ਕੋਆਰਡੀਨੇਟਰ ਡਾ: ਮੁਹੰਮਦ ਫ਼ੈਜ਼ਲ ਦੀ ਪ੍ਰਧਾਨਗੀ ਹੇਠ ਹੋ ਰਹੀ ਇਸ ਬੈਠਕ ਦਾ ਥੀਮ 'ਵਿਜ਼ਨ ਨੂੰ ਅਮਲ 'ਚ ਬਦਲਣਾ: ਕਨੈਕਟੀਵਿਟੀ, ਨਵੀਂ ਤਕਨਾਲੋਜੀ ਤੇ ਸਾਂਝੀ ਖ਼ੁਸ਼ਹਾਲੀ' ਰੱਖਿਆ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ ਤੇ ਭਾਰਤ ਦੇ ਐੱਸ. ਸੀ. ਓ. ਕੋਆਰਡੀਨੇਟਰ ਆਲੋਕ ਅਮਿਤਾਭ ਡਿਮਰੀ ਇਸਲਾਮਾਬਾਦ ਵਿਖੇ 30 ਸਤੰਬਰ ਬੁੱਧਵਾਰ ਤੱਕ ਚੱਲਣ ਵਾਲੀ ਤਿੰਨ ਰੋਜ਼ਾ ਅਹਿਮ ਬੈਠਕ 'ਚ ਭਾਰਤੀ ਵਫ਼ਦ ਦੀ ਅਗਵਾਈ ਕਰ ਰਹੇ ਹਨ। ਇਸ ਬੈਠਕ ਦੌਰਾਨ ਪਾਕਿ ਦੀ ਪ੍ਰਧਾਨਗੀ ਹੇਠ ਹੋਣ ਵਾਲੇ ਐੱਸ. ਸੀ. ਓ. ਪ੍ਰੋਗਰਾਮਾਂ, ਆਉਣ ਵਾਲੀਆਂ ਬੈਠਕਾਂ ਦੀਆਂ ਤਿਆਰੀਆਂ ਅਤੇ ਸੰਗਠਨ ਨਾਲ ਸੰਬੰਧਿਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪਾਕਿ 'ਚ ਹੋਣ ਵਾਲੇ ਆਗਾਮੀ ਐੱਸ. ਸੀ. ਓ. ਸਿਖਰ ਸੰਮੇਲਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਪੱਤਰ ਭੇਜੇ ਜਾਣ ਦੀ ਵੀ ਚਰਚਾ ਹੈ। ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਪਾਕਿ ਜਾਣ ਦਾ ਮਕਸਦ ਸਿਰਫ਼ ਐੱਸ. ਸੀ. ਓ. ਸੰਗਠਨ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਕਰਨਾ ਹੈ। ਭਾਰਤ ਐੱਸ. ਸੀ. ਓ. ਮੰਚ 'ਤੇ ਸਹਿਯੋਗ ਜਾਰੀ ਰੱਖੇਗਾ, ਪਰ ਦੋਵਾਂ ਮੁਲਕਾਂ ਦਰਮਿਆਨ ਕੋਈ ਵੱਖਰੀ ਦੁਵੱਲੀ ਗੱਲਬਾਤ ਨਹੀਂ ਹੋਵੇਗੀ। ਕੇਂਦਰ ਸਰਕਾਰ ਦਾ ਸਟੈਂਡ ਬਿਲਕੁਲ ਸਪੱਸ਼ਟ ਰਿਹਾ ਹੈ ਕਿ ਕਿਸੇ ਵੀ ਦੁਵੱਲੀ ਗੱਲਬਾਤ ਲਈ ਅੱਤਵਾਦ ਮੁਕਤ ਮਾਹੌਲ ਦਾ ਹੋਣਾ ਲਾਜ਼ਮੀ ਹੈ। ਅਪ੍ਰੈਲ 2025 'ਚ ਪਹਿਲਗਾਮ ਅੱਤਵਾਦੀ ਹਮਲੇ ਤੇ ਮਈ 'ਚ ਆਪ੍ਰੇਸ਼ਨ ਸੰਧੂਰ ਦੌਰਾਨ ਹੋਏ ਫ਼ੌਜੀ ਟਕਰਾਅ ਤੋਂ ਬਾਅਦ ਭਾਰਤ ਨੇ ਦੁਹਰਾਇਆ ਸੀ ਕਿ ਅੱਤਵਾਦ ਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਕਤੂਬਰ 2024 'ਚ ਐੱਸ. ਸੀ. ਓ. ਸਿਖਰ ਸੰਮੇਲਨ ਲਈ ਪਾਕਿ ਗਏ ਸਨ। ਉਸ ਦੌਰਾਨ ਪਾਕਿ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਤੇ ਐੱਸ. ਜੈਸ਼ੰਕਰ ਵਿਚਕਾਰ ਰਸਮੀ ਮੁਲਾਕਾਤ ਹੋਈ ਸੀ। ਉਨ੍ਹਾਂ ਤੋਂ ਪਹਿਲਾਂ ਦਸੰਬਰ 2015 'ਚ ਤਤਕਾਲੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਪਾਕਿ ਗਏ ਸਨ। ਇਹ ਵੀ ਦੱਸਣਯੋਗ ਹੈ ਕਿ ਪਾਕਿਸਤਾਨ ਸਾਲ 2026-27 ਲਈ ਸ਼ੰਘਾਈ ਸਹਿਯੋਗ ਸੰਗਠਨ ਦੀ ਪ੍ਰਧਾਨਗੀ ਕਰ ਰਿਹਾ ਹੈ।

# ਅਕਾਲੀਆਂ ਵੱਲੋਂ ਕਾਲੇ ਚੋਲੇ ਪਾ ਕੇ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ

## ਮੋਹਣਜੀਤ ਸਿੰਘ ਤੇ ਗੁਲਜ਼ਾਰ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਧਰਨਾ




ਸੰਗਰੂਰ : ਪਿੰਡ ਸ਼ੇਰੋਂ ਦੇ ਮੋਹਣਜੀਤ ਸਿੰਘ ਅਤੇ ਪਿੰਡ ਤੂਰਬੰਜਾਰਾ ਦੇ ਮ੍ਰਿਤਕ ਗੁਲਜ਼ਾਰ ਸਿੰਘ ਦੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਬਣੀ ਸੰਘਰਸ਼ ਕਮੇਟੀ ਦੇ ਸੱਦੇ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਚੱਲ ਰਹੇ ਲੜੀਵਾਰ ਰੋਸ ਧਰਨੇ ਦੇ ਅੱਠਵੇਂ ਦਿਨ ਸ਼ ?ਰੋਮਣੀ ਅਕਾਲੀ ਦਲ ਵੱਲੋਂ ਕਾਲੇ ਚੋਲੇ ਪਾ ਕੇ ਕੋਠੀ ਵੱਲ ਰੋਸ ਮਾਰਚ ਕੀਤਾ ਗਿਆ ਅਤੇ ਰੋਸ ਧਰਨਾ ਦਿੰਦਿਆਂ ਪੰਜਾਬ ਸਰਕਾਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਦੀ ਅਗਵਾਈ ਹੇਠ ਅਕਾਲੀ ਵਰਕਰ ਜੇਜੀ ਪੈਲੇਸ ਨੇੜੇ ਇਕੱਠੇ ਹੋਏ। ਇਸ ਮੌਕੇ ਅਕਾਲੀ ਦਲ ਦੇ ਸੂਬਾ ਜਨਰਲ ਸਕੱਤਰ ਵਿਨਰਜੀਤ ਸਿੰਘ ਗੋਲਡੀ ਅਤੇ ਸੂਬਾ ਮੀਤ ਪ੍ਰਧਾਨ ਇਕਬਾਲਜੀਤ ਸਿੰਘ ਪੂਨੀਆਂ ਵੀ ਮੌਜੂਦ ਸਨ। ਅਕਾਲੀ ਆਗੂਆਂ ਵੱਲੋਂ ਵੱਖ-ਵੱਖ ਨਾਅਰਿਆਂ ਵਾਲੇ ਕਾਲੇ ਚੋਲੇ ਪਾ ਕੇ ਮੁੱਖ ਮੰਤਰੀ ਦੀ ਕੋਠੀ ਨੇੜੇ ਚੱਲ ਰਹੇ ਰੋਸ ਧਰਨੇ ਵਾਲੇ ਸਥਾਨ ਤੱਕ ਰੋਸ ਮਾਰਚ ਕੀਤਾ ਗਿਆ। ਇੱਥੇ ਧਰਨੇ ਨੂੰ ਸੰਬੋਧਨ ਕਰਦਿਆਂ ਅਕਾਲੀ ਆਗੂਆਂ ਨੇ ਕਿਹਾ ਕਿ ਨਸ਼ਿਆਂ ਦੇ ਵੱਧ ਰਹੇ ਕਹਿਰ ਕਾਰਨ ਨੌਜਵਾਨ ਪੀੜ੍ਹੀ ਤਬਾਹੀ ਕੰਢੇ ਪਹੁੰਚ ਰਹੀ ਹੈ। ਕਈ ਪਰਿਵਾਰ ਉਜੜ ਚੁੱਕੇ ਹਨ ਅਤੇ ਇਲਾਕੇ 'ਚ ਅਪਰਾਧਿਕ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਨਸ਼ਾ ਵੇਚਣ ਵਾਲੇ ਤਸਕਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇ, ਗੁਲਜ਼ਾਰ ਸਿੰਘ ਤੂਰਬੰਜ਼ਾਰਾ ਖੁਦਕੁਸ਼ੀ ਮਾਮਲੇ ਵਿਚ ਵਿੱਤ ਮੰਤਰੀ ਪੰਜਾਬ ਨੂੰ ਨਾਮਜ਼ਦ ਕੀਤਾ ਜਾਵੇ, ਮੋਹਣਜੀਤ ਸਿੰਘ ਸ਼ੇਰੋਂ 'ਤੇ ਹੋਏ ਕਥਿਤ ਤਸ਼ੱਦਦ ਦੇ ਮਾਮਲੇ ਦੀ ਨਿਰਪੱਖ ਜਾਂਚ ਕਰ ਕੇ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਰੋਕਣ 'ਚ ਨਾਕਾਮ ਰਹੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਤੋਂ ਅਸਤੀਫ਼ਾ ਲਿਆ ਜਾਵੇ। ਇਸ ਮੌਕੇ ਅਕਾਲੀ ਆਗੂ ਗੁਲਜ਼ਾਰ ਸਿੰਘ ਮੂਨਕ, ਰਣਜੀਤ ਸਿੰਘ ਕਾਤਰੋਂ, ਜਤਿੰਦਰ ਸਿੰਘ ਵਿੱਕੀ, ਪਰਮਜੀਤ ਕੌਰ ਵਿਰਕ, ਪਰਮਿੰਦਰ ਕੌਰ ਬਰਾੜ, ਨਿਰਮਲ ਸਿੰਘ ਕੜੈਲ, ਮੋਹਣਜੀਤ ਸਿੰਘ ਸ਼ੇਰੋਂ ਅਤੇ ਮ੍ਰਿਤਕ ਗੁਲਜ਼ਾਰ ਸਿੰਘ ਤੂਰਬੰਜ਼ਾਰਾ ਦਾ ਪੁੱਤਰ ਲਖਵਿੰਦਰ ਸਿੰਘ ਵੀ ਸ਼ਾਮਲ ਹੋਇਆ। ਇਸ ਮੌਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਡਿਊਟੀ ਮੈਜਿਸਟ੍ਰੇਟ ਨੂੰ ਮੰਗ ਪੱਤਰ ਵੀ ਸੌਂਪਿਆ।

# ਟੋਰਾਂਟੋ 'ਚ ਭਾਰਤੀ ਦੂਤਘਰ ਦੀ ਪਹਿਲਕਦਮੀ ਦੀ ਸ਼ਲਾਘਾ, ਭਾਈਚਾਰੇ ਨਾਲ ਵਧਿਆ ਸਿੱਧਾ ਰਾਬਤਾ

ਟੋਰਾਂਟੋ : ਕੈਨੇਡਾ ਵਿਚ ਰਹਿੰਦੇ ਹਜ਼ਾਰਾਂ ਭਾਰਤੀਆਂ ਲਈ ਪਾਸਪੋਰਟ, ਓ. ਸੀ. ਆਈ. ਅਤੇ ਪਰਿਵਾਰ ਨਾਲ ਜੁੜੀਆਂ ਹੋਰ ਸੇਵਾਵਾਂ ਸੁਚਾਰੂ ਬਣਾਉਣ ਲਈ ਟੋਰਾਂਟੋ ਸਥਿਤ ਭਾਰਤੀ ਦੂਤਘਰ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਭਾਰਤੀ ਭਾਈਚਾਰੇ ਵਿਚ ਕਾਫ਼ੀ ਸ਼ਲਾਘਾ ਹੋ ਰਹੀ ਹੈ। ਕੈਨੇਡੀਅਨ ਅਖ਼ਬਾਰ 'ਹਿੰਦੁਸਤਾਨ ਪੋਸਟ' ਦੇ ਸੰਪਾਦਕ ਜੋਗਿੰਦਰ ਬਾਸੀ ਅਨੁਸਾਰ, ਰਾਜਦੂਤ ਮਹਾਵੀਰ ਸਿੰਘਵੀ ਦੀ ਅਗਵਾਈ ਹੇਠ ਦੂਤਘਰ ਦੀ ਟੀਮ ਬਿਨਾਂ ਕਿਸੇ ਰੁਕਾਵਟ ਦੇ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

ਮਹਾਵੀਰ ਸਿੰਘਵੀ ਨਾ ਸਿਰਫ਼ ਆਪਣੀ ਟੀਮ ਨੂੰ ਬਿਨਾਂ ਰੁਕਾਵਟ ਸੇਵਾਵਾਂ ਤੇਜ਼ੀ ਨਾਲ ਨਿਪਟਾਉਣ ਦੇ ਨਿਰਦੇਸ਼ ਦੇ ਰਹੇ ਹਨ, ਸਗੋਂ ਉਹ ਟੋਰਾਂਟੋ ਖੇਤਰ ਵਿਚ ਵੱਖ-ਵੱਖ ਧਾਰਮਿਕ, ਸੱਭਿਆਚਾਰਕ ਅਤੇ ਕਾਰੋਬਾਰੀ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਲੋਕਾਂ ਨਾਲ ਸਿੱਧਾ ਸੰਪਰਕ ਵੀ ਵਧਾ ਰਹੇ ਹਨ। ਦੂਤਘਰ ਵਲੋਂ ਉਕਤ ਸੇਵਾਵਾਂ ਰਾਹੀਂ ਆਮ ਭਾਰਤੀਆਂ ਦੀਆਂ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰਨ 'ਤੇ ਖ਼ਾਸ ਧਿਆਨ ਦਿੱਤਾ ਜਾ ਰਹਾ ਹੈ।



ਇਸ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਦੂਤਾਵਾਸ ਸਟਾਫ਼ ਵਲੋਂ ਅਰਜ਼ੀਕਾਰਾਂ ਨੂੰ ਸਹੀ ਦਸਤਾਵੇਜ਼ ਜਮ੍ਹਾਂ ਕਰਵਾਉਣ, ਨਿਰਧਾਰਿਤ ਪ੍ਰਕਿਰਿਆ ਦੀ ਪਾਲਣਾ ਕਰਨ ਅਤੇ ਕੇਵਲ ਅਧਿਕਾਰਤ ਫ਼ੀਸ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ। ਕਿਸੇ ਵੀ ਤਰ੍ਹਾਂ ਦੀ ਰਿਸ਼ਵਤ, ਵਾਧੂ ਭੁਗਤਾਨ ਜਾਂ ਨਿੱਜੀ ਪਹੁੰਚ ਦੀ ਲੋੜ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਅਰਜ਼ੀਕਾਰਾਂ ਨੂੰ ਕਿਸੇ ਵੀ ਅਣਉੱਚਿਤ ਮੰਗ ਦੇ ਖ਼ਿਲਾਫ਼ ਅਧਿਕਾਰਤ ਸ਼ਿਕਾਇਤ ਦਰਜ ਕਰਵਾਉਣ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਪਾਰਦਰਸ਼ੀ ਪ੍ਰਕਿਰਿਆ, ਅਧਿਕਾਰੀਆਂ ਤੱਕ ਆਸਾਨ ਪਹੁੰਚ ਅਤੇ ਨਿਰਪੱਖ ਵਿਵਹਾਰ ਨਾਲ ਦੂਤਘਰ ਪ੍ਰਤੀ ਭਾਈਚਾਰੇ ਦਾ ਭਰੋਸਾ ਮਜ਼ਬੂਤ ਹੋਇਆ ਹੈ। ਟੋਰਾਂਟੋ ਵਿਚ ਭਾਰਤੀ ਮਹਾਵਣਜ ਦੂਤਘਰ ਦੀ ਇਹ ਸਰਗਰਮੀ ਸਕਾਰਾਤਮਕ ਬਦਲਾਅ ਲਿਆ ਰਹੀ ਹੈ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

**'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ**

(**ਲੜੀ**-19)

ਸ਼ਾਵਾ ਨੀ ਮੁੰਡੇ ਦਾ ਨਾਨਾ!
ਬੱਲੇ ਨੀ ਮੁੰਡੇ ਦਾ ਨਾਨਾ!
ਭਰਿਆ ਇਹਦਾ ਖਜ਼ਾਨਾ!
ਨੀ ਮੁੰਡੇ ਦਾ ਨਾਨਾ!
ਸ਼ਾਵਾ ਨੀ ਮੁੰਡੇ ਦਾ ਨਾਨੀ!
ਬੱਲੇ ਨੀ ਮੁੰਡੇ ਦੀ ਨਾਨੀ!
ਜੀਵੇ ਇਹਦੀ ਜਵਾਨੀ!
ਨੀ ਮੁੰਡੇ ਦੀ ਨਾਨੀ!
ਸ਼ਾਵਾ ਨੀ ਮੁੰਡੇ ਦਾ ਨਾਨੀ!
ਸ਼ਾਵਾ ਨੀ ਮੁੰਡੇ ਦਾ ਪਿਓ,
ਬੱਲੇ ਨੀ ਮੁੰਡੇ ਦਾ ਪਿਓ!
ਵੰਡੇ ਸ਼ੱਕਰ-ਘਿਓ!
ਨੀ ਮੁੰਡੇ ਦਾ ਪਿਓ!
ਸ਼ਾਵਾ ਨੀ ਮੁੰਡੇ ਦਾ ਪਿਓ।
ਮਸਾਂ ਲਿਆ ਮਸਾਂ ਲਿਆ ਮੇਰੇ ਲਾਲ, ੱਜ ਦਿਨ ਮਸਾਂ ਲਿਆ।
ਲੋਹੜੀ ਦਾ ਲੋਹੜੀ ਦਾ ਦਿਨ ਲਾਲ,
ਅੱਜ ਦਿਨ ਮਸਾਂ ਲਿਆ।
ਸ਼ਗਨਾਂ ਦਾ ਗਿੱਧਾ ਤੇਰੀ ਦਾਦੀ ਪੁਆਵੇ,
ਦਾਦਾ ਵੰਡੇ ਗੁੜ ਰੋੜੀਆਂ।
ਅੱਜ ਦਿਨ ਮਸਾਂ ਲਿਆ,
ਮਸਾਂ ਲਿਆ ਮੇਰੇ ਲਾਲ, ਅੱਜ ਦਿਨ ਮਸਾਂ ਲਿਆ।
ਮਸਾਂ ਲਿਆ ਮਸਾਂ ਲਿਆ ਮੇਰੇ ਲਾਲ,
ਅੱਜ ਦਿਨ ਮਸਾਂ ਲਿਆ।
ਲੋਹੜੀ ਦਾ ਲੋਹੜੀ ਦਾ ਦਿਨ ਲਾਲ,
ਅੱਜ ਦਿਨ ਮਸਾਂ ਲਿਆ।
ਸ਼ਗਨਾਂ ਦਾ ਗਿੱਧਾ ਤੇਰੀ ਨਾਨੀ ਪੁਆਵੇ,
ਨਾਨਾ ਵੰਡੇ ਗੁੜ ਰੋੜੀਆਂ,
ਅੱਜ ਦਿਨ ਮਸਾਂ ਲਿਆ,
ਮਸਾਂ ਲਿਆ ਮੇਰੇ ਲਾਲ, ਅੱਜ ਦਿਨ ਮਸਾਂ ਲਿਆ।
ਲੋਕੀਂ ਨਿੱਤ ਪੁੱਤ ਜੰਮਦੇ, ਹਾਲ ਵੇ ਰੱਬਾ।
ਮੈਂ ਵੀ ਪੰਜਾਂ ਉੱਤੋਂ ਜੰਮਿਆਂ, ਹਾਲ ਵੇ ਰੱਬਾ।
ਮੈਂ ਵੀ ਪੰਜੂ ਨਾਂ ਰੱਖਿਆ, ਹਾਲ ਵੇ ਰੱਬਾ।
ਪੰਜੂ ਨਾਨਾ ਨਾਨਾ ਕਰਦਾ, ਹਾਲ ਵੇ ਰੱਬਾ।
ਮੈਂ ਵੀ ਨਾਨੇ ਕੁੱਛੜ ਚਾੜ੍ਹਿਆ, ਹਾਲ ਵੇ ਰੱਬਾ।
ਨਾਨੇ ਲੱਖ ਰੁਪਈਆ ਵਾਰਿਆ, ਹਾਲ ਵੇ ਰੱਬਾ।
ਪੰਜੂ ਬਾਬਾ ਬਾਬਾ ਕਰਦਾ, ਹਾਲ ਵੇ ਰੱਬਾ।
ਮੈਂ ਵੀ ਬਾਬੇ ਕੁੱਛੜ ਚਾੜ੍ਹਿਆ, ਹਾਲ ਵੇ ਰੱਬਾ।
ਬਾਬੇ ਖੋਟਾ ਪੈਸਾ ਵਾਰਿਆ, ਹਾਲ ਵੇ ਰੱਬਾ।
ਜਦ ਮੈਂ ਪੇਕਿਆਂ ਤੋਂ ਆਈ ਸੀ, ਹਾਲ ਵੇ ਰੱਬਾ।
ਪੰਜੂ ਨਾਨੇ ਵਰਗਾ ਲਿਆਈ ਸੀ, ਹਾਲ ਵੇ ਰੱਬਾ।
ਕੰਜਰ ਦਾਦੇ ਵਰਗਾ ਹੋ ਗਿਆ, ਹਾਲ ਵੇ ਰੱਬਾ।
(ਇਸ ਬੋਲੀ ਵਿੱਚ ਇੱਕ ਇੱਕ ਕਰਕੇ ਸਾਰੇ ਰਿਸ਼ਤੇ ਦੁਹਰਾਏ ਜਾਂਦੇ ਹਨ।)
ਹਾਏ ਜੈ ਵੱਢੀ ਦਾ ਬਲੂੰਗੜਾ ਰੋਵੇ...2
ਬਾਪੂ ਬਾਪੂ ਕਰਦਾ ਬਲੂੰਗੜਾ ਰੋਵੇ...2
ਬਾਪੂ ਇਹਦੇ ਪਿਓ ਦਾ ਹੈ ਨਈਂ,
ਇਹਦੇ ਕਿੱਥੋਂ ਹੋਵੇ,
ਹਾਏ ਜੈ ਵੱਢੀ ਦਾ ਬਲੂੰਗੜਾ ਰੋਵੇ...2
ਬਾਪੂ ਨੇ ਨਾ ਚੁੱਕਿਆ ਤੇ ਮੈਂ ਵੀ ਦੇਮਾਂ ਸੁੱਟ ਨੀ,
ਬਲੂੰਗੜਾ ਰੋਵੇ।
ਹਾਏ ਜੈ ਵੱਢੀ ਦਾ ਬਲੂੰਗੜਾ ਰੋਵੇ...2
ਨੀ ਮੈਂ ਆਪੇ ਲਵਾਂ ਚੁੱਕ,
ਨੀ ਮੈਂ ਇੱਥੇ ਲਵਾਂ ਰੱਖ।
ਮੇਰੇ ਕਾਲਜੇ ਦੀ ਅੱਗ,
ਨੀ ਬਲੂੰਗੜਾ ਰੋਵੇ।
ਹਾਏ ਜੈ ਵੱਢੀ ਦਾ ਬਲੂੰਗੜਾ ਰੋਵੇ...2
ਗੱਡੀ ਸਹਿਜੇ ਸਹਿਜੇ ਤੋਰ ਜਾਲਮਾ,
ਸੱਸੂ ਲੜਦੀ ਪੁੱਤਾਂ ਦੇ ਜੋਰ ਜਾਲਮਾਂ।
ਮੈਂ ਵੀ ਲੜਾਂਗੀ ਵੀਰਾਂ ਦੇ ਜੋਰ ਜਾਲਮਾ,
ਮੈਂ ਵੀ ਲੜਾਂਗੀ ਵੀਰਾਂ ਦੇ ਜ਼ੋਰ ਜਾਲਮਾ।
ਜੇ ਨਾਨਾ ਤੇਤੋਂ ਪੈਸਾ ਹੈ ਨਈਂ,
ਵੇਲ ਕਰਾ ਦੇ ਪੱਗ ਦੀ ਵੇ,
ਤੈਨੂੰ ਸ਼ੋਭਾ ਸਾਰੇ ਜੱਗ ਦੀ ਵੇ।
ਤੂੰ ਨੱਚ ਤੂੰ ਨੱਚ ਮੁੰਡੇ ਦੀ ਮਾਮੀ,
ਲਾਗੀਆਂ ਦਾ ਲਾਗ ਦਵਾ ਦੇ।
ਜੇ ਤੇਰੇ ਕੋਲ਼ ਪੈਸਾ ਹੈ ਨਈਂ,
ਮਾਮੇ ਦੀ ਵੇਲ ਕਰਾ ਦੇ।



ਪਰਦੇਸਾਂ ਵਿਚ ਇਹ ਗਿੱਧਾ ਸਟੇਜੀ ਗਿੱਧੇ ਦੇ ਰੂਪ ਵਿਚ, ਢੋਲ ਵਜਾ ਕੇ ਜਾਂ ਡੀ.ਜੇ. ਨਾਲ ਸਮੂਹਿਕ ਰੂਪ ਵਿਚ ਹੀ ਪਾਇਆ ਜਾਂਦਾ ਹੈ। ਧੀ ਦੇ ਜਨਮ ਵੇਲੇ ਦੇ ਗੀਤ ਅਤੇ ਰਸਮਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਧੀ ਦੇ ਜਨਮ ਦੀ ਕੋਈ ਖ਼ੁਸੀ ਨਹੀਂ ਮਨਾਈ ਜਾਂਦੀ ਸੀ। ਇਸ ਮੌਕੇ ਕੋਈ ਰਸਮ ਨਹੀਂ ਨਿਭਾਈ ਜਾਂਦੀ ਸੀ। ਕੋਈ ਗੀਤ ਨਹੀਂ ਗਾਇਆ ਜਾਂਦਾ ਸੀ। ਮੁੱਢ ਤੋਂ ਹੀ ਧੀ ਦੇ ਜਨਮ ਵੇਲੇ ਸਾਰਾ ਘਰ ਸੋਗ ਵਿਚ ਡੁੱਬ ਜਾਂਦਾ ਸੀ। 'ਪੱਥਰ ਡਿਗ ਪਿਆ' ਆਮ ਕਿਹਾ ਜਾਂਦਾ ਸੀ। ਕਈ ਥਾਵਾਂ ਤੇ ਧੀ ਨੂੰ ਜੰਮਦੇ ਹੀ ਮਾਰ ਦਿੱਤਾ ਜਾਂਦਾ ਸੀ। ਇਸਦਾ ਕਾਰਨ ਇਹ ਹੈ ਕਿ ਪੰਜਾਬ ਹਮੇਸ਼ਾਂ ਹੀ ਹਮਲਾਵਰਾਂ ਦੇ ਘੇਰੇ ਵਿਚ ਰਿਹਾ ਹੈ। ਇਥੇ ਹੀ ਬੱਸ ਨਹੀਂ, ਇਹ ਹਮਲਾਵਰ ਧੰਨ-ਮਾਲ ਦੀ ਲੁੱਟ ਖੋਹ ਦੇ ਨਾਲ਼ ਨਾਲ਼ ਧੀਆਂ-ਭੈਣਾਂ ਦੀ ਬੇ ਪਤੀ ਵੀ ਕਰਦੇ ਸਨ। ਧੀਆਂ ਨੂੰ ਚੁੱਕ ਕੇ ਵੀ ਲੈ ਜਾਂਦੇ ਸਨ। ਧੀ ਰੂਪੀ ਕਰੂੰਬਲ ਵੱਡੀ ਹੁੰਦੇ ਹੀ, ਪਤਾ ਨਹੀਂ ਕਿਹੜੇ ਵੇਲੇ, ਕਿਸ ਨੇ ਕਿੱਥੇ ਅਤੇ ਕਦੋਂ ਮਸਲ ਦੇਣੀ ਹੁੰਦੀ ਸੀ? ਅਜਿਹੀ ਸਥਿਤੀ ਵਿਚ ਧੀ ਦੇ ਜਨਮ ਸਮੇਂ ਮਾਂ- ਬਾਪ ਦੇ ਮਨ ਵਿਚ ਦਹਿਸ਼ਤ ਹੋਣਾ ਸੁਭਾਵਿਕ ਸੀ। ਦੂਜਾ ਸਾਡਾ ਸਮਾਜ ਮਰਦ-ਪ੍ਰਧਾਨ ਰਿਹਾ ਹੈ। ਇਸ ਲਈ ਵੀ ਰੋਂਦੀਆਂ ਧੀਆਂ ਨੂੰ ਚੁੱਪ ਕਰਾਉਣ ਲਈ ਜਾਂ ਚੁੱਕ ਕੇ ਖਿਡਾਉਣ ਲਈ ਕੋਈ ਲੋਰੀ ਨਹੀਂ ਹੈ। ਲੋਕ ਧਾਰਾ ਵਿਗਿਆਨੀਆਂ ਦੇ ਮੱਤ ਅਨੁਸਾਰ ਲੋਕ ਕਾਵਿ ਦੇ ਵਧੇਰੇ ਭਾਗ ਦੀਆਂ ਸਿਰਜਣਹਾਰੀਆਂ ਔਰਤਾਂ ਹੀ ਹਨ। ਇਹ ਹੀ ਕਾਰਨ ਹੈ ਕਿ ਲੋਕਗੀਤਾਂ ਦੀਆਂ ਸਿਰਜਣਹਾਰੀਆਂ ਦਾ ਇਹ ਖ਼ਜਾਨਾ (ਲੋਰੀਆਂ) ਧੀਆਂ ਦੇ ਹਿੱਸੇ ਨਹੀਂ ਆਇਆ। ਲੋਕਗੀਤਾਂ ਅਤੇ ਬੋਲੀਆਂ ਵਿਚ ਧੀ ਨੂੰ ਜਨਮ ਵੇਲ਼ੇ ਹੀ ਕੋਸਿਆ ਜਾਂਦਾ ਸੀ। ਉਸਨੂੰ ਸੰਬੋਧਨ ਕਰਨ ਲਈ ਮਰ ਜਾਣੀ, ਕਾਲ ਖਾਧੀ, ਸਿਰਮੁੰਨੀ, ਬਲਾ ਆਦਿ ਸ਼ਬਦ ਅਕਸਰ ਹੀ ਵਰਤੇ ਜਾਂਦੇ ਸਨ। ਇਸ ਸ੍ਰਿਸ਼ਟੀ ਤੇ ਉਸਦੀ ਆਮਦ ਦਾ ਜ਼ਿਕਰ ਵਿਅੰਗ, ਫ਼ਿਕਰ ਜਾਂ ਖ਼ੌਫ਼ ਨਾਲ ਹੀ ਆਉਂਦਾ ਸੀ।

ਬੱਲੇ ਬੱਲੇ ਬਈ ਚਿੱਟੀ ਪੱਗ ਬੰਨ੍ਹ ਮੁੰਡਿਆ,
ਧੀ ਜੰਮ ਪਈ ਜਵਾਈ ਵਾਲ਼ਾ ਹੋ ਗਿਆ।
ਤੈਂ ਘਰ ਜੰਮ ਪਈ ਧੀ ਵੇ ਨਿਰੰਜਣਾ,
ਸੋਚੀਂ ਪੈ ਗਏ ਜੀਅ ਵੇ ਨਿਰੰਜਣਾ।
ਥੋੜ੍ਹਾ ਦਾਰੂ ਪੀ ਵੇ ਨਿਰੰਜਣਾ...2
ਬੱਲੇ ਬੱਲੇ ਨੱਤੀਆਂ ਘੜਾਈਆਂ ਰਹਿ ਗਈਆਂ,
ਦਿਨ ਚੜ੍ਹਦੇ ਨੂੰ ਜੰਮ ਪਈ ਤਾਰੋ।
ਬੱਲੇ ਬੱਲੇ ਬਈ ਬਾਝ ਭਰਾਵਾਂ ਦੇ।
ਮਰ ਜਾਵੋ ਨੀ ਚੰਦਰੀਓ ਭੈਣੋਂ।
ਕਾਕਾ ਲੈ ਲੈਨੀ ਆਂ,
ਪਲੰਘ ਤੇ ਬਹਿ ਰਹਿਨੀ ਆਂ।
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿਨੀ ਆਂ।
ਮੁੰਨੀ ਲੈ ਕੇ ਮੈਂ ਨਵਾਂ ਸੂਟ ਸਵਾਇਆ,
ਸ਼ਾਬਾਸ਼ੇ ਮੇਰੇ ਮਾਹੀਏ ਦੇ।
ਜਿਨ ਉਹ ਵੀ ਗਲੋਂ ਲਹਾਇਆ,
ਮੁੰਨੀ ਲੈ ਲੈਨੀਂ ਆਂ,
ਮੈਂ ਭੁੰਜੇ ਬਹਿ ਰਹਿਨੀ ਆਂ।
ਨੀ ਸੱਸੀਏ! ਨੀ ਸੱਸੀਏ!
ਮੇਰੇ ਵਿਹੜੇ ਹੌਲੀ-ਹੌਲੀ ਆ।

(ਚਲਦਾ)

# ਪਾਕਿਸਤਾਨ 'ਚ ਵੀ ਲਾਗੂ ਹੋਵੇਗਾ 'ਸਿੱਖ ਮੈਰਿਜ ਐਕਟ'! ਪ੍ਰਸਤਾਵਿਤ ਬਿੱਲ 'ਤੇ ਹੋਈ ਸਮੀਖਿਆ



ਪਿਸ਼ਾਵਰ : ਪਾਕਿਸਤਾਨ ਵਿਚ ਰਹਿ ਰਹੇ ਸਿੱਖ ਭਾਈਚਾਰੇ ਲਈ ਅਹਿਮ ਖ਼ਬਰ ਹੈ। ਹੁਣ ਸਿੱਖ ਭਾਈਚਾਰੇ ਦੇ ਵਿਆਹ ਕਾਨੂੰਨੀ ਤੌਰ 'ਤੇ ਰਜਿਸਟਰ ਹੋਣਗੇ। ਇਸ ਉਦੇਸ਼ ਦੇ ਤਹਿਤ ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਵਿੱਚ ਸਿੱਖ ਵਿਆਹਾਂ ਨੂੰ ਪੂਰੀ ਕਾਨੂੰਨੀ ਮਾਨਤਾ ਅਤੇ ਸੁਰੱਖਿਆ ਦੇਣ ਲਈ ਤਜਵੀਜ਼ ਦੇਣ ਵਾਲੇ ਕਾਨੂੰਨ ਦੀ ਸਮੀਖਿਆ ਕਾਨੂੰਨਸਾਜ਼ਾਂ, ਸਰਕਾਰੀ ਅਧਿਕਾਰੀਆਂ ਅਤੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਵੱਲੋਂ ਇੱਕ ਸਲਾਹ-ਮਸ਼ਵਰਾ ਮੀਟਿੰਗ ਦੌਰਾਨ ਕੀਤੀ ਗਈ। ਘੱਟ ਗਿਣਤੀਆਂ ਬਾਰੇ ਸੰਸਦੀ ਕਾਕਸ ਦੇ ਉਪ-ਚੇਅਰਮੈਨ ਅਤੇ ਸੂਬਾਈ ਅਸੈਂਬਲੀ ਦੇ ਮੈਂਬਰ ਗੁਰਪਾਲ ਸਿੰਘ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ ਹੋਈ ਮੀਟਿੰਗ ਵਿੱਚ 'ਖ਼ੈਬਰ ਪਖਤੂਨਖਵਾ ਸਿੱਖ ਆਨੰਦ ਕਾਰਜ ਬਿੱਲ, 2026' ਦੀਆਂ ਮੁੱਖ ਧਾਰਾਵਾਂ, ਇਸ ਦੀ ਮੌਜੂਦਾ ਸਥਿਤੀ ਅਤੇ ਸੂਬਾਈ ਅਸੈਂਬਲੀ ਵਿੱਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਬਾਕੀ ਰਹਿੰਦੇ ਕਦਮਾਂ ਬਾਰੇ ਚਰਚਾ ਕੀਤੀ ਗਈ।

ਪਰਿਵਾਰਕ ਕਾਨੂੰਨਾਂ ਲਈ ਸਥਾਨਕ ਸਰਕਾਰ ਦੇ ਫੋਕਲ ਵਿਅਕਤੀ, ਮੁਹੰਮਦ ਸਈਦ-ਉਰ-ਰਹਿਮਾਨ ਨੇ ਮੀਟਿੰਗ ਵਿੱਚ ਕਾਨੂੰਨੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਾਨੂੰਨ ਵਿਭਾਗ ਵੱਲੋਂ ਜਾਂਚ-ਪੜਤਾਲ ਤੋਂ ਬਾਅਦ ਬਿੱਲ ਨੂੰ ਕਾਨੂੰਨ-ਨਿਰਮਾਣ ਬਾਰੇ ਕੈਬਨਿਟ ਕਮੇਟੀ ਕੋਲ ਭੇਜਿਆ ਜਾਵੇਗਾ। ਕੈਬਨਿਟ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਇਸ ਨੂੰ ਪ੍ਰਾਂਤਿਕ ਕੈਬਨਿਟ ਅੱਗੇ ਰੱਖਿਆ ਜਾਵੇਗਾ ਅਤੇ ਫਿਰ ਅੰਤਿਮ ਵਿਚਾਰ ਲਈ ਖ਼ੈਬਰ ਪਖਤੂਨਖਵਾ ਅਸੈਂਬਲੀ ਵਿੱਚ ਪੇਸ਼ ਕੀਤਾ ਜਾਵੇਗਾ।

ਇਸ ਤਜਵੀਜ਼ਤ ਕਾਨੂੰਨ ਦਾ ਉਦੇਸ਼ ਸਿੱਖ ਵਿਆਹਾਂ ਲਈ ਇੱਕ ਸਪੱਸ਼ਟ ਕਾਨੂੰਨੀ ਢਾਂਚਾ ਪ੍ਰਦਾਨ ਕਰਨਾ ਹੈ, ਜਿਸ ਵਿੱਚ ਆਨੰਦ ਕਾਰਜ ਦੀ ਰਸਮ, ਲਾਜ਼ਮੀ ਰਜਿਸਟ ?ਰੇਸ਼ਨ ਅਤੇ ਵਿਆਹ ਸਰਟੀਫਿਕੇਟ ਜਾਰੀ ਕਰਨਾ, ਵਿਆਹੁਤਾ ਅਧਿਕਾਰ ਅਤੇ ਫਰਜ਼, ਗੁਜ਼ਾਰਾ ਭੱਤਾ, ਬੱਚਿਆਂ ਦੀ ਕਸਟਡੀ, ਸੁਲ੍ਹਾ-ਸਫਾਈ ਅਤੇ ਤਲਾਕ ਵਰਗੇ ਪਹਿਲੂ ਸ਼ਾਮਲ ਹੋਣਗੇ। ਇਸ ਬਿੱਲ ਤਹਿਤ ਵਿਆਹ ਲਈ ਦੋਵਾਂ ਧਿਰਾਂ ਦੀ ਘੱਟੋ-ਘੱਟ ਉਮਰ 18 ਸਾਲ ਹੋਣੀ ਲਾਜ਼ਮੀ ਹੋਵੇਗੀ ਅਤੇ ਦੋਵਾਂ ਦੀ ਪੂਰੀ ਤੇ ਸੁਤੰਤਰ ਸਹਿਮਤੀ ਜ਼ਰੂਰੀ ਹੋਵੇਗੀ। ਜ਼ਬਰਦਸਤੀ, ਧੋਖੇ, ਦਬਾਅ ਜਾਂ ਗਲਤ ਬਿਆਨੀ ਨਾਲ ਲਈ ਗਈ ਸਹਿਮਤੀ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਨਹੀਂ ਮਿਲੇਗੀ। ਮੀਟਿੰਗ ਵਿਚ ਭਾਗ ਲੈਣ ਵਾਲਿਆਂ ਨੂੰ ਦੱਸਿਆ ਗਿਆ ਕਿ ਇਹ ਤਜਵੀਜ਼ ਕਾਨੂੰਨ 'ਆਨੰਦ ਮੈਰਿਜ ਐਕਟ, 1909' ਤੋਂ ਅੱਗੇ ਵਧ ਕੇ ਕੰਮ ਕਰੇਗਾ; 1909 ਦੇ ਐਕਟ ਨੇ ਮੁੱਖ ਤੌਰ 'ਤੇ ਸਿੱਖ ਆਨੰਦ ਕਾਰਜ ਰਸਮ ਅਨੁਸਾਰ ਕੀਤੇ ਗਏ ਵਿਆਹਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ।

ਬਿੱਲ ਵਿੱਚ ਸਿੱਖ ਵਿਆਹਾਂ ਦੀ ਲਾਜ਼ਮੀ ਰਜਿਸਟ੍ਰੇਸ਼ਨ ਦਾ ਪ੍ਰਸਤਾਵ ਹੈ ਅਤੇ ਸਥਾਨਕ ਸਰਕਾਰ, ਚੋਣਾਂ ਤੇ ਦਿਹਾਤੀ ਵਿਕਾਸ ਵਿਭਾਗ ਰਾਹੀਂ ਆਨੰਦ ਕਾਰਜ ਰਜਿਸਟ੍ਰਾਰਾਂ ਨੂੰ ਲਾਇਸੈਂਸ ਦਿੱਤੇ ਜਾਣਗੇ। ਰਜਿਸਟਰਡ ਆਨੰਦ ਕਾਰਜ ਸਰਟੀਫਿਕੇਟ ਨੂੰ ਅਦਾਲਤਾਂ, ਟ੍ਰਿਬਿਊਨਲਾਂ ਅਤੇ ਸਰਕਾਰੀ ਅਦਾਰਿਆਂ ਅੱਗੇ ਕਾਨੂੰਨੀ ਸਬੂਤ ਮੰਨਿਆ ਜਾਵੇਗਾ। ਇਹ ਸਰਟੀਫਿਕੇਟ ਜਾਇਦਾਦ ਦੀ ਵਿਰਾਸਤ, ਉੱਤਰਾਧਿਕਾਰ, ਗੁਜ਼ਾਰਾ ਭੱਤਾ , ਬੱਚਿਆਂ ਦੀ ਸਰਪ੍ਰਸਤੀ, ਬੱਚਿਆਂ ਦੀ ਵੈਧਤਾ ਅਤੇ ਪਛਾਣ ਦਸਤਾਵੇਜ਼ਾਂ ਲਈ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਹੋਵੇਗਾ। ਇਸ ਤੋਂ ਇਲਾਵਾ ਬਿੱਲ ਵਿੱਚ ਪਤੀ-ਪਤਨੀ ਦੇ ਬਰਾਬਰ ਅਧਿਕਾਰਾਂ, ਪਰਿਵਾਰਾਂ ਨੂੰ ਹਿੰਸਾ ਤੇ ਦਬਾਅ ਤੋਂ ਬਚਾਉਣ ਅਤੇ ਵਿਆਹ ਨੂੰ ਰੱਦ ਕਰਨ ਜਾਂ ਸਮਝੌਤੇ ਲਈ ਪ੍ਰਬੰਧ ਕੀਤੇ ਗਏ ਹਨ, ਜਿਸ ਲਈ ਪਰਿਵਾਰਕ ਅਦਾਲਤਾਂ ਨੂੰ ਅਧਿਕਾਰ ਖੇਤਰ ਦਿੱਤਾ ਜਾਵੇਗਾ।

ਘੱਟ ਗਿਣਤੀਆਂ ਬਾਰੇ ਸੰਸਦੀ ਕਾਕਸ ਦੇ ਚੇਅਰਪਰਸਨ ਅਸਕਰ ਪਰਵੇਜ਼ ਅਤੇ ਗੁਰਪਾਲ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਲੰਮੇ ਸਮੇਂ ਤੋਂ ਵਿਆਹਾਂ ਦੀ ਰਜਿਸਟ ?ਰੇਸ਼ਨ ਅਤੇ ਪਰਿਵਾਰਕ ਮਾਮਲਿਆਂ ਲਈ ਇੱਕ ਪ੍ਰਭਾਵਸ਼ਾਲੀ ਕਾਨੂੰਨੀ ਢਾਂਚੇ ਦੀ ਲੋੜ ਸੀ, ਜੋ ਉਨ੍ਹਾਂ ਦੀਆਂ ਧਾਰਮਿਕ ਪਰੰਪਰਾਵਾਂ ਦਾ ਸਤਿਕਾਰ ਕਰਦਿਆਂ ਕਾਨੂੰਨੀ ਸੁਰੱਖਿਆ ਪ੍ਰਦਾਨ ਕਰੇਗਾ। ਬਿੱਲ ਦੀ ਡਰਾਫਟ ਕਮੇਟੀ ਦੇ ਮੈਂਬਰ ਕਮਰ ਨਸੀਮ ਨੇ ਦੱਸਿਆ ਕਿ ਸੰਸਦੀ ਕਾਕਸ ਅਤੇ ਸਥਾਨਕ ਸਰਕਾਰ ਵਿਭਾਗ ਨੂੰ ਤਕਨੀਕੀ ਸਹਾਇਤਾ ਦਿੱਤੀ ਗਈ ਹੈ। ਬੈਠਕ ਵਿੱਚ ਸ਼ਾਮਲ ਨੁਮਾਇੰਦਿਆਂ ਨੇ ਜ਼ੋਰ ਦਿੱਤਾ ਕਿ ਪੂਰੇ ਸੂਬੇ ਵਿੱਚ ਸਿੱਖ ਪਰਿਵਾਰਾਂ ਲਈ ਵਿਆਹ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਸਰਲ ਅਤੇ ਸੁਚੱਜਾ ਬਣਾਇਆ ਜਾਣਾ ਚਾਹੀਦਾ ਹੈ।

# ਸਾਡੀ ਸਰਕਾਰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੰਮ ਕਰ ਰਹੀ ਹੈ : ਭਗਵੰਤ ਮਾਨ

## 'ਜਸ਼ਨ-ਏ-ਇਨਕਲਾਬ' ਸਮਾਗਮ 'ਚ ਵੱਡੀ ਗਿਣਤੀ ਵਿਚ ਸੂਬੇ ਭਰ ਤੋਂ ਪਹੁੰਚੇ ਲੋਕ

### ਪ੍ਰਸਿੱਧ ਪੰਜਾਬੀ ਗਾਇਕ ਬਸੰਤ ਕੌਰ, ਰਣਜੀਤ ਬਾਵਾ, ਕੁਲਵਿੰਦਰ ਬਿੱਲਾ ਤੇ ਪਰੀ ਪੰਧੇਰ ਨੇ ਗਾਇਕੀ ਰਾਹੀਂ ਦਿੱਤੀ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ





ਲੁਧਿਆਣਾ : ਪੰਜਾਬ ਸਰਕਾਰ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 'ਜਸ਼ਨ-ਏ-ਇਨਕਲਾਬ' ਸਮਾਗਮ ਅੱਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਗਰਾਊਂਡ ਵਿਖੇ ਕਰਵਾਇਆ ਗਿਆ, ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਸਮਾਗਮ ਵਿਚ ਸੂਬੇ ਭਰ 'ਚੋਂ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਜਿੱਥੇ ਪੂਰਾ ਪੀ.ਏ.ਯੂ. ਕੰਪਲੈਕਸ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਹੋਇਆ ਸੀ, ਉਥੇ ਹੀ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜਣ ਲੱਗ ਪਿਆ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗਾਇਕ ਬਸੰਤ ਕੌਰ, ਰਣਜੀਤ ਬਾਵਾ, ਕੁਲਵਿੰਦਰ ਬਿੱਲਾ, ਪਰੀ ਪੰਧੇਰ ਤੋਂ ਇਲਾਵਾ ਢਾਡੀ ਸਿੰਘਾਂ ਨੇ ਢਾਡੀ ਵਾਰਾਂ ਰਾਹੀਂ ਸ਼ਹੀਦ ਭਗਤ ਸਿੰਘ ਨੂੰ ਸਿੱਜਦਾ ਕੀਤਾ। ਇਸ ਮੌਕੇ ਮਨੀਸ਼ ਸਿਸੋਦੀਆ, ਅਮਨ ਅਰੋੜਾ, ਹਰਭਜਨ ਸਿੰਘ ਈ.ਟੀ.ਓ., ਹਰਪਾਲ ਸਿੰਘ ਚੀਮਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮਾਗਮ ਦੌਰਾਨ ਭਾਸ਼ਣ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਮਾਨ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾ ਕੇ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਹੀ ਸ਼ਹੀਦ ਭਗਤ ਸਿੰਘ ਨੇ ਜਨਮ ਲਿਆ ਸੀ ਤੇ ਅੱਜ ਦੇ ਦਿਨ ਹੀ ਇਕ ਇਨਕਲਾਬ ਅਤੇ ਇਕ ਸੋਚ ਨੇ ਜਨਮ ਲਿਆ ਸੀ ਅਤੇ ਅੱਜ ਦੇ ਦਿਨ ਹੀ ਬਾਪੂ ਕਿਸ਼ਨ ਸਿੰਘ ਜੀ ਦੇ ਘਰ ਇਕ ਦੀਵੇ, ਇਕ ਲੋਅ ਤੇ ਇਕ ਚਾਨਣ ਨੇ ਜਨਮ ਲਿਆ ਸੀ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਲੱਖ ਵਾਰ ਸਿਜਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜਿਸ ਸਮੇਂ ਸ਼ਹੀਦ ਭਗਤ ਸਿੰਘ ਲਾਹੌਰ ਕਾਲਜ ਵਿਖੇ ਪੜ੍ਹਦੇ ਸੀ, ਉਸ ਸਮੇਂ ਹੀ ਉਨ੍ਹਾਂ ਦੀ ਚਿਣਗ ਦੇਸ਼ ਭਗਤੀ ਨਾਲ ਲੱਗ ਗਈ। ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਦਾ ਮਸ਼ਹੂਰ ਸ਼ੇਅਰ 'ਇਸ਼ਕ ਕਰਨਾ ਸਭਕਾ ਪੈਦਾਇਸ਼ੀ ਹੱਕ ਹੈ, ਕਿਉਂ ਨਾ ਇਸ ਵਾਰ ਵਤਨ ਕੀ ਸਰਜਮੀਂ ਕੋ ਮਹਿਬੂਬ ਬਨਾ ਲਿਆ ਜਾਏ' ਵੀ ਸੁਣਾਇਆ। ਉਨ੍ਹਾਂ ਕਿਹਾ ਕਿ ਜਿਹੜੇ ਵਤਨ ਦੀ ਸਰਜਮੀਂ ਨੂੰ ਮਹਿਬੂਬ ਬਣਾਉਂਦੇ ਨੇ ਉਨ੍ਹਾਂ ਦੇ ਨਾਮ 'ਤੇ ਹੀ ਫਿਰ ਮੇਲੇ ਲੱਗਦੇ ਹਨ। ਉਨ੍ਹਾਂ ਕਿਹਾ ਕਿ ਅੱਜ ਤੋਂ ਹਜ਼ਾਰ ਸਾਲ ਬਾਅਦ ਸਾਡੀਆਂ 20-25 ਪੀੜ੍ਹੀਆਂ ਸ਼ਾਇਦ ਨਹੀਂ ਹੋਣਗੀਆਂ, ਪਰ ਹਜ਼ਾਰ ਸਾਲ ਬਾਅਦ ਵੀ ਭਗਤ ਸਿੰਘ 23 ਸਾਲਾਂ ਦਾ ਹੀ ਹੋਵੇਗਾ ਤੇ ਉਸ ਸਮੇਂ ਦੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਹੀ ਰਹੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸੇ ਸਰਕਾਰ ਨੇ ਭਗਤ ਸਿੰਘ ਨੂੰ ਗੌਲਿਆ ਹੀ ਨਹੀਂ, ਉਨ੍ਹਾਂ ਦੀਆਂ ਕੁਰਬਾਨੀਆਂ ਭੁਲਾ ਦਿੱਤੀਆਂ, ਜਦੋਂ 23 ਮਾਰਚ ਨੂੰ ਕਦੇ ਪਿੰਡ ਜਾਂਦੇ ਸੀ, ਖਟਕੜ ਕਲਾਂ ਉਥੇ ਹਾਰ ਪਾਕੇ ਵਾਪਸ ਮੁੜ ਆਉਂਦੇ ਸੀ, ਪਰ ਉਦੋਂ ਭਗਤ ਸਿੰਘ ਦੀ ਆਤਮਾ ਤੜਫ਼ਦੀ ਹੋਣੀ ਜਦੋਂ ਕੁਰੱਪਸ਼ਨ ਵਾਲੇ ਹੱਥਾਂ ਨਾਲ ਹਾਰ ਪੈਂਦੇ ਸੀ। ਉਨ੍ਹਾਂ ਕਿਹਾ ਕਿ ਅੱਜ ਭਗਤ ਸਿੰਘ ਦੀ ਆਤਮਾ ਨੂੰ ਸ਼ਾਂਤੀ ਮਿਲਦੀ ਹੋਣੀ ਆ ਕਿ ਅਜੇ ਕੋਈ ਹੈਗਾ, ਜਿਨ੍ਹਾਂ ਨੇ ਸਾਡਾ ਇਨਕਲਾਬ ਵਾਲਾ ਦੀਵਾ ਬੁਝਣ ਨਹੀਂ ਦਿੱਤਾ ਅਤੇ ਤੇਲ ਮੁੱਕਣ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਇਸ ਇਨਕਲਾਬ ਵਾਲੇ ਦੀਵੇ ਵਿਚ ਭਾਵੇਂ ਸਾਨੂੰ ਤੇਲ ਦੀ ਥਾਂ ਖ਼ੂਨ ਪਾਉਣਾ ਪਵੇ, ਪਰ ਦੀਵਾ ਬੁਝਣ ਨਹੀਂ ਦੇਣਾ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਇਨਕਲਾਬ ਦੇ ਨਾਅਰੇ ਗੂੰਜਦੇ ਸੀ, ਤਾਂ ਗੋਰਿਆਂ ਦੀਆਂ ਸਰਕਾਰਾਂ ਦੀਆਂ ਚੂਲਾਂ ਹਿੱਲ ਜਾਂਦੀਆਂ ਸੀ, ਜਦੋਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਪੇਸ਼ੀ ਭੁਗਤਣ ਵਾਸਤੇ ਅਦਾਲਤ ਵਿਚ ਆਉਂਦੇ ਸੀ ਤਾਂ ਲਾਹੌਰ ਦੀਆਂ ਕੰਧਾਂ ਕੰਬਣ ਲੱਗ ਜਾਂਦੀਆਂ ਸੀ। ਉਨ੍ਹਾਂ ਕਿਹਾ ਕਿ ਭਗਤ ਸਿੰਘ ਹੋਰੀਂ ਵੀ 90-90 ਸਾਲ ਦੀ ਉਮਰ ਭੋਗ ਸਕਦੇ ਸੀ, ਜਦੋਂ ਉਹ ਦੇਸ਼ ਦਾ ਹਾਲ ਦੇਖਦੇ ਹੋਣਗੇ ਭ੍ਰਿਸ਼ਟਾਚਾਰ, ਬਦ-ਇੰਤਜ਼ਾਮੀ, ਬੇਇਨਸਾਫ਼ੀਆਂ ਤਾਂ ਉਨ੍ਹਾਂ ਦੀ ਆਤਮਾ ਤੜਫ਼ਦੀ ਹੋਵੇਗੀ ਕਿ ਅਸੀਂ ਇਸ ਲਈ ਦੇਸ਼ ਲਈ ਕੁਰਬਾਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਹੋਰਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਸੀ ਕਿ ਆਜ਼ਾਦੀ ਆਵੇਗੀ ਕਿ ਨਹੀਂ, ਸਿਰਫ਼ ਇਕੋ ਗੱਲ ਦੀ ਚਿੰਤਾ ਸੀ ਕਿ ਆਜ਼ਾਦੀ ਤੋਂ ਬਾਅਦ ਦੇਸ਼ ਕਿਹੜੇ ਹੱਥਾਂ ਵਿਚ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਦੋਂ ਬੜਾ ਦੁੱਖ ਹੁੰਦਾ, ਜਦੋਂ ਬਜ਼ੁਰਗਾਂ ਪਾਸੋਂ ਸੁਣੀਦਾ ਹੈ ਕਿ ਇਸ ਦੇਸ਼ ਵਿਚ ਜਿਸ ਤਰ੍ਹਾਂ ਦਾ ਰਾਜ ਚੱਲ ਰਿਹਾ ਹੈ, ਉਸ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਹੀ ਚੰਗਾ ਸੀ, ਕਿ ਘੱਟੋ ਘੱਟ ਉਨ੍ਹਾਂ ਦੀਆਂ ਅਦਾਲਤਾਂ 'ਚੋਂ ਇਨਸਾਫ਼ ਤਾਂ ਮਿਲ ਜਾਂਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦਾਂ ਦੀ ਸੋਚ ਸੀ ਕਿ ਚੰਗੀ ਪੜ੍ਹਾਈ, ਚੰਗਾ ਪ੍ਰਸ਼ਾਸਨ, ਇਮਾਨਦਾਰੀ, ਸਚਾਈ ਦੀ ਜਿੱਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੇ ਪਿਛਲੇ ਸਾਢੇ ਚਾਰ ਸਾਲਾਂ ਤੋਂ ਬਤੌਰ ਮੁੱਖ ਮੰਤਰੀ ਵਜੋਂ ਉਨ੍ਹਾਂ ਦੀ ਜ਼ਿੰਮੇਵਾਰੀ ਲਗਾਈ ਹੋਈ ਹੈ। ਉਨ੍ਹਾਂ ਕਿਹਾ ਕਿ ਜਿੰਨੇ ਮੇਰੇ ਸਰੋਤ ਹਨ, ਮੈਂ ਇਕ ਵੀ ਉਨ੍ਹਾਂ ਵਿਚੋਂ ਵਰਤੇ ਬਗੈਰ ਨਹੀਂ ਛੱਡਾਂਗਾ, ਸਾਰਾ ਕੁੱਝ ਪੰਜਾਬ ਦੇ ਲੋਕਾਂ ਲਈ ਅਤੇ ਭਗਤ ਸਿੰਘ ਦੀ ਸੋਚ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਦੇ ਪੜ੍ਹਾਈ ਦੇ ਮਾਮਲੇ ਵਿਚ ਕੇਰਲਾ ਅੱਗੇ ਹੁੰਦਾ ਸੀ, ਪਰ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਨੇ ਕੇਰਲਾ ਨੂੰ ਪਛਾੜ ਕੇ ਪਹਿਲੇ ਨੰਬਰ ਤੇ ਆਉਣ ਦਾ ਮਾਣ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ 2021 ਵਿਚ 80 ਵਿਦਿਆਰਥੀਆਂ ਨੇ ਨੀਟ ਦਾ ਪੇਪਰ ਪਾਸ ਕੀਤਾ ਸੀ, ਜਦ ਕਿ ਹੁਣ 882 ਬੱਚਿਆਂ ਨੇ ਨੀਟ ਦਾ ਪੇਪਰ ਪਾਸ ਕੀਤਾ ਹੈ, ਉਹ ਸਾਰੇ ਆਮ ਘਰਾਂ ਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸੂਬੇ ਭਰ ਵਿਚ 1100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿਨ੍ਹਾਂ 'ਚੋਂ ਸਾਢੇ 5 ਕਰੋੜ ਲੋਕ ਇਸਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿਚ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ, ਜਿਹੜੇ ਕਿਸਾਨਾਂ ਨੂੰ ਕਦੇ ਬਿਜਲੀ ਲਈ ਸਰਕਾਰ ਵੱਲ ਦੇਖਣਾ ਪੈਂਦਾ ਸੀ, ਹੁਣ ਉਥੇ ਬਿਜਲੀ ਨਿਰਵਿਘਨ ਦਿੱਤੀ ਜਾ ਰਹੀ ਹੈ। ਬਿਨਾਂ ਕਿਸੇ ਰਿਸ਼ਵਤ ਲਏ 70 ਹਜ਼ਾਰ 892 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ, ਜਿਸ ਨਾਲ ਹੁਣ ਬਾਹਰਲੇ ਮੁਲਕਾਂ ਨੂੰ ਜਾਣ ਦੀ ਦੌੜ ਘੱਟ ਗਈ ਹੈ। ਇਸ ਮੌਕੇ ਭਾਸ਼ਨ ਦੀ ਸਮਾਪਤੀ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨਾਲ ਕੀਤੀ।

**ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ 'ਤੇ ਆਧਾਰਿਤ ਨਾਟਕ ਨੇ ਨੌਜਵਾਨਾਂ ਨੂੰ ਇਨਕਲਾਬੀ ਵਿਰਸੇ ਨਾਲ ਜੋੜਿਆ**

ਇਸ ਪ੍ਰੋਗਰਾਮ ਵਿਚ ਪ੍ਰਸਿੱਧ ਨਾਟਕ 'ਗਗਨ ਦਮਾਮਾ ਬਾਜਿਓ' ਦਾ ਮੰਚਨ ਵੀ ਕੀਤਾ ਗਿਆ, ਜਿਸ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਇਨਕਲਾਬੀ ਯਾਤਰਾ ਤੇ ਕੁਰਬਾਨੀਆਂ ਨੂੰ ਤਾਜ਼ਾ ਕਰ ਦਿੱਤਾ। ਰੰਗਮੰਚ, ਸੰਗੀਤ ਤੇ ਸਭਿਆਚਾਰਕ ਪ੍ਰਦਰਸ਼ਨਾਂ ਦੇ ਜ਼ਰੀਏ ਪੰਜਾਬ ਸਰਕਾਰ ਨੇ ਨਵੀਂ ਪੀੜ੍ਹੀ ਨੂੰ ਸ਼ਹੀਦਾਂ ਦੇ ਇਤਿਹਾਸ, ਆਦਰਸ਼ਾਂ ਅਤੇ ਕੁਰਬਾਨੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਜਸ਼ਨਾਂ ਵਿਚ ਭਾਗ ਲੈ ਰਹੇ ਨੌਜਵਾਨਾਂ ਤੇ ਪਰਿਵਾਰਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਭਰ ਗਿਆ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਉਲੀਕਿਆ ਗਿਆ ਸੀ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇ।

# ਲਵਲੀ ਯੂਨੀਵਰਸਿਟੀ ਦੀ ਭੰਨਤੋੜ ਕਰਨ ਵਾਲੇ ਕਾਨੂੰਨ ਹੱਥੋਂ ਨਹੀਂ ਬਚਣਗੇ : ਡੀ.ਜੀ.ਪੀ.

## ਮੌਕੇ 'ਤੇ ਪੁੱਜ ਕੇ ਲਿਆ ਸਥਿਤੀ ਦਾ ਜਾਇਜ਼ਾ, ਨੇੜਲੇ ਇਲਾਕਿਆਂ 'ਚ ਇੰਟਰਨੈੱਟ ਸੇਵਾਵਾਂ ਰਹੀਆਂ ਬੰਦ

ਫਗਵਾੜਾ : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ 'ਚ ਪੈਦਾ ਹੋਈ ਤਣਾਅਪੂਰਨ ਸਥਿਤੀ ਨੂੰ ਭਾਵੇਂ ਪੂਰੀ ਤਰ੍ਹਾਂ ਕਾਬੂ ਹੇਠ ਕਰ ਲਿਆ ਗਿਆ ਹੈ, ਪਰ ਇਸ ਦੇ ਬਾਵਜੂਦ ਯੂਨੀਵਰਸਿਟੀ ਦੇ ਨੇੜਲੇ ਇਲਾਕਿਆਂ 'ਚ ਇਹਤਿਆਤ ਦੇ ਤੌਰ 'ਤੇ ਇੰਟਰਨੈੱਟ ਸੇਵਾਵਾਂ ਕੁਝ ਦੇਰ ਲਈ ਬੰਦ ਕਰ ਦਿੱਤੀਆਂ ਗਈਆਂ। ਇਸੇ ਦਰਮਿਆਨ ਪੰਜਾਬ ਪੁਲਿਸ ਮੁਖੀ ਡੀ. ਜੀ. ਪੀ. ਗੌਰਵ ਯਾਦਵ ਸਥਿਤੀ ਦਾ ਜਾਇਜ਼ਾ ਲੈਣ ਲਈ ਯੂਨੀਵਰਸਿਟੀ ਪਹੁੰਚੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵਲੋਂ ਕਾਨੂੰਨ ਵਿਵਸਥਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਕਿਸੇ ਨੇ ਵੀ ਕਾਨੂੰਨ ਆਪਣੇ ਹੱਥ 'ਚ ਲਿਆ ਹੈ, ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡੀ. ਜੀ. ਪੀ. ਨੇ ਦੱਸਿਆ ਕਿ ਵਿਦਿਆਰਥੀਆਂ ਨਾਲ ਗੱਲਬਾਤ ਮਗਰੋਂ ਪਤਾ ਲੱਗਾ ਹੈ ਕਿ ਵਿਦਿਆਰਥੀਆਂ ਵਿਚਾਲੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਲੈ ਕੇ ਕਾਫ਼ੀ ਰੋਸ ਸੀ, ਪਰ ਪੁਲਿਸ ਨੇ ਗੱਲਬਾਤ ਨਾਲ ਸਾਰੇ ਮਸਲੇ ਦਾ ਹੱਲ ਕੱਢਿਆ ਹੈ। ਉਨ੍ਹਾਂ ਕਿਹਾ ਪੁਲਿਸ ਵਲੋਂ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾਂ ਰਹੀ ਹੈ। ਡੀ. ਜੀ. ਪੀ. ਨੇ ਕਿਹਾ ਕਿ ਜਿਵੇਂ ਹਾਲਾਤ ਵਿਗੜੇ ਅਸੀਂ ਪਹਿਲਾਂ ਹੀ ਫ਼ੈਸਲਾ ਲੈ ਲਿਆ ਸੀ ਕਿ ਵਿਦਿਆਰਥੀਆਂ ਨਾਲ ਸਖ਼ਤੀ ਨਹੀਂ ਕੀਤੀ ਜਾਵੇਗੀ। ਡੀ. ਜੀ. ਪੀ. ਨੇ ਕਿਹਾ ਇਸ ਮਾਮਲੇ 'ਚ ਐਫ.ਆਈ.ਆਰ. ਦਰਜ ਹੋ ਚੁੱਕੀ ਹੈ ਤੇ ਜਾਂਚ ਟੀਮ ਗੰਭੀਰਤਾ ਨਾਲ ਸਾਰੇ ਮਾਮਲੇ ਦੀ ਜਾਂਚ ਕਰੇਗੀ। ਡੀ.ਜੀ.ਪੀ. ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ 'ਤੇ ਗੈਰ-ਪ੍ਰਮਾਣਿਤ ਆਡੀਓ/ਵੀਡੀਓਜ਼ ਕਲਿੱਪ ਜਾਂ ਹੋਰ ਗੁਮਰਾਹਕੁੰਨ ਸਮੱਗਰੀ ਫੈਲਾਉਣ ਤੋਂ ਗੁਰੇਜ਼ ਕਰਨ। ਉਨ੍ਹਾਂ ਲੋਕਾਂ ਨੂੰ ਸਿਰਫ਼ ਅਧਿਕਾਰਤ ਤੇ ਪ੍ਰਮਾਣਿਤ ਸਰੋਤਾਂ ਰਾਹੀਂ ਜਾਰੀ ਕੀਤੀ ਜਾਣਕਾਰੀ 'ਤੇ ਹੀ ਭਰੋਸਾ ਕਰਨ ਲਈ ਕਿਹਾ ਤੇ ਚਿਤਾਵਨੀ ਦਿੱਤੀ ਕਿ ਜਾਣਬੁੱਝ ਕੇ ਬੇਬੁਨਿਆਦ ਜਾਂ ਗੁਮਰਾਹਕੁੰਨ ਸਮੱਗਰੀ ਫੈਲਾਉਣ ਵਾਲਿਆਂ ਵਿਰੁੱਧ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਤੇ ਇਸ ਦੇ ਆਲੇ-ਦੁਆਲੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਤੇ ਅਮਨ-ਕਾਨੂੰਨ ਬਣਾਈ ਰੱਖਣ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲਿਸ ਵਲੋਂ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਡੀ.ਆਈ.ਜੀ. ਜਲੰਧਰ ਰੇਂਜ ਨਵੀਨ ਸਿੰਗਲਾ, ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ, ਐਸ.ਐਸ.ਪੀ. ਗੌਰਵ ਤੂਰਾ, ਐਡੀਸ਼ਨਲ ਡਿਪਟੀ ਕਮਿਸ਼ਨਰ ਰਣਦੀਪ ਸਿੰਘ ਹੀਰ ਵੀ ਮੌਜੂਦ ਸਨ। ਫ਼ਿਲਹਾਲ ਮਾਹੌਲ ਨੂੰ ਕਾਬੂ ਕਰਨ ਲਈ ਕੈਂਪਸ 'ਚ ਵੱਡੀ ਗਿਣਤੀ 'ਚ ਪੁਲਿਸ ਬਲ ਦੀ ਤਾਇਨਾਤੀ ਕਰ ਦਿੱਤੀ ਗਈ ਹੈ ਤੇ ਵਿਦਿਆਰਥੀ ਇਸ ਹੰਗਾਮੇ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ 'ਚ ਪੁਲਿਸ ਦੀ ਮਦਦ ਕਰ ਰਹੇ ਹਨ। ਅੱਜ ਬਹੁਤ ਸਾਰੇ ਵਿਦਿਆਰਥੀ ਘਰਾਂ ਨੂੰ ਵਾਪਸ ਚਲੇ ਗਏ। ਸਾਰਾ ਦਿਨ ਮਾਹੌਲ ਸ਼ਾਂਤੀਪੂਰਨ ਰਿਹਾ, ਹਾਈਵੇ 'ਤੇ ਆਵਾਜਾਈ ਆਮ ਵਾਂਗ ਜਾਰੀ ਰਹੀ ਤੇ ਯੂਨੀਵਰਸਿਟੀ ਦੇ ਨੇੜੇ ਦੁਕਾਨਾਂ ਵੀ ਖੁੱਲ੍ਹੀਆਂ ਰਹੀਆਂ।

**ਵਾਕੀ-ਟਾਕੀ ਵਾਲੇ ਵਿਅਕਤੀ ਬਾਹਰੀ ਨਹੀਂ ਸਗੋਂ ਫ਼ੌਜ ਦੇ ਅਧਿਕਾਰੀ ਸਨ**



ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਿਵਾਦ ਦੌਰਾਨ ਵਾਕੀ-ਟਾਕੀ ਲੈ ਕੇ ਪਹੁੰਚੇ ਲੋਕਾਂ ਬਾਰੇ ਸਪੈਸ਼ਲ ਡਾਇਰੈਕਟਰ ਡੀ.ਜੀ.ਪੀ. ਨੇ ਵੱਡਾ ਖ਼ੁਲਾਸਾ ਕਰਦਿਆਂ ਸਪੱਸ਼ਟ ਕੀਤਾ ਕਿ ਵਾਕੀ-ਟਾਕੀ ਵਾਲੇ ਵਿਅਕਤੀ ਬਾਹਰੀ ਨਹੀਂ ਸਗੋਂ ਫ਼ੌਜ ਦੇ ਅਧਿਕਾਰੀ ਸਨ। ਸਪੈਸ਼ਲ ਡੀ. ਜੀ. ਪੀ. ਮੁਤਾਬਿਕ ਕੁਝ ਫੌਜੀ ਅਧਿਕਾਰੀਆਂ ਦੇ ਬੱਚੇ ਐਲ.ਪੀ.ਯੂ. 'ਚ ਪੜ੍ਹਦੇ ਹਨ ਇਹ ਅਧਿਕਾਰੀ ਸਥਿਤੀ ਨੂੰ ਵੈਰੀਫਾਈ ਕਰਨ ਲਈ ਯੂਨੀਵਰਸਿਟੀ ਪਹੁੰਚੇ ਸਨ ਉਨ੍ਹਾਂ ਨਾਲ ਕੁੱਝ ਜਵਾਨ ਵੀ ਮੌਜੂਦ ਸਨ। ਅਧਿਕਾਰੀਆਂ ਕੋਲ ਰਵਾਇਤੀ ਹਥਿਆਰ ਸਨ ਜਦਕਿ ਇਕ ਅਧਿਕਾਰੀ ਕੋਲ ਵਾਕੀ-ਟਾਕੀ ਵੀ ਸੀ। ਉਨ੍ਹਾਂ ਕਿਹਾ ਪੁਲਿਸ ਟੀਮ ਨੇ ਵਾਕੀ-ਟਾਕੀ ਨੂੰ ਸਾਈਡ ਤੇ ਲਿਜਾ ਕੇ ਉਸ ਦੀ ਜਾਂਚ ਕੀਤੀ ਤਾਂ ਉਹ ਸਬੰਧਿਤ ਮੇਜਰ ਪੱਧਰ ਦੇ ਅਧਿਕਾਰੀ ਦਾ ਨਿਕਲਿਆ। ਸਪੈਸ਼ਲ ਡੀ.ਜੀ.ਪੀ. ਨੇ ਕਿਹਾ ਕਿ ਐਲ.ਪੀ.ਯੂ. ਵਿਵਾਦ ਨਾਲ ਸਬੰਧਿਤ ਜ਼ਿਆਦਾਤਰ ਸ਼ਿਕਾਇਤਾਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਲੈ ਕੇ ਆਈਆਂ ਹਨ। ਪੁਲਿਸ ਵਿਰੁੱਧ ਕੋਈ ਵੀ ਸ਼ਿਕਾਇਤ ਨਹੀਂ ਮਿਲੀ ਹੈ। ਹਾਲਾਂਕਿ ਜਾਂਚ ਨਾਲ ਸਬੰਧਿਤ ਹੋਰ ਵੇਰਵੇ ਇਸ ਸਮੇਂ ਜਾਰੀ ਨਹੀਂ ਕੀਤੇ ਜਾ ਸਕਦੇ।

**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ ’ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ ‘ਰਾਸ਼ਟਰੀ ਸਵੈਮ-ਸੇਵਕ ਸੰਘ’ (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੂਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ ‘ਹਿੰਦੂ ਸੱਭਿਅਤਾ’ ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ ’ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ ‘ਹਿੰਦੂ ਰਾਸ਼ਟਰ’ ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ ’ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ ’ਤੇ

## ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026

**(ਪਿਛਲੇ ਅੰਕ ਦੀ ਬਾਕੀ)**

ਯੂਨਾਈਟਿਡ ਕਿੰਗਡਮ (UK) ਦਾ ਮਾਮਲਾ ਇੱਕ ਮਹੱਤਵਪੂਰਨ ਮਿਸਾਲ ਹੈ। ਇੱਕ ਅੰਡਰਕਵਰ ਸਟਿੰਗ ਵਿੱਚ HSS (UK) ਕੈਂਪ ਵਿੱਚ ਮੁਸਲਿਮ ਵਿਰੋਧੀ ਅਤੇ ਈਸਾਈ ਵਿਰੋਧੀ ਟਿੱਪਣੀਆਂ ਰਿਕਾਰਡ ਹੋਣ ਤੋਂ ਬਾਅਦ, ਚੈਰਿਟੀ ਕਮਿਸ਼ਨ ਨੇ ਟਰੱਸਟੀਆਂ ਦੇ ਮਾੜੇ ਪ੍ਰਬੰਧਨ ਦੀ ਪੁਸ਼ਟੀ ਕੀਤੀ ਅਤੇ ਸਖ਼ਤ ਨਿਯਮਾਂ ਦੀ ਮੰਗ ਕੀਤੀ। ਹਾਲਾਂਕਿ, ਇਸ ਨੇ ਬੁਲਾਰੇ ਦੇ ਵਿਚਾਰਾਂ ਨੂੰ ਸੰਸਥਾਗਤ ਤੌਰ ’ਤੇ ਯੋਜਨਾਬੱਧ ਨਹੀਂ ਪਾਇਆ ਅਤੇ ਅਜਿਹੇ ਕੋਈ ਰਸਮੀ ਸਬੂਤ ਨਹੀਂ ਮਿਲੇ ਜਿਨ੍ਹਾਂ ਰਾਹੀਂ RSS ਸਿੱਧੇ ਤੌਰ ’ਤੇ HSS (UK) ਨੂੰ ਨਿਯੰਤਰਿਤ ਕਰਦਾ ਹੋਵੇ। ਇਹ ਮਾਮਲਾ ਰੈਗੂਲੇਟਰੀ ਚਿੰਤਾ ਦੀ ਜਾਇਜ਼ਤਾ ਅਤੇ ਵਿਚਾਰਧਾਰਕ ਸਮਾਨਤਾ ਨੂੰ ਸਿੱਧੇ ਕਾਨੂੰਨੀ ਨਿਯੰਤਰਣ ਵਿੱਚ ਨਾ ਬਦਲਣ ਦੀ ਮਹੱਤਤਾ ਦੋਵਾਂ ਨੂੰ ਦਰਸਾਉਂਦਾ ਹੈ।

**12. ਸੰਯੁਕਤ ਰਾਜ ਅਮਰੀਕਾ ਵਿੱਚ ਹਿੰਦੂਤਵ ਦਾ ਪ੍ਰਭਾਵ** (2015-2025)

ਇਹ ਭਾਗ ਸਿੱਖ ਰਾਸ਼ਟਰਵਾਦ ’ਤੇ ਇੱਕ ਵਿਸ਼ਾਲ ਖੋਜ ਕਾਰਜ ਲਈ ਤਿਆਰ ਕੀਤੇ ਗਏ ਡਾ. ਗੁਰਿੰਦਰ ਸਿੰਘ ਗਰੇਵਾਲ ਦੇ ਅਧਿਆਇ ਦੇ ਸੰਖੇਪ, ‘ਸੰਯੁਕਤ ਰਾਜ ਅਮਰੀਕਾ ਵਿੱਚ ਹਿੰਦੂਤਵ ਦਾ ਪ੍ਰਭਾਵ (2015-2025)’ ਦੇ ਢਾਂਚੇ ਨੂੰ ਸ਼ਾਮਲ ਕਰਦਾ ਹੈ। ਇਹ ਦਹਾਕਾ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਭਾਰਤ ਵਿੱਚ ਭਾਜਪਾ ਦੀ ਸੱਤਾ ਦੇ ਮਜ਼ਬੂਤ ਹੋਣ ਦੇ ਨਾਲ-ਨਾਲ ਅਮਰੀਕਾ ਵਿੱਚ ਹਿੰਦੂ-ਰਾਸ਼ਟਰਵਾਦੀ ਪ੍ਰਵਾਸੀ ਸੰਸਥਾਵਾਂ ਦਾ ਵੀ ਵਿਕਾਸ ਹੋਇਆ। ਉਹਨਾਂ ਦਾ ਪ੍ਰਭਾਵ ਸੱਭਿਆਚਾਰਕ ਪ੍ਰੋਗਰਾਮਿੰਗ, ਨੌਜਵਾਨਾਂ ਦੀ ਸਿੱਖਿਆ, ਦਾਨ-ਪੁੰਨ, ਚੋਣ ਭਾਗੀਦਾਰੀ, ਜਨਤਕ ਸੰਪਰਕ ਮੁਹਿੰਮਾਂ, ਵਿਧਾਨਿਕ ਵਕਾਲਤ, ਯੂਨੀਵਰਸਿਟੀਆਂ ਦੇ ਵਿਵਾਦਾਂ ਅਤੇ ਗਠਜੋੜ ਨਿਰਮਾਣ ਰਾਹੀਂ ਵਧਿਆ। ਇਸ ਖੇਤਰ ਵਿੱਚ HSS-USA ਅਤੇ ਇਸ ਤੋਂ ਕਾਨੂੰਨੀ ਤੌਰ ’ਤੇ ਵੱਖਰੀਆਂ ਸੰਸਥਾਵਾਂ (ਜਿਵੇਂ ਕਿ ਵਕਾਲਤ ਅਤੇ ਭਾਈਚਾਰਕ ਸਮੂਹ) ਸ਼ਾਮਲ ਹਨ, ਜੋ RSS ਦੇ ਸਿੱਧੇ ਨਿਰਦੇਸ਼ਾਂ ਨੂੰ ਮੰਨੇ ਬਿਨਾਂ ਕੁਝ ਖਾਸ ਹਿੰਦੂਤਵ ਪੱਖੀ ਰੁਖ਼ ਸਾਂਝੇ ਕਰ ਸਕਦੀਆਂ




ਹਨ।

ਵਿਸ਼ਲੇਸ਼ਣਾਤਮਕ ਤੌਰ ’ਤੇ, ਪ੍ਰਵਾਸੀ ਪ੍ਰਭਾਵ ਦਾ ਮੁਲਾਂਕਣ ਕਈ ਪੱਧਰਾਂ ’ਤੇ ਕੀਤਾ ਜਾਣਾ ਚਾਹੀਦਾ ਹੈ: ਰਸਮੀ ਸੰਬੰਧ; ਸਾਂਝੇ ਕਾਡਰ ਜਾਂ ਸਿਖਲਾਈ; ਵਾਰ-ਵਾਰ ਵਿਚਾਰਧਾਰਕ ਇਕਸਾਰਤਾ; ਕਿਸੇ ਮੁੱਦੇ ’ਤੇ ਅਸਥਾਈ ਗਠਜੋੜ; ਜਾਂ ਕਿਸੇ ਖਾਸ ਨੀਤੀ ’ਤੇ ਸਹਿਮਤੀ। ਸਾਰੀਆਂ ਹਿੰਦੂ ਅਮਰੀਕੀ ਸੰਸਥਾਵਾਂ ਨੂੰ ਸਿੱਧਾ "RSS" ਕਹਿਣਾ ਇੱਕ ਵੱਡੀ ਧਾਰਨਾਤਮਕ ਗਲਤੀ ਹੋਵੇਗੀ, ਜਿਵੇਂ ਕਿ ਹਰ ਸਿੱਖ ਸੰਸਥਾ ਨੂੰ ਕਿਸੇ ਇੱਕ ਸਿਆਸੀ ਧਿਰ ਦਾ ਏਜੰਟ ਮੰਨਣਾ।

ਇਸ ਦੇ ਨਾਲ ਹੀ, ਕਾਨੂੰਨੀ ਵੱਖਰੇਵੇਂ ਕਾਰਨ ਆਗੂਆਂ ਦੇ ਆਪਸੀ ਨੈੱਟਵਰਕ, ਸਾਂਝੀਆਂ ਮੁਹਿੰਮਾਂ, ਫੰਡਿੰਗ ਦੇ ਰਸਤੇ, ਸੁਨੇਹਿਆਂ ਦੇ ਤਾਲਮੇਲ, ਜਾਂ ਭਾਰਤ ਅਤੇ ਡਾਇਸਪੋਰਾ ਵਿਚਕਾਰ ਆਗੂਆਂ ਦੀ ਆਵਾਜਾਈ ਦੀ ਜਾਂਚ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। 2015 ਤੋਂ 2025 ਤੱਕ, ਇਹਨਾਂ ਤਰੀਕਿਆਂ ਨੇ ਅਮਰੀਕੀ ਨਾਗਰਿਕ ਅਤੇ ਰਾਜਨੀਤਿਕ ਜੀਵਨ ਦੇ ਕੁਝ ਹਿੱਸਿਆਂ ਵਿੱਚ ਹਿੰਦੂਤਵ ਬਿਰਤਾਂਤ ਨੂੰ ਸਥਾਪਿਤ ਕਰਨ ਵਿੱਚ ਮਦਦ ਕੀਤੀ, ਜਦੋਂ ਕਿ ਦਲਿਤ, ਮੁਸਲਿਮ, ਈਸਾਈ, ਸਿੱਖ, ਅਗਾਂਹਵਧੂ ਹਿੰਦੂ ਅਤੇ ਮਨੁੱਖੀ ਅਧਿਕਾਰ ਸਮੂਹਾਂ ਵੱਲੋਂ ਸੰਗਠਿਤ ਵਿਰੋਧ ਵੀ ਪੈਦਾ ਕੀਤਾ।

**13. ਸੰਯੁਕਤ ਰਾਜ ਅਮਰੀਕਾ ਵਿੱਚ ਲਾਬਿੰਗ ਵਿਵਾਦ**

2025 ਵਿੱਚ, ਅਮਰੀਕੀ ਫੈਡਰਲ ਲਾਬਿੰਗ ਖੁਲਾਸਿਆਂ ਨੇ ਸਕੁਆਇਰ ਪੈਟਨ ਬੌਗਸ (Squire Patton Boggs) ਨਾਲ ਜੁੜੀਆਂ ਫਾਈਲਾਂ ਵਿੱਚ RSS ਨੂੰ ਇੱਕ ਕਲਾਇੰਟ ਵਜੋਂ ਦਰਸਾਇਆ ਅਤੇ ਲਗਭਗ $330,000 ਦੇ ਭੁਗਤਾਨ ਦੀ ਰਿਪੋਰਟ ਕੀਤੀ। RSS ਨੇ ਜਨਤਕ ਤੌਰ ’ਤੇ ਇਸ ਫਰਮ ਦੀਆਂ ਸੇਵਾਵਾਂ ਲੈਣ ਤੋਂ ਇਨਕਾਰ ਕੀਤਾ। ਬਾਅਦ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਇਹ ਕੰਮ ਇੱਕ ਵਿਅਕਤੀ, ਵਿਵੇਕ ਸ਼ਰਮਾ, ਦੁਆਰਾ ਸ਼ੁਰੂ ਕੀਤਾ ਗਿਆ ਸੀ, ਅਤੇ ਫਰਮ ਨੇ ਜਨਵਰੀ 2026 ਵਿੱਚ ਇਹ ਕੰਮ ਬੰਦ ਕਰ ਦਿੱਤਾ ਸੀ। ਉਪਲਬਧ ਰਿਪੋਰਟਿੰਗ ਇਸ ਦਾਅਵੇ ਦਾ ਸਮਰਥਨ ਨਹੀਂ ਕਰਦੀ ਕਿ ਪੈਸੇ ਵਾਪਸ ਕਰਨੇ ਪਏ ਕਿਉਂਕਿ RSS ‘ਕੋਈ ਸਰਕਾਰ ਨਹੀਂ ਸੀ।’ ਲਾਬੀ ਫਰਮਾਂ ਨਿਯਮਿਤ ਤੌਰ ’ਤੇ ਨਿੱਜੀ ਅਤੇ ਗੈਰ-ਮੁਨਾਫ਼ਾ ਗਾਹਕਾਂ ਦੀ ਨੁਮਾਇੰਦਗੀ ਕਰਦੀਆਂ ਹਨ। ਅਕਾਦਮਿਕ ਤੌਰ ’ਤੇ ਸਹੀ ਸਿੱਟਾ ਇਹ ਹੈ ਕਿ ਇਹਨਾਂ ਫਾਈਲਿੰਗਾਂ ਨੇ ਪਾਰਦਰਸ਼ਤਾ ਦਾ ਇੱਕ ਵੱਡਾ ਵਿਵਾਦ ਖੜ੍ਹਾ ਕੀਤਾ ਕਿਉਂਕਿ ਨਾਮਜ਼ਦ ਕਲਾਇੰਟ ਨੇ ਕੰਮ ਸੌਂਪਣ ਤੋਂ ਇਨਕਾਰ ਕੀਤਾ ਸੀ ਅਤੇ RSS ਦੇ ਗੈਰ-ਰਜਿਸਟਰਡ ਸੰਸਥਾਗਤ ਰੂਪ ਨੇ ਅਸਲ ਕਰਤਾ-ਧਰਤਾ ਦੀ ਪਛਾਣ ਕਰਨਾ ਗੁੰਝਲਦਾਰ ਬਣਾ ਦਿੱਤਾ ਸੀ।

**14. ਕੈਲੀਫੋਰਨੀਆ:** ਜਾਤੀ ਵਿਧਾਨ ਅਤੇ ਅੰਤਰਰਾਸ਼ਟਰੀ ਦਮਨ (Transnational Repression) ਨੀਤੀ

ਕੈਲੀਫੋਰਨੀਆ ਪ੍ਰਵਾਸੀ ਵਕਾਲਤ ਦੇ ਸੂਬਾਈ ਨੀਤੀ ਨਾਲ ਜੁੜਨ ਦੀਆਂ ਦੋ ਉਦਾਹਰਣਾਂ ਪੇਸ਼ ਕਰਦਾ ਹੈ:

1. ਜਾਤੀ ਵਿਰੋਧੀ ਬਿੱਲ (SB 403): 2023 ਵਿੱਚ, ਗਵਰਨਰ ਗੇਵਿਨ ਨਿਊਸਮ ਨੇ SB 403 ਨੂੰ ਵੀਟੋ ਕਰ ਦਿੱਤਾ, ਜਿਸਦਾ ਉਦੇਸ਼ ਨਾਗਰਿਕ ਅਧਿਕਾਰਾਂ ਦੇ ਕਾਨੂੰਨਾਂ ਵਿੱਚ ਸਪੱਸ਼ਟ ਤੌਰ ’ਤੇ ਜਾਤੀ ਨੂੰ ਸ਼ਾਮਲ ਕਰਨਾ ਸੀ। ਹਿੰਦੂ ਅਮਰੀਕਨ ਫਾਊਂਡੇਸ਼ਨ (HAF) ਅਤੇ ਕੋਲੀਸ਼ਨ ਆਫ਼ ਹਿੰਦੂਜ਼ ਆਫ਼ ਨੌਰਥ ਅਮਰੀਕਾ (CoHNA) ਸਮੇਤ ਹਿੰਦੂ ਅਮਰੀਕੀ ਸੰਗਠਨਾਂ ਨੇ ਬਿੱਲ ਦਾ ਵਿਰੋਧ ਕੀਤਾ ਅਤੇ ਵੀਟੋ ਦਾ ਸਵਾਗਤ ਕੀਤਾ; ਦਲਿਤ ਅਤੇ ਨਾਗਰਿਕ ਅਧਿਕਾਰ ਸੰਗਠਨਾਂ ਨੇ ਇਸਦਾ ਸਮਰਥਨ ਕੀਤਾ ਸੀ। ਨਿਊਸਮ ਦਾ ਲਿਖਤੀ ਤਰਕ ਇਹ ਸੀ ਕਿ ਵੰਸ਼ ਅਤੇ ਹੋਰ ਸ਼੍ਰੇਣੀਆਂ ’ਤੇ ਅਧਾਰਤ ਮੌਜੂਦਾ ਸੁਰੱਖਿਆ ਪਹਿਲਾਂ ਹੀ ਜਾਤੀ ਵਿਤਕਰੇ ਨੂੰ ਕਵਰ ਕਰਦੀ ਹੈ। ਵਿਰੋਧੀਆਂ ਦੁਆਰਾ ਜਨਤਕ ਵਕਾਲਤ ਦਸਤਾਵੇਜ਼ੀ ਹੈ, ਪਰ ਉਪਲਬਧ ਸਬੂਤ ਇਹ ਸਾਬਤ ਨਹੀਂ ਕਰਦੇ ਕਿ RSS ਨੇ ਵੀਟੋ ਦਾ ਨਿਰਦੇਸ਼ ਦਿੱਤਾ ਸੀ ਜਾਂ RSS ਨਾਲ ਜੁੜੀਆਂ ਸੰਸਥਾਵਾਂ ਇਸਦਾ ਨਿਰਣਾਇਕ ਕਾਰਨ ਸਨ।

(ਚਲਦਾ)

# ਕਾਰਬਨ ਨਿਕਾਸੀ ਦਾ ਮਸਲਾ



ਜਲਵਾਯੂ ਇਨਸਾਫ਼ ਦਾ ਮਤਲਬ ਇਹ ਬਿਲਕੁਲ ਨਹੀਂ ਹੋ ਸਕਦਾ ਕਿ ਗ਼ਰੀਬ ਲੋਕ ਉਸ ਸੰਕਟ ਦੀ ਕੀਮਤ ਤਾਰਨ, ਜਿਸ ਨੂੰ ਪੈਦਾ ਕਰਨ ਵਿੱਚ ਉਨ੍ਹਾਂ ਦਾ ਹਿੱਸਾ ਨਾਂ-ਮਾਤਰ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਇਹ ਚੇਤੇ ਕਰਵਾਇਆ ਹੈ ਕਿ ਭਾਰਤ ਵਿੱਚ ਪ੍ਰਤੀ ਵਿਅਕਤੀ ਕਾਰਬਨ ਨਿਕਾਸੀ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਅਜੇ ਵੀ ਬਹੁਤ ਘੱਟ ਹੈ, ਪਰ ਜਲਵਾਯੂ ਉੱਤੇ ਹੋ ਰਹੀ ਬਹਿਸ ਨੂੰ ਸਿਰਫ਼ ਨਿਕਾਸੀ ਦੀ ਤੁਲਨਾ ਤੱਕ ਹੀ ਸੀਮਿਤ ਨਹੀਂ ਰੱਖਿਆ ਜਾ ਸਕਦਾ। ਇਸ ਦੀ ਅਸਲ ਪਰਖ ਇਸ ਗੱਲੋਂ ਹੋਣੀ ਹੈ ਕਿ ਦੁਨੀਆ ਦੇ ਸਭ ਤੋਂ ਅਮੀਰ ਦੇਸ਼ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਲੋੜੀਂਦੇ ਫੰਡ ਦੇਣ ਲਈ ਕਿੰਨੇ ਕੁ ਤਿਆਰ ਹਨ।

ਜਲਵਾਯੂ ਵਿੱਤ (ਕਲਾਈਮੇਟ ਫਾਇਨਾਂਸ) ਦੇ ਮਾਮਲੇ ਵਿੱਚ ਅਮੀਰ ਦੇਸ਼ਾਂ ਦਾ ਰਿਕਾਰਡ ਹੁਣ ਤੱਕ ਬਹੁਤ ਨਿਰਾਸ਼ਾਜਨਕ ਰਿਹਾ ਹੈ। ਵਿਕਸਿਤ ਦੇਸ਼ਾਂ ਨੇ ਆਖ਼ਰਕਾਰ ਸਾਲ 2022 ਵਿੱਚ (ਤੈਅ ਮਿਤੀ ਤੋਂ ਦੋ ਸਾਲ ਬਾਅਦ) 100 ਅਰਬ ਡਾਲਰ ਸਾਲਾਨਾ ਜਲਵਾਯੂ ਫੰਡ ਦਾ ਟੀਚਾ ਪਾਰ ਕੀਤਾ। ਸਾਲ 2024 ਵਿੱਚ ਇਹ ਅੰਕੜਾ ਵਧ ਕੇ 136.7 ਅਰਬ ਡਾਲਰ ਤੱਕ ਪਹੁੰਚ ਗਿਆ। ਫਿਰ ਵੀ ਇਸ ਪੈਸੇ ਦੀ ਵੰਡ ਦਾ ਸਰੂਪ ਚਿੰਤਾਜਨਕ ਹੈ। ਸਰਕਾਰੀ ਜਲਵਾਯੂ ਫੰਡ ਦਾ ਲਗਪਗ ਦੋ-ਤਿਹਾਈ ਹਿੱਸਾ ਗ਼ੈਰ-ਵਾਪਸੀਯੋਗ ਗ੍ਰਾਂਟ (ਮਦਦ) ਦੀ ਬਜਾਏ ਕਰਜ਼ਿਆਂ ਦੇ ਰੂਪ ਵਿੱਚ ਦਿੱਤਾ ਗਿਆ ਹੈ। ਜਿਹੜੇ ਵਿਕਾਸਸ਼ੀਲ ਦੇਸ਼ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ, ਉਨ੍ਹਾਂ ਲਈ ਅਜਿਹੇ ਸੰਕਟ ਨਾਲ ਨਜਿੱਠਣ ਲਈ ਕਰਜ਼ਾ ਲੈਣਾ, ਜਿਸ ਨੂੰ ਪਿਛਲੇ ਸਮੇਂ ਦੇ ਉਦਯੋਗਾਂ ਨੇ ਖੜ੍ਹਾ ਕੀਤਾ ਹੈ, ਕਿਸੇ ਵੀ ਤਰ੍ਹਾਂ ਨਾਲ ਜਲਵਾਯੂ ਇਨਸਾਫ਼ ਨਹੀਂ ਕਿਹਾ ਜਾ ਸਕਦਾ। ਵਿਕਾਸਸ਼ੀਲ ਦੇਸ਼ਾਂ ਨੂੰ ਦਾਨ ਦੀ ਨਹੀਂ ਸਗੋਂ ਇੱਕ ਨਿਆਂਪੂਰਨ ਵਿੱਤੀ ਸਮਝੌਤੇ ਦੀ ਲੋੜ ਹੈ। ਜਲਵਾਯੂ ਅਨੁਕੂਲਤਾ, ਜਿਵੇਂ ਕਿ ਕਿਸਾਨਾਂ ਨੂੰ ਖ਼ਰਾਬ ਮੌਸਮ ਤੋਂ ਬਚਾਉਣ, ਪਾਣੀ ਦੀ ਸੁਰੱਖਿਆ ਯਕੀਨੀ ਬਣਾਉਣ, ਸ਼ਹਿਰਾਂ ਨੂੰ ਹੜ੍ਹਾਂ ਤੇ ਗਰਮੀ ਤੋਂ ਬਚਾਉਣ ਅਤੇ ਕਮਜ਼ੋਰ ਭਾਈਚਾਰਿਆਂ ਦੀ ਰੱਖਿਆ ਕਰਨ ਲਈ ਭਰੋਸੇਯੋਗ ਅਤੇ ਕਿਫ਼ਾਇਤੀ ਫੰਡਾਂ ਦੀ ਲੋੜ ਹੈ। ਸਾਫ਼-ਸੁਥਰੀ ਊਰਜਾ ਵੱਲ ਵਧਣ ਲਈ ਵੀ ਭਾਰੀ ਨਿਵੇਸ਼ ਦੀ ਲੋੜ ਹੈ। ਅਮੀਰ ਦੇਸ਼ਾਂ, ਜਿਨ੍ਹਾਂ ਦੀ ਵਿੱਤੀ ਸਮਰੱਥਾ ਵੀ ਵੱਡੀ ਹੈ ਅਤੇ ਜ਼ਿੰਮੇਵਾਰੀ ਵੀ ਬਹੁਤ ਜ਼ਿਆਦਾ ਹੈ, ਨੂੰ ਵੱਡੇ ਪੱਧਰ ’ਤੇ ਗ੍ਰਾਂਟ ਅਤੇ ਰਿਆਇਤੀ ਫੰਡ ਮੁਹੱਈਆ ਕਰਵਾਉਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਭਾਰਤ ਹੁਣ ਕੁੱਲ ਮਾਤਰਾ ਦੇ ਲਿਹਾਜ਼ ਨਾਲ ਦੁਨੀਆ ਵਿੱਚ ਕਾਰਬਨ ਨਿਕਾਸੀ ਵਾਲਾ ਇੱਕ ਵੱਡਾ ਦੇਸ਼ ਬਣ ਚੁੱਕਿਆ ਹੈ ਅਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਇਸ ਦੀਆਂ ਦਿਨ-ਬ-ਦਿਨ ਵਧਦੀਆਂ ਆਰਥਿਕ ਅਤੇ ਊਰਜਾ ਲੋੜਾਂ ਆਲਮੀ ਕਾਰਬਨ ਨਿਕਾਸੀ ਦੀ ਦਿਸ਼ਾ ਨੂੰ ਤੈਅ ਕਰਨਗੀਆਂ। ਇਸ ਲਈ ਦੇਸ਼ ਨੂੰ ਨਵਿਆਉਣਯੋਗ ਊਰਜਾ ਵੱਲ ਤਬਦੀਲੀ ਤੇਜ਼ ਕਰਨੀ ਚਾਹੀਦੀ ਹੈ, ਊਰਜਾ ਕੁਸ਼ਲਤਾ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਕੋਲੇ ’ਤੇ ਨਿਰਭਰਤਾ ਘਟਾਉਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਕਾਸ ਪ੍ਰਕਿਰਿਆ ਹੌਲੀ-ਹੌਲੀ ਘੱਟ ਕਾਰਬਨ ਵਾਲੀ ਬਣੇ। ਜਲਵਾਯੂ ਇਨਸਾਫ਼ ਦੇ ਦੋ ਪੱਖ ਹਨ, ਪਹਿਲਾ ਅਮੀਰ ਦੇਸ਼ਾਂ ਨੂੰ ਆਪਣਾ ਬਣਦਾ ਹਿੱਸਾ ਦੇਣਾ ਚਾਹੀਦਾ ਹੈ ਅਤੇ ਦੂਜਾ, ਭਾਰਤ ਨੂੰ ਵੀ ਵਾਤਾਵਰਣ ਨੂੰ ਬਚਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਪਹਿਲੇ ਪੱਖ ਨੂੰ ਦੂਜੇ ਦੇ ਪੂਰੀ ਤਰ੍ਹਾਂ ਮੁਕੰਮਲ ਹੋਣ ਤੱਕ ਟਾਲਿਆ ਨਹੀਂ ਜਾ ਸਕਦਾ।

**ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ**

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ 'ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਣਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 'ਪੰਜਾਬੀ ਸਕੂਲ ਆਫ਼ ਸਟੱਡੀਜ਼' ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫ਼ਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ 'ਸਫ਼ਲ ਵਿਦਵਾਨ : ਗੁਰਪਾਲ ਸੰਧੂ' ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



(ਭਾਗ ਸਤਵਾਂ)

ਫਿਰ ਇੱਕ ਦਿਨ ਅਚਾਨਕ ਕਹਾਣੀਕਾਰ ਜਿੰਦਰ ਦਾ ਫ਼ੂਨ ਆਉਂਦਾ ਹੈ। ਉਹ ਗੁਰਪਾਲ ਦੇ ਚੰਡੀਗੜ੍ਹ ਵਾਲੇ ਘਰ ਕਾਫੀ ਸਮਾਂ ਰਹਿਣ ਕਰਕੇ ਉਸਦੇ ਕਰੀਬੀਆਂ ਵਿੱਚ ਸ਼ਾਮਲ ਹੋ ਗਿਆ ਸੀ। ਉਹ ਗੁਰਪਾਲ ਦੇ ਬੇਟੇ ਸਾਜਨ ਦੇ ਵਿਆਹ ਬਾਰੇ ਸੱਦਾ ਦਿੰਦਾ ਹੈ, "ਗੁਰਪਾਲ ਨੇ ਮੈਨੂੰ ਕਿਹਾ ਸੀ, ਜਲੰਧਰੋਂ ਜਿੰਨ੍ਹੇ ਜਿੰਨ੍ਹੇ ਸੱਦਣਾ ਹੋਇਆ ਸੱਦ ਲਈਂ...!

ਮੈਂ ਵਿਆਹ ਵਿੱਚ ਅੱਧੇ ਮਨ ਨਾਲ ਸ਼ਾਮਲ ਹੁੰਦਾਂ ਹਾਂ। ਜਿੰਦਰ ਮੇਰੇ ਨਾਲ ਹੀ ਕਾਰ ਵਿੱਚ ਜਾਂਦਾ ਹੈ। ਹਲਕੀ ਜਿਹੀ ਠੰਢ ਦਾ ਮੌਸਮ ਹੈ। ਮੈਂ ਪੁਰਾਣੀ ਜਿਹੀ ਕਮੀਜ਼ ਪਾ ਕੇ ਬੁਝੇ ਜਿਹੇ ਮਨ ਨਾਲ ਵਿਆਹ ਵਿੱਚ ਇੱਕ ਖੂੰਜੇ ਕੁਰਸੀ ਤੇ ਬੈਠਾ ਹੋਇਆ ਹਾਂ। ਬਲਦੇਵ ਧਾਲੀਵਾਲ ਮਿਲਦਿਆਂ ਹੀ ਕਹਿੰਦਾ ਹੈ, "...ਕੱਲੀ ਕਮੀਜ਼ ਈ ਪਾਈ ਫਿਰਦੈਂ!"

"ਇਹ ਵੀ ਲਾਹੁਣ ਨੂੰ ਫਿਰਦਾਂ...ਪ੍ਰੋਟੈਸਟ ਤੇ ਆਂ!" ਗੱਲ ਸੁਣ ਆਸ-ਪਾਸ ਵਾਲੇ ਮਿੱਤਰ ਹੱਸਣ ਲੱਗਦੇ ਹਨ। ਮੈਂ ਵੀ ਹਾਸੇ ਵਿੱਚ ਸ਼ਾਮਲ ਹੋਣ ਦਾ ਯਤਨ ਕਰਦਾ ਹਾਂ ਪਰ ਗੱਲ ਬਣਦੀ ਨਹੀਂ। ਗੁਰਪਾਲ ਨਾਲ ਮੇਲ ਹੁੰਦਾ ਹੈ। ਉਹ ਅੱਜ ਹੋਰ ਈ ਰੰਗਾਂ ਵਿੱਚ ਹੈ। ਪੁਰਾਣੇ ਅੰਦਾਜ਼ ਵਿੱਚ ਮੈਨੂੰ ਮਖੌਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਪਤਾ ਨਹੀਂ ਕਿਓਂ, ਐਡੇ ਵੱਡੇ ਭਾਸ਼ਾ ਮਾਹਰ ਦਾ ਭਾਸ਼ਾ ਅੱਜ ਸਾਥ ਨਹੀਂ ਦਿੰਦੀ, "ਉਏ ਸਾਲਿਆ! ਕਿਵੇ ਐਂ...!" ਗੁਰਪਾਲ ਦੇ ਬੋਲ ਮੈਨੂੰ ਬੜੇ ਅਟਪਟੇ ਜਾਪਦੇ ਹਨ। ਪਰ ਐਡੀ ਵੱਡੀ ਖ਼ੁਸ਼ੀ ਦੇ ਮੌਕੇ ਅੱਗਿਓਂ ਕੁਝ ਅਟਪਟਾ ਬੋਲਣ ਤੋਂ ਆਪਣੇ ਆਪ ਨੂੰ ਪੂਰਾ ਟਿੱਲ ਲਾ ਕੇ ਰੋਕਦਾ ਹਾਂ।

ਕੁਝ ਦੇਰ ਬਾਅਦ ਜਿੰਦਰ ਨਾਲ ਭੜਾਸ ਕੱਢਦਾ ਹਾਂ, "ਐਕਸੀਡੈਂਟ ਤੋਂ ਬਾਦ, ਗੁਰਪਾਲ ਹਿੱਲ ਜਿਹਾ ਨਹੀਂ ਗਿਆ ਲੱਗਦੈ?"

ਸਾਡੇ ਦਰਮਿਆਨ ਚੁੱਪ ਦੀ ਖਾਈ ਹੋਰ ਡੂੰਘੀ ਹੋ ਜਾਂਦੀ ਹੈ।

ਗੁਰਪਾਲ ਦੇ ਪੈਰਾਂ ਵਿੱਚ ਸਫ਼ਰ ਹੈ। ਸਫ਼ਰ ਕੀਤੇ ਤੋਂ ਬਿਨਾਂ ਉਸਨੂੰ ਟਿਕਾਅ ਨਹੀਂ ਆਉਂਦਾ। ਚੰਡੀਗੜ੍ਹ ਪਟਿਆਲੇ ਦਰਮਿਆਨ ਉਹ ਲੰਮਾਂ




ਪ੍ਰੋ. ਸੁਖਪਾਲ ਸਿੰਘ ਥਿੰਦ


ਸਮਾਂ ਊਰੀ ਵਾਂਗ ਘੁੰਮਦਾ ਰਿਹਾ ਹੈ। ਪਟਿਆਲੇ ਕੋਠੀ ਵਾਲਾ ਕੰਮ ਸਮੇਟਿਆ ਤਾਂ ਲੱਗਾ ਕਿ ਸ਼ਾਇਦ ਉਸਦੇ ਪੈਰਾਂ ਨੂੰ ਟਿਕਾਅ ਆ ਜਾਵੇ। ਪਰ ਨਹੀਂ, ਇਵੇਂ ਕਿਵੇਂ ਹੋ ਸਕਦਾ ਹੈ? ਉਸ ਨੇ ਇਧਰੋਂ ਸਮੇਟ ਪੰਜਾਬ ਹਿਮਾਚਲ ਦੀ ਸਰਹੱਦ ਕੋਲ ਬਰਡਰ ਪਿੰਡ ਕੋਲ ਤਿੰਨ ਏਕੜ ਦਾ ਫਾਰਮ ਹਾਊਸ ਖਰੀਦ ਲਿਆ। ਚੰਡੀਗੜ੍ਹ ਵਾਲੇ ਘਰ ਤੋਂ ਪੂਰਾ ਤੀਹ ਕਿਲੋਮੀਟਰ ਦੂਰ। ਨਾਮ ਰੱਖਿਆ 'ਮਲਹਾਰ ਫਾਰਮ ਉਰਫ਼ ਟਿੱਲਾ ਨਕੱਈਆਂ'। ਉਸ ਅੰਦਰਲਾ 'ਨੱਕਈ' ਨਵੇਂ ਗਿਆਨ ਨਾਲ ਦੱਬਣ ਦੀ ਬਜਾਇ ਸਗੋਂ ਸਮੇਂ ਨਾਲ ਹੋਰ ਮੁਖ਼ਰ ਹੋ ਗਿਆ ਜਾਪਦਾ ਹੈ।

ਉਸਦੇ ਫਾਰਮ ਹਾਊਸ ਬਾਰੇ ਸਾਂਝੇ ਮਿੱਤਰਾਂ ਰਾਹੀਂ ਜਾਣਕਾਰੀ ਮਿਲਦੀ ਰਹਿੰਦੀ। ਫਿਰ ਇੱਕ ਦਿਨ ਅਚਾਨਕ ਉਸਦਾ ਫ਼ੂਨ ਆਉਂਦਾ ਹੈ। ਉਸਦੀ ਸੇਵਾ-ਮੁਕਤੀ ਦਾ ਸਮਾਂ ਨੇੜੇ ਆ ਰਿਹਾ ਹੈ। ਹਰਜੀਤ ਅਟਵਾਲ ਉਸਤੇ ਕਿਤਾਬ ਸੰਪਾਦਿਤ ਕਰਨ ਦੀ ਯੋਜਨਾ ਉਲੀਕ ਰਿਹਾ ਹੈ। ਫ਼ੂਨ ਤੇ ਉਸਦੀ ਅਵਾਜ਼ ਪਹਿਲਾਂ ਵਾਂਗ ਹੀ ਟੱਲੀ ਵਾਂਗ ਖੜਕ ਰਹੀ ਹੈ। ਉਹ ਕਿਤਾਬ ਬਾਬਤ ਹੀ ਬਹੁਤੀਆਂ ਗੱਲਾਂ ਕਰਦਾ ਹੈ। ਮੈਂ ਫ਼ੂਨ ਦਾ ਕਾਰਣ ਸਮਝ ਜਾਂਦਾ ਹਾਂ। ਉਸਦੇ ਫਾਰਮ ਹਾਊਸ ਬਾਰੇ ਪੁੱਛਣ ਲੱਗਦਾ ਹਾਂ। ਜ਼ਮੀਨ ਦੇ ਰੇਟ ਬਾਰੇ ਪੁੱਛਦਾ ਹਾਂ ਤਾਂ ਉਹ ਦੱਸਦਾ ਹੈ, "ਦੋ ਕਰੋੜ ਪ੍ਰਤੀ ਏਕੜ...ਪਰ ਇਸਤੋਂ ਵੀ ਵੱਡੀ ਗੱਲ ਐ ਇਹ ਸੌਖਿਆਂ ਮਿਲਦੀ ਨਹੀਂ!"

"ਪਰਵਾਸੀਆਂ ਤੇ ਪੇਪਰ ਲਿਖ ਲਿਖ ਫਾਰਮ ਹਾਊਸ ਬਣਾ ਲਿਆ!" ਮੈਂ ਉਸ ਨੂੰ ਪੁਰਾਣੇ ਅੰਦਾਜ਼ ਵਿੱਚ ਛੇੜਦਾ ਹਾਂ।

"ਉਨ੍ਹਾਂ ਦਾ ਤਾਂ ਤੈਨੂੰ ਪਤਾ ਈ ਐ ਉਨ੍ਹਾਂ ਕੋਲ ਕਿੱਡੇ ਕੁ ਪੈਸੇ ਨੇ ... ਉਹ ਤਾਂ ਸਗੋਂ ਜਮਾ ਕੀਤਾ ਸਟਾਕ ਥੱਲੇ ਲਾ ਜਾਂਦੇ ਨੇ।" ਦਾਰੂ ਦੇ ਮਹਿੰਗੇ ਅਤੇ ਵੰਨ-ਸੁਵੰਨੇ ਬ੍ਰਾਂਡਾਂ ਨੂੰ ਇਕੱਠੇ ਕਰਨ ਦਾ ਸ਼ੌਕੀਨ ਗੁਰਪਾਲ ਅੰਦਰਲੀ ਗੱਲ ਦੱਸਦਿਆਂ ਹੱਸਦਾ ਹੈ।

"ਫਿਰ ਬਠਿੰਡੇ ਕੰਨੀਓ ਧੱਕਾ ਵੱਜਾ ਜਾ ਕੁਝ ਹੋਰ?" ਮੈਂ ਜਾਣ-ਬੁੱਝ ਕੇ ਉਸਦੇ ਜਮਾਂ ਖਾਤੇ ਦਾ ਕਲਿੱਕ ਬਟਨ ਨੱਪਦਾ ਹਾਂ

"ਦਿਮਾਗ ਦੀ ਖੇਡ ਐ ਸਾਰੀ...ਤੂੰ ਮਿਲੀਂ, ਤੈਨੂੰ ਦੱਸਾਂਗਾਂ...ਤੇਰੀ ਯੂਨੀਵਰਸਿਟੀ ਦੇ ਕਿਸੇ ਪ੍ਰਾਈਵੇਟ ਕਾਲਜ ਵਿੱਚ ਪ੍ਰਿੰਸੀਪਲੀ ਦਾ ਵੀ ਸੋਚਾਂਗੇ...ਲੜਾਉਂਦੇ ਆਂ ਕੋਈ ਸਕੀਮ...ਤੂੰ ਮਿਲੀਂ ਜ਼ਰੂਰ!" ਗੁਰਪਾਲ ਹਰੇ ਪੱਠਿਆਂ ਦੀ ਪੂਰੀ ਪੰਡ ਮੇਰੇ ਸਾਹਮਣੇ ਖਿਲਾਰ ਦਿੰਦਾ ਹੈ। ਮੈਂ ਅੱਗਿਓ ਹਲਕਾ ਹਲਕਾ ਹੱਸਦਾ ਹਾਂ।

ਉਹ ਗੱਲ ਮੁੜ ਪੱਕੀ ਕਰਦਾ ਹੈ, "ਲਿਖ ਲਈ ਜ਼ਰੂਰ...ਮਿਲਦੇ ਐਂ!"

ਮੈਂ ਮੁਸਕਰਾਉਂਦਾ ਹਾਂ, "ਚੰਗਾ, ਆਉਂਦੇ ਆਂ ਕਿਸੇ ਦਿਨ ਤੇਰਾ 'ਸਟਾਕ' ਚੈੱਕ ਕਰਨ!"

ਉਹ ਅੱਗਿਓ ਹੱਸਦਾ ਹੈ। ਹੱਸਣ ਦੀ ਕੋਸ਼ਿਸ਼ ਕਰਦਿਆਂ ਮੈਂ ਫ਼ੂਨ ਕੱਟ ਦਿੰਦਾ ਹਾਂ।

(ਸਮਾਪਤ)

# ਵਿਦਿਆਰਥੀ ਕਿਉਂ ਤੁਰੇ ਖ਼ੁਦਕੁਸ਼ੀ ਦੇ ਰਾਹ ?

ਸਾਡੇ ਸਮਾਜ ਵਿੱਚ ਡਾਕਟਰ ਅਤੇ ਇੰਜੀਨੀਅਰ ਨੂੰ ਬੜੇ ਸਨਮਾਨ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਚੰਗੇ ਅਦਾਰੇ ਵਿੱਚ ਇੰਜਨੀਅਰਿੰਗ ਅਤੇ ਮੈਡੀਕਲ ਦੀ ਪੜ੍ਹਾਈ ਕਰਨਾ ਮਾਣ ਵਾਲੀ ਗੱਲ ਹੈ। ਚੰਗੇ ਅਦਾਰਿਆਂ ਵਿੱਚ ਦਾਖ਼ਲਾ ਵੀ ਕਿਸਮਤ ਵਾਲੇ ਵਿਦਿਆਰਥੀਆਂ ਨੂੰ ਹੀ ਮਿਲਦਾ ਹੈ।

ਮੈਡੀਕਲ ਅਤੇ ਇੰਜਨੀਅਰਿੰਗ ਦੀ ਪੜ੍ਹਾਈ ਇੰਨੀ ਮਹਿੰਗੀ ਹੈ ਕਿ ਹਰ ਕਿਸੇ ਦੇ ਵੱਸ ਵਿੱਚ ਨਹੀਂ ਹੈ। ਐੱਮਬੀਬੀਐੱਸ ਦੀ ਪੜ੍ਹਾਈ ਦਾ ਖ਼ਰਚਾ ਕਰੋੜ ਨੂੰ ਢੁੱਕਣ ਵਾਲਾ ਹੈ। ਆਈਆਈਟੀ ਅਤੇ ਆਈਆਈਐੱਮ ਵਿੱਚ ਗ੍ਰੈਜੂਏਸ਼ਨ ਦਾ ਕੋਰਸ ਵੀ ਅੱਧੇ ਕਰੋੜ ਨੂੰ ਪਾਰ ਕਰਨ ਲੱਗਾ ਹੈ। ਦੂਜੇ ਬੰਨੇ ਮੈਡੀਕਲ ਦੀ ਪੜ੍ਹਾਈ ਕਰਨ ਲਈ ਮਿਆਰੀ ਅਦਾਰਿਆਂ ਦੀ ਗਿਣਤੀ ਘੱਟ ਹੈ। ਜ਼ਿਆਦਾਤਰ ਸਰਕਾਰੀ ਅਦਾਰੇ ਮੁੱਢਲੇ ਢਾਂਚੇ ਪੱਖੋਂ ਊਣੇ ਮੰਨੇ ਗਏ ਹਨ ਜਦੋਂ ਕਿ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਪੈਸਾ ਕਮਾਉਣ ਦਾ ਜ਼ਰੀਆ ਬਣ ਗਈਆਂ ਹਨ।

ਚੰਗੇ ਅਤੇ ਮਿਆਰੀ ਅਦਾਰੇ ਵਿੱਚ ਦਾਖ਼ਲਾ ਲੈਣ ਲਈ ਤਿਆਰੀ ਕਰਾਉਣ ਵਾਲੇ ਕੋਚਿੰਗ ਸੈਂਟਰਾਂ ਦੀ ਫੀਸ ਲੱਖਾਂ ਰੁਪਏ ਬਣਦੀ ਹੈ। ਬੜੀ ਵਾਰ ਬੱਚਿਆਂ ਤੇ ਮਾਪਿਆਂ ਨੂੰ ਚੰਗੇ ਅਦਾਰੇ ਤੋਂ ਕੋਚਿੰਗ ਲੈਣ ਲਈ ਘਰ ਬਾਰ ਤੱਕ ਛੱਡਣਾ ਪੈਂਦਾ ਹੈ। ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਮਿਹਨਤ ਤੇ ਪੈਸਾ ਖ਼ਰਚ ਕਰਨ ਦੇ ਬਾਵਜੂਦ ਚੰਗੇ ਤੇ ਮਿਆਰੀ ਅਦਾਰੇ ਵਿੱਚ ਦਾਖ਼ਲਾ ਨਾ ਮਿਲੇ ਤਾਂ ਕਈ ਵਿਦਿਆਰਥੀ ਹਾਰ ਮੰਨ ਜਾਂਦੇ ਹਨ ਅਤੇ ਉਹ ਆਪਣੀ ਜ਼ਿੰਦਗੀ ਖ਼ਤਮ ਕਰਨ ਤੱਕ ਚਲੇ ਜਾਂਦੇ ਹਨ। ਇਸ ਤੋਂ ਵੀ ਵੱਧ ਦੁੱਖ ਉਦੋਂ ਹੁੰਦਾ ਹੈ ਜਦੋਂ ਦਾਖ਼ਲਾ ਮਿਲਣ 'ਤੇ ਚੰਗੇ ਨਤੀਜੇ ਨਾ ਦੇ ਸਕਣ ਕਰਕੇ ਵਿਦਿਆਰਥੀ ਖ਼ੁਦਕੁਸ਼ੀ ਦੇ ਰਾਹ ਪੈ ਜਾਂਦੇ ਹਨ। ਮਰਨ ਨੂੰ ਕਿਸੇ ਦਾ ਵੀ ਦਿਲ ਨਹੀਂ ਕਰਦਾ ਅਤੇ ਨਾ ਹੀ ਜਾਨ ਦੇਣੀ ਇੰਨੀ ਸੌਖੀ ਹੈ, ਪਰ ਇਨ੍ਹਾਂ ਵਿਦਿਆਰਥੀਆਂ ਅੰਦਰ ਨਿਰਾਸ਼ਾ ਇੰਨੀ ਵਧ ਜਾਂਦੀ ਹੈ ਕਿ ਉਹ ਏਡਾ ਘਾਤਕ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ।

ਅੰਕੜੇ ਦੱਸਦੇ ਹਨ ਕਿ ਆਈਆਈਟੀ ਵਿੱਚ 20 ਸਾਲਾਂ ਦੌਰਾਨ 160 ਵਿਦਿਆਰਥੀ ਖ਼ੁਦਕਸ਼ੀ ਕਰ ਚੁੱਕੇ ਹਨ। ਆਈਆਈਟੀ ਮੁੰਬਈ ਵਿੱਚ ਚਾਲੂ ਮਹੀਨੇ ਦੌਰਾਨ ਤਿੰਨ ਵਿਦਿਆਰਥੀ ਆਪਣੀ ਜੀਵਨ ਲੀਲਾ ਖ਼ਤਮ ਕਰ ਚੁੱਕੇ ਹਨ। ਆਈਆਈਟੀ



ਅਲੂਮਨੀ ਸਪੋਰਟਸ ਗਰੁੱਪ ਮੁਤਾਬਕ ਪਿਛਲੇ 20 ਸਾਲਾਂ ਵਿੱਚ 160 ਆਈਆਈਟੀ ਵਿਦਿਆਰਥੀਆਂ ਨੇ ਆਤਮਹੱਤਿਆ ਕੀਤੀ ਹੈ। ਰਿਪੋਰਟ ਮੁਤਾਬਿਕ 2025 ਵਿੱਚ ਸਭ ਤੋਂ ਵੱਧ ਰਿਕਾਰਡ 16 ਮੌਤਾਂ ਹੋਈਆਂ ਸਨ। ਸਾਲ 2021 ਵਿੱਚ ਨੌਂ, 2022 ਵਿੱਚ 12 ਅਤੇ 2023 ਵਿੱਚ 14 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਸੀ। 2024 ਵਿੱਚ ਇਹ ਗਿਣਤੀ ਵਧ ਕੇ 15 ਹੋ ਗਈ ਸੀ ਜਦੋਂ ਕਿ ਪਿਛਲੇ ਸਾਲ ਸਭ ਤੋਂ ਵੱਧ 16 ਨੇ ਖ਼ੁਦਕੁਸ਼ੀ ਕੀਤੀ। ਚਾਲੂ ਸਾਲ ਦੇ ਅੱਠ ਮਹੀਨਿਆਂ ਵਿੱਚ ਨੌਂ ਵਿਦਿਆਰਥੀ ਖ਼ੁਦਕੁਸ਼ੀ ਕਰ ਚੁੱਕੇ ਹਨ। ਆਈਆਈਟੀ ਖੜਗਪੁਰ ਦੇ 11 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਦਾ ਰਾਹ ਚੁਣਿਆ ਜਦੋਂ ਕਿ ਆਈਆਈਟੀ ਕਾਨਪੁਰ ਅਤੇ ਆਈਆਈਟੀ ਮਦਰਾਸ ਦੇ ਨੌਂ-ਨੌਂ ਵਿਦਿਆਰਥੀ ਖ਼ੁਦਕੁਸ਼ੀ ਕਰ ਚੁੱਕੇ ਹਨ। ਆਈਆਈਟੀ ਦਿੱਲੀ ਦੇ ਅੱਠ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।

ਸਾਲ 2020 ਦੀਆਂ ਖ਼ੁਦਕੁਸ਼ੀਆਂ ਦੀ ਗੱਲ ਕਰੀਏ ਤਾਂ ਪਹਿਲੇ ਸਾਲ ਦੇ ਇੱਕ, ਦੂਜੇ ਸਾਲ ਦੇ ਚਾਰ, ਤੀਜੇ ਸਾਲ ਦੇ ਦੋ ਅਤੇ ਪੰਜਵੇਂ ਸਾਲ ਦੇ ਇੱਕ ਵਿਦਿਆਰਥੀ ਨੇ ਆਪਣੇ ਜੀਵਨ ਲੀਲਾ ਖ਼ਤਮ ਕੀਤੀ। ਪੀਐੱਚ.ਡੀ ਦਾ ਇੱਕ ਵਿਦਿਆਰਥੀ ਵੀ ਆਪਣੀ ਜਾਨ ਗਵਾ ਚੁੱਕਾ ਹੈ। ਰਿਪੋਰਟ ਵਿੱਚ ਇੱਕ ਹੋਰ ਮਹੱਤਵਪੂਰਨ ਪੱਖ ਦੱਸਿਆ ਗਿਆ ਹੈ ਕਿ ਅਕਾਦਮਿਕ ਤਣਾਅ ਕਰਨ 60 ਫ਼ੀਸਦੀ, ਨੌਕਰੀ ਨਾ ਮਿਲਣ ਦੀ ਸੰਭਾਵਨਾ ਕਰਕੇ 12 ਫ਼ੀਸਦੀ, ਨਿੱਜੀ ਕਾਰਨਾਂ ਕਰਕੇ 11 ਫ਼ੀਸਦੀ, ਪਰਿਵਾਰਕ ਸਮੱਸਿਆਵਾਂ ਦੇ ਚੱਲਦਿਆਂ 10 ਫ਼ੀਸਦੀ ਅਤੇ ਭੇਦਭਾਵ ਕਰਕੇ 6 ਫ਼ੀਸਦੀ ਵਿਦਿਆਰਥੀਆਂ ਨੇ ਇਹ


ਕਮਲਜੀਤ ਸਿੰਘ ਬਨਵੈਤ


ਕਦਮ ਚੁੱਕੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜ਼ਿਆਦਾਤਰ ਵਿਦਿਆਰਥੀ ਇਮਤਿਹਾਨਾਂ ਦੇ ਨੇੜੇ ਤੇੜੇ ਅਜਿਹਾ ਕਦਮ ਚੁੱਕਦੇ ਹਨ।

ਮੈਡੀਕਲ ਦੇ ਵਿਦਿਆਰਥੀਆਂ ਦੀ ਗੱਲ ਕਰੀਏ ਤਾਂ ਹਰ ਸਾਲ 20 ਤੋਂ 25 ਵਿਦਿਆਰਥੀ ਜ਼ਿੰਦਗੀ ਤੋਂ ਹਾਰ ਕੇ ਖ਼ੁਦਕਸ਼ੀ ਦੇ ਰਾਹ ਤੁਰ ਪੈਂਦੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਮੈਡੀਕਲ ਦੇ 122 ਵਿਦਿਆਰਥੀਆਂ ਨੇ ਖ਼ੁਦਕਸ਼ੀ ਕੀਤੀ ਹੈ ਅਤੇ 1270 ਵਿੱਚ ਹੀ ਪੜ੍ਹਾਈ ਛੱਡ ਗਏ ਹਨ। ਪੜ੍ਹਾਈ ਛੱਡਣ ਵਾਲਿਆਂ ਵਿੱਚੋਂ 1117 ਡਾਕਟਰ ਪੋਸਟ ਗ੍ਰੈਜੂਏਸ਼ਨ ਕਰ ਰਹੇ ਸਨ। ਡਾਕਟਰਾਂ ਦੀ ਖ਼ੁਦਕੁਸ਼ੀ ਦਾ ਵੱਡਾ ਕਾਰਨ ਕੰਮ ਦਾ ਦਬਾਅ ਦੱਸਿਆ ਜਾ ਰਿਹਾ ਹੈ। ਕਈ ਪੜ੍ਹਾਈ ਦੇ ਬੋਝ ਮੂਹਰੇ ਹੱਥ ਖੜ੍ਹੇ ਕਰ ਜਾਂਦੇ ਹਨ। ਹੋਰਾਂ ਦੇ ਅੱਗੇ ਭਾਸ਼ਾ ਦਾ ਪੂਰਾ ਗਿਆਨ ਨਾ ਹੋਣਾ ਵੀ ਆ ਖੜ੍ਹਦਾ ਹੈ। ਮੈਡੀਕਲ ਦੇ ਵਿਦਿਆਰਥੀਆਂ ਨੂੰ ਦਾਖ਼ਲੇ ਵੇਲੇ ਕੋਰਸ ਅੱਧ ਵਿਚਾਲੇ ਛੱਡਣ ਦੀ ਸੂਰਤ ਵਿੱਚ 50 ਲੱਖ ਦਾ ਬਾਂਡ ਵੀ ਭਰਨਾ ਪੈਂਦਾ ਹੈ।

ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਡਾਕਟਰੀ ਅਤੇ ਇੰਜਨੀਅਰਿੰਗ ਦੀ ਪੜ੍ਹਾਈ ਉੱਤੇ ਖ਼ਰਚਾ ਤਾਂ ਕਰੋੜਾਂ ਵਿੱਚ ਆ ਰਿਹਾ ਹੈ, ਪਰ ਤਨਖਾਹਾਂ ਬਹੁਤ ਨਿਗੂਣੀਆਂ ਹਨ। ਮੈਡੀਕਲ ਦੀ ਛੇ ਸਾਲਾਂ ਦੀ ਪੜ੍ਹਾਈ ਦੌਰਾਨ ਕਰੋੜ ਦੇ ਕਰੀਬ ਖ਼ਰਚਣ ਤੋਂ ਬਾਅਦ 70 ਹਜ਼ਾਰ ਮਹੀਨਾ ਦੀ ਸਰਕਾਰੀ ਨੌਕਰੀ ਕਰਨੀ ਪੈਂਦੀ ਹੈ। ਇੰਜਨੀਅਰ ਵੀ ਵਿਰਲੇ ਟਾਵੇਂ ਹੀ ਹੋਣਗੇ ਜਿਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਬਰਾਬਰ ਤਨਖਾਹ ਮਿਲਦੀ ਹੋਵੇ। ਪ੍ਰਾਈਵੇਟ ਖੇਤਰ ਵਿੱਚ ਤਨਖਾਹ ਤਾਂ ਵੱਧ ਹੈ, ਪਰ ਡਿਊਟੀ 'ਤੇ ਪੂਰੇ ਦਾ ਪੂਰਾ ਦਿਨ ਜਾਂ ਪੂਰੀ ਰਾਤ ਗੁਜ਼ਾਰਨੀ ਪੈਂਦੀ ਹੈ।

ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 2024 ਵਿੱਚ ਮੈਡੀਕਲ ਅਤੇ ਇੰਜਨੀਅਰਿੰਗ ਦੇ 1000 ਵਿਦਿਆਰਥੀਆਂ ਪਿੱਛੇ ਇੱਕ ਕੌਂਸਲਰ ਰੱਖਿਆ ਗਿਆ ਸੀ। ਆਈਆਈਟੀ ਖੜਗਪੁਰ, ਦਿੱਲੀ ਜਾਂ ਕਾਨਪੁਰ ਦੀ ਗੱਲ ਕਰੀਏ ਤਾਂ ਡੇਢ ਹਜ਼ਾਰ ਵਿਦਿਆਰਥੀਆਂ ਪਿੱਛੇ ਇੱਕ ਕੌਂਸਲਰ ਹੈ।

ਭਾਰਤ ਵਿੱਚ ਹਾਲੇ ਸਕਿਲਡ ਵਰਕਰਾਂ ਦਾ ਮੁੱਲ ਨਹੀਂ ਪੈਣ ਲੱਗਾ। ਇਸੇ ਕਰਕੇ ਨੌਜਵਾਨ ਇੱਧਰ ਨੂੰ ਤੁਰ ਵੀ ਨਹੀਂ ਰਹੇ ਹਨ। ਪੱਛਮੀ ਦੇਸ਼ਾਂ ਵਿੱਚ ਹੱਥੀਂ ਕੰਮ ਕਰਨ ਵਾਲਿਆਂ ਨੂੰ ਦਫ਼ਤਰਾਂ ਵਿੱਚ ਬੈਠ ਕੇ ਕੰਮ ਕਰਨ ਵਾਲਿਆਂ ਨਾਲੋਂ ਵੱਧ ਕਮਾਈ ਹੁੰਦੀ ਹੈ। ਭਾਰਤ ਵਿੱਚ ਸਮਾਜ ਹੱਥੀਂ ਕੰਮ ਕਰਨ ਵਾਲੇ ਦਾ ਇੰਨਾ ਮੁੱਲ ਨਹੀਂ ਪਾਉਂਦਾ ਜਿੰਨਾ ਮਾਣ ਸਤਿਕਾਰ ਕੁਰਸੀਆਂ ਉੱਤੇ ਬੈਠ ਕੇ ਹੁਕਮ ਚਲਾਉਣ ਵਾਲਿਆਂ ਦਾ ਹੈ। ਭਾਰਤ ਵਿੱਚ ਵਧ ਰਹੀ ਬੇਰੁਜ਼ਗਾਰੀ ਦੀ ਇੱਕ ਵੱਡੀ ਵਜ੍ਹਾ ਵੀ ਇਹੋ ਹੈ।

ਮੁਕਾਬਲੇ ਦੇ ਯੁੱਗ ਵਿੱਚ ਜਿੱਥੇ ਮਾਪੇ ਬੱਚਿਆਂ ਉੱਤੇ ਵੱਧ ਨੰਬਰ ਅਤੇ ਚੰਗੇ ਵਿਦਿਅਕ ਅਦਾਰੇ ਵਿੱਚ ਦਾਖ਼ਲਾ ਲੈਣ ਦਾ ਦਬਾਅ ਬਣਾਉਂਦੇ ਹਨ, ਉੱਥੇ ਕਈ ਬੱਚੇ ਵੀ ਵੱਡੀ ਮੰਜ਼ਿਲ ਹਾਸਲ ਕਰਨ ਦੀ ਧਾਰ ਕੇ ਤੁਰਦੇ ਹਨ। ਮਾਪਿਆਂ ਦੀਆਂ ਇੱਛਾਵਾਂ 'ਤੇ ਜਦੋਂ ਬੱਚੇ ਪੂਰੇ ਨਹੀਂ ਉਤਰਦੇ ਜਾਂ ਫਿਰ ਮਿੱਥੀ ਮੰਜ਼ਿਲ ਸਰ ਕਰਨੀ ਮੁਸ਼ਕਿਲ ਲੱਗਦੀ ਹੈ ਤਦ ਉਹ ਜ਼ਿੰਦਗੀ ਨੂੰ ਖ਼ਤਮ ਕਰਨ ਦੀ ਸੋਚਣ ਲੱਗਦੇ ਹਨ। ਨੌਜਵਾਨਾਂ ਨੂੰ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਇਹ ਸਿੱਖਿਆ ਦੇਣ ਦੀ ਲੋੜ ਹੈ ਕਿ ਅਫਸਲ ਹੋਣ 'ਤੇ ਜ਼ਿੰਦਗੀ ਖ਼ਤਮ ਨਹੀਂ ਹੁੰਦੀ, ਬਲਕਿ ਕਈ ਵਾਰ ਅਸਫ਼ਲਤਾ ਦਾ ਸਬਕ ਉਨ੍ਹਾਂ ਨੂੰ ਅਜਿਹੀ ਉੱਚਾਈ 'ਤੇ ਲੈ ਜਾਂਦਾ ਹੈ, ਜਿਸ ਬਾਰੇ ਉਨ੍ਹਾਂ ਨੇ ਕਦੇ ਸੋਚਿਆ ਵੀ ਨਾ ਹੋਵੇ। ਵਿਦਿਆਰਥੀਆਂ ਨੂੰ ਆਪ ਵੀ ਸਮਝਣਾ ਚਾਹੀਦਾ ਹੈ ਕਿ ਮੰਜ਼ਿਲ ਤੋਂ ਉਰੇ ਰੁਕ ਜਾਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੋ ਜਾਂਦੀ। ਇੱਕ ਰਸਤਾ ਬੰਦ ਹੁੰਦਾ ਹੈ ਤਾਂ ਬੰਦਾ ਹਿੰਮਤੀ ਹੋਵੇ ਹੋਰ ਕੋਈ ਰਸਤੇ ਆਪਣੇ ਆਪ ਖੁੱਲ੍ਹ ਜਾਂਦੇ ਹਨ। ਪੇਸ਼ੇ ਵਿੱਚ ਚੋਟੀ ਨੂੰ ਹੱਥ ਲਾਉਣ ਨਾਲੋਂ ਵਧੀਆ ਤੇ ਸਫ਼ਲ ਇਨਸਾਨ ਬਣਨਾ ਕਿਤੇ ਬਿਹਤਰ ਹੁੰਦਾ ਹੈ। ਮਾਪੇ ਤੇ ਅਧਿਆਪਕ ਬੱਚਿਆਂ ਵਾਸਤੇ ਰਾਹ ਦਸੇਰਾ ਬਣਨ ਤਾਂ ਬੱਚੇ ਸਹੀ ਰਸਤੇ ਉੱਤੇ ਆਪਣੇ ਆਪ ਤੁਰਨ ਲੱਗ ਪੈਣਗੇ।

### ਪਾਕਿਸਤਾਨ ਵਿੱਚ 1947 ਤੋਂ ਬੰਦ ਪਏ ਇਤਿਹਾਸਕ ਗੁਰਧਾਮਾਂ ਦੀ ਪੁਨਰ-ਸੁਰਜੀਤੀ ਲਈ ਵਿਸ਼ਾਲ ਰੋਡਮੈਪ

# ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਵੱਲੋਂ ਉੱਤਰੀ ਕੈਲੀ.ਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਵਿਖੇ ਇਤਿਹਾਸਕ ਐਲਾਨ

### ਸਟਾਕਟਨ, ਫਰੀਮੌਂਟ, ਸੈਨ ਹੋਜ਼ੇ, ਯੂਨੀਅਨ ਸਿਟੀ ਅਤੇ ਮਿਲਪੀਟਸ ਵਿਖੇ ਸੰਗਤਾਂ ਦੇ ਭਰਵੇਂ ਇਕੱਠਾਂ ਨੂੰ ਕੀਤਾ ਸੰਬੋਧਨ; ਅਗਲੇ 2 ਸਾਲਾਂ 'ਚ 72 ਗੁਰਦੁਆਰਾ ਸਾਹਿਬਾਨ ਖੋਲ੍ਹਣ ਦਾ ਟੀਚਾ

### ਗਲੋਬਲ ਸਿੱਖ ਸੰਸਥਾਵਾਂ ਨੂੰ 'ਅਡੌਪਟ ਏ ਗੁਰਦੁਆਰਾ' ਮੁਹਿੰਮ ਨਾਲ ਜੁੜਨ ਦਾ ਸੱਦਾ; ਕਰਤਾਰਪੁਰ ਸਾਹਿਬ ਲਾਂਘਾ 24 ਘੰਟੇ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ









ਕੈਲੀ.ਫੋਰਨੀਆ : ਪਾਕਿਸਤਾਨੀ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਪਹਿਲੇ ਸਿੱਖ ਕੈਬਨਿਟ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਆਪਣੇ ਉੱਤਰੀ ਕੈਲੀ.ਫੋਰਨੀਆ ਦੌਰੇ ਦੌਰਾਨ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ—ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਫਰੀਮੌਂਟ, ਸਿੱਖ ਗੁਰਦੁਆਰਾ ਸੈਨਹੋਜ਼ੇ ਅਤੇ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਨਤਮਸਤਕ ਹੋ ਕੇ ਸੰਗਤਾਂ ਅਤੇ ਪ੍ਰਬੰਧਕੀ ਕਮੇਟੀਆਂ ਨਾਲ ਵਿਸ਼ੇਸ਼ ਰਾਬਤਾ ਕਾਇਮ ਕੀਤਾ।

ਅਮਰੀਕਾ ਵਿੱਚ ਆਯੋਜਿਤ ਹੋ ਰਹੀ ਕੌਮਾਂਤਰੀ ਅੰਤਰ-ਧਰਮ (Interfaith) ਕਾਨ.ਫਰੰਸ ਵਿੱਚ ਸ਼ਿਰਕਤ ਕਰਨ ਪੁੱਜੇ ਸ. ਅਰੋੜਾ ਨੇ ਸੰਗਤਾਂ ਸਾਹਮਣੇ ਪਾਕਿਸਤਾਨ ਵਿੱਚ ਸਿੱਖ ਵਿਰਾਸਤ ਦੀ ਸਾਂਭ-ਸੰਭਾਲ, ਕਾਰ ਸੇਵਾ ਅਤੇ ਬੰਦ ਪਏ ਗੁਰਧਾਮਾਂ ਨੂੰ ਮੁੜ ਸੁਰਜੀਤ ਕਰਨ ਦਾ ਵਿਆਪਕ ਰੋਡਮੈਪ ਪੇਸ਼ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀ.ਫ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਸੂਬਾਈ ਖ਼ਜ਼ਾਨੇ ਵਿੱਚੋਂ ਵਿਸ਼ੇਸ਼ .ਫੰਡ ਜਾਰੀ ਕਰਕੇ 1947 ਦੀ ਦੇਸ਼ ਵੰਡ ਸਮੇਂ ਤੋਂ ਬੰਦ ਪਏ 50 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਪੁਰਾਤਨ ਦਿੱਖ ਬਹਾਲ ਕਰਨ ਦਾ ਕਾਰਜ ਜੰਗੀ ਪੱਧਰ 'ਤੇ ਆਰੰਭ ਦਿੱਤਾ ਹੈ, ਜਿਸ ਤਹਿਤ ਅਗਲੇ ਦੋ ਸਾਲਾਂ ਅੰਦਰ ਕੁੱਲ 72 ਇਤਿਹਾਸਕ ਗੁਰਦੁਆਰਾ ਸਾਹਿਬਾਨ ਸੰਗਤਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰਿਆਂ ਲਈ ਉਪਲਬਧ ਹੋਣਗੇ।

ਸ. ਰਮੇਸ਼ ਸਿੰਘ ਅਰੋੜਾ ਦੇ ਕੈਲੀ.ਫੋਰਨੀਆ ਦੌਰੇ ਅਤੇ ਮੁੱਖ ਐਲਾਨਾਂ ਦੇ ਵੇਰਵੇ

ਮੁੱਖ ਬੁਲਾਰਾ : ਸ. ਰਮੇਸ਼ ਸਿੰਘ ਅਰੋੜਾ (ਕੈਬਨਿਟ ਮੰਤਰੀ ਪੰਜਾਬ, ਪਾਕਿਸਤਾਨ ਤੇ ਪ੍ਰਧਾਨ PSGPC)

ਦੌਰੇ ਅਧੀਨ ਗੁਰਦੁਆਰਾ ਸਾਹਿਬਾਨ : ਸਟਾਕਟਨ (.ਗਦਰੀ ਬਾਬਿਆਂ ਦਾ ਅਸਥਾਨ), ਫਰੀਮੌਂਟ, ਸੈਨ ਹੋਜ਼ੇ ਅਤੇ ਮਿਲਪੀਟਸ

ਮੁੱਖ ਵਿਰਾਸਤੀ ਪ੍ਰਾਜੈਕਟ : 1947 ਤੋਂ ਬੰਦ ਪਏ 50 ਗੁਰਧਾਮਾਂ ਦੀ ਬਹਾਲੀ; 2 ਸਾਲਾਂ 'ਚ ਕੁੱਲ 72 ਗੁਰਦੁਆਰਾ ਸਾਹਿਬਾਨ ਖੋਲ੍ਹਣ ਦਾ ਟੀਚਾ

ਪਹਿਲਾ ਪੜਾਅ (WCLA) : ਵਾਲਡ ਸਿਟੀ ਲਾਹੌਰ ਅਥਾਰਟੀ ਵੱਲੋਂ ਪਹਿਲੇ ਪੜਾਅ 'ਚ 17 ਗੁਰਦੁਆਰਿਆਂ ਦੀ ਮੂਲ ਪੁਰਾਤਨ ਦਿੱਖ ਰੀਸਟੋਰ

.ਫੰਡਿੰਗ ਸਰੋਤ : ਪਾਕਿਸਤਾਨੀ ਪੰਜਾਬ ਸਰਕਾਰ ਦਾ ਆਪਣਾ ਸੂਬਾਈ ਬਜਟ

ਵਿਸ਼ੇਸ਼ ਇਤਿਹਾਸਕ ਘਟਨਾ : ਨੌਸ਼ਹਿਰਾ ਵਿਰਕਾਂ ਸਥਿਤ 'ਗੁਰਦੁਆਰਾ ਖਾਰਾ ਸਾਹਿਬ' (ਛੇਵੇਂ ਪਾਤਸ਼ਾਹ ਦਾ ਅਸਥਾਨ) ਵਿਖੇ 80 ਸਾਲਾਂ ਬਾਅਦ ਪ੍ਰਕਾਸ਼

ਸੰਗਤ ਨੂੰ ਸੱਦਾ : 'ਅਡੌਪਟ ਏ ਗੁਰਦੁਆਰਾ' (Adopt a Gurdwara) ਮੁਹਿੰਮ ਤਹਿਤ ਗੁਰਧਾਮ ਗੋਦ ਲੈਣ ਦੀ ਅਪੀਲ

ਕਰਤਾਰਪੁਰ ਸਾਹਿਬ ਲਾਂਘਾ : ਰੋਜ਼ਾਨਾ 5,000 ਸ਼ਰਧਾਲੂਆਂ ਦੀ ਇਜਾਜ਼ਤ; 24 ਘੰਟੇ ਲਾਂਘਾ ਖੋਲ੍ਹਣ ਦੀ ਤਜਵੀਜ਼ ਪ੍ਰਧਾਨ ਮੰਤਰੀ ਕੋਲ ਵਿਚਾਰ ਅਧੀਨ

ਕਾਨੂੰਨੀ ਮਾਨਤਾ : 'ਸਿੱਖ ਆਨੰਦ ਕਾਰਜ ਮੈਰਿਜ ਐਕਟ' ਤਹਿਤ ਸਰਕਾਰੀ ਸਰਟੀ.ਫਿਕੇਟ ਜਾਰੀ ਕਰਨ ਵਾਲਾ ਵਿਸ਼ਵ ਦਾ ਪਹਿਲਾ ਦੇਸ਼

ਯਾਤਰਾ ਸਹੂਲਤ : ਗੁਰਪੁਰਬ ਲਈ ਆਸਾਨ ਆਨਲਾਈਨ ਵੀਜ਼ਾ ਪ੍ਰਣਾਲੀ ਸ਼ੁਰੂ

ਉੱਤਰੀ ਕੈਲੀ.ਫੋਰਨੀਆ ਦੇ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਵਿਖੇ ਸੰਬੋਧਨ ਦੇ ਮੁੱਖ ਅੰਸ਼

**1. ਗੁਰਦੁਆਰਾ ਸਾਹਿਬ ਸਟਾਕਟਨ: .ਗਦਰੀ ਬਾਬਿਆਂ ਦੀ ਧਰਤੀ ਤੋਂ 72 ਗੁਰਧਾਮਾਂ ਦਾ ਐਲਾਨ**

ਅਮਰੀਕਾ ਦੇ ਪਹਿਲੇ ਇਤਿਹਾਸਕ ਗੁਰਦੁਆਰਾ ਸਾਹਿਬ, ਸਟਾਕਟਨ ਵਿਖੇ ਨਤਮਸਤਕ ਹੁੰਦਿਆਂ ਸ. ਅਰੋੜਾ ਨੇ ਪ੍ਰਬੰਧਕ ਕਮੇਟੀ, ਭਾਈ ਬਲਜੀਤ ਸਿੰਘ, ਭਾਈ ਬਰਜਿੰਦਰ ਸਿੰਘ ਅਤੇ ਪਰਿਵਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਚੇਤੇ ਕਰਵਾਇਆ ਕਿ .ਗਦਰੀ ਬਾਬਿਆਂ ਦੀ ਇਸ ਪਵਿੱਤਰ ਧਰਤੀ ਤੋਂ ਚੱਲੀ ਆਜ਼ਾਦੀ ਦੀ ਲਹਿਰ ਦਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ (ਅੰਮ੍ਰਿਤਸਰ) ਅਧੀਨ ਡਾਇਰੈਕਟ 70 ਗੁਰਦੁਆਰਾ ਸਾਹਿਬਾਨ ਆਉਂਦੇ ਹਨ, ਜਦਕਿ ਪਾਕਿਸਤਾਨ ਸਰਕਾਰ ਅਤੇ PSGPC ਅਗਲੇ ਦੋ ਸਾਲਾਂ ਵਿੱਚ 72 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੁਨੀਆ ਭਰ ਦੀਆਂ ਸੰਗਤਾਂ ਲਈ ਖੋਲ੍ਹਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 1999 ਵਿੱਚ PSGPC ਬਣਨ ਤੋਂ ਪਹਿਲਾਂ ਸਿਰ.ਫ 3 ਗੁਰਧਾਮ ਖੁੱਲ੍ਹੇ ਸਨ, ਜਦਕਿ ਪਿਛਲੇ 25 ਸਾਲਾਂ ਦੀ ਮਿਹਨਤ ਸਦਕਾ ਅੱਜ 25 ਗੁਰਦੁਆਰੇ ਸੰਗਤਾਂ ਲਈ ਸੇਵਾ ਅਧੀਨ ਹਨ।

**2. ਗੁਰਦੁਆਰਾ ਸਾਹਿਬ ਫਰੀਮੌਂਟ: 80 ਸਾਲਾਂ ਬਾਅਦ ਨੌਸ਼ਹਿਰਾ ਵਿਰਕਾਂ ਵਿਖੇ ਪ੍ਰਕਾਸ਼**

ਫਰੀਮੌਂਟ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਦਵਿੰਦਰ ਸਿੰਘ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿੱਚ ਸੰਬੋਧਨ ਕਰਦਿਆਂ



**ਸ. ਰਮੇਸ਼ ਸਿੰਘ ਅਰੋੜਾ (ਕੈਬਨਿਟ ਮੰਤਰੀ ਪੰਜਾਬ, ਪਾਕਿਸਤਾਨ ਤੇ ਪ੍ਰਧਾਨ PSGPC) ਸੰਬੋਧਨ ਕਰਦੇ ਹੋਏ।**

ਸ. ਅਰੋੜਾ ਨੇ ਸਾਂਝਾ ਕੀਤਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਨੌਸ਼ਹਿਰਾ ਵਿਰਕਾਂ (ਗੁਰਦੁਆਰਾ ਖਾਰਾ ਸਾਹਿਬ) ਵਿਖੇ ਕਾਰ ਸੇਵਾ ਮੁਕੰਮਲ ਹੋਣ ਉਪਰੰਤ ਨਵੰਬਰ ਮਹੀਨੇ ਪੂਰੇ 80 ਸਾਲਾਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਜਾਵੇਗਾ। ਉਨ੍ਹਾਂ ਫਰੀਮੌਂਟ ਕਮੇਟੀ ਅਤੇ ਸਥਾਨਕ ਸੰਸਥਾਵਾਂ ਨੂੰ ਪਾਕਿਸਤਾਨ ਵਿੱਚੋਂ ਘੱਟੋ-ਘੱਟ 1 ਇਤਿਹਾਸਕ ਗੁਰਦੁਆਰਾ ਸਾਹਿਬ ਗੋਦ (Adopt) ਲੈਣ








## ਪਾਕਿਸਤਾਨ ਵਿੱਚ 1947 ਤੋਂ ਬੰਦ ਪਏ ਇਤਿਹਾਸਕ ਗੁਰਧਾਮਾਂ ਦੀ ਪੁਨਰ-ਸੁਰਜੀਤੀ ਲਈ ਵਿਸ਼ਾਲ ਰੋਡਮੈਪ

# ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਵੱਲੋਂ ਉੱਤਰੀ ਕੈਲੀਫ਼ੋਰਨੀਆ ਦੇ ਗੁਰਦੁਆਰਾ ਸਾਹਿਬਾਨ ਵਿਖੇ ਇਤਿਹਾਸਕ ਐਲਾਨ

### ਸਟਾਕਟਨ, ਫਰੀਮੌਂਟ, ਸੈਨ ਹੋਜ਼ੇ, ਯੂਨੀਅਨ ਸਿਟੀ ਅਤੇ ਮਿਲਪੀਟਸ ਵਿਖੇ ਸੰਗਤਾਂ ਦੇ ਭਰਵੇਂ ਇਕੱਠਾਂ ਨੂੰ ਕੀਤਾ ਸੰਬੋਧਨ; ਅਗਲੇ 2 ਸਾਲਾਂ 'ਚ 72 ਗੁਰਦੁਆਰਾ ਸਾਹਿਬਾਨ ਖੋਲ੍ਹਣ ਦਾ ਟੀਚਾ

### ਗਲੋਬਲ ਸਿੱਖ ਸੰਸਥਾਵਾਂ ਨੂੰ 'ਅਡੌਪਟ ਏ ਗੁਰਦੁਆਰਾ' ਮੁਹਿੰਮ ਨਾਲ ਜੁੜਨ ਦਾ ਸੱਦਾ; ਕਰਤਾਰਪੁਰ ਸਾਹਿਬ ਲਾਂਘਾ 24 ਘੰਟੇ ਖੋਲ੍ਹਣ ਦੀ ਤਜਵੀਜ਼ ਵਿਚਾਰ ਅਧੀਨ







ਦੀ ਅਪੀਲ ਕੀਤੀ।

**3. ਸਿੱਖ ਗੁਰਦੁਆਰਾ ਸੈਨਹੋਜ਼ੇ: '3 ਕਰੋੜ ਸਿੱਖਾਂ ਦੀ ਅਰਦਾਸ ਦਾ ਮਾਮਲਾ'**

ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸ. ਅਰੋੜਾ ਨੇ ਸਪੱਸ਼ਟ ਕੀਤਾ ਕਿ ਬਹਾਲ ਕੀਤੇ ਜਾ ਰਹੇ 50 ਗੁਰਦੁਆਰੇ ਸਿਰਫ਼ ਪਾਕਿਸਤਾਨ ਦੇ 15 ਹਜ਼ਾਰ ਸਥਾਨਕ ਸਿੱਖਾਂ ਲਈ ਨਹੀਂ, ਸਗੋਂ ਦੁਨੀਆ ਭਰ ਵਿੱਚ ਵੱਸਦੇ ਉਨ੍ਹਾਂ 3 ਕਰੋੜ ਸਿੱਖਾਂ ਲਈ ਖੋਲ੍ਹੇ ਜਾ ਰਹੇ ਹਨ ਜੋ ਰੋਜ਼ਾਨਾ ਅਰਦਾਸ ਵਿੱਚ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰਿਆਂ ਦੀ ਕਾਮਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਡਾਇਸਪੋਰਾ ਦੀ ਨਵੀਂ ਪਨੀਰੀ ਨੂੰ ਆਪਣੇ ਜੜ੍ਹਾਂ ਅਤੇ ਵਿਰਾਸਤ ਨਾਲ ਜੋੜਨ ਲਈ ਇਹ ਕਦਮ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗਾ।

**4. ਗੁਰਦੁਆਰਾ ਸਾਹਿਬ ਮਿਲਪੀਟਸ ਅਤੇ ਹੋਰ ਸੰਸਥਾਵਾਂ ਨਾਲ ਰਾਬਤਾ**

ਮਿਲਪੀਟਸ ਅਤੇ ਬੇਅ ਏਰੀਆ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ, ਕੌਂਸਲ ਮੈਂਬਰਾਂ ਅਤੇ ਕਮਿਊਨਿਟੀ ਆਗੂਆਂ ਨਾਲ ਬੈਠਕਾਂ ਦੌਰਾਨ ਸ. ਅਰੋੜਾ ਨੇ ਜ਼ੋਰ ਦਿੱਤਾ ਕਿ 'ਵਾਲਡ ਸਿਟੀ ਲਾਹੌਰ ਅਥਾਰਟੀ' (WCLA) ਰਾਹੀਂ ਗੁਰਧਾਮਾਂ ਦੀ ਮੂਲ ਪੁਰਾਤਨ ਨਕਾਸ਼ੀ ਅਤੇ ਆਰਕੀਟੈਕਚਰਲ ਹੈਰੀਟੇਜ ਨੂੰ ਸੰਭਾਲਿਆ ਜਾ ਰਿਹਾ ਹੈ ਤਾਂ ਜੋ ਇਮਾਰਤਾਂ ਦੀ ਇਤਿਹਾਸਕ ਮੌਲਿਕਤਾ ਬਰਕਰਾਰ ਰਹੇ।

**ਸਿੱਖੀ ਦੀ ਜਨਮ-ਭੂਮੀ ਅਤੇ ਗੁਰਧਾਮਾਂ ਦਾ 1947 ਦਾ ਵਿਛੋੜਾ**

ਸ. ਰਮੇਸ਼ ਸਿੰਘ ਅਰੋੜਾ ਨੇ ਭਾਵੁਕ ਹੁੰਦਿਆਂ ਸਿੱਖ ਇਤਿਹਾਸ ਦੀਆਂ ਜੜ੍ਹਾਂ ਲਹਿੰਦੇ ਪੰਜਾਬ ਨਾਲ ਜੋੜੀਆਂ:

**ਪਾਵਨ ਧਰਤੀ:** ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ, ਜੋਤੀ ਜੋਤਿ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਅਸਥਾਨ ਚੂਨਾ ਮੰਡੀ (ਲਾਹੌਰ), ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ (ਲਾਹੌਰ), ਮਹਾਰਾਜਾ ਰਣਜੀਤ ਸਿੰਘ ਦਾ ਜਨਮ ਅਸਥਾਨ (ਗੁਜਰਾਂਵਾਲਾ) ਤੇ ਸਮਾਧ, ਸ਼ਹੀਦ ਭਗਤ ਸਿੰਘ ਦਾ ਜੱਦੀ ਪਿੰਡ (ਬੰਗਾ, ਫ਼ੈਸਲਾਬਾਦ) ਅਤੇ ਪੰਜਾਂ ਪਿਆਰਿਆਂ ਵਿੱਚੋਂ ਪਹਿਲੇ ਪਿਆਰੇ ਭਾਈ ਦਇਆ ਸਿੰਘ ਜੀ ਦਾ ਜਨਮ ਅਸਥਾਨ ਵੀ ਪਾਕਿਸਤਾਨ ਦੀ ਧਰਤੀ 'ਤੇ ਹੀ ਸਥਿਤ ਹਨ।

**ਜ਼ਮੀਨਾਂ ਅਤੇ ਵਿਰਾਸਤ:** 1947 ਦੀ ਵੰਡ ਵੇਲੇ ਤਕਰੀਬਨ 100 ਫ਼ੀਸਦੀ ਸਿੱਖ ਅਬਾਦੀ ਭਾਰਤ ਆ ਗਈ ਅਤੇ ਪਿੱਛੇ ਗੁਰਧਾਮਾਂ ਦੇ ਨਾਂ 'ਤੇ 1,28,000 ਏਕੜ ਖੇਤੀਬਾੜੀ ਜ਼ਮੀਨ ਅਤੇ 26,000 ਏਕੜ ਵਪਾਰਕ ਜ਼ਮੀਨ ਰਹਿ ਗਈ ਸੀ। ਹੁਣ ਪੰਜਾਬ ਸਰਕਾਰ ਵਸੀਲਿਆਂ ਦੀ ਵਰਤੋਂ ਕਰਕੇ ਲਾਇਲਪੁਰ, ਸਰਗੋਧਾ, ਝੰਗ, ਮੰਡੀ ਬਹਾਉੱਦੀਨ, ਕਸੂਰ ਅਤੇ ਸ਼ੇਖ਼ੂਪੁਰਾ ਸਮੇਤ ਸਮੁੱਚੇ ਇਲਾਕਿਆਂ ਵਿੱਚ ਪੁਰਾਤਨ ਨਿਸ਼ਾਨੀਆਂ ਨੂੰ ਮੁੜ ਸੁਰਜੀਤ ਕਰ ਰਹੀ ਹੈ।

**ਕਰਤਾਰਪੁਰ ਸਾਹਿਬ ਲਾਂਘਾ: 24 ਘੰਟੇ ਖੋਲ੍ਹਣ ਦੀ ਤਜਵੀਜ਼ ਅਤੇ ਸਰਹੱਦੀ ਅੜਿੱਕੇ**

ਸ. ਅਰੋੜਾ ਨੇ ਕਰਤਾਰਪੁਰ ਕੋਰੀਡੋਰ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ:

**1. 24 ਘੰਟੇ ਖੋਲ੍ਹਣ ਦੀ ਤਜਵੀਜ਼:** 2019 ਵਿੱਚ ਪਾਕਿਸਤਾਨ ਸਰਕਾਰ ਵੱਲੋਂ 17 ਅਰਬ ਰੁਪਏ ਖ਼ਰਚ ਕੇ ਤਿਆਰ ਕੀਤੇ ਗਏ ਕਰਤਾਰਪੁਰ ਕੰਪਲੈਕਸ ਵਿਖੇ ਹੁਣ ਪ੍ਰਧਾਨ ਮੰਤਰੀ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ ਕਿ ਇਸ ਲਾਂਘੇ ਨੂੰ 24 ਘੰਟੇ ਖੁੱਲ੍ਹਾ ਰੱਖਿਆ ਜਾਵੇ ਤਾਂ ਜੋ ਸੰਗਤਾਂ ਅੰਮ੍ਰਿਤ ਵੇਲੇ ਦੇ ਇਸ਼ਨਾਨ ਅਤੇ ਰਹਿਰਾਸ ਸਾਹਿਬ ਦੀ ਚੌਕੀ ਵੇਲੇ ਵੀ ਹਾਜ਼ਰੀ ਭਰ ਸਕਣ। ਪਾਕਿਸਤਾਨ ਵੱਲੋਂ ਰੋਜ਼ਾਨਾ 5,000 ਸ਼ਰਧਾਲੂਆਂ ਨੂੰ ਬਿਨਾਂ ਵੀਜ਼ੇ ਆਉਣ ਦੀ ਖੁੱਲ੍ਹ ਅੱਜ ਵੀ ਬਰਕਰਾਰ ਹੈ।

**2. 20 ਸਤੰਬਰ ਦਾ ਨਗਰ ਕੀਰਤਨ ਵਿਵਾਦ:** ਸ. ਅਰੋੜਾ ਨੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਦਿਹਾੜੇ ਮੌਕੇ ਪਾਕਿਸਤਾਨ ਵਾਲੇ ਪਾਸੇ 2000 ਸੰਗਤਾਂ ਨੇ ਜ਼ੀਰੋ ਲਾਈਨ 'ਤੇ ਬੈਠ ਕੇ ਸ਼ਾਂਤਮਈ ਰਹਿਰਾਸ ਸਾਹਿਬ ਦਾ ਪਾਠ ਕੀਤਾ, ਪਰ ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਪੰਜ ਸਿੰਘਾਂ ਨੂੰ ਭਾਰਤੀ ਬਾਰਡਰ ਸਿਕਿਉਰਿਟੀ ਫੋਰਸ (BSF) ਵੱਲੋਂ ਜ਼ੀਰੋ ਲਾਈਨ ਤੱਕ ਨਗਰ ਕੀਰਤਨ ਲਿਆਉਣ ਤੋਂ ਰੋਕ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਵਿਸ਼ਵ ਭਾਈਚਾਰੇ ਨੂੰ ਨਿਰਪੱਖਤਾ ਨਾਲ ਦੇਖਣਾ ਚਾਹੀਦਾ ਹੈ ਕਿ ਧਾਰਮਿਕ ਆਜ਼ਾਦੀ ਦੇ ਦਾਅਵੇ ਕੌਣ ਕਰਦਾ ਹੈ ਅਤੇ ਅਮਲੀ ਕਦਮ ਕੌਣ ਚੁੱਕਦਾ ਹੈ।

ਆਨੰਦ ਕਾਰਜ ਮੈਰਿਜ ਐਕਟ, ਪੰਥਕ ਮਰਯਾਦਾ ਅਤੇ ਆਨਲਾਈਨ ਵੀਜ਼ਾ

**ਕਾਨੂੰਨੀ ਮਾਨਤਾ:** ਪਾਕਿਸਤਾਨ ਅਸੈਂਬਲੀ ਵਿੱਚ 'ਸਿੱਖ ਆਨੰਦ ਕਾਰਜ ਮੈਰਿਜ ਐਕਟ' ਪਾਸ ਕਰਕੇ ਵਿਆਹ ਉਪਰੰਤ ਸਰਕਾਰੀ ਤੌਰ 'ਤੇ 'ਆਨੰਦ ਕਾਰਜ ਸਰਟੀਫ਼ਿਕੇਟ' ਜਾਰੀ ਕਰਨ ਵਾਲਾ ਪਾਕਿਸਤਾਨ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ।

**ਪੰਥਕ ਮਰਯਾਦਾ:** ਉਨ੍ਹਾਂ ਸਪੱਸ਼ਟ ਕੀਤਾ ਕਿ ਪਾਕਿਸਤਾਨੀ ਸਿੱਖ ਪੂਰਨ ਸਾਬਤ-ਸੂਰਤ ਹਨ; ਉੱਥੇ ਕੋਈ ਡੇਰਾਵਾਦ ਜਾਂ ਦੇਹਧਾਰੀ ਗੁਰੂਡੰਬ ਨਹੀਂ ਹੈ। ਸਾਰੇ ਗੁਰਪੁਰਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2003 ਵਿੱਚ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਂਦੇ ਹਨ।

**ਸੁਰੱਖਿਆ ਤੇ ਆਨਲਾਈਨ ਵੀਜ਼ਾ:** ਪਾਕਿਸਤਾਨੀ ਅੰਬੈਸੀਆਂ (ਵਾਸ਼ਿੰਗਟਨ ਡੀ.ਸੀ., ਲਾਸ ਏਂਜਲਸ ਆਦਿ) ਨੂੰ ਸਖ਼ਤ ਹਦਾਇਤਾਂ ਹਨ ਕਿ ਸਿੱਖ ਸ਼ਰਧਾਲੂਆਂ ਨੂੰ ਤੁਰੰਤ ਆਨਲਾਈਨ ਵੀਜ਼ੇ ਜਾਰੀ ਕੀਤੇ ਜਾਣ। ਉਨ੍ਹਾਂ ਸਮੂਹ ਸੰਗਤਾਂ ਨੂੰ 24 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਾਮੀ ਪ੍ਰਕਾਸ਼ ਪੁਰਬ ਮੌਕੇ ਵੱਡੀ ਗਿਣਤੀ ਵਿੱਚ ਪਾਕਿਸਤਾਨ ਪੁੱਜਣ ਦਾ ਨਿੱਘਾ ਸੱਦਾ ਦਿੱਤਾ।

ਵਿਰਾਸਤੀ ਅਤੇ ਕੂਟਨੀਤਕ ਰਿਪੋਰਟਿੰਗ ਬੇਦਾਅਵਾ

**ਸਰੋਤ ਤੇ ਪ੍ਰਮਾਣਿਕਤਾ:** ਇਹ ਸੰਯੁਕਤ ਰਿਪੋਰਟ ਉੱਤਰੀ ਕੈਲੀਫ਼ੋਰਨੀਆ ਦੇ ਪ੍ਰਮੁੱਖ ਗੁਰਦੁਆਰਾ ਸਾਹਿਬਾਨ (ਸਟਾਕਟਨ, ਫਰੀਮੌਂਟ, ਸੈਨ ਹੋਜ਼ੇ, ਮਿਲਪੀਟਸ) ਵਿਖੇ ਪਾਕਿਸਤਾਨੀ ਪੰਜਾਬ ਦੇ ਕੈਬਨਿਟ ਮੰਤਰੀ ਅਤੇ PSGPC ਪ੍ਰਧਾਨ ਸ. ਰਮੇਸ਼ ਸਿੰਘ ਅਰੋੜਾ ਵੱਲੋਂ ਦਿੱਤੇ ਗਏ ਜਨਤਕ ਸੰਬੋਧਨਾਂ, ਪ੍ਰਬੰਧਕੀ ਪ੍ਰੈੱਸ ਬਿਆਨਾਂ ਅਤੇ ਅਧਿਕਾਰਤ ਦਸਤਾਵੇਜ਼ਾਂ 'ਤੇ ਆਧਾਰਿਤ ਹੈ।

**ਪ੍ਰੋਜੈਕਟ ਅਮਲ:** ਗੁਰਦੁਆਰਾ ਸਾਹਿਬਾਨ ਦੀ ਪੁਨਰ-ਸੁਰਜੀਤੀ, ਆਰਕੀਟੈਕਚਰਲ ਕਾਰ ਸੇਵਾ ਅਤੇ ਸਰਹੱਦੀ ਲਾਂਘੇ ਦੀਆਂ ਨੀਤੀਆਂ ਪਾਕਿਸਤਾਨੀ ਪੰਜਾਬ ਸਰਕਾਰ, ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ETPB) ਅਤੇ ਦੁਵੱਲੇ ਕੂਟਨੀਤਕ ਸਮਝੌਤਿਆਂ ਦੇ ਨੇਮਾਂ ਅਧੀਨ ਲਾਗੂ ਹੁੰਦੀਆਂ ਹਨ।







# ਪਾਕਿਸਤਾਨ ਦੇ ਪਹਿਲੇ ਸਿੱਖ ਕੈਬਨਿਟ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਦੇ ਅਮਰੀਕਾ ਆਗਮਨ 'ਤੇ ਭਰਵਾਂ ਸਵਾਗਤ !




## 'ਜਗਤ ਗੁਰੂ ਬਾਬਾ ਨਾਨਕ ਜੀ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਧਰਤੀ ਪਾਕਿਸਤਾਨ ਦੀ ਕੈਬਨਿਟ ਵਿੱਚ ਪਹਿਲੇ ਸਿੱਖ ਮੰਤਰੀ ਬਣੇ **ਸਰਦਾਰ ਰਮੇਸ਼ ਸਿੰਘ ਅਰੋੜਾ** ਜੀ ਦੇ ਅਮਰੀਕਾ ਪਹੁੰਚਣ 'ਤੇ ਸਿੱਖ ਭਾਈਚਾਰੇ ਵੱਲੋਂ ਤਹਿ ਦਿਲੋਂ ਸਵਾਗਤ ਕਰਦੇ ਹਾਂ।

ਇਸ ਮੌਕੇ ਗੱਲਬਾਤ ਕਰਦਿਆਂ ਅਮਰੀਕਾ ਦੇ ਉੱਘੇ ਨੌਜਵਾਨ ਸਿੱਖ ਆਗੂ ਸ. ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਮਹਿਜ਼ 15,000 ਦੀ ਆਬਾਦੀ ਵਿੱਚੋਂ ਸਿੱਖ ਨੁਮਾਇੰਦੇ ਨੂੰ ਕੈਬਨਿਟ ਅਹੁਦਾ ਦੇਣਾ ਪੂਰੀ ਦੁਨੀਆ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ। ਉਹਨਾਂ ਨੇ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ ਬਾਬੇ ਨਾਨਕ ਦੀ ਧਰਤੀ ਨੂੰ ਆਪਣਾ ਘਰ ਸਮਝ ਕੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਕਰਨ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ।'



**ਸ. ਸੁਖਵਿੰਦਰ ਸਿੰਘ ਗੋਗੀ (ਉੱਘੇ ਸਿੱਖ ਆਗੂ, ਅਮਰੀਕਾ)**

# ਸਿੰਧ (ਪਾਕਿਸਤਾਨ) ਦੇ ਇਤਿਹਾਸਕ ਗੁਰਦੁਆਰਾ ਬਾਬਾ ਨਾਨਕ ਸ਼ਾਹ ਡਹਿਰਕੀ ਵਿਖੇ 487ਵਾਂ ਜੋਤੀ ਜੋਤਿ ਪੁਰਬ ਸ਼ਰਧਾ ਨਾਲ ਮਨਾਇਆ ਗਿਆ

## ਅਲੌਕਿਕ ਨਗਰ ਕੀਰਤਨ ਸਜਾਇਆ; ਸਿੰਧ ਭਰ 'ਚੋਂ ਹਜ਼ਾਰਾਂ ਨਾਨਕ ਨਾਮ ਲੇਵਾ ਸੰਗਤਾਂ ਨੇ ਭਰੀ ਹਾਜ਼ਰੀ





ਡਹਿਰਕੀ, ਘੋਟਕੀ (ਸਿੰਧ, ਪਾਕਿਸਤਾਨ) : ਪਹਿਲੇ ਪਾਤਸ਼ਾਹ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 487ਵਾਂ ਜੋਤੀ ਜੋਤਿ ਦਿਹਾੜਾ ਪਾਕਿਸਤਾਨ ਦੇ ਸੂਬਾ ਸਿੰਧ ਅਧੀਨ ਜ਼ਿਲ੍ਹਾ ਘੋਟਕੀ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਬਾਬਾ ਨਾਨਕ ਸ਼ਾਹ (ਡਹਿਰਕੀ) ਵਿਖੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਅਥਾਹ ਸ਼ਰਧਾ, ਸਤਿਕਾਰ ਅਤੇ ਜਾਹੋ-ਜਲਾਲ ਨਾਲ ਮਨਾਇਆ ਗਿਆ। ਇਸ ਮੁਬਾਰਕ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਸੰਗਤ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਅਤੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਸਿੰਧ ਅਤੇ ਬਲੋਚਿਸਤਾਨ ਦੇ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੀਆਂ ਹਜ਼ਾਰਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਦਰਬਾਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਜੋਤੀ ਜੋਤਿ ਸਮਾਗਮਾਂ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਪੰਥ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।





ਸਮਾਗਮ ਅਤੇ ਨਗਰ ਕੀਰਤਨ ਦੇ ਮੁੱਖ ਵੇਰਵੇ

ਅਸਥਾਨ : ਗੁਰਦੁਆਰਾ ਸਾਹਿਬ ਬਾਬਾ ਨਾਨਕ ਸ਼ਾਹ, ਡਹਿਰਕੀ, ਜ਼ਿਲ੍ਹਾ ਘੋਟਕੀ (ਸਿੰਧ, ਪਾਕਿਸਤਾਨ)

ਅਵਸਰ : ਸ੍ਰੀ ਗੁਰੂ ਨਾਨਕ ਦੇਵ ਜੀ ਦਾ 487ਵਾਂ ਜੋਤੀ ਜੋਤਿ ਪੁਰਬ

ਮੁੱਖ ਆਯੋਜਨ : ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ, ਕੀਰਤਨ ਦਰਬਾਰ ਅਤੇ ਵਿਸ਼ਾਲ ਨਗਰ ਕੀਰਤਨ

ਸੰਗਤਾਂ ਦੀ ਆਮਦ : ਸਿੰਧ ਦੇ ਵੱਖ-ਵੱਖ ਸ਼ਹਿਰਾਂ (ਸੱਖਰ, ਸ਼ਿਕਾਰਪੁਰ, ਕੰਧਕੋਟ, ਕਰਾਚੀ) ਅਤੇ ਬਲੋਚਿਸਤਾਨ ਤੋਂ ਸ਼ਰਧਾਲੂ

ਪ੍ਰਬੰਧ : ਗੁਰਦੁਆਰਾ ਕਮੇਟੀ ਬਾਬਾ ਨਾਨਕ ਸ਼ਾਹ ਡਹਿਰਕੀ ਵੱਲੋਂ ਵਿਸ਼ਾਲ ਲੰਗਰ ਅਤੇ ਠਹਿਰ ਦੇ ਪ੍ਰਬੰਧ

ਸਿੰਧ ਦੀ ਧਰਤੀ 'ਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਅਥਾਹ ਆਸਥਾ

ਸਿੰਧ ਸੂਬੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਦੀਆਂ ਤੋਂ ਲੋਕ-ਮਨਾਂ ਵਿੱਚ ਡੂੰਘੀ ਵਸੀ ਹੋਈ ਹੈ। ਡਹਿਰਕੀ ਸਥਿਤ ਗੁਰਦੁਆਰਾ ਬਾਬਾ ਨਾਨਕ ਸ਼ਾਹ ਇਸ ਖਿੱਤੇ ਵਿੱਚ ਗੁਰਮਤਿ ਪ੍ਰਚਾਰ ਅਤੇ ਆਪਸੀ ਭਾਈਚਾਰਕ ਸਾਂਝ ਦਾ ਇੱਕ ਪ੍ਰਮੁੱਖ ਅਧਿਆਤਮਿਕ ਕੇਂਦਰ ਹੈ।

ਜੋਤੀ ਜੋਤਿ ਦਿਹਾੜੇ ਦੇ ਸਬੰਧ ਵਿੱਚ ਸਜਾਏ ਗਏ ਨਗਰ ਕੀਰਤਨ ਦੌਰਾਨ:

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸੁੰਦਰ ਪਾਲਕੀ ਸਾਹਿਬ ਨੂੰ ਫੁੱਲਾਂ ਨਾਲ ਸਜਾਇਆ ਗਿਆ ਸੀ।

ਸੰਗਤਾਂ ਵੱਲੋਂ ਸਤਿਨਾਮ-ਵਾਹਿਗੁਰੂ ਦੇ ਜਾਪ ਅਤੇ ਗੁਰੂ ਨਾਨਕ ਸਾਹਿਬ ਦੀ ਉਸਤਤ ਵਿੱਚ ਸ਼ਬਦ ਗਾਇਨ ਕਰਦਿਆਂ ਪੂਰੇ ਖੇਤਰ ਨੂੰ ਅਧਿਆਤਮਿਕ ਰੰਗ ਵਿੱਚ ਰੰਗ ਦਿੱਤਾ ਗਿਆ।

ਛੋਟੇ ਬੱਚਿਆਂ ਅਤੇ ਨੌਜਵਾਨਾਂ ਨੇ ਰਵਾਇਤੀ ਪਹਿਰਾਵੇ ਵਿੱਚ ਸ਼ਮੂਲੀਅਤ ਕੀਤੀ ਅਤੇ ਥਾਂ-ਥਾਂ ਠੰਢੇ-ਮਿੱਠੇ ਜਲ ਅਤੇ ਫਲਾਂ ਦੇ ਲੰਗਰ ਲਗਾਏ ਗਏ।

'ਸਰਬੱਤ ਦੇ ਭਲੇ' ਅਤੇ ਆਪਸੀ ਏਕਤਾ ਦੀ ਅਰਦਾਸ ਦੀਵਾਨ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰਾਂ ਅਤੇ ਪ੍ਰਚਾਰਕਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ, 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸੰਦੇਸ਼ ਅਤੇ ਕਰਤਾਰਪੁਰ ਸਾਹਿਬ ਵਿਖੇ ਬਿਤਾਏ ਅੰਤਿਮ ਜੀਵਨ ਕਾਲ 'ਤੇ ਚਾਨਣਾ ਪਾਇਆ।

ਉਨ੍ਹਾਂ ਕਿਹਾ ਕਿ ਬਾਬਾ ਨਾਨਕ ਦਾ ਸੰਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ ਜੋ ਜਾਤ-ਪਾਤ, ਰੰਗ-ਨਸਲ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਪ੍ਰੇਮ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦਾ ਹੈ। ਸਮਾਗਮ ਦੇ ਅੰਤ ਵਿੱਚ ਵਿਸ਼ਵ ਸ਼ਾਂਤੀ, ਸਿੰਧ ਵਿੱਚ ਅਮਨ-ਅਮਾਨ ਅਤੇ ਸਮੁੱਚੇ ਸੰਸਾਰ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਆਈਜ਼ੋਲ ਦੇ ਪਹਾੜੀ ਖੇਤਰਾਂ ਦੀ ਸੰਘਣੀ ਆਬਾਦੀ ਦਾ ਹਵਾਈ ਦ੍ਰਿਸ਼: ਮਿਜ਼ੋਰਮ ਦੀ ਰਾਜਧਾਨੀ 'ਚ ਤੇਜ਼ੀ ਨਾਲ ਵਧ ਰਹੇ ਸ਼ਹਿਰੀਕਰਨ ਦੀ ਝਲਕ

ਆਈਜ਼ੋਲ (ਏ.ਐੱਨ.ਆਈ.) : ਮਿਜ਼ੋਰਮ ਦੀ ਰਾਜਧਾਨੀ ਆਈਜ਼ੋਲ ਵਿਖੇ ਪਹਾੜੀ ਢਲਾਣਾਂ ਉੱਤੇ ਵਸੀ ਸੰਘਣੀ ਆਬਾਦੀ ਅਤੇ ਇੱਕ-ਦੂਜੇ ਦੇ ਨਾਲ ਜੁੜਵੇਂ ਬਣੇ ਰਿਹਾਇਸ਼ੀ ਮਕਾਨਾਂ ਦਾ ਇੱਕ ਮਨਮੋਹਕ ਹਵਾਈ ਦ੍ਰਿਸ਼ (Aerial View) ਬੁੱਧਵਾਰ ਨੂੰ ਸਾਹਮਣੇ ਆਇਆ ਹੈ।

ਉੱਚੀਆਂ-ਨੀਵੀਆਂ ਪਹਾੜੀਆਂ ਦੀਆਂ ਢਲਾਣਾਂ 'ਤੇ ਬਣੇ ਇਹ ਰੰਗ-ਬਿਰੰਗੇ ਅਤੇ ਬਹੁ-ਮੰਜ਼ਿਲਾ ਘਰ ਉੱਤਰ-ਪੂਰਬੀ ਭਾਰਤ ਦੇ ਵਿਲੱਖਣ ਪਹਾੜੀ ਭੂਗੋਲ ਅਤੇ ਉੱਥੋਂ ਦੀ ਵਿਸ਼ੇਸ਼ ਆਰਕੀਟੈਕਚਰਲ ਸ਼ੈਲੀ ਨੂੰ ਉਜਾਗਰ ਕਰਦੇ ਹਨ। ਇਹ ਤਸਵੀਰ ਆਈਜ਼ੋਲ ਸ਼ਹਿਰ ਵਿੱਚ ਸੀਮਤ ਪਹਾੜੀ ਥਾਂ ਦੇ ਬਾਵਜੂਦ ਹੋ ਰਹੇ ਤੇਜ਼ ਸ਼ਹਿਰੀ ਵਿਕਾਸ, ਆਵਾਜਾਈ ਦੇ ਨੈੱਟਵਰਕ ਅਤੇ ਚੁਣੌਤੀਪੂਰਨ ਭੂਗੋਲਿਕ ਹਾਲਾਤਾਂ ਦਰਮਿਆਨ ਲੋਕਾਂ ਦੇ ਵਸੇਬੇ ਦੀ ਦਿਲਚਸਪ ਤਸਵੀਰ ਪੇਸ਼ ਕਰਦੀ ਹੈ।





# ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਂਦੀਆਂ ਰਹਿਣਗੀਆਂ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਗੁਰੂਘਰ ਦੀ ਹਦੂਦ ਦੇ ਅੰਦਰ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ

### ਸੰਗਤਾਂ ਦਾ ਉਮੜਿਆ ਅਥਾਹ ਹੜ੍ਹ; ਖਾਲਸਾਈ ਜਾਹੋ-ਜਲਾਲ ਨਾਲ ਗੂੰਜਿਆ ਅਸਮਾਨ








ਸੈਨਹੋਜ਼ੇ, ਕੈਲੀਫ਼ੋਰਨੀਆ : ਉੱਤਰੀ ਕੈਲੀਫ਼ੋਰਨੀਆ ਦੇ ਮਨਮੋਹਕ ਪਹਾੜਾਂ ਦੀ ਗੋਦ ਵਿੱਚ ਸੁਭਾਇਮਾਨ ਪ੍ਰਸਿੱਧ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਪੂਰਨ ਖ਼ਾਲਸਾਈ ਜਾਹੋ-ਜਲਾਲ, ਅਥਾਹ ਆਸਥਾ ਅਤੇ ਸ਼ਰਧਾ ਸਹਿਤ ਸਜਾਇਆ ਗਿਆ। ਇਸ ਅਲੌਕਿਕ ਸਮਾਗਮ ਵਿੱਚ ਸਮੁੱਚੇ ਕੈਲੀਫ਼ੋਰਨੀਆ, ਬੇਅ ਏਰੀਆ ਅਤੇ ਆਸ-ਪਾਸ ਦੇ ਖੇਤਰਾਂ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ, ਜਿਸ ਨਾਲ ਪੂਰਾ ਵਾਤਾਵਰਨ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਗਗਨਚੁੰਬੀ ਜੈਕਾਰਿਆਂ ਅਤੇ ਸਤਿਨਾਮ-ਵਾਹਿਗੁਰੂ ਦੇ ਸਿਮਰਨ ਜਾਪ ਨਾਲ ਗੂੰਜ ਉੱਠਿਆ।

ਗੁਰਦੁਆਰਾ ਸਾਹਿਬ ਕੰਪਲੈਕਸ ਵਿਖੇ ਪਿਛਲੇ ਕਈ ਦਿਨਾਂ ਤੋਂ ਹੀ ਸ਼ਰਧਾ, ਪ੍ਰੇਮ ਅਤੇ ਨਿਸ਼ਕਾਮ ਸੇਵਾ ਦਾ ਅਦਭੁੱਤ ਦ੍ਰਿਸ਼ ਦੇਖਣ ਨੂੰ ਮਿਲ ਰਿਹਾ ਸੀ, ਜਿੱਥੇ ਸੇਵਾਦਾਰ ਦਿਨ-ਰਾਤ ਲੰਗਰ, ਜਲ-ਛਬੀਲਾਂ ਅਤੇ ਪਰੇਡ ਦੇ ਪ੍ਰਬੰਧਾਂ ਵਿੱਚ ਜੁਟੇ ਰਹੇ।

ਨਗਰ ਕੀਰਤਨ ਅਤੇ ਸਮਾਗਮ ਦੇ ਪ੍ਰਮੁੱਖ ਵੇਰਵੇ

ਸਮਾਗਮ : ਪਹਿਲਾ ਪ੍ਰਕਾਸ਼ ਪੁਰਬ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਥਾਨ : ਗੁਰਦੁਆਰਾ ਸਾਹਿਬ ਸੈਨ ਹੋਜ਼ੇ (3636 Gurdwara Ave, San Jose, CA)

ਅਗਵਾਈ : ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰੇ ਸਾਹਿਬਾਨ

ਮੁੱਖ ਆਕਰਸ਼ਣ : ਸਿੱਖ ਰਾਈਡਰਜ਼ (ਮੋਟਰਸਾਈਕਲ ਜੱਥਾ), ਸਿੱਖ ਨੈਸ਼ਨਲ ਸਕਾਊਟਸ, ਘੋੜਸਵਾਰ ਤੇ ਨਿਸ਼ਾਨਚੀ ਸਿੰਘ

ਸੱਭਿਆਚਾਰਕ ਝਲਕ : ਅਮਰੀਕਨ ਝੰਡੇ ਅਤੇ ਕੇਸਰੀ ਨਿਸ਼ਾਨ ਸਾਹਿਬ, ਖ਼ਾਲਸਾਈ ਬਾਣੇ, ਨਿਸ਼ਕਾਮ ਸੜਕ ਸਫ਼ਾਈ ਸੇਵਾ

ਲੰਗਰ ਤੇ ਸੇਵਾ : ਵਿਸ਼ਾਲ ਅਤੁੱਟ ਗੁਰੂ ਕੇ ਲੰਗਰ, ਫ਼ਲਾਂ, ਮਿਠਾਈਆਂ ਅਤੇ ਠੰਢੇ ਜਲ ਦੀਆਂ ਛਬੀਲਾਂ

ਸੁਰੱਖਿਆ ਤੇ ਤਾਲਮੇਲ : ਸੈਨ ਹੋਜ਼ੇ ਪੁਲਿਸ ਵਿਭਾਗ (SJPD) ਅਤੇ ਸਥਾਨਕ ਸਿਟੀ ਪ੍ਰਸ਼ਾਸਨ ਵੱਲੋਂ ਪੁਖ਼ਤਾ ਇੰਤਜ਼ਾਮ

ਸੁੰਦਰ ਪਾਲਕੀ ਸਾਹਿਬ ਅਤੇ ਖ਼ਾਲਸਾਈ ਸ਼ਾਨੋ-ਸ਼ੌਕਤ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਆਰੰਭ ਹੋਏ ਇਸ ਮਹਾਨ ਨਗਰ ਕੀਰਤਨ ਵਿੱਚ ਸ਼ਰਧਾ ਦੇ ਅਦਭੁੱਤ ਦ੍ਰਿਸ਼ ਦੇਖਣ ਨੂੰ ਮਿਲੇ:

**ਮੋਟਰਸਾਈਕਲ ਜੱਥਾ (ਸਿੱਖ ਰਾਈਡਰਜ਼):** ਪਰੇਡ ਦੇ ਸਭ ਤੋਂ ਅੱਗੇ ਦਸਤਾਰਧਾਰੀ ਸਿੱਖ ਨੌਜਵਾਨਾਂ ਦਾ ਭਾਰੀ ਮੋਟਰਸਾਈਕਲ ਦਸਤਾ ਖ਼ਾਲਸਾਈ ਜਾਹੋ-ਜਲਾਲ ਨਾਲ ਅਗਵਾਈ ਕਰ ਰਿਹਾ ਸੀ, ਜੋ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ।

**ਪਵਿੱਤਰ ਜਲ ਦਾ ਛਿੜਕਾਅ ਤੇ ਸੜਕ ਸਫ਼ਾਈ:** ਗੁਰੂ ਸਾਹਿਬ ਦੀ ਸੁੰਦਰ ਸੁਨਹਿਰੀ ਪਾਲਕੀ ਵਾਲੀ ਬੱਸ ਦੇ ਅੱਗੇ-ਅੱਗੇ ਸੰਗਤਾਂ ਪਾਣੀ ਦੇ ਕੈਂਪਰਾਂ ਨਾਲ ਪਵਿੱਤਰ ਜਲ ਦਾ ਛਿੜਕਾਅ ਕਰ ਰਹੀਆਂ ਸਨ ਅਤੇ ਸ਼ਰਧਾਲੂ ਹੱਥਾਂ ਵਿੱਚ ਝਾੜੂ ਲੈ ਕੇ ਸੜਕਾਂ ਨੂੰ ਸਾਫ਼ ਕਰਕੇ ਗੁਰੂ ਚਰਨਾਂ ਪ੍ਰਤੀ ਨਿਮਰਤਾ ਤੇ ਸ਼ਰਧਾ ਪ੍ਰਗਟਾ ਰਹੇ ਸਨ।

**ਖ਼ਾਲਸਾਈ ਬਾਣੇ ਤੇ ਰੰਗ:** ਨੀਲੇ-ਪੀਲੇ ਬਾਨਿਆਂ, ਚੋਲਿਆਂ ਅਤੇ ਕੇਸਰੀ ਦਸਤਾਰਾਂ-ਦੁਪੱਟਿਆਂ ਵਿੱਚ ਸਜੀ ਸੰਗਤ ਨੇ ਸਮੁੱਚੇ ਮਾਹੌਲ ਨੂੰ ਖ਼ਾਲਸਾਈ ਰੰਗ ਵਿੱਚ ਰੰਗ ਦਿੱਤਾ। ਥਾਂ-ਥਾਂ ਰਾਗੀ ਜਥਿਆਂ ਵੱਲੋਂ ਧੁਰ ਕੀ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ।

ਅਮਰੀਕਨ ਝੰਡੇ ਅਤੇ ਦਸਤਾਰਧਾਰੀ ਸਿੱਖ ਸਕਾਊਟਸ ਬਣੇ ਵਿਸ਼ੇਸ਼ ਖਿੱਚ ਦਾ ਕੇਂਦਰ

ਇਸ ਸਾਲਾਨਾ ਪਰੇਡ ਦੌਰਾਨ ਨਵੀਂ ਪੀੜ੍ਹੀ ਦੀ ਸ਼ਮੂਲੀਅਤ ਨੇ ਸਭ ਦਾ ਮਨ ਮੋਹ ਲਿਆ:

1. **ਦੋਹਰੀ ਪਛਾਣ ਦਾ ਮਾਣ:** ਛੋਟੇ-ਛੋਟੇ ਬੱਚੇ ਅਤੇ ਬੱਚੀਆਂ ਹੱਥਾਂ ਵਿੱਚ ਅਮਰੀਕਨ ਕੌਮੀ ਝੰਡੇ ਅਤੇ ਕੇਸਰੀ ਖ਼ਾਲਸਾਈ ਨਿਸ਼ਾਨ ਸਾਹਿਬ ਲੈ ਕੇ ਪੂਰੇ ਮਾਣ ਨਾਲ ਮਾਰਚ ਕਰਦੇ ਦਿਖਾਈ ਦਿੱਤੇ।
2. ਸਿੱਖ ਨੈਸ਼ਨਲ ਸਕਾਊਟਸ ਦੀ ਪੇਸ਼ਕਾਰੀ: 'ਸਿੱਖ ਨੈਸ਼ਨਲ ਸਕਾਊਟ' ਦੀ ਵਰਦੀ ਵਿੱਚ ਸਜੇ ਦਸਤਾਰਧਾਰੀ ਬੱਚਿਆਂ ਨੇ ਆਪਣੇ ਸਖ਼ਤ ਅਨੁਸ਼ਾਸਨ, ਮਾਰਚ ਪਾਸਟ ਅਤੇ ਤਾਲਮੇਲ ਨਾਲ ਸਮੁੱਚੀ ਪਰੇਡ ਨੂੰ ਚਾਰ ਚੰਨ ਲਗਾ ਦਿੱਤੇ।

ਇਸ ਦ੍ਰਿਸ਼ ਨੇ ਸਾਬਤ ਕੀਤਾ ਕਿ ਵਿਦੇਸ਼ਾਂ ਦੀ ਧਰਤੀ 'ਤੇ ਜੰਮੀ-ਪਲੀ ਪਨੀਰੀ ਆਪਣੇ ਧਾਰਮਿਕ ਵਿਰਸੇ, ਸਿੱਖੀ ਸਿਧਾਂਤਾਂ ਅਤੇ ਅਮਰੀਕੀ ਨਾਗਰਿਕ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾ ਰਹੀ ਹੈ।

ਪੁਲਿਸ ਪ੍ਰਸ਼ਾਸਨ ਵੱਲੋਂ ਪੁਖ਼ਤਾ ਸੁਰੱਖਿਆ; ਪ੍ਰਬੰਧਕਾਂ ਦੀ ਭਰਪੂਰ ਸ਼ਲਾਘਾ

ਨਗਰ ਕੀਰਤਨ ਦੇ ਸਮੁੱਚੇ ਰੂਟ 'ਤੇ ਆਵਾਜਾਈ ਨੂੰ ਸੁਚਾਰੂ





# ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਂਦੀਆਂ ਰਹਿਣਗੀਆਂ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਗੁਰੂਘਰ ਦੀ ਹਦੂਦ ਦੇ ਅੰਦਰ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ

## ਸੰਗਤਾਂ ਦਾ ਉਮੜਿਆ ਅਥਾਹ ਹੜ੍ਹ; ਖਾਲਸਾਈ ਜਾਹੋ-ਜਲਾਲ ਨਾਲ ਗੂੰਜਿਆ ਅਸਮਾਨ





ਢੰਗ ਨਾਲ ਚਲਾਉਣ ਅਤੇ ਸੁਰੱਖਿਆ ਯਕੀਨੀ ਬਣਾਉਣ ਲਈ ਸੈਨ ਹੋਜ਼ੇ ਪੁਲਿਸ ਵਿਭਾਗ ਦੇ ਅਧਿਕਾਰੀ ਚੱਪੇ-ਚੱਪੇ 'ਤੇ ਤਾਇਨਾਤ ਰਹੇ ਅਤੇ ਮੋਹਰੀ ਹੋ ਕੇ ਸਹਿਯੋਗ ਦਿੱਤਾ। ਸਮਾਗਮ ਵਿੱਚ ਬੇਅ ਏਰੀਆ (ਫਰੀਮੌਂਟ, ਹੇਵਰਡ, ਸਟਾਕਟਨ, ਮਿਲਪੀਟਸ) ਸਮੇਤ ਸਮੁੱਚੇ ਕੈਲੀਫ਼ੋਰਨੀਆ ਦੇ ਗੁਰਦੁਆਰਾ ਪ੍ਰਬੰਧਕ, ਪੰਥਕ ਆਗੂ ਅਤੇ ਸਥਾਨਕ ਚੁਣੇ ਹੋਏ ਨੁਮਾਇੰਦੇ ਸ਼ਾਮਲ ਹੋਏ। ਸਮੂਹ ਸੰਗਤ ਨੇ ਇਸ ਕਾਮਯਾਬ, ਸ਼ਾਂਤੀਪੂਰਨ ਅਤੇ ਸੁਚੱਜੇ ਆਯੋਜਨ ਲਈ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਅਤੇ ਨਿਸ਼ਕਾਮ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਹ ਮਹਾਨ ਨਗਰ ਕੀਰਤਨ ਅਮਰੀਕੀ ਧਰਤੀ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬਸਾਂਝੇ ਉਪਦੇਸ਼ ਅਤੇ ਖ਼ਾਲਸਾਈ ਏਕਤਾ ਦਾ ਪ੍ਰਤੀਕ ਹੋ ਨਿੱਬੜਿਆ।

ਧਾਰਮਿਕ ਅਤੇ ਭਾਈਚਾਰਕ ਰਿਪੋਰਟਿੰਗ ਬੇਦਾਅਵਾ

**ਸਰੋਤ ਤੇ ਪ੍ਰਮਾਣਿਕਤਾ:** ਇਹ ਰਿਪੋਰਟ ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫ਼ੋਰਨੀਆ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਸਮਾਗਮਾਂ, ਨਗਰ ਕੀਰਤਨ ਦੀ ਪ੍ਰਤੱਖ ਕਵਰੇਜ ਅਤੇ ਪ੍ਰਬੰਧਕੀ ਵੇਰਵਿਆਂ 'ਤੇ ਆਧਾਰਿਤ ਹੈ।

**ਸਥਾਨਕ ਨੇਮਾਵਲੀ:** ਸਮੁੱਚਾ ਨਗਰ ਕੀਰਤਨ ਸਿਟੀ ਆਫ਼ ਸੈਨ ਹੋਜ਼ੇ ਅਤੇ ਸਥਾਨਕ ਪੁਲਿਸ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਟਰੈਫ਼ਿਕ ਪਰਮਿਟ ਅਨੁਸਾਰ ਅਮਨ-ਅਮਾਨ ਨਾਲ ਸੰਪੰਨ ਹੋਇਆ।















# ਕੈਲੀਫ਼ੋਰਨੀਆ 'ਚ ਡਾ. ਆਇਸ਼ਾ ਵਹਾਬ ਦੇ ਸਨਮਾਨ ਅਤੇ ਚੋਣ ਮੁਹਿੰਮ ਲਈ ਸਿੱਖ ਤੇ ਸਾਊਥ ਏਸ਼ੀਅਨ ਭਾਈਚਾਰੇ ਦਾ ਇਤਿਹਾਸਕ ਇਕੱਠ

## $7 ਮਿਲੀਅਨ ਦੀ ਕਾਰਪੋਰੇਟ ਲਾਬੀ ਨੂੰ ਠੁਕਰਾਉਣ ਵਾਲੀ 'ਲੋਕ ਤਾਕਤ' ਦੀ ਡਟਵੀਂ ਹਮਾਇਤ; ਸਮੂਹ ਪ੍ਰਮੁੱਖ ਬੁਲਾਰਿਆਂ ਨੇ ਟਰਾਂਸ-ਨੈਸ਼ਨਲ ਰਿਪ੍ਰੈਸ਼ਨ, ਧਾਰਮਿਕ ਆਜ਼ਾਦੀ ਅਤੇ ਹੱਕ-ਸੱਚ ਦੀ ਰਾਜਨੀਤੀ ਲਈ ਲਾਮਬੰਦੀ ਦਾ ਸੱਦਾ






















ਬੇ ਏਰੀਆ (ਕੈਲੀਫ਼ੋਰਨੀਆ), (ਸਾਡੇ ਲੋਕ) : ਕੈਲੀਫ਼ੋਰਨੀਆ ਦੇ ਬੇ ਏਰੀਆ ਵਿਖੇ ਸਿੱਖ-ਅਮਰੀਕਨ ਆਗੂਆਂ, ਪ੍ਰਮੁੱਖ ਉੱਦਮੀਆਂ, ਕਾਨੂੰਨੀ ਮਾਹਿਰਾਂ ਅਤੇ ਸਮੁੱਚੇ ਸਾਊਥ ਏਸ਼ੀਅਨ ਭਾਈਚਾਰੇ ਵੱਲੋਂ ਡਾ. ਆਇਸ਼ਾ ਵਹਾਬ ਦੇ ਸਨਮਾਨ ਅਤੇ ਉਨ੍ਹਾਂ ਦੀ ਆਗਾਮੀ ਚੋਣ ਮੁਹਿੰਮ ਦੇ ਸਮਰਥਨ ਵਿੱਚ ਇੱਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਇਕੱਠ ਦਾ ਮੁੱਖ ਮਕਸਦ ਡਾ. ਆਇਸ਼ਾ ਵਹਾਬ ਵੱਲੋਂ ਹੇਵਰਡ ਸਿਟੀ ਕੌਂਸਲ, ਕੈਲੀਫ਼ੋਰਨੀਆ ਸਟੇਟ ਅਸੈਂਬਲੀ, ਸਟੇਟ ਸੈਨੇਟ ਤੋਂ ਲੈ ਕੇ ਯੂ.ਐੱਸ. ਕਾਂਗਰਸ ਤੱਕ ਤੈਅ ਕੀਤੇ ਗਏ ਸੰਘਰਸ਼ਮਈ ਸਫ਼ਰ ਨੂੰ ਸਲਾਹੁਣਾ ਅਤੇ ਆਉਣ ਵਾਲੀਆਂ ਨਵੰਬਰ ਚੋਣਾਂ ਵਿੱਚ ਉਨ੍ਹਾਂ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਜ਼ਮੀਨੀ, ਤਕਨੀਕੀ ਤੇ ਆਰਥਿਕ ਪੱਧਰ 'ਤੇ ਲਾਮਬੰਦੀ ਕਰਨਾ ਸੀ।

ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਤੋਂ ਆਏ ਆਗੂਆਂ ਨੇ ਡਾ. ਵਹਾਬ ਦੀ ਬੇਦਾਗ਼ ਰਾਜਨੀਤੀ, ਵੱਡੀਆਂ ਕਾਰਪੋਰੇਟ ਲਾਬੀਆਂ ਦੇ ਫ਼ੰਡਾਂ ਨੂੰ ਠੁਕਰਾਉਣ ਅਤੇ ਹਮੇਸ਼ਾ ਹਾਸ਼ੀਏ 'ਤੇ ਧੱਕੇ ਵਰਗਾਂ ਦੀ ਆਵਾਜ਼ ਬਣਨ ਦੇ ਜਜ਼ਬੇ ਨੂੰ ਸਲਾਹਿਆ।

**ਸਮਾਗਮ ਅਤੇ ਮੁਹਿੰਮ ਦੇ ਮੁੱਖ ਵੇਰਵੇ**

ਸਥਾਨ : ਬੇ ਏਰੀਆ, ਕੈਲੀਫ਼ੋਰਨੀਆ (ਅਮਰੀਕਾ)

ਮੁੱਖ ਮਹਿਮਾਨ : ਡਾ. ਆਇਸ਼ਾ ਵਹਾਬ (ਕਾਂਗਰਸ ਵੂਮੈਨ)

ਮੁੱਖ ਸੰਯੋਜਕ : ਕਸ਼ਮੀਰ ਸਿੰਘ, ਸਕੋਪ (SCOPE) ਟੀਮ ਅਤੇ ਸਿੱਖ-ਅਮਰੀਕਨ ਭਾਈਚਾਰਾ

ਮੁੱਖ ਨਿਸ਼ਾਨਾ : ਵੱਡੀਆਂ ਕਾਰਪੋਰੇਟ ਲਾਬੀਆਂ (AIPAC, ਵੱਡੇ ਬੈਂਕ) ਦੇ ਪੈਸੇ ਵਿਰੁੱਧ ਆਮ ਲੋਕਾਂ ਦੀ ਤਾਕਤ (People Power)

ਪ੍ਰਮੁੱਖ ਮੁੱਦੇ : ਟਰਾਂਸ-ਨੈਸ਼ਨਲ ਰਿਪ੍ਰੈਸ਼ਨ, ਨਫ਼ਰਤੀ ਅਪਰਾਧ, ਕਿਫ਼ਾਇਤੀ ਮਕਾਨ, ਜਾਤੀ ਵਿਤਕਰੇ ਵਿਰੁੱਧ ਕਾਨੂੰਨ (SB 403)

ਸਮਰਥਨ ਦਾ ਦਾਇਰਾ : ਸਿੱਖ, ਮੁਸਲਿਮ, ਹਿੰਦੂ, ਸਾਊਥ ਏਸ਼ੀਅਨ ਗਠਜੋੜ, ਟੈੱਕ ਉੱਦਮੀ, ਸਥਾਨਕ ਕੌਂਸਲ ਮੈਂਬਰ ਤੇ ਕਮਿਸ਼ਨਰ

ਸਮੂਹ ਬੁਲਾਰਿਆਂ ਦੇ ਵਿਸਥਾਰਤ ਵਿਚਾਰ ਅਤੇ ਭਾਸ਼ਣ

1. ਕਸ਼ਮੀਰ ਸਿੰਘ (ਮੰਚ ਸੰਚਾਲਕ/ਪ੍ਰਮੁੱਖ ਪ੍ਰਬੰਧਕ):

ਕਸ਼ਮੀਰ ਸਿੰਘ ਨੇ ਸਮੂਹ ਭਾਈਚਾਰੇ ਵੱਲੋਂ ਵੋਟਰਾਂ ਨੂੰ ਕਾਲਾਂ ਕਰਨ, ਘਰ-ਘਰ ਬੈਲਟ ਪੇਪਰ ਪਹੁੰਚਾਉਣ, ਰੈਲੀਆਂ ਅਤੇ ਫ਼ੰਡ ਇਕੱਠਾ ਕਰਨ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਡਾ. ਵਹਾਬ ਦੇ ਬਚਪਨ ਦੇ ਕਠਿਨ ਸੰਘਰਸ਼ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਵੇਂ ਅਫ਼ਗਾਨਿਸਤਾਨ ਤੋਂ ਸ਼ਰਨਾਰਥੀ ਵਜੋਂ ਆ ਕੇ, ਪਿਤਾ ਦੀ ਬੇਵਕਤੀ ਮੌਤ ਮਗਰੋਂ ਫ਼ੌਸਟਰ ਕੇਅਰ ਵਿੱਚ ਪਲਦਿਆਂ ਉਨ੍ਹਾਂ ਨੇ ਯੂ.ਐੱਸ. ਕਾਂਗਰਸ ਤੱਕ ਦਾ ਇਤਿਹਾਸਕ ਰਾਹ ਤੈਅ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਕਿ ਡਾ. ਵਹਾਬ ਨੇ ਵੱਡੇ ਬੈਂਕਾਂ ਅਤੇ ਏ.ਆਈ.ਪੈਕ (AIPAC) ਵਰਗੀਆਂ ਤਾਕਤਵਰ ਲਾਬੀਆਂ ਤੋਂ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰਦਿਆਂ 'ਜ਼ੀਰੋ-ਡਾਲਰ ਨੀਤੀ' ਅਪਣਾਈ ਅਤੇ ਆਪਣੇ ਦਫ਼ਤਰ ਵਿੱਚ ਤੋਹਫ਼ੇ ਲੈਣ 'ਤੇ ਮੁਕੰਮਲ ਪਾਬੰਦੀ ਲਾਈ। ਉਨ੍ਹਾਂ ਸਕੋਪ (SCOPE) ਟੀਮ ਦੇ ਮੈਂਬਰਾਂ—ਇੰਦਰਜੀਤ ਸਿੰਘ, ਹਰਪ੍ਰੀਤ ਸਿੰਘ, ਅਮਰਦੀਪ ਸਿੰਘ ਬਰਾੜ, ਹਰਵਿੰਦਰ ਸਿੰਘ ਕੰਗ, ਐੱਚ.ਪੀ. ਸਿੰਘ—ਦੇ ਨਾਲ-ਨਾਲ ਮੀਡੀਆ ਸ਼ਖ਼ਸੀਅਤਾਂ ਰਾਜ ਬਡਵਾਲ ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ।

2. **ਸਕਾਟ ਸਾਕਾਕੀਹਾਰਾ (ਯੂਨੀਅਨ ਸਿਟੀ ਕੌਂਸਲ ਮੈਂਬਰ / ਸੰਭਾਵੀ ਸਟੇਟ ਸੈਨੇਟਰ)**:

ਸਕਾਟ ਸਾਕਾਕੀਹਾਰਾ ਨੇ ਡਾ. ਵਹਾਬ ਨੂੰ ਲਗਾਤਾਰ ਮਿਲੀਆਂ ਇਤਿਹਾਸਕ ਜਿੱਤਾਂ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਰੋਧੀ ਧਿਰਾਂ ਅਤੇ ਕਾਰਪੋਰੇਟ ਹਿੱਤਾਂ ਵੱਲੋਂ ਲੱਖਾਂ ਡਾਲਰ ਖ਼ਰਚੇ ਜਾਣ ਦੇ ਬਾਵਜੂਦ ਉਹ ਸ਼ਾਨਦਾਰ ਜਿੱਤ ਦਰਜ ਕਰਕੇ ਸਹੁੰ ਚੁੱਕ ਸਕੇ। ਉਨ੍ਹਾਂ ਜ਼ੋਰ ਦਿੱਤਾ ਕਿ ਆਉਣ ਵਾਲੀਆਂ ਨਵੰਬਰ ਚੋਣਾਂ ਬੇਹੱਦ ਨਿਰਣਾਇਕ ਹਨ ਅਤੇ ਭਾਈਚਾਰੇ ਨੂੰ ਘਰ-ਘਰ ਜਾ ਕੇ, ਫ਼ੋਨ ਕਾਲਾਂ ਅਤੇ ਸੁਨੇਹਿਆਂ ਰਾਹੀਂ ਮੁਹਿੰਮ ਨੂੰ ਸਿਖ਼ਰ 'ਤੇ ਲਿਜਾਣਾ ਚਾਹੀਦਾ ਹੈ।

3. **ਐਡਵੋਕੇਟ ਮਹਿੰਦਰ ਸਿੰਘ ਮਾਨ**:

ਸੀਨੀਅਰ ਵਕੀਲ ਮਹਿੰਦਰ ਸਿੰਘ ਮਾਨ ਨੇ 1992 ਦੇ ਰੌਡਨੀ ਕਿੰਗ ਦੰਗਿਆਂ ਅਤੇ ਮਰਹੂਮ ਕਾਂਗਰਸਮੈਨ ਨੌਰਮ ਮਿਨੇਟਾ ਦੇ ਸਮੇਂ ਤੋਂ ਸ਼ੁਰੂ ਹੋਏ ਵਿਭਿੰਨ ਭਾਈਚਾਰਿਆਂ ਦੇ ਸਾਂਝੇ ਗਠਜੋੜ (Coalition Building) ਦੀ ਮਹੱਤਤਾ ਨੂੰ ਚੇਤੇ ਕੀਤਾ। ਉਨ੍ਹਾਂ ਕਿਹਾ ਕਿ ਡਾ. ਵਹਾਬ ਉੱਤਰੀ ਕੈਲੀਫ਼ੋਰਨੀਆ ਦੇ ਇਸੇ ਬਹੁ-ਸੱਭਿਆਚਾਰਕ ਏਕੇ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਸੱਚੀ ਪਹਿਰੇਦਾਰ ਹਨ।

4. **ਹਰਜੋਤ ਸਿੰਘ (ਪੰਜਾਬੀ ਰੇਡੀਓ ਯੂ.ਐੱਸ.ਏ.)**:

ਹਰਜੋਤ ਸਿੰਘ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਮਰਥਨ ਦਿੰਦਿਆਂ ਕਿਹਾ ਕਿ ਇੱਕ ਰਿਪਬਲਿਕਨ ਹੋਣ ਦੇ ਬਾਵਜੂਦ ਉਹ ਡਾ. ਆਇਸ਼ਾ ਵਹਾਬ ਦਾ ਡਟਵਾਂ ਸਮਰਥਨ ਕਰਦੇ ਹਨ। ਉਨ੍ਹਾਂ ਕਿਹਾ ਕਿ ਡਾ. ਵਹਾਬ 'ਟਰਾਂਸ-ਨੈਸ਼ਨਲ ਰਿਪ੍ਰੈਸ਼ਨ' (ਵਿਦੇਸ਼ੀ ਸਰਕਾਰਾਂ ਵੱਲੋਂ ਅਮਰੀਕਾ ਵਿੱਚ







# ਕੈਲੀਫੋਰਨੀਆ 'ਚ ਡਾ. ਆਇਸ਼ਾ ਵਹਾਬ ਦੇ ਸਨਮਾਨ ਅਤੇ ਚੋਣ ਮੁਹਿੰਮ ਲਈ ਸਿੱਖ ਤੇ ਸਾਊਥ ਏਸ਼ੀਅਨ ਭਾਈਚਾਰੇ ਦਾ ਇਤਿਹਾਸਕ ਇਕੱਠ

## $7 ਮਿਲੀਅਨ ਦੀ ਕਾਰਪੋਰੇਟ ਲਾਬੀ ਨੂੰ ਠੁਕਰਾਉਣ ਵਾਲੀ 'ਲੋਕ ਤਾਕਤ' ਦੀ ਡਟਵੀਂ ਹਮਾਇਤ; ਸਮੂਹ ਪ੍ਰਮੁੱਖ ਬੁਲਾਰਿਆਂ ਨੇ ਟਰਾਂਸ-ਨੈਸ਼ਨਲ ਰਿਪ੍ਰੈਸ਼ਨ, ਧਾਰਮਿਕ ਆਜ਼ਾਦੀ ਅਤੇ ਹੱਕ-ਸੱਚ ਦੀ ਰਾਜਨੀਤੀ ਲਈ ਲਾਮਬੰਦੀ ਦਾ ਸੱਦਾ





















ਵੱਸਦੀਆਂ ਘੱਟ-ਗਿਣਤੀਆਂ 'ਤੇ ਦਬਾਅ ਬਣਾਉਣ ਜਾਂ ਧਮਕਾਉਣ ਦੀਆਂ ਸਾਜ਼ਿਸ਼ਾਂ) ਵਿਰੁੱਧ ਬਿਨਾਂ ਕਿਸੇ ਡਰ ਤੋਂ ਸਿੱਖਾਂ ਅਤੇ ਹੋਰਨਾਂ ਦੇ ਹੱਕ ਵਿੱਚ ਚੱਟਾਨ ਵਾਂਗ ਖੜ੍ਹੀ ਰਹੀ ਹੈ।

**5. ਸੋਨੀ ਕੌਰ (ਸਾਲਡਾਫ - SALDEF ਡਾਇਰੈਕਟਰ / ਮਨੁੱਖੀ ਅਧਿਕਾਰ ਕਾਰਕੁਨ):**

ਸਿੱਖ ਅਮਰੀਕਨ ਲੀਗਲ ਡਿਫ਼ੈਂਸ ਐਂਡ ਐਜੂਕੇਸ਼ਨ ਫ਼ੰਡ (SALDEF) ਦੀ ਨੁਮਾਇੰਦਗੀ ਕਰਦਿਆਂ ਸੋਨੀ ਕੌਰ ਨੇ ਨੌਜਵਾਨਾਂ ਦੀ ਸਿੱਖਿਆ ਅਤੇ ਕਮਿਊਨਿਟੀ ਸੁਰੱਖਿਆ 'ਤੇ ਜ਼ੋਰ ਦਿੱਤਾ। ਉਨ੍ਹਾਂ ਡਾ. ਵਹਾਬ ਵੱਲੋਂ ਜਾਤੀ ਵਿਤਕਰੇ ਵਿਰੁੱਧ ਲਿਆਂਦੇ ਗਏ ਇਤਿਹਾਸਕ ਬਿੱਲ (SB 403) ਦੌਰਾਨ ਉਨ੍ਹਾਂ ਨਾਲ ਰਹੀ ਨੇੜਲੀ ਸਾਂਝ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਈਚਾਰੇ ਦੇ ਨੌਜਵਾਨ ਉਨ੍ਹਾਂ ਦੇ ਦਫ਼ਤਰ ਵਿੱਚ ਇੰਟਰਨਸ਼ਿਪਾਂ ਰਾਹੀਂ ਲੋਕ-ਸੇਵਾ ਅਤੇ ਨੀਤੀ-ਨਿਰਮਾਣ ਦਾ ਵਿਹਾਰਕ ਤਜਰਬਾ ਹਾਸਲ ਕਰ ਰਹੇ ਹਨ।

**6. ਨੈਨਦੀਪ ਸਿੰਘ:**

ਨੈਨਦੀਪ ਸਿੰਘ ਨੇ ਹੇਵਰਡ ਸਿਟੀ ਕੌਂਸਲ ਦੇ ਦਿਨਾਂ ਤੋਂ ਡਾ. ਵਹਾਬ ਨਾਲ ਮਿਲ ਕੇ ਕੀਤੇ ਕੰਮਾਂ ਨੂੰ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ ਤੋਂ ਉੱਠ ਕੇ ਕਾਂਗਰਸ ਤੱਕ ਪਹੁੰਚੀ ਇਹ 'ਸ਼ੇਰਨੀ' ਵਰਗੀ ਆਗੂ ਫ਼ੈਡਰਲ ਪੱਧਰ 'ਤੇ ਪ੍ਰਵਾਸੀ ਭਾਈਚਾਰਿਆਂ ਦੇ ਹੱਕਾਂ, ਨਾਗਰਿਕ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਸਭ ਤੋਂ ਮੋਹਰੀ ਕੰਧ ਬਣ ਕੇ ਖੜ੍ਹਦੀ ਹੈ।

**7. ਜਸਵੀਰ ਸਿੰਘ ਗਿੱਲ (ਹਾਈ-ਟੈੱਕ ਉੱਦਮੀ):**

ਹਾਈ-ਟੈੱਕ ਉੱਦਮੀ ਜਸਵੀਰ ਸਿੰਘ ਗਿੱਲ ਨੇ ਕਿਹਾ ਕਿ ਅੱਜ ਦੀ ਰਾਜਨੀਤੀ ਵਿੱਚ ਸੱਚੇ ਕਿਰਦਾਰ ਅਤੇ ਕਦਰਾਂ-ਕੀਮਤਾਂ ਦੀ ਭਾਰੀ ਘਾਟ ਹੈ, ਜਦਕਿ ਡਾ. ਵਹਾਬ ਇਮਾਨਦਾਰੀ ਦਾ ਪ੍ਰਤੀਕ ਹਨ। ਉਨ੍ਹਾਂ ਸਿੱਖ ਇਤਿਹਾਸ ਦੇ ਹਵਾਲੇ ਨਾਲ 'ਸਵਾ ਲੱਖ੦ ਦੇ ਬਲਬੂਤੇ ਅੱਗੇ ਵਧਣ ਦਾ ਸੱਦਾ ਦਿੱਤਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਤੇ ਆਧੁਨਿਕ ਤਕਨਾਲੋਜੀ ਦੀ ਸਕਾਰਾਤਮਕ ਵਰਤੋਂ ਰਾਹੀਂ ਚੋਣ ਮੁਹਿੰਮ ਨੂੰ ਘਰ-ਘਰ ਪਹੁੰਚਾਉਣ ਦੀ ਗੱਲ ਕਹੀ। ਉਨ੍ਹਾਂ ਔਰਤਾਂ ਦੇ ਸਤਿਕਾਰ ਅਤੇ ਸਸ਼ਕਤੀਕਰਨ ਨੂੰ ਸਮਾਜ ਦੀ ਮੁੱਢਲੀ ਲੋੜ ਦੱਸਿਆ।

**8. ਕੁਲਵੰਤ ਗਿੱਲ (ਸੈਨ ਹੋਜ਼ੇ ਕਮਿਸ਼ਨਰ):**

ਕੁਲਵੰਤ ਗਿੱਲ ਨੇ ਕਿਹਾ ਕਿ ਅਸਲ ਲੀਡਰਸ਼ਿਪ ਦੀ ਪਰਖ ਮੁਸ਼ਕਲ ਚੁਣੌਤੀਆਂ ਨੂੰ ਸਰ ਕਰਨ ਅਤੇ ਜਨਤਕ ਸੇਵਾ ਦੇ ਉੱਚੇ ਮਾਪਦੰਡਾਂ ਤੋਂ ਹੁੰਦੀ ਹੈ। ਡਾ. ਵਹਾਬ ਨੇ ਪ੍ਰਸ਼ਾਸਨਿਕ ਖੇਤਰ ਵਿੱਚ ਦ੍ਰਿੜ੍ਹਤਾ ਅਤੇ ਦਰਦਮੰਦੀ ਲਿਆਂਦੀ ਹੈ, ਜੋ ਆਮ ਕਿਰਤੀ ਪਰਿਵਾਰਾਂ ਲਈ ਸਸਤੇ ਮਕਾਨਾਂ, ਬੱਚਿਆਂ ਦੇ ਬਿਹਤਰ ਭਵਿੱਖ ਅਤੇ ਬਰਾਬਰ ਮੌਕਿਆਂ ਲਈ ਨਿਰੰਤਰ ਕੰਮ ਕਰ ਰਹੇ ਹਨ।

**9. ਸਤਿੰਦਰ ਸਿੰਘ ਮੱਲੀ (ਮਾਰਟੀਨੇਜ਼ ਦੇ ਵਾਈਸ ਮੇਅਰ):**

ਵਾਈਸ ਮੇਅਰ ਸਤਿੰਦਰ ਸਿੰਘ ਮੱਲੀ ਨੇ ਡਾ. ਵਹਾਬ ਨਾਲ ਆਪਣੀ 10 ਸਾਲ ਪੁਰਾਣੀ ਨੇੜਲੀ ਸਾਂਝ ਦਾ ਜ਼ਿਕਰ ਕੀਤਾ। ਉਨ੍ਹਾਂ ਟਰੱਕ ਡਰਾਈਵਰਾਂ ਸਮੇਤ ਸਿੱਖ-ਅਮਰੀਕਨਾਂ ਵਿਰੁੱਧ ਹੋ ਰਹੇ ਨਫ਼ਰਤੀ ਪ੍ਰਚਾਰ (ਜਿਵੇਂ ਕਿ ਹੋਮਲੈਂਡ ਸਕਿਓਰਿਟੀ ਵਿਭਾਗ ਨਾਲ ਜੁੜੇ ਵਿਵਾਦਤ ਮਾਮਲੇ) ਮੌਕੇ ਡਾ. ਵਹਾਬ ਵੱਲੋਂ ਤੁਰੰਤ ਲਏ ਗਏ ਨਿਰਣਾਇਕ ਸਟੈਂਡ ਦੀ ਪ੍ਰਸ਼ੰਸਾ ਕੀਤੀ।

**10. ਸ਼ਮਸਾ ਰਫ਼ੀ (ਪ੍ਰਧਾਨ, ਨਿਊ ਹੈਵਨ ਸਕੂਲ ਬੋਰਡ):**

ਸ਼ਮਸਾ ਰਫ਼ੀ ਨੇ ਸਿੱਖਿਆ ਅਤੇ ਸਿਵਲ ਰਾਈਟਸ ਦੇ ਖੇਤਰ ਵਿੱਚ ਡਾ. ਵਹਾਬ ਵੱਲੋਂ ਨਿਭਾਈ ਗਈ ਲੰਬੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਦੇ ਉੱਜਵਲ ਭਵਿੱਖ ਅਤੇ ਸੁਰੱਖਿਅਤ ਮਾਹੌਲ ਲਈ ਉਨ੍ਹਾਂ ਵਰਗੇ ਦੂਰਅੰਦੇਸ਼ ਆਗੂ ਦਾ ਜਿੱਤਣਾ ਲਾਜ਼ਮੀ ਹੈ।

**'ਲੰਗਰ, ਸੇਵਾ ਅਤੇ ਬਰਾਬਰੀ ਦੇ ਸਿੱਖ ਸੰਕਲਪ ਮੇਰੀ ਪ੍ਰੇਰਨਾ': ਡਾ. ਆਇਸ਼ਾ ਵਹਾਬ**

ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਡਾ. ਆਇਸ਼ਾ ਵਹਾਬ ਨੇ ਸਿੱਖ ਅਤੇ ਸਾਊਥ ਏਸ਼ੀਅਨ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਚੋਣ ਮੁਹਿੰਮ ਨਹੀਂ ਬਲਕਿ ਇੱਕ ਪਰਿਵਾਰਕ ਸਾਂਝ ਦਾ ਤਿਉਹਾਰ ਹੈ।

ਉਨ੍ਹਾਂ ਖ਼ੁਲਾਸਾ ਕੀਤਾ ਕਿ ਉਨ੍ਹਾਂ ਵਿਰੁੱਧ ਵਿਰੋਧੀਆਂ ਅਤੇ ਵੱਡੀਆਂ ਕਾਰਪੋਰੇਟ ਲਾਬੀਆਂ ਨੇ 7 ਮਿਲੀਅਨ ਡਾਲਰ (ਕਰੀਬ 60 ਕਰੋੜ ਰੁਪਏ) ਪਾਣੀ ਵਾਂਗ ਵਹਾਏ, ਪਰ ਆਮ ਵਾਲੰਟੀਅਰਾਂ ਅਤੇ ਜਨਤਾ ਦੀ ਤਾਕਤ (People Power) ਸਾਹਮਣੇ ਸਭ ਹਾਰ ਗਏ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀ ਲੰਗਰ ਪ੍ਰਥਾ, ਨਿਰਸਵਾਰਥ ਸੇਵਾ ਅਤੇ 9/11 ਤੋਂ ਬਾਅਦ ਝੱਲੇ ਨਫ਼ਰਤੀ ਹਮਲਿਆਂ ਦੇ ਬਾਵਜੂਦ ਸਿਰ ਉੱਚਾ ਰੱਖ ਕੇ ਜਿਊਣ ਦੇ ਜਜ਼ਬੇ ਨੇ ਉਨ੍ਹਾਂ ਨੂੰ ਸਦਾ ਪ੍ਰੇਰਿਤ ਕੀਤਾ ਹੈ। ਉਨ੍ਹਾਂ ਵਚਨਬੱਧਤਾ ਦੁਹਰਾਈ ਕਿ ਉਹ ਯੂ.ਐੱਸ. ਕਾਂਗਰਸ ਵਿੱਚ ਆਮ ਪਰਿਵਾਰਾਂ ਦੀ ਖ਼ੁਸ਼ਹਾਲੀ, ਨਫ਼ਰਤੀ ਅਪਰਾਧਾਂ ਦੇ ਖ਼ਾਤਮੇ ਅਤੇ ਘੱਟ-ਗਿਣਤੀਆਂ ਦੇ ਸੰਵਿਧਾਨਕ ਹੱਕਾਂ ਲਈ ਸਦਾ ਡਟ ਕੇ ਲੜਨਗੇ। ਸਮਾਗਮ ਦੀ ਸਮਾਪਤੀ ਮੌਕੇ ਸਮੁੱਚੇ ਇਕੱਠ ਨੇ ਨਵੰਬਰ ਚੋਣਾਂ ਤੱਕ ਡਾ. ਆਇਸ਼ਾ ਵਹਾਬ ਦੀ ਮੁਹਿੰਮ ਨੂੰ ਹਰ ਪੱਖੋਂ ਕਾਮਯਾਬ ਕਰਨ ਦਾ ਸਾਂਝਾ ਪ੍ਰਣ ਲਿਆ।





# ਅਮਰੀਕਾ 'ਚ ਨਾਗਰਿਕਤਾ ਰੱਦ (Denaturalization) ਕਰਨ ਦੀ ਮੁਹਿੰਮ ਤੇਜ਼: 80 ਤੋਂ ਵੱਧ ਲੋਕਾਂ ਨੂੰ ਭੇਜੇ ਗਏ ਨੋਟਿਸ

## ਪੰਜਾਬੀਆਂ ਸਮੇਤ ਭਾਰਤੀ ਭਾਈਚਾਰੇ 'ਚ ਭਾਰੀ ਸਹਿਮ; ਫ਼ੈਡਰਲ ਕੋਰਟਾਂ 'ਚ ਕੇਸ ਦਰਜ; ਪੁਰਾਣੇ ਇਮੀਗ੍ਰੇਸ਼ਨ ਰਿਕਾਰਡ ਤੇ ਅਸਲ ਪਛਾਣ ਲੁਕਾਉਣ ਦੇ ਦੋਸ਼; ਅਟਾਰਨੀਆਂ ਵੱਲੋਂ ਤੁਰੰਤ ਕਾਨੂੰਨੀ ਪੈਰਵੀ ਦੀ ਸਲਾਹ







ਕੈਲੀਫ਼ੋਰਨੀਆ/ਵਾਸ਼ਿੰਗਟਨ : ਅਮਰੀਕਾ ਵਿੱਚ ਦਹਾਕਿਆਂ ਤੋਂ ਪੱਕੇ ਤੌਰ 'ਤੇ ਵਸ ਕੇ ਅਮਰੀਕੀ ਨਾਗਰਿਕਤਾ (US Citizenship) ਹਾਸਲ ਕਰ ਚੁੱਕੇ ਪ੍ਰਵਾਸੀਆਂ ਵਿਰੁੱਧ ਫ਼ੈਡਰਲ ਪ੍ਰਸ਼ਾਸਨ ਵੱਲੋਂ ਇੱਕ ਵਿਆਪਕ ਅਤੇ ਸਖ਼ਤ ਕਾਨੂੰਨੀ ਕਾਰਵਾਈ ਵਿੱਢ ਦਿੱਤੀ ਗਈ ਹੈ। ਅਤੀਤ ਵਿੱਚ ਗ੍ਰੀਨ ਕਾਰਡ ਜਾਂ ਨੈਚੁਰਲਾਈਜ਼ੇਸ਼ਨ ਅਰਜ਼ੀਆਂ ਦਾਇਰ ਕਰਦੇ ਸਮੇਂ ਅਸਲ ਪਛਾਣ, ਪੁਰਾਣੇ ਨਾਂ ਜਾਂ ਪਿਛਲਾ ਇਮੀਗ੍ਰੇਸ਼ਨ ਰਿਕਾਰਡ ਛੁਪਾਉਣ ਦੇ ਦੋਸ਼ਾਂ ਤਹਿਤ ਨਾਗਰਿਕਤਾ ਰੱਦ ਕਰਨ (Denaturalization) ਦੇ ਸੰਮਨ ਅਤੇ ਨੋਟਿਸ ਭੇਜਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ। ਇਮੀਗ੍ਰੇਸ਼ਨ ਅਟਾਰਨੀਆਂ ਅਤੇ ਕਾਨੂੰਨੀ ਮਾਹਿਰਾਂ ਅਨੁਸਾਰ ਅਜਿਹੇ ਨੋਟਿਸ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਹੁਣ 80 ਤੋਂ ਪਾਰ ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਕੈਲੀਫ਼ੋਰਨੀਆ ਸਮੇਤ ਵੱਖ-ਵੱਖ ਰਾਜਾਂ ਵਿੱਚ ਵੱਸਦੇ ਪੰਜਾਬੀ ਮੂਲ ਦੇ ਨਾਗਰਿਕਾਂ ਦੀ ਵੱਡੀ ਗਿਣਤੀ ਸ਼ਾਮਲ ਹੈ।

ਸਰਕਾਰ ਦਾ ਦੋਸ਼ ਹੈ ਕਿ ਇਨ੍ਹਾਂ ਵਿਅਕਤੀਆਂ ਨੇ ਅਮਰੀਕਾ ਵਿੱਚ ਦਾਖ਼ਲੇ, ਗ੍ਰੀਨ ਕਾਰਡ ਜਾਂ ਨੈਚੁਰਲਾਈਜ਼ੇਸ਼ਨ (ਫ਼ਾਰਮ N-400) ਦੀ ਪ੍ਰਕਿਰਿਆ ਦੌਰਾਨ ਕਥਿਤ ਧੋਖਾਧੜੀ ਜਾਂ ਗ਼ਲਤ ਬਿਆਨੀ (Fraud / Willful Misrepresentation) ਰਾਹੀਂ ਸਿਟੀਜ਼ਨਸ਼ਿਪ ਪ੍ਰਾਪਤ ਕੀਤੀ ਸੀ।

ਮਾਮਲੇ ਨਾਲ ਜੁੜੇ ਪ੍ਰਮੁੱਖ ਤੱਥ ਅਤੇ ਕਾਨੂੰਨੀ ਨੁਕਤੇ

ਮਾਮਲਾ : ਅਮਰੀਕੀ ਨਾਗਰਿਕਤਾ ਰੱਦ ਕਰਨ (Denaturalization) ਦੀ ਮੁਹਿੰਮ

ਪ੍ਰਭਾਵਿਤ ਵਿਅਕਤੀ : 80 ਤੋਂ ਵੱਧ ਕੇਸ ਸਾਹਮਣੇ ਆਏ; ਪੰਜਾਬੀਆਂ ਸਮੇਤ ਕਈ ਰਾਜਾਂ ਦੇ ਵਸਨੀਕ ਸ਼ਾਮਲ

ਅਧਿਕਾਰਤ ਫ਼ੋਰਮ : ਯੂ.ਐੱਸ. ਫ਼ੈਡਰਲ ਡਿਸਟ੍ਰਿਕਟ ਕੋਰਟ (US Federal District Court)

ਪੈਰਵੀਕਾਰ : ਫ਼ੈਡਰਲ ਡਿਸਟ੍ਰਿਕਟ ਅਟਾਰਨੀਜ਼ /ਡਿਪਾਰਟਮੈਂਟ ਆਫ਼ ਜਸਟਿਸ (DOJ)

ਮੁੱਖ ਦੋਸ਼ : ਅਸਲ ਪਛਾਣ ਛੁਪਾਉਣਾ, ਪੁਰਾਣੇ ਨਾਂ/ਕੇਸ ਨਾ ਦੱਸਣਾ, ਧੋਖਾਧੜੀ ਨਾਲ ਨਾਗਰਿਕਤਾ ਹਾਸਲ ਕਰਨਾ

ਕਾਨੂੰਨੀ ਧੱਧਰ : ਪਹਿਲਾਂ ਨਾਜ਼ੀ ਜੰਗੀ ਅਪਰਾਧੀਆਂ ਲਈ ਵਰਤਿਆ ਜਾਣ ਵਾਲਾ ਕਾਨੂੰਨ ਹੁਣ ਆਮ ਸਿਵਲ ਉਲੰਘਣਾਵਾਂ 'ਤੇ ਲਾਗੂ

ਗ੍ਰੀਨ ਕਾਰਡ ਬਨਾਮ ਸਿਟੀਜ਼ਨਸ਼ਿਪ: ਕਾਨੂੰਨੀ ਪ੍ਰਕਿਰਿਆ 'ਚ ਵੱਡਾ ਫ਼ਰਕ

ਕਾਨੂੰਨੀ ਮਾਹਿਰਾਂ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਗ੍ਰੀਨ ਕਾਰਡ ਧਾਰਕ (LPR) ਦਾ ਸਟੇਟਸ ਰੱਦ ਕਰਨ ਦਾ ਅਧਿਕਾਰ USCIS ਜਾਂ ਇਮੀਗ੍ਰੇਸ਼ਨ ਜੱਜ (EOIR) ਕੋਲ ਪ੍ਰਸ਼ਾਸਨਿਕ ਦਾਇਰੇ ਵਿੱਚ ਹੁੰਦਾ ਹੈ, ਪਰ ਇੱਕ ਵਾਰ ਸਹੁੰ ਚੁੱਕ ਚੁੱਕੇ ਅਮਰੀਕੀ ਨਾਗਰਿਕ ਦੀ ਸਿਟੀਜ਼ਨਸ਼ਿਪ ਖੋਹਣਾ ਬੇਹੱਦ ਪੇਚੀਦਾ ਕਾਨੂੰਨੀ ਅਮਲ ਹੈ:

ਫ਼ੈਡਰਲ ਕੋਰਟ ਵਿੱਚ ਮੁਕੱਦਮਾ ਲਾਜ਼ਮੀ: ਇਮੀਗ੍ਰੇਸ਼ਨ ਵਿਭਾਗ ਕਿਸੇ ਵੀ ਅਮਰੀਕੀ ਨਾਗਰਿਕ ਦੀ ਸਿਟੀਜ਼ਨਸ਼ਿਪ ਸਿੱਧੇ ਤੌਰ 'ਤੇ ਆਪਣੇ ਪੱਧਰ 'ਤੇ ਰੱਦ ਨਹੀਂ ਕਰ ਸਕਦਾ। ਇਸ ਲਈ ਯੂ.ਐੱਸ. ਡਿਪਾਰਟਮੈਂਟ ਆਫ਼ ਜਸਟਿਸ (DOJ) ਦੇ ਫ਼ੈਡਰਲ ਵਕੀਲਾਂ ਵੱਲੋਂ ਸੰਬੰਧਤ ਯੂ.ਐੱਸ. ਡਿਸਟ੍ਰਿਕਟ ਕੋਰਟ ਵਿੱਚ ਸਿਵਲ ਜਾਂ ਕ੍ਰਿਮੀਨਲ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ।

ਸਬੂਤਾਂ ਦਾ ਭਾਰ (Burden of Proof): ਅਦਾਲਤ ਵਿੱਚ ਸਰਕਾਰ 'ਤੇ ਸਬੂਤ ਪੇਸ਼ ਕਰਨ ਦਾ ਸਖ਼ਤ ਭਾਰ ਹੁੰਦਾ ਹੈ। ਸਰਕਾਰ ਨੂੰ 'ਸਪੱਸ਼ਟ, ਨਿਰਸੰਦੇਹ ਅਤੇ ਠੋਸ ਸਬੂਤਾਂ' (Clear, unequivocal, and convincing evidence) ਨਾਲ ਇਹ ਸਾਬਤ ਕਰਨਾ ਪੈਂਦਾ ਹੈ ਕਿ ਸੰਬੰਧਤ ਵਿਅਕਤੀ ਨੇ ਜਾਣਬੁੱਝ ਕੇ ਤੱਥ ਲੁਕਾਏ ਸਨ।

**ਨਾਜ਼ੀ ਜੰਗੀ ਅਪਰਾਧੀਆਂ ਵਾਲਾ ਕਾਨੂੰਨ ਹੁਣ ਆਮ ਪ੍ਰਵਾਸੀਆਂ 'ਤੇ ਲਾਗੂ**

ਇਸ ਕਾਰਵਾਈ ਨੂੰ ਬੇਹੱਦ ਗ਼ੈਰ-ਮਾਮੂਲੀ ਅਤੇ ਚਿੰਤਾਜਨਕ ਕਰਾਰ ਦਿੰਦਿਆਂ ਕਾਨੂੰਨੀ ਵਿਸ਼ਲੇਸ਼ਕਾਂ ਨੇ ਦੱਸਿਆ ਕਿ ਇਤਿਹਾਸਕ ਤੌਰ 'ਤੇ ਡੀਨੈਚੁਰਲਾਈਜ਼ੇਸ਼ਨ ਦੀ ਵਰਤੋਂ ਸਿਰਫ਼ ਅਤਿ-ਸੰਗੀਨ ਮਾਮਲਿਆਂ ਵਿੱਚ ਹੁੰਦੀ ਸੀ— ਜਿਵੇਂ ਕਿ ਦੂਜੇ ਵਿਸ਼ਵ ਯੁੱਧ ਦੇ ਨਾਜ਼ੀ ਜੰਗੀ ਅਪਰਾਧੀ (Nazi War Criminals), ਮਨੁੱਖਤਾ ਦੇ ਕਾਤਲ ਜਾਂ ਅੰਤਰਰਾਸ਼ਟਰੀ ਅੱਤਵਾਦੀ ਜਿਨ੍ਹਾਂ ਨੇ ਵੱਡੇ ਅਪਰਾਧ ਛੁਪਾ ਕੇ ਸ਼ਰਨ ਲਈ ਹੋਵੇ।

ਹਾਲਾਂਕਿ, ਹੁਣ ਡਿਜੀਟਲ ਤਕਨਾਲੋਜੀ, ਬਾਇਓਮੈਟ੍ਰਿਕ ਫਿੰਗਰਪ੍ਰਿੰਟ ਡਾਟਾਬੇਸ (ਜਿਵੇਂ ਕਿ ਪੁਰਾਣੇ ਡਿਪੋਰਟੇਸ਼ਨ ਰਿਕਾਰਡ) ਦੇ ਆਧਾਰ 'ਤੇ 20-30 ਸਾਲ ਪੁਰਾਣੀਆਂ ਫ਼ਾਈਲਾਂ ਖੋਲ੍ਹੀਆਂ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਨ੍ਹਾਂ ਨੇ ਦਹਾਕਿਆਂ ਪਹਿਲਾਂ ਗ਼ਲਤ ਨਾਂ, ਏਜੰਟਾਂ ਦੇ ਝਾਂਸੇ ਜਾਂ ਕਾਗ਼ਜ਼ੀ ਖ਼ਾਮੀਆਂ ਕਾਰਨ ਕੇਸ ਲਗਾਏ ਸਨ ਪਰ ਬਾਅਦ ਵਿੱਚ ਕਈ ਸਾਲਾਂ ਤੋਂ ਟੈਕਸ ਭਰ ਕੇ ਇਮਾਨਦਾਰ ਸ਼ਹਿਰੀਆਂ ਵਾਂਗ ਰਹਿ ਰਹੇ ਹਨ।

ਪ੍ਰਵਾਸੀ ਭਾਈਚਾਰੇ 'ਚ ਡੂੰਘੀ ਚਿੰਤਾ; ਕਾਨੂੰਨੀ ਸਲਾਹ ਲੈਣ ਦੀ ਅਪੀਲ

ਅਮਰੀਕਾ ਵਿੱਚ ਕਾਰੋਬਾਰ ਸਥਾਪਿਤ ਕਰ ਚੁੱਕੇ, ਘਰ-ਜਾਇਦਾਦਾਂ ਬਣਾ ਚੁੱਕੇ ਅਤੇ ਬੱਚਿਆਂ ਸਮੇਤ ਵਸੇ ਪਰਿਵਾਰਾਂ ਲਈ ਇਹ ਨੋਟਿਸ ਕਿਸੇ ਤੂਫ਼ਾਨ ਤੋਂ ਘੱਟ ਨਹੀਂ ਹਨ। ਕੈਲੀਫ਼ੋਰਨੀਆ, ਨਿਊਯਾਰਕ, ਇੰਡੀਆਨਾ ਅਤੇ ਵਾਸ਼ਿੰਗਟਨ ਸਮੇਤ ਕਈ ਰਾਜਾਂ ਵਿੱਚ ਅਟਾਰਨੀਆਂ ਨੂੰ ਰੋਜ਼ਾਨਾ ਅਜਿਹੇ ਪੀੜਤਾਂ ਦੇ ਫ਼ੋਨ ਆ ਰਹੇ ਹਨ। ਇਮੀਗ੍ਰੇਸ਼ਨ ਅਟਾਰਨੀਆਂ ਨੇ ਸਖ਼ਤ ਹਦਾਇਤ ਕੀਤੀ ਹੈ:

1. ਨੋਟਿਸ ਨੂੰ ਅਣਗੌਲਿਆ ਨਾ ਕਰੋ: ਅਦਾਲਤੀ ਸੰਮਨ ਜਾਂ ਨੋਟਿਸ ਮਿਲਣ 'ਤੇ ਘਬਰਾਹਟ ਵਿੱਚ ਉਸ ਨੂੰ ਨਜ਼ਰਅੰਦਾਜ਼ ਕਰਨ ਦੀ ਭੁੱਲ ਨਾ ਕੀਤੀ ਜਾਵੇ। ਜੇਕਰ ਨਿਰਧਾਰਿਤ ਸਮੇਂ (ਆਮ ਤੌਰ 'ਤੇ 21 ਤੋਂ 60 ਦਿਨ) ਵਿੱਚ ਜਵਾਬ ਦਾਇਰ ਨਾ ਕੀਤਾ ਗਿਆ ਤਾਂ ਅਦਾਲਤ ਇਕਤਰਫ਼ਾ ਫ਼ੈਸਲਾ (Default Judgment) ਦੇ ਕੇ ਨਾਗਰਿਕਤਾ ਰੱਦ ਕਰ ਸਕਦੀ ਹੈ।

2. ਡਿਪੋਰਟੇਸ਼ਨ ਦਾ ਖ਼ਤਰਾ: ਨਾਗਰਿਕਤਾ ਰੱਦ ਹੁੰਦਿਆਂ ਹੀ ਵਿਅਕਤੀ ਦਾ ਦਰਜਾ ਮੁੜ ਗ਼ੈਰ-ਕਾਨੂੰਨੀ ਜਾਂ ਪੁਰਾਣੇ ਸਟੇਟਸ 'ਤੇ ਚਲਾ ਜਾਂਦਾ ਹੈ, ਜਿਸ ਤੋਂ ਬਾਅਦ 935 ਵੱਲੋਂ ਦੇਸ਼ ਨਿਕਾਲੇ (Deportation/Removal Proceedings) ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।

3. ਮਾਹਿਰ ਫ਼ੈਡਰਲ ਲਿਟੀਗੇਟਰ ਦੀ ਲੋੜ: ਆਮ ਪ੍ਰਸ਼ਾਸਕੀ ਵਕੀਲਾਂ ਦੀ ਬਜਾਏ ਫ਼ੈਡਰਲ ਡਿਸਟ੍ਰਿਕਟ ਕੋਰਟ ਵਿੱਚ ਕੇਸ ਲੜਨ ਵਾਲੇ ਤਜਰਬੇਕਾਰ ਅਟਾਰਨੀ ਰਾਹੀਂ ਤੁਰੰਤ ਕਾਨੂੰਨੀ ਜਵਾਬ ਦਾਇਰ ਕਰਨਾ ਹੀ ਬਚਾਅ ਦਾ ਇੱਕੋ-ਇੱਕ ਰਸਤਾ ਹੈ।

ਇਮੀਗ੍ਰੇਸ਼ਨ ਅਤੇ ਕਾਨੂੰਨੀ ਰਿਪੋਰਟਿੰਗ ਬੇਦਾਅਵਾ

ਸਰੋਤ ਤੇ ਪ੍ਰਮਾਣਿਕਤਾ: ਇਹ ਰਿਪੋਰਟ ਅਮਰੀਕੀ ਫ਼ੈਡਰਲ ਡਿਸਟ੍ਰਿਕਟ ਕੋਰਟਾਂ ਵਿੱਚ ਦਾਇਰ ਸਿਵਲ ਡੀਨੈਚੁਰਲਾਈਜ਼ੇਸ਼ਨ ਕੇਸਾਂ, ਡਿਪਾਰਟਮੈਂਟ ਆਫ਼ ਜਸਟਿਸ (DOJ) ਦੀਆਂ ਪਟੀਸ਼ਨਾਂ ਅਤੇ ਪ੍ਰਮੁੱਖ ਅਮਰੀਕੀ ਇਮੀਗ੍ਰੇਸ਼ਨ ਅਟਾਰਨੀਆਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ 'ਤੇ ਆਧਾਰਿਤ ਹੈ।

ਕਾਨੂੰਨੀ ਸਲਾਹ ਦਾ ਦਾਇਰਾ: ਇਹ ਸਮੱਗਰੀ ਸਿਰਫ਼ ਜਨਤਕ ਜਾਗਰੂਕਤਾ ਹਿੱਤ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਇਸ ਨੂੰ ਨਿੱਜੀ ਕਾਨੂੰਨੀ ਸਲਾਹ (Legal Advice) ਵਜੋਂ ਨਾ ਲਿਆ ਜਾਵੇ। ਕਿਸੇ ਵੀ ਅਦਾਲਤੀ ਨੋਟਿਸ ਜਾਂ ਸੰਮਨ ਦੀ ਸੂਰਤ ਵਿੱਚ ਪ੍ਰਮਾਣਿਤ ਅਮਰੀਕੀ ਇਮੀਗ੍ਰੇਸ਼ਨ ਅਟਾਰਨੀ ਨਾਲ ਰਾਬਤਾ ਕਰਨਾ ਲਾਜ਼ਮੀ ਹੈ।

# ਵਿਚਾਰਾਂ ਦੀ ਲੜਾਈ ਵਿੱਚ ਬਿਆਨੀਏ ਦੀ ਲੜਾਈ ਬਹੁਤ ਅਹਿਮ ਹੁੰਦੀ ਹੈ। ਕਿਸ ਨੂੰ ਨਾਇਕ ਬਣਾਉਣਾ ਤੇ ਕਿਸ ਨੂੰ ਖਲਨਾਇਕ ਇਹ ਲਿਖਾਰੀਆਂ ਦੇ ਨਜ਼ਰੀਏ ਉੱਤੇ ਨਿਰਭਰ ਕਰਦਾ ਹੈ

ਲੰਘੀ 21 ਸਤੰਬਰ ਨੂੰ ਅੰਗਰੇਜ਼ ਹਾਕਮਾਂ ਖਿਲਾਫ ਬਗਾਵਤ ਦਾ ਝੰਡਾ ਚੁੱਕਣ ਵਾਲੇ ਰਾਏ ਅਹਿਮਦ ਖਾਨ ਖਰਲ ਦਾ ਸ਼ਹੀਦੀ ਦਿਹਾੜਾ ਸੀ। ਜਿੱਥੇ ਚੜ੍ਹਦੇ ਪੰਜਾਬ ਵਿੱਚ ਇਸ ਨਾਇਕ ਬਾਰੇ ਜਾਣਕਾਰੀ ਘੱਟ ਹੈ ਓਥੇ ਲਹਿੰਦੇ ਪੰਜਾਬ ਵਿੱਚ ਉਸਦੇ ਹਵਾਲੇ ਨਾਲ ਪੰਜਾਬੀਆਂ ਨੂੰ ਸਿੱਖ ਬਨਾਮ ਮੁਸਲਮਾਨ ਵਿਚਾਲੇ ਵੰਡਣ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸ ਫਿਰਕੂ ਇਤਿਹਾਸਕਾਰੀ ਦਾ ਲੇਖਕ ਆਮਿਰ ਰਿਆਜ਼ ਟੁੱਟੂ ਨੇ ਆਪਣੀ ਕਿਤਾਬ 'ਪੰਜਾਬ ਦੀ ਵੇਲ੍ਹ' ਵਿੱਚ ਵਿਸਥਾਰ ਨਾਲ ਪਾਜ ਉਘਾੜਿਆ ਹੈ।

ਇਤਿਹਾਸ ਦੀ ਗਲਤ ਪੇਸ਼ਕਾਰੀ ਲਈ ਕਿਵੇਂ ਚਲਾਕੀ ਨਾਲ ਕੁਤਰਕ ਘੜ੍ਹੇ ਜਾਂਦੇ ਨੇ ਉਹ ਦੇਖੋ, - ਲੇਖਕ ਤੁਰਾਬ-ਉਲ-ਹਸਨ ਸਰਗਾਨਾ ਨੇ ਅਹਿਮਦ ਖਾਨ ਖਰਲ ਉੱਪਰ ਕਿਤਾਬ ਲਿਖੀ ਜਿਹੜੀ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਵੱਲੋਂ ਛਾਪੀ ਗਈ। ਇਸੇ ਤਰ੍ਹਾਂ ਬੀਬੀਸੀ 'ਤੇ ਵਕਾਰ ਮੁਸਤਫਾ ਨੇ ਲੇਖ ਲਿਖਿਆ।

ਕਿਤਾਬ ਦੇ ਸਫਾ 119 ਉੱਤੇ ਲੇਖਕ ਕਹਿੰਦਾ ਹੈ ਕਿ ਖਰਲ ਦੇ ਕਾਤਲ ਸਿੱਖ ਸਨ, ਕਿ ਖਰਲ ਦੀ ਪਛਾਣ ਧਾੜਾ ਸਿੰਘ ਨੇ ਕੀਤੀ ਸੀ ਤੇ ਗੁਲਾਬ ਸਿੰਘ ਬੇਦੀ ਨੇ ਗੋਲੀ ਮਾਰਕੇ ਉਸਨੂੰ ਸ਼ਹੀਦ ਕਰ ਦਿੱਤਾ ਸੀ।

ਟੁੱਟੂ ਲਿਖਦੇ ਨੇ ਕਿ ਗੋਲੀ ਕਿਸਨੇ ਚਲਾਈ ਇਹ ਅਹਿਮ ਨਹੀਂ ਕਿਉਂਕਿ ਮਾਰਨ ਵਾਲੇ ਅੰਗਰੇਜ਼ਾਂ ਦੇ ਭਰਤੀ ਕੀਤੇ ਵਫਾਦਾਰ ਸਨ।

ਲੇਖਕ ਸਰਗਨਾ ਨੇ ਜਾਣ ਬੁੱਝ ਕੇ ਗੈਰ-ਮੁਸਲਮਾਨ ਵਿਰੋਧੀਆਂ ਦੇ ਨਾਮ ਦਿੱਤੇ ਤਾਂ ਜੋ ਅੰਗਰੇਜ਼ ਸ਼ਾਸਕਾਂ ਉੱਤੇ ਧਿਆਨ ਨਾ ਜਾਵੇ। ਜੇ ਅੰਗਰੇਜ਼ਾਂ ਦਾ ਸਾਥ ਦੇਣ ਵਿੱਚ ਮੁਸਲਮਾਨ, ਹਿੰਦੂ ਤੇ ਸਿੱਖ ਸਾਰੇ ਸ਼ਾਮਲ ਸਨ, ਤਾਂ ਸਰਗਨਾ ਜਿਹੇ ਲੇਖਕ ਸਿਰਫ ਸਿੱਖਾਂ ਦੀ ਮੁਖਬਰੀ 'ਤੇ ਹੀ ਜ਼ੋਰ ਕਿਉਂ ਦਿੰਦੇ ਨੇ? ਪਟਿਆਲਾ, ਜੀਂਦ, ਨਾਭਾ ਰਿਆਸਤ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਜਿਸ ਦਾ ਜ਼ਿਕਰ ਸਰਗਨਾ ਨੇ ਵੀ ਆਪਣੀ ਕਿਤਾਬ ਵਿੱਚ ਕੀਤਾ ਪਰ ਅੰਗਰੇਜ਼ਾਂ ਦੇ ਇੱਕ ਵੱਡੇ ਹਮਦਰਦ, ਬਹਾਵਲਪੁਰ ਦੇ ਨਵਾਬ ਬਾਰੇ ਲੇਖਕ ਚੁੱਪ ਹੋ ਗਿਆ। ਬਹਾਵਲਪੁਰ 1833 ਤੋਂ ਹਰ ਜੰਗ ਵਿੱਚ ਅੰਗਰੇਜ਼ਾਂ ਦਾ ਪਿੱਠੂ ਰਿਹਾ ਸੀ।

- ਟੂ ਟੂ ਮੁਤਾਬਕ ਅਜਿਹੇ ਲੇਖਕ ਉਦੋਂ ਬੇਨਕਾਬ ਹੁੰਦੇ ਹਨ ਜਦੋਂ ਉਹ ਬਰਤਾਨਵੀ ਇਤਿਹਾਸਕਾਰੀ ਦੀ ਤਰਜ਼ ਉੱਤੇ 'ਸਿੱਖ ਸ਼ਾਸਕ', 'ਸਿੱਖ ਕਾਲ', 'ਖਾਲਸਾ ਫੌਜ', 'ਖਾਲਸਾ ਦਰਬਾਰ' ਵਰਗੀਆਂ ਸ਼ਬਦਾਵਲੀਆਂ ਦੀ ਵਰਤੋਂ ਕਰਦੇ ਹਨ ਪਰ ਕਦੇ ਵੀ 'ਲਾਹੌਰ ਦਰਬਾਰ' ਨਾਮ ਨਹੀਂ ਲੈਂਦੇ।

ਸਰਗਾਨਾ ਸਾਹਿਬ ਦੀ ਕਿਤਾਬ ਵਿੱਚ ਅੰਗਰੇਜ਼ਾਂ ਦੀ ਨਕਲ ਕਰਦੇ ਹੋਏ ਲਾਹੌਰ ਦਰਬਾਰ ਨੂੰ




ਧਾਰਮਿਕ ਹਵਾਲੇ ਨਾਲ ਲਿਖਿਆ ਗਿਆ ਹੈ ਅਤੇ ਭੂਮਿਕਾ ਵਿੱਚ ਹੀ ਰਣਜੀਤ ਸਿੰਘ ਨੂੰ ਸਿੱਖ ਸ਼ਾਸਕ ਕਿਹਾ ਗਿਆ ਹੈ।

- ਐਨਾ ਹੀ ਨਹੀਂ, ਸਰਗਾਨਾ ਦੀ ਕਿਤਾਬ ਵਿੱਚ ਕਈ ਥਾਵਾਂ 'ਤੇ (ਸਫ਼ਾ 3, 11, 19, 21) ਸਾਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜਾਬੀ ਮੁਸਲਮਾਨ ਰਣਜੀਤ ਸਿੰਘ ਤੋਂ ਤੰਗ ਆ ਚੁੱਕੇ ਸਨ ਅਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਖੁਸ਼ ਸਨ। ਇਹ ਬਹੁਤ ਚਲਾਕੀ ਭਰੇ ਵਾਕ ਸਾਨੂੰ ਦੱਸਦੇ ਹਨ ਕਿ ਕਿਤਾਬ ਕਿਸ ਮਕਸਦ ਲਈ ਲਿਖੀ ਗਈ ਸੀ ਅਤੇ ਉਨ੍ਹਾਂ ਨੇ ਇਸ ਨੂੰ ਕਿਉਂ ਪ੍ਰਕਾਸ਼ਿਤ ਕੀਤਾ।

ਖਰਲ, ਅੱਬਾਸੀ, ਕਿਆਨੀ, ਮਮਦੋਟ ਅਤੇ ਹੋਰ ਕਈ 1849 ਤੋਂ ਬਾਅਦ ਵੀ ਲਗਾਤਾਰ ਵਿਰੋਧ ਕਰਦੇ ਰਹੇ ਅਤੇ 1871 ਵਿੱਚ ਵੀ ਲੜ ਰਹੇ ਸਨ। ਪਰ ਸਰਗਾਨਾ ਸਾਹਿਬ ਕਹਿੰਦੇ ਹਨ ਕਿ ਪੰਜਾਬੀ ਮੁਸਲਮਾਨ ਅੰਗਰੇਜ਼ੀ ਕਬਜ਼ੇ ਤੋਂ ਖੁਸ਼ ਸਨ!

Tu ਟੂ ਲਿਖਦੇ ਨੇ ਉਹਨਾਂ ਆਪਣੀ ਕਿਤਾਬ ਵਿੱਚ ਅਜਿਹੇ ਕਈ ਪਾਤਰਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਅੰਗਰੇਜ਼ਾਂ ਖਿਲਾਫ ਲੜਾਈ ਲੜੀ, ਜਿਨ੍ਹਾਂ ਵਿੱਚ ਸਭਰਾਓਂ ਤੋਂ ਲੈ ਕੇ ਚੇਲਿਆਂਵਾਲਾ ਤੱਕ ਲੜਨ ਵਾਲੇ ਵੀ ਸ਼ਾਮਲ ਹਨ।

ਚੇਲਿਆਂਵਾਲਾ ਦੀ ਲੜਾਈ ਤੋਂ ਬਾਅਦ, ਬਰਤਾਨਵੀ ਸਰਕਾਰ ਨੇ ਚਤਰ ਸਿੰਘ ਅਟਾਰੀਵਾਲਾ (ਹਜ਼ਾਰਾ ਦੇ ਗਵਰਨਰ) ਅਤੇ ਸ਼ੇਰ ਸਿੰਘ ਅਟਾਰੀਵਾਲਾ ਨੂੰ ਰਿਹਾਅ ਕਰ ਦਿੱਤਾ ਸੀ, ਉਨ੍ਹਾਂ ਦੀਆਂ ਤਲਵਾਰਾਂ ਉਨ੍ਹਾਂ ਨੂੰ ਮੋੜ ਦਿੱਤੀਆਂ ਗਈਆਂ ਸਨ ਪਰ ਉਨ੍ਹਾਂ ਦੇ ਤੀਜੇ ਸਾਥੀ ਨੂੰ ਮਾਫ ਨਹੀਂ ਕੀਤਾ।

ਜਿਸ ਨੂੰ ਮਾਫ ਨਹੀਂ ਕੀਤਾ ਉਹ ਬਾਰਕਜ਼ਈ ਪਠਾਨ ਸੀ। ਜਿਸਨੂੰ ਅਸੀਂ ਤਲਾਈ ਖਾਨ ਯਾਨੀ ਸੁਲਤਾਨ ਮੁਹੰਮਦ ਖਾਨ ਦੇ ਨਾਂ ਨਾਲ? ਜਾਣਦੇ ਹਾਂ। ਉਹ ਕਾਬੁਲ ਦੇ ਰਾਜਾ ਦੋਸਤ ਮੁਹੰਮਦ ਖਾਨ ਦਾ ਭਰਾ ਤੇ ਜ਼ਹੀਰ ਸ਼ਾਹ (ਅਫਗਾਨਿਸਤਾਨ ਦੇ ਰਾਜਾ) ਦਾ ਪੂਰਵਜ ਸੀ। ਉਹ 1849 ਤੱਕ ਰਣਜੀਤ ਸਿੰਘ ਅਤੇ ਲਾਹੌਰ ਦਰਬਾਰ ਦਾ ਵਫ਼ਾਦਾਰ ਰਿਹਾ।

ਪਰ ਪੰਜਾਬ 'ਤੇ ਕਬਜ਼ੇ ਤੋਂ ਬਾਅਦ, ਅੰਗਰੇਜ਼ਾਂ ਨੇ ਸਿੱਖ-ਮੁਸਲਮਾਨ ਤੇ ਪਠਾਨ-ਪੰਜਾਬੀ ਵਿਰੋਧਾਭਾਸਾਂ 'ਤੇ ਇੱਕ ਨਵੀਂ ਖੇਡ ਖੇਡੀ, ਇਸ ਲਈ ਅੱਜ ਕੋਈ ਵੀ ਤਲਾਈ ਖਾਨ ਨੂੰ ਯਾਦ ਕਰਨ ਲਈ ਤਿਆਰ ਨਹੀਂ ਹੈ। ਅਫਗਾਨ, ਪਖਤੂਨ, ਪੰਜਾਬੀ - ਕੋਈ ਵੀ ਲੀਡਰ ਉਸ ਬਾਰੇ ਗੱਲ ਨਹੀਂ ਕਰਦਾ। ਇਸੇ ਤੋਂ ਹੀ ਤੁਹਾਨੂੰ ਅਜਿਹੀਆਂ ਚਲਾਕੀ ਭਰੀਆਂ ਲਿਖਤਾਂ ਅਤੇ ਕਿਤਾਬਾਂ ਨੂੰ ਸਮਝਣਾ ਚਾਹੀਦਾ ਹੈ।

ਪੰਜਾਬ-ਇਤਿਹਾਸ-ਪੰਜਾਬੀ

# ਕੀ ਸ਼ਰਾਬ ਦੀ ਕੋਈ ਸੁਰੱਖਿਅਤ ਮਾਤਰਾ ਹੈ ? ਡਾਕਟਰ ਨੇ ਖੋਲ੍ਹੀ ਪੋਲ

## ਹ.ਫ਼ਤੇ 'ਚ ਇੱਕ ਵਾਰ ਜਾਂ ਰੋਜ਼ਾਨਾ ਪੀਣ ਨਾਲ ਸਰੀਰ 'ਤੇ ਕੀ ਪੈਂਦਾ ਹੈ ਅਸਰ; ਮੈਡੀਕਲ ਵਿਗਿਆਨ 'ਚ 'ਸੁਰੱਖਿਅਤ ਮਾਤਰਾ' ਦਾ ਕੋਈ ਵਜੂਦ ਨਹੀਂ; ਜਾਣੋ ਵਿਸਥਾਰਤ ਮੈਡੀਕਲ ਰਿਪੋਰਟ




ਨਵੀਂ ਦਿੱਲੀ/ਮੁੰਬਈ : ਅਜੋਕੇ ਦੌਰ ਦੀ ਤੇਜ਼-ਤਰਾਰ ਜੀਵਨ ਸ਼ੈਲੀ ਵਿੱਚ 'ਵੀਕਐਂਡ ਕਲਚਰ' ਬਹੁਤ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਬਹੁਤੇ ਲੋਕ ਇਹ ਸੋਚ ਕੇ ਸ਼ੁੱਕਰਵਾਰ ਜਾਂ ਸ਼ਨੀਵਾਰ ਦੀਆਂ ਮਹਿਫ਼ ?ਲਾਂ ਵਿੱਚ ਜਾਮ ਛਲਕਾਉਂਦੇ ਹਨ ਕਿ ਹਫ਼ਤੇ ਜਾਂ ਮਹੀਨੇ ਵਿੱਚ ਕਦੇ-ਕਦਾਈਂ ਸ਼ਰਾਬ ਪੀਣ ਨਾਲ ਸਿਹਤ ਨੂੰ ਕੋਈ ਖ਼ਾਸ ਨੁਕਸਾਨ ਨਹੀਂ ਪਹੁੰਚਦਾ। ਪਰ ਮੈਡੀਕਲ ਮਾਹਿਰਾਂ ਨੇ ਇਸ ਆਮ ਧਾਰਨਾ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਹੈ।

ਮੁੰਬਈ ਦੇ ਪ੍ਰਸਿੱਧ ਆਰਥੋਪੈਡਿਕ ਸਰਜਨ ਅਤੇ ਸਿਹਤ ਮਾਹਿਰ ਡਾ. ਮਨਨ ਵੋਰਾ ਵੱਲੋਂ ਕੀਤੇ ਗਏ ਵਿਗਿਆਨਕ ਵਿਸ਼ਲੇਸ਼ਣ ਅਨੁਸਾਰ, ਮੈਡੀਕਲ ਵਿਗਿਆਨ ਵਿੱਚ 'ਸ਼ਰਾਬ ਦੀ ਸੁਰੱਖਿਅਤ ਮਾਤਰਾ' (Safe Limit) ਨਾਮ ਦੀ ਕੋਈ ਚੀਜ਼ ਮੌਜੂਦ ਹੀ ਨਹੀਂ ਹੈ। ਵਿਸ਼ਵ ਸਿਹਤ ਸੰਗਠਨ (WHO) ਦੇ ਦਿਸ਼ਾ-ਨਿਰਦੇਸ਼ਾਂ ਦੀ ਤਰਜ਼ 'ਤੇ ਡਾਕਟਰਾਂ ਨੇ ਸਪੱਸ਼ਟ ਕੀਤਾ ਹੈ ਕਿ ਅਲਕੋਹਲ ਦੀ ਪਹਿਲੀ ਬੂੰਦ ਸਰੀਰ ਅੰਦਰ ਦਾਖ਼ਲ ਹੁੰਦਿਆਂ ਹੀ ਸੈੱਲਾਂ, ਟਿਸ਼ੂਆਂ ਅਤੇ ਅੰਦਰੂਨੀ ਅੰਗਾਂ 'ਤੇ ਜ਼ਹਿਰੀਲਾ ਦਬਾਅ ਪਾਉਣਾ ਸ਼ੁਰੂ ਕਰ ਦਿੰਦੀ ਹੈ। ਫ਼ਰਕ ਸਿਰਫ਼ ਇਸ ਗੱਲ ਦਾ ਹੈ ਕਿ ਕੋਈ ਵਿਅਕਤੀ ਇਸ ਦਾ ਸੇਵਨ ਕਿੰਨੀ ਵਾਰ (Frequency) ਅਤੇ ਕਿਸ ਮਾਤਰਾ (Quantity) ਵਿੱਚ ਕਰ ਰਿਹਾ ਹੈ।

1. ਮਹੀਨੇ ਵਿੱਚ ਇੱਕ ਵਾਰ ਸ਼ਰਾਬ ਪੀਣਾ: ਭਰਮ ਬਨਾਮ ਹਕੀਕਤ

ਜਿਹੜੇ ਲੋਕ ਇਹ ਮੰਨਦੇ ਹਨ ਕਿ ਮਹੀਨੇ ਵਿੱਚ ਸਿਰਫ਼ ਇੱਕ ਵਾਰ ਪੀਣ ਨਾਲ ਕੋਈ ਅਸਰ ਨਹੀਂ ਹੁੰਦਾ, ਉਨ੍ਹਾਂ ਦਾ ਸਰੀਰ ਵੀ ਇਸ ਦੇ ਜ਼ਹਿਰੀਲੇ ਪ੍ਰਭਾਵਾਂ (Toxins) ਤੋਂ ਅਣਛੋਹਿਆ ਨਹੀਂ ਰਹਿੰਦਾ:

**ਦਿਮਾ.ਗੀ ਸੁਸਤੀ:** ਅਲਕੋਹਲ ਦਿਮਾ.ਗ ਦੇ ਨਿਊਰੋਟ੍ਰਾਂਸਮੀਟਰਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਫ਼ੈਸਲੇ ਲੈਣ ਦੀ ਸਮਰੱਥਾ ਅਤੇ ਪ੍ਰਤੀਕਿਰਿਆ ਦਾ ਸਮਾਂ (Reaction Time) ਤੁਰੰਤ ਮੱਠਾ ਪੈ ਜਾਂਦਾ ਹੈ।

**ਡੀਹਾਈਡ੍ਰੇਸ਼ਨ ਦਾ ਕਹਿਰ:** ਸ਼ਰਾਬ ਇੱਕ ਸ਼ਕਤੀਸ਼ਾਲੀ ਡਾਈਯੂਰੇਟਿਕ (ਪਿਸ਼ਾਬ ਵਧਾਊ) ਤੱਤ ਹੈ, ਜਿਸ ਕਾਰਨ ਸਰੀਰ ਅੰਦਰੋਂ ਜ਼ਰੂਰੀ ਖਣਿਜ ਅਤੇ ਪਾਣੀ ਤੇਜ਼ੀ ਨਾਲ ਬਾਹਰ ਨਿਕਲ ਜਾਂਦੇ ਹਨ।

**ਹੈਂਗਓਵਰ ਤੇ ਜਿਗਰ 'ਤੇ ਬੋਝ:** ਖ਼ੂਨ ਵਿੱਚੋਂ ਅਲਕੋਹਲ ਦੇ ਜ਼ਹਿਰੀਲੇ ਤੱਤ ਐਸੀਟਾਲਡੀਹਾਈਡ (Acetaldehyde) ਨੂੰ ਸਾਫ਼ ਕਰਨ ਲਈ ਜਿਗਰ ਨੂੰ ਘੰਟਿਆਂ ਬੱਧੀ ਵਾਧੂ ਮਿਹਨਤ ਕਰਨੀ ਪੈਂਦੀ ਹੈ, ਜਿਸ ਕਾਰਨ ਅਗਲੇ ਦਿਨ ਸਿਰਦਰਦ, ਬੇਚੈਨੀ ਅਤੇ ਸਰੀਰਕ ਟੁੱਟ-ਭੱਜ ਰਹਿੰਦੀ ਹੈ।

2. ਵੀਕਐਂਡ 'ਤੇ ਸ਼ਰਾਬ (ਹ.ਫ਼ਤੇ ਵਿੱਚ ਇੱਕ ਵਾਰ): ਫ਼ੈਟੀ ਲੀਵਰ ਦਾ ਮੁੱਖ ਕਾਰਨ

ਸ਼ਹਿਰੀ ਨੌਜਵਾਨਾਂ ਅਤੇ ਕਾਰਪੋਰੇਟ ਪੇਸ਼ੇਵਰਾਂ ਵਿੱਚ ਹਫ਼ਤੇ ਦੇ ਅਖ਼ੀਰ 'ਤੇ ਇਕੱਠੀ ਸ਼ਰਾਬ ਪੀਣ (Binge Drinking) ਦਾ ਰੁਝਾਨ ਸਭ ਤੋਂ ਵੱਧ ਹੈ:

**ਜਿਗਰ 'ਤੇ ਅਚਾਨਕ ਹਮਲਾ:** ਇੱਕੋ ਬੈਠਕ ਵਿੱਚ 3-4 ਪੈੱਗ ਜਾਂ ਇਸ ਤੋਂ ਵੱਧ ਪੀਣ ਨਾਲ ਜਿਗਰ ਦੇ ਸੈੱਲ ਅਲਕੋਹਲ ਨੂੰ ਪ੍ਰੋਸੈੱਸ ਕਰਨ ਵਿੱਚ ਅਸਮਰੱਥ ਹੋ ਜਾਂਦੇ ਹਨ।

**ਚਰਬੀ ਦਾ ਜਮਾਵ:** ਲਗਾਤਾਰ ਵੀਕਐਂਡ 'ਤੇ ਇਹ ਆਦਤ ਜਿਗਰ ਦੇ ਸੈੱਲਾਂ ਅੰਦਰ ਚਰਬੀ ਜਮ੍ਹਾਂ ਕਰਨਾ ਸ਼ੁਰੂ ਕਰ ਦਿੰਦੀ ਹੈ, ਜੋ ਬਿਨਾਂ ਕਿਸੇ ਲੱਛਣ ਦੇ ਸਿੱਧਾ ਨਾਨ-ਅਲਕੋਹਲਿਕ ਤੋਂ ਅਲਕੋਹਲਿਕ ਫ਼ੈਟੀ ਲੀਵਰ ਵੱਲ ਧੱਕਦੀ ਹੈ।

ਸੋਮਵਾਰ ਦੀ ਸੁਸਤੀ (Monday Blues): ਵੀਕਐਂਡ 'ਤੇ ਪੀਤੀ ਸ਼ਰਾਬ ਦਾ ਅਸਰ ਸਿਰਫ਼ ਐਤਵਾਰ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਦਿਮਾ.ਗੀ ਅਤੇ ਸਰੀਰਕ ਥਕਾਵਟ ਸੋਮਵਾਰ ਅਤੇ ਮੰਗਲਵਾਰ ਤੱਕ ਕੰਮਕਾਜੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ।

3. ਹ.ਫ਼ਤੇ ਵਿੱਚ 3 ਤੋਂ 5 ਦਿਨ ਸ਼ਰਾਬ ਪੀਣਾ: ਮੈਟਾਬੋਲਿਜ਼ਮ ਅਤੇ ਸ਼ੂਗਰ 'ਤੇ ਸਿੱਟੇ

ਜਿਹੜੇ ਵਿਅਕਤੀ ਹ.ਫ਼ਤੇ ਵਿੱਚ ਅੱਧੇ ਤੋਂ ਵੱਧ ਦਿਨ ਸ਼ਰਾਬ ਦਾ ਸੇਵਨ ਕਰਦੇ ਹਨ, ਉਨ੍ਹਾਂ ਦਾ ਅੰਦਰੂਨੀ ਸਰੀਰਕ ਸੰਤੁਲਨ ਗੰਭੀਰ ਰੂਪ ਵਿੱਚ ਡਗਮਗਾ ਜਾਂਦਾ ਹੈ:

**ਅੰਗਾਂ ਨੂੰ ਰਿਕਵਰੀ ਦਾ ਮੌਕਾ ਨਹੀਂ:** ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਮੁਕਤ ਹੋਣ ਲਈ ਘੱਟੋ-ਘੱਟ 48 ਤੋਂ 72 ਘੰਟਿਆਂ ਦੇ ਨਿਰਵਿਘਨ ਆਰਾਮ ਦੀ ਲੋੜ ਹੁੰਦੀ ਹੈ। ਲਗਾਤਾਰ ਅੰਤਰਾਲ 'ਤੇ ਪੀਣ ਨਾਲ ਜਿਗਰ ਨੂੰ ਕਦੇ ਸਾਹ ਲੈਣ ਦਾ ਸਮਾਂ ਹੀ ਨਹੀਂ ਮਿਲਦਾ।

**ਮੈਟਾਬੋਲਿਜ਼ਮ ਦੀ ਖੜੋਤ ਤੇ ਸ਼ੂਗਰ:** ਅਲਕੋਹਲ ਇਨਸੁਲਿਨ ਦੀ ਸੰਵੇਦਨਸ਼ੀਲਤਾ ਨੂੰ ਵਿਗਾੜ ਦਿੰਦੀ ਹੈ, ਜਿਸ ਕਾਰਨ ਬਲੱਡ ਸ਼ੂਗਰ ਦਾ ਪੱਧਰ ਅਸੰਤੁਲਿਤ ਹੋ ਜਾਂਦਾ ਹੈ ਅਤੇ ਢਿੱਡ ਦੀ ਚਰਬੀ (Visceral Fat) ਤੇਜ਼ੀ ਨਾਲ ਵਧਦੀ ਹੈ।

ਗੰਭੀਰ ਸੋਜਿਸ਼ (Chronic Inflammation): ਜਿਗਰ ਅਤੇ ਅੰਤੜੀਆਂ ਵਿੱਚ ਲਗਾਤਾਰ ਸੋਜਿਸ਼ ਰਹਿਣ ਲੱਗਦੀ ਹੈ, ਜਿਸ ਨਾਲ ਪਾਚਨ ਤੰਤਰ ਕਮਜ਼ੋਰ ਹੋ ਜਾਂਦਾ ਹੈ।

**4. ਰੋਜ਼ਾਨਾ ਸ਼ਰਾਬ ਪੀਣਾ: ਸਰੀਰਕ ਤਬਾਹੀ ਦਾ 'ਰੈੱਡ ਜ਼ੋਨ'**

ਰੋਜ਼ਾਨਾ ਜਾਮ ਛਲਕਾਉਣ ਵਾਲੇ ਵਿਅਕਤੀ ਮੈਡੀਕਲ ਲਿਹਾਜ਼ ਨਾਲ ਸਭ ਤੋਂ ਖ਼ਤਰਨਾਕ ਜ਼ੋਨ ਵਿੱਚ ਹੁੰਦੇ ਹਨ:

ਲੀਵਰ ਸਿਰੋਸਿਸ (Cirrhosis): ਜਿਗਰ ਦੇ ਤੰਦਰੁਸਤ ਟਿਸ਼ੂ ਸੜ ਕੇ ਸਖ਼ਤ ਹੋ ਜਾਂਦੇ ਹਨ (ਫਾਈਬਰੋਸਿਸ), ਜੋ ਅੰਤ ਵਿੱਚ ਲੀਵਰ ਫੇਲ੍ਹ ਹੋਣ ਦਾ ਕਾਰਨ ਬਣਦੇ ਹਨ। ਇਹ ਇੱਕ ਅਜਿਹੀ ਸਥਿਤੀ ਹੈ ਜਿੱਥੋਂ ਵਾਪਸੀ ਸੰਭਵ ਨਹੀਂ ਹੁੰਦੀ।

**ਕੈਂਸਰ ਦਾ ਵੱਡਾ ਖ਼ਤਰਾ:** ਵਿਸ਼ਵ ਸਿਹਤ ਸੰਗਠਨ ਦੀ ਇੰਟਰਨੈਸ਼ਨਲ ਏਜੰਸੀ ਫ਼ਾਰ ਰਿਸਰਚ ਆਨ ਕੈਂਸਰ (IARC) ਅਨੁਸਾਰ ਅਲਕੋਹਲ ਇੱਕ ਗਰੁੱਪ-1 ਕਾਰਸੀਨੋਜਨ (ਕੈਂਸਰ ਪੈਦਾ ਕਰਨ ਵਾਲਾ ਤੱਤ) ਹੈ। ਰੋਜ਼ਾਨਾ ਸ਼ਰਾਬ ਪੀਣ ਨਾਲ ਮੂੰਹ, ਸੰਘ, ਭੋਜਨ ਨਲੀ, ਛਾਤੀ ਅਤੇ ਜਿਗਰ ਦੇ ਕੈਂਸਰ ਦਾ ਖ਼ਤਰਾ ਕਈ ਗੁਣਾ ਵਧ ਜਾਂਦਾ ਹੈ।

ਦਿਲ ਅਤੇ ਪੈਨਕ੍ਰੀਅਸ ਨੂੰ ਨੁਕਸਾਨ: ਲਗਾਤਾਰ ਅਲਕੋਹਲ ਕਾਰਨ ਪੈਨਕ੍ਰੀਅਸ ਦੀ ਘਾਤਕ ਸੋਜ (Pancreatitis), ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਪੱਠਿਆਂ ਦੀ ਕਮਜ਼ੋਰੀ (Cardiomyopathy) ਅਤੇ ਦਿਲ ਦੇ ਦੌਰੇ ਦਾ ਖ਼ਦਸ਼ਾ ਬਹੁਤ ਜ਼ਿਆਦਾ ਰਹਿੰਦਾ ਹੈ।

ਮੈਡੀਕਲ ਮਾਹਿਰਾਂ ਦੀ ਸਪੱਸ਼ਟ ਸਲਾਹ ਹੈ ਕਿ ਸ਼ਰਾਬ ਦੀ ਖਪਤ ਨੂੰ ਕਿਸੇ ਵੀ ਪੈਮਾਨੇ 'ਤੇ 'ਸੁਰੱਖਿਅਤ' ਜਾਂ 'ਲਾਹੇਵੰਦ' ਸਮਝਣ ਦੀ ਭੁੱਲ ਨਾ ਕੀਤੀ ਜਾਵੇ। ਸਰੀਰ ਦੇ ਸਮੁੱਚੇ ਅੰਗਾਂ ਨੂੰ ਨਰੋਆ ਰੱਖਣ ਲਈ ਸ਼ਰਾਬ ਤੋਂ ਮੁਕੰਮਲ ਪਰਹੇਜ਼ ਕਰਨਾ ਜਾਂ ਇਸ ਦੀ ਮਾਤਰਾ ਨੂੰ ਤੁਰੰਤ ਘਟਾਉਣਾ ਹੀ ਜੀਵਨ-ਰੱਖਿਅਕ ਕਦਮ ਹੈ।

| ਸ਼ਰਾਬ ਦੀ ਖਪਤ ਦੇ ਆਧਾਰ 'ਤੇ ਸਰੀਰ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਤੁਲਨਾਤਮਕ ਵੇਰਵਾ | | |
|---|---|---|
| ਸ਼ਰਾਬ ਪੀਣ ਦੀ ਬਾਰੰਬਾਰਤਾ | ਸਰੀਰ ਅਤੇ ਅੰਗਾਂ 'ਤੇ ਮੁੱਖ ਪ੍ਰਭਾਵ | ਹੋਣ ਵਾਲੀਆਂ ਬਿਮਾਰੀਆਂ / ਸਿਹਤ ਜੋਖ਼ਮ |
| ਮਹੀਨੇ ਵਿੱਚ ਇੱਕ ਵਾਰ | ਨਿਊਰੋਨਲ ਗਤੀਵਿਧੀ ਮੱਠੀ ਹੋਣਾ, ਡੀਹਾਈਡ੍ਰੇਸ਼ਨ, ਸਿਰਦਰਦ ਤੇ ਹੈਂਗਓਵਰ | ਜਿਗਰ 'ਤੇ ਅਸਥਾਈ ਦਬਾਅ, ਨੀਂਦ ਦਾ ਕੁਦਰਤੀ ਚੱਕਰ (REM Sleep) ਪ੍ਰਭਾਵਿਤ |
**ਪੰਚਾਇਤੀ ਰਾਜ ਦੇ ਅਧਿਕਾਰ ਮਜ਼ਬੂਤ ਹੋਣ:** ਗ੍ਰਾਮ ਪੰਚਾਇਤਾਂ ਨੂੰ ਸੰਵਿਧਾਨਕ ਤੌਰ 'ਤੇ ਮਿਲੇ ਵਿਕਾਸ ਕਾਰਜਾਂ ਦੇ ਅਧਿਕਾਰਾਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਬੰਦ ਕੀਤੀ ਜਾਵੇ।

**ਮਾਣ-ਭੱਤੇ (Honorarium) ਵਿੱਚ ਵਾਧਾ:** ਮਹਿੰਗਾਈ ਦੇ ਮੱਦੇਨਜ਼ਰ ਸਰਪੰਚਾਂ ਅਤੇ ਪੰਚਾਂ ਦੇ ਮਾਸਿਕ ਮਾਣ-ਭੱਤੇ ਵਿੱਚ ਵਾਜਬ ਵਾਧਾ ਕੀਤਾ ਜਾਵੇ।

**ਸਖ਼ਤ ਪ੍ਰਸ਼ਾਸਨਿਕ ਨਿਯਮ ਵਾਪਸ ਲਏ ਜਾਣ:** ਪੰਚਾਇਤਾਂ ਦੇ ਫੰਡਾਂ ਅਤੇ ਕੰਮਕਾਜ 'ਤੇ ਲਗਾਈਆਂ ਗਈਆਂ ਗ਼ੈਰ-ਜ਼ਰੂਰੀ ਪ੍ਰਸ਼ਾਸਨਿਕ ਪਾਬੰਦੀਆਂ ਅਤੇ ਅਫ਼ਸਰਸ਼ਾਹੀ ਰੁਕਾਵਟਾਂ ਨੂੰ ਤੁਰੰਤ ਰੱਦ ਕੀਤਾ ਜਾਵੇ।

ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਚਾਇਤੀ ਰਾਜ ਪ੍ਰਣਾਲੀ ਨੂੰ ਖ਼ੁਦਮੁਖ਼ਤਿਆਰੀ ਨਾ ਦਿੱਤੀ ਗਈ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਰਾਜ ਪੱਧਰੀ 'ਜੰਗਲੀ ਜੀਵ ਹਫ਼ਤੇ' ਦੇ ਪਹਿਲੇ ਦਿਨ ਭੋਪਾਲ ਦੇ ਵਨ ਵਿਹਾਰ ਵਿਖੇ ਪੇਂਟਿੰਗ ਮੁਕਾਬਲਾ

## ਬੱਚਿਆਂ ਨੇ ਕੈਨਵਸ 'ਤੇ ਉਕੇਰੇ ਜੰਗਲੀ ਜੀਵ ਸੁਰੱਖਿਆ ਦੇ ਰੰਗ



ਭੋਪਾਲ : ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਸਥਿਤ ਮਸ਼ਹੂਰ 'ਵਨ ਵਿਹਾਰ ਨੈਸ਼ਨਲ ਪਾਰਕ' ਵਿਖੇ ਵੀਰਵਾਰ ਨੂੰ ਰਾਜ ਪੱਧਰੀ 'ਜੰਗਲੀ ਜੀਵ ਹਫ਼ਤੇ' (State-Level Wildlife Week) ਦੀ ਸ਼ੁਰੂਆਤ ਮੌਕੇ ਸਕੂਲੀ ਬੱਚਿਆਂ ਲਈ ਇੱਕ ਵਿਸ਼ੇਸ਼ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ।

ਮੁਕਾਬਲੇ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਕਲਾ ਰਾਹੀਂ ਜੰਗਲੀ ਜੀਵਾਂ, ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਅਤੇ ਵਾਤਾਵਰਨ ਸੰਤੁਲਨ ਦਾ ਸੁਨੇਹਾ ਦਿੰਦੀਆਂ ਖ਼ੂਬਸੂਰਤ ਤਸਵੀਰਾਂ ਕੈਨਵਸ 'ਤੇ ਉਕੇਰੀਆਂ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇਸ ਹਫ਼ਤਾਵਾਰੀ ਸਮਾਗਮ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਵਿੱਚ ਜੰਗਲੀ ਜੀਵਾਂ ਪ੍ਰਤੀ ਜਾਗਰੂਕਤਾ, ਪ੍ਰੇਮ ਅਤੇ ਕੁਦਰਤੀ ਵਿਰਾਸਤ ਨੂੰ ਬਚਾਉਣ ਦੀ ਭਾਵਨਾ ਪੈਦਾ ਕਰਨਾ ਹੈ। ਜੇਤੂ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਪਿਤ੍ਰ ਪੱਖ ਮੌਕੇ ਪਟਨਾ 'ਚ ਗੰਗਾ ਨਦੀ ਦੇ ਕੰਢੇ ਸ਼ਰਧਾਲੂਆਂ ਵੱਲੋਂ ਪੂਜਾ-ਅਰਚਨਾ ਤੇ ਪਿੰਡ ਦਾਨ ਦੀਆਂ ਰਸਮਾਂ ਅਦਾ



ਪਟਨਾ -ਪਿਤ੍ਰ ਪੱਖ (ਸਰਾਧਾਂ) ਦੇ ਪਵਿੱਤਰ ਮੌਕੇ ਵੀਰਵਾਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਗੰਗਾ ਨਦੀ ਦੇ ਵੱਖ-ਵੱਖ ਘਾਟਾਂ 'ਤੇ ਸ਼ਰਧਾਲੂਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸ਼ਰਧਾਲੂਆਂ ਨੇ ਗੰਗਾ ਨਦੀ ਦੇ ਪਵਿੱਤਰ ਜਲ ਵਿੱਚ ਇਸ਼ਨਾਨ ਕਰਨ ਉਪਰੰਤ ਆਪਣੇ ਵਡਾਰੂਆਂ (ਪੁਰਖਿਆਂ) ਦੀ ਆਤਮਿਕ ਸ਼ਾਂਤੀ ਅਤੇ ਮੁਕਤੀ ਲਈ ਪਿੰਡ ਦਾਨ, ਤਰਪਣ ਅਤੇ ਧਾਰਮਿਕ ਰੀਤੀ-ਰਿਵਾਜ ਨਿਭਾਏ।

ਪਿਤ੍ਰ ਪੱਖ ਦੌਰਾਨ ਹਰ ਸਾਲ ਦੇਸ਼ ਭਰ ਵਿੱਚੋਂ ਲੱਖਾਂ ਸ਼ਰਧਾਲੂ ਗੰਗਾ ਦੇ ਘਾਟਾਂ 'ਤੇ ਪਹੁੰਚ ਕੇ ਪੁਰਖਿਆਂ ਨੂੰ ਜਲ ਅਰਪਿਤ ਕਰਦੇ ਹਨ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਦਾਨ-ਪੁੰਨ ਕਰਦੇ ਹਨ। ਘਾਟਾਂ 'ਤੇ ਸ਼ਰਧਾਲੂਆਂ ਦੀ ਸਹੂਲਤ ਅਤੇ ਸੁਰੱਖਿਆ ਲਈ ਸਥਾਨਕ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

# ਪਟਨਾ 'ਚ ਹੜ੍ਹਾਂ ਦਾ ਕਹਿਰ: ਨਕਟਾ ਦਿਆਰਾ ਦੇ ਨੀਵੇਂ ਇਲਾਕਿਆਂ 'ਚ ਪਾਣੀ ਭਰਨ ਮਗਰੋਂ ਬੇੜੀਆਂ ਰਾਹੀਂ ਸੁਰੱਖਿਅਤ ਥਾਵਾਂ ਵੱਲ ਹਿਜਰਤ ਕਰਨ ਲਈ ਮਜਬੂਰ ਹੋਏ ਲੋਕ

## ਗੰਗਾ ਦੇ ਪਾਣੀ ਦਾ ਪੱਧਰ ਵਧਣ ਕਾਰਨ ਦਰਜਨਾਂ ਪਿੰਡ ਜਲ-ਥਲ; ਘਰਾਂ 'ਚ ਦਾਖ਼ਲ ਹੋਇਆ 3 ਤੋਂ 4 ਫੁੱਟ ਪਾਣੀ; ਪਸ਼ੂਆਂ ਅਤੇ ਜ਼ਰੂਰੀ ਘਰੇਲੂ ਸਮਾਨ ਸਮੇਤ ਕਿਸ਼ਤੀਆਂ ਹੀ ਬਣੀਆਂ ਆਵਾਜਾਈ ਦਾ ਸਹਾਰਾ; ਪ੍ਰਸ਼ਾਸਨ ਤੋਂ ਤੁਰੰਤ ਰਾਹਤ ਦੀ ਮੰਗ











ਪਟਨਾ : ਬਿਹਾਰ ਦੀ ਰਾਜਧਾਨੀ ਪਟਨਾ ਦੇ ਨਾਲ ਲੱਗਦੇ ਨਕਟਾ ਦਿਆਰਾ ਅਤੇ ਹੋਰਨਾਂ ਨੀਵੇਂ ਇਲਾਕਿਆਂ ਵਿੱਚ ਗੰਗਾ ਨਦੀ ਦੇ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੇੜੇ ਪਹੁੰਚਣ ਕਾਰਨ ਹੜ੍ਹਾਂ ਨੇ ਭਾਰੀ ਤਬਾਹੀ ਮਚਾ ਦਿੱਤੀ ਹੈ। ਵੀਰਵਾਰ ਨੂੰ ਪ੍ਰਭਾਵਿਤ ਖੇਤਰਾਂ ਵਿੱਚ ਹਾਲਾਤ ਬੇਹੱਦ ਗੰਭੀਰ ਹੋ ਗਏ, ਜਿੱਥੇ ਸੈਂਕੜੇ ਵਸਨੀਕ ਆਪਣੇ ਨਿੱਜੀ ਘਰੇਲੂ ਸਮਾਨ, ਅਨਾਜ ਅਤੇ ਪਾਲਤੂ ਪਸ਼ੂਆਂ ਸਮੇਤ ਦੇਸੀ ਬੇੜੀਆਂ (ਕਿਸ਼ਤੀਆਂ) ਰਾਹੀਂ ਸੁਰੱਖਿਅਤ ਉੱਚੇ ਸਥਾਨਾਂ ਵੱਲ ਹਿਜਰਤ ਕਰਦੇ ਦੇਖੇ ਗਏ।

ਲਗਾਤਾਰ ਪਾਣੀ ਦੇ ਤੇਜ਼ ਵਹਾਅ ਕਾਰਨ ਦਿਆਰਾ ਖੇਤਰ ਦੇ ਕਈ ਪਿੰਡਾਂ ਦਾ ਸ਼ਹਿਰ ਨਾਲੋਂ ਜ਼ਮੀਨੀ ਸੰਪਰਕ ਪੂਰੀ ਤਰ੍ਹਾਂ ਕੱਟਿਆ ਗਿਆ ਹੈ। ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਪਾਣੀ ਵਿੱਚ ਡੁੱਬ ਚੁੱਕੀਆਂ ਹਨ ਅਤੇ ਘਰਾਂ ਅੰਦਰ 3 ਤੋਂ 4 ਫੁੱਟ ਪਾਣੀ ਭਰ ਜਾਣ ਕਾਰਨ ਲੋਕਾਂ ਦੀਆਂ ਛੱਤਾਂ ਹੀ ਆਰਜ਼ੀ ਓਟ ਬਣੀਆਂ ਹੋਈਆਂ ਹਨ। ਪੀੜਤ ਪਰਿਵਾਰਾਂ ਨੇ ਪ੍ਰਸ਼ਾਸਨ 'ਤੇ ਢਿੱਲਮੱਠ ਦੇ ਦੋਸ਼ ਲਾਉਂਦਿਆਂ ਤੁਰੰਤ ਖਾਣ-ਪੀਣ ਦੀ ਸਮੱਗਰੀ, ਦਵਾਈਆਂ, ਸਾਫ਼ ਪੀਣ ਵਾਲਾ ਪਾਣੀ ਅਤੇ ਪੱਕੇ ਰਾਹਤ ਕੈਂਪ ਸਥਾਪਿਤ ਕਰਨ ਦੀ ਗੁਹਾਰ ਲਗਾਈ ਹੈ।

ਪਟਨਾ: ਹੜ੍ਹਾਂ ਦਾ ਕਹਿਰ! ਨਕਟਾ ਦਿਆਰਾ ਦੇ ਨੀਵੇਂ ਇਲਾਕੇ ਪਾਣੀ 'ਚ ਡੁੱਬੇ!

ਘਰਾਂ 'ਚ ਭਰਿਆ ਪਾਣੀ: ਗੰਗਾ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ ਪਿੰਡਾਂ ਦਾ ਸ਼ਹਿਰ ਨਾਲੋਂ ਜ਼ਮੀਨੀ ਸੰਪਰਕ ਟੁੱਟਿਆ।

ਬੇੜੀਆਂ ਰਾਹੀਂ ਹਿਜਰਤ: ਪਿੰਡ ਵਾਸੀ ਪਸ਼ੂਆਂ ਅਤੇ ਜ਼ਰੂਰੀ ਸਮਾਨ ਸਮੇਤ ਕਿਸ਼ਤੀਆਂ ਰਾਹੀਂ ਸੁਰੱਖਿਅਤ ਥਾਵਾਂ ਵੱਲ ਜਾਣ ਲਈ ਮਜਬੂਰ।

ਪੀੜਤਾਂ ਦੀ ਗੁਹਾਰ: ਪ੍ਰਸ਼ਾਸਨ ਤੋਂ ਸੁੱਕੇ ਰਾਸ਼ਨ, ਪੀਣ ਵਾਲੇ ਸਾਫ਼ ਪਾਣੀ ਅਤੇ ਤੁਰੰਤ ਮੈਡੀਕਲ ਸਹਾਇਤਾ ਕੈਂਪ ਲਗਾਉਣ ਦੀ ਮੰਗ।

ਹੜ੍ਹ ਪ੍ਰਭਾਵਿਤ ਖੇਤਰ ਦੇ ਮੁੱਖ ਵੇਰਵੇ

ਪ੍ਰਭਾਵਿਤ ਖੇਤਰ : ਨਕਟਾ ਦਿਆਰਾ, ਪਟਨਾ ਦਿਹਾਤੀ ਅਤੇ ਨੀਵੇਂ ਦਰਿਆਈ ਇਲਾਕੇ (ਬਿਹਾਰ)

ਮੁੱਖ ਕਾਰਨ : ਗੰਗਾ ਅਤੇ ਸਹਾਇਕ ਨਦੀਆਂ ਵਿੱਚ ਪਾਣੀ ਦਾ ਪੱਧਰ ਅਚਾਨਕ ਵਧਣਾ

ਮੌਜੂਦਾ ਸਥਿਤੀ : ਰਿਹਾਇਸ਼ੀ ਘਰਾਂ ਅਤੇ ਖੇਤਾਂ ਵਿੱਚ ਹੜ੍ਹ ਦਾ ਪਾਣੀ ਦਾਖ਼ਲ; ਜ਼ਮੀਨੀ ਰਸਤੇ ਬੰਦ

ਆਵਾਜਾਈ ਦਾ ਸਾਧਨ ਦੇਸੀ : ਕਿਸ਼ਤੀਆਂ (ਬੇੜੀਆਂ) ਹੀ ਆਉਣ-ਜਾਣ ਦਾ ਇਕਲੌਤਾ ਵਸੀਲਾ

ਵਿਸਥਾਪਨ: ਲੋਕ ਪਸ਼ੂਆਂ ਅਤੇ ਘਰੇਲੂ ਸਮਾਨ ਸਮੇਤ ਉੱਚੀਆਂ ਥਾਵਾਂ ਤੇ ਬੰਨ੍ਹਾਂ ਵੱਲ ਸ਼ਿਫ਼ਟ

ਮੁੱਖ ਮੰਗਾਂ : ਰਾਸ਼ਨ ਸਮੱਗਰੀ, ਪੀਣ ਵਾਲਾ ਪਾਣੀ, ਪਸ਼ੂਆਂ ਲਈ ਚਾਰਾ ਅਤੇ ਸਰਕਾਰੀ ਮੈਡੀਕਲ ਕੈਂਪ

ਜ਼ਮੀਨੀ ਰਸਤੇ ਟੁੱਟੇ; ਬੇੜੀਆਂ ਹੀ ਬਚਾਅ ਦਾ ਇੱਕੋ-ਇੱਕ ਸਹਾਰਾ

ਹੜ੍ਹ ਦੇ ਪਾਣੀ ਦੀ ਮਾਰ ਹੇਠ ਆਏ ਨਕਟਾ ਦਿਆਰਾ ਦੇ ਲੋਕਾਂ ਨੇ ਆਪਣੀ ਦਰਦਨਾਕ ਦਾਸਤਾਨ ਸਾਂਝੀ ਕਰਦਿਆਂ ਦੱਸਿਆ:

**ਜ਼ਮੀਨੀ ਸੰਪਰਕ ਠੱਪ:** ਪਿੰਡਾਂ ਨੂੰ ਜੋੜਨ ਵਾਲੀਆਂ ਸਾਰੀਆਂ ਮੁੱਖ ਸੜਕਾਂ ਅਤੇ ਪੁਲੀਆਂ ਪਾਣੀ ਵਿੱਚ ਡੁੱਬ ਜਾਣ ਕਾਰਨ ਪੈਦਲ ਜਾਂ ਗੱਡੀਆਂ ਰਾਹੀਂ ਆਉਣਾ-ਜਾਣਾ ਨਾਮੁਮਕਿਨ ਹੋ ਗਿਆ ਹੈ। ਮਰੀਜ਼ਾਂ ਅਤੇ ਬਜ਼ੁਰਗਾਂ ਨੂੰ ਸ਼ਹਿਰ ਦੇ ਹਸਪਤਾਲਾਂ ਤੱਕ ਪਹੁੰਚਾਉਣ ਲਈ ਲੋਕ ਸਿਰਫ਼ ਕਿਸ਼ਤੀਆਂ ਦੇ ਭਰੋਸੇ ਹਨ।

**ਪਸ਼ੂ ਧਨ 'ਤੇ ਸੰਕਟ:** ਪਿੰਡ ਵਾਸੀਆਂ ਲਈ ਆਪਣੇ ਦੁਧਾਰੂ ਪਸ਼ੂਆਂ ਦੀ ਜਾਨ ਬਚਾਉਣਾ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ। ਲੋਕ ਬੇੜੀਆਂ ਵਿੱਚ ਗਾਵਾਂ ਅਤੇ ਮੱਝਾਂ ਨੂੰ ਬਿਠਾ ਕੇ ਦਰਿਆ ਦੇ ਪਾਰ ਸੁਰੱਖਿਅਤ ਥਾਵਾਂ 'ਤੇ ਲੈ ਜਾ ਰਹੇ ਹਨ। ਖੇਤ ਪਾਣੀ ਵਿੱਚ ਡੁੱਬਣ ਕਾਰਨ ਪਸ਼ੂਆਂ ਲਈ ਹਰੇ ਚਾਰੇ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ।

**ਬਿਮਾਰੀਆਂ ਦਾ ਖ਼ਦਸ਼ਾ:** ਪੀਣ ਵਾਲੇ ਪਾਣੀ ਦੇ ਨਲਕੇ ਪਾਣੀ ਵਿੱਚ ਡੁੱਬ ਜਾਣ ਕਾਰਨ ਗੰਦੇ ਪਾਣੀ ਕਾਰਨ ਪੇਟ ਦੀਆਂ ਬਿਮਾਰੀਆਂ ਅਤੇ ਲਾਗ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ।

ਪ੍ਰਭਾਵਿਤ ਲੋਕਾਂ ਨੇ ਮੰਗ ਕੀਤੀ ਹੈ ਕਿ ਸੂਬਾਈ ਆਫ਼ਤ ਪ੍ਰਬੰਧਨ ਵਿਭਾਗ (SDRF) ਦੀਆਂ ਕਿਸ਼ਤੀਆਂ ਤੁਰੰਤ ਤਾਇਨਾਤ ਕੀਤੀਆਂ ਜਾਣ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਜਾਵੇ।

ਆਫ਼ਤ ਪ੍ਰਬੰਧਨ ਅਤੇ ਪੱਤਰਕਾਰੀ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਸਮੱਗਰੀ ਪਟਨਾ (ਨਕਟਾ ਦਿਆਰਾ) ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਜ਼ਮੀਨੀ ਬਿਆਨਾਂ, ਏ.ਐੱਨ.ਆਈ. (ANI) ਦੇ ਵੀਡੀਓ/ਪ੍ਰੈੱਸ ਵੇਰਵਿਆਂ ਅਤੇ ਸਥਾਨਕ ਘਟਨਾਕ੍ਰਮ 'ਤੇ ਆਧਾਰਿਤ ਹੈ।

**ਸੁਰੱਖਿਆ ਤੇ ਰਾਹਤ ਕਾਰਜ:** ਦਰਿਆਈ ਖੇਤਰਾਂ ਵਿੱਚ ਪਾਣੀ ਦੇ ਵਧਦੇ ਪੱਧਰ ਕਾਰਨ ਆਵਾਜਾਈ ਲਈ ਸਰਕਾਰੀ ਐੱਸ.ਡੀ.ਆਰ.ਐੱਫ. (SDRF) ਅਤੇ ਪ੍ਰਸ਼ਾਸਨਿਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕਾਰਜਾਂ ਸੰਬੰਧੀ ਜਾਰੀ ਕਿਸੇ ਵੀ ਅਧਿਕਾਰਤ ਅਪਡੇਟ ਨੂੰ ਪੱਤਰਕਾਰੀ ਨੇਮਾਂ ਅਨੁਸਾਰ ਸ਼ਾਮਲ ਕੀਤਾ ਜਾਵੇਗਾ।

# ਇਜ਼ਰਾਈਲੀ ਮੁਸਾਫ਼ਰਾਂ ਨੂੰ ਲੈ ਕੇ 'ਫ਼ਲਾਈਦੁਬਈ' ਦੀ ਬਚਾਅ ਉਡਾਣ ਬੈਨ ਗੁਰੀਅਨ ਹਵਾਈ ਅੱਡੇ 'ਤੇ ਪੁੱਜੀ

## ਤਣਾਅਪੂਰਨ ਹਾਲਾਤ ਦਰਮਿਆਨ ਤੇਲ ਅਵੀਵ ਲੈਂਡ ਹੋਇਆ ਵਿਸ਼ੇਸ਼ ਜਹਾਜ਼

ਤੇਲ ਅਵੀਵ (ਏ.ਐੱਨ.ਆਈ.) : ਯੂ.ਏ.ਈ. ਦੀ ਪ੍ਰਮੁੱਖ ਏਅਰਲਾਈਨ 'ਫ਼ਲਾਈਦੁਬਈ' ਦੀ ਇੱਕ ਵਿਸ਼ੇਸ਼ ਬਚਾਅ ਉਡਾਣ ਇਜ਼ਰਾਈਲੀ ਨਾਗਰਿਕਾਂ ਅਤੇ ਮੁਸਾਫ਼ਰਾਂ ਨੂੰ ਸੁਰੱਖਿਅਤ ਲੈ ਕੇ ਵੀਰਵਾਰ ਨੂੰ ਤੇਲ ਅਵੀਵ ਸਥਿਤ ਬੈਨ ਗੁਰੀਅਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉੱਤਰੀ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਾਜ਼ਾ ਭੂ-ਰਾਜਨੀਤਿਕ ਤਣਾਅ, ਹਵਾਈ ਰੂਟਾਂ ਦੀਆਂ ਬੰਦਸ਼ਾਂ ਅਤੇ ਕਈ ਅੰਤਰਰਾਸ਼ਟਰੀ ਏਅਰਲਾਈਨਾਂ ਵੱਲੋਂ ਉਡਾਣਾਂ ਮੁਲਤਵੀ ਕੀਤੇ ਜਾਣ ਕਾਰਨ ਵਿਦੇਸ਼ਾਂ ਵਿੱਚ ਫਸੇ ਹੋਏ ਇਜ਼ਰਾਈਲੀ ਨਾਗਰਿਕਾਂ ਦੀ ਵਤਨ ਵਾਪਸੀ ਲਈ ਇਹ ਵਿਸ਼ੇਸ਼ ਉਡਾਣ ਚਲਾਈ ਗਈ ਸੀ। ਹਵਾਈ ਅੱਡੇ 'ਤੇ ਪੁੱਜਣ 'ਤੇ ਮੁਸਾਫ਼ਰਾਂ ਅਤੇ ਉਨ੍ਹਾਂ ਦੇ ਉਡੀਕ ਰਹੇ ਪਰਿਵਾਰਕ ਮੈਂਬਰਾਂ ਨੇ ਸੁੱਖ ਦਾ ਸਾਹ ਲਿਆ। ਸਥਾਨਕ ਹਵਾਬਾਜ਼ੀ ਅਧਿਕਾਰੀਆਂ ਅਨੁਸਾਰ ਖੇਤਰੀ ਹਾਲਾਤਾਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਹਵਾਈ ਆਵਾਜਾਈ ਅਤੇ ਮੁਸਾਫ਼ਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।






AIA ASSOCIATION OF INDO AMERICANS
ASSOCIATION OF INDO AMERICANS & BOLLY 92.3FM
BOLLY 92.3FM
DUSSEHRA DIWALI DHAMAKA
DIWALI AT TIMES SQUARE
Sponsor NBC BAY AREA
SPECTACULAR FIRE WORKS
Sanjiv Gupta certified public accountant
HIGHLIGHTS
RAM LEELA | FESTIVAL SHOPPING
FREE HEALTH FAIR | CARNIVAL RIDES
(South Asian Heart Center)
CHESS & CARROMS COMPETITION
TAMBOLA
EPIC 40FT RAAVAN DEHAN
Scan to Buy Tickets
www.aiaevents.org
10-FOOT-TALL DURGA IDOL
DISCO DANDIYA
25+ FOOD VENDORS
HANUMAN CHALISA SAHASRA PAATH
RATH YATRA
SINDHOOR KHELA
MAHA MANGALARATI
17TH OCT, 2026 | 12 NOON TO 11PM
ALAMEDA COUNTY FAIRGROUNDS, PLEASANTON CA
Diamond Sponsor
xoom A PayPal Service
Platinum Sponsor
LAVANYA DUVVI REALTOR & LOAN AGENT
Powered By
Nagaraj Annaiah
Powered By
GOPI
Travel Partner
Travelopod Best Flight Deals
Educational Partner
LIFOLOGY
Silver Sponsors
mypursu
InstaService
SIERRA PACIFIC PRIVATE WEALTH
VIJETHA
APEX
Vachi Silks
Kavya Foods
Azad
Food Sponsors
CHAAT BHAVAN
Sri's Kitchen
RajaRani
Kabobs 2 Go
MANTRA INDIA
Media Partners
TV9 USA
Sulekha
CBS
Diya TV
IndiaCurrents
indica news
FOR DETAILS CONTACT : (408)490-0220 | (510)421-3535 | (408)499-6530
/aiaevents.org /aia.events /AIA_Events /aia.events

# 29 ਸਤੰਬਰ 1914 ਨੂੰ ਹੋਏ ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੇ ਯੋਧਿਆਂ ਨੂੰ ਕੀਤਾ ਗਿਆ ਯਾਦ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਥੇਦਾਰ ਸਾਹਿਬ ਨੇ ਕੀਤੀ ਬਜ ਬਜ ਘਾਟ 'ਤੇ ਸ਼ਹੀਦਾਂ ਦੀ ਅਰਦਾਸ










112 ਵਰ੍ਹੇ ਪਹਿਲਾਂ ਕੈਨੇਡਾ ਤੋਂ ਨਸਲੀ ਵਿਤਕਰੇ ਅਤੇ ਧੱਕੇਸ਼ਾਹੀ ਨਾਲ ਮੋੜੇ ਗਏ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ 'ਚੋਂ ਬਜ ਬਜ ਘਾਟ ਕਲਕੱਤਾ ਵਿਖੇ ਸ਼ਹੀਦ ਹੋਏ 19 ਸੂਰਬੀਰਾਂ ਦੇ ਇਤਿਹਾਸਿਕ ਸ਼ਹੀਦੀ ਦਿਹਾੜੇ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਸਮਾਗਮ ਹੋਏ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਤੇ ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਦੇ ਸ਼ਹੀਦਾਂ ਨਮਿੱਤ ਖਾਲਸੇ ਦੀ ਜਨਮ ਭੂਮੀ ਵਿਖੇ ਅਰਦਾਸ ਕੀਤੀ। ਅਰਦਾਸ ਬੇਨਤੀ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਜਹਾਜ਼' ਦੇ ਨਾਂ ਅਤੇ ਇਤਿਹਾਸ ਦੀ ਬਹਾਲੀ ਲਈ, ਨਸਲਵਾਦ, ਜ਼ੁਲਮ ਅਤੇ ਬਸਤੀਵਾਦ ਖਿਲਾਫ਼ ਸੰਘਰਸ਼ ਜਾਰੀ ਰੱਖਣ ਲਈ, ਸਤਿਗੁਰੂ ਅੰਗ ਸੰਗ ਸਹਾਈ ਹੋਣ।। ਸ਼ਹੀਦਾਂ ਨਮਿਤ ਪਾਵਨ ਅਰਦਾਸ ਦੇ ਬੋਲ ਇਸ ਪ੍ਰਕਾਰ ਸਨ ਕਿ ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਾਤਸ਼ਾਹ ਵਾਹਿਗੁਰੂ ਜੀਓ! ਆਪ ਜੀ ਦੀ ਓਟ-ਆਸਰੇ, ਭਾਣੇ ਅਤੇ ਹੁਕਮ ਅੰਦਰ, ਬਾਬਾ ਗੁਰਦਿੱਤ ਸਿੰਘ ਜੀ ਵੱਲੋਂ ਆਰੰਭੇ ਗੁਰੂ ਨਾਨਕ ਜਹਾਜ਼ ਸਟੀਮਸ਼ਿਪ ਕੰਪਨੀ ਦੇ ਪੰਥਕ ਉਪਰਾਲੇ ਅਤੇ ਗੁਰੂ ਨਾਨਕ ਜਹਾਜ਼ "ਸਮੁੰਦਰਾਂ ਉੱਤੇ ਪ੍ਰਕਾਸ਼ਮਾਨ ਪਹਿਲੇ ਗੁਰਦੁਆਰਾ ਸਾਹਿਬ" ਨੂੰ ਯਾਦ ਕਰਦਿਆਂ ਆਪ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਹੈ ਹੇ ਸੱਚੇ ਪਾਤਸ਼ਾਹ ਜੀਓ! ਜਿਸ ਗੁਰੂ ਨਾਨਕ ਜਹਾਜ਼ ਉੱਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਸੁਸ਼ੋਭਿਤ ਸੀ, ਨਿਸ਼ਾਨ ਸਾਹਿਬ ਝੂਲਦੇ ਸੀ, ਨਾਮ-ਬਾਣੀ ਦਾ ਪ੍ਰਵਾਹ ਚੱਲਦਾ ਸੀ, ਸੰਗਤ ਜੁੜਦੀ ਸੀ, ਪੰਗਤ ਸਜਦੀ ਸੀ ਅਤੇ ਗੁਰੂ ਕਾ ਲੰਗਰ ਵਰਤਦਾ ਸੀ ਉਸ ਪਾਵਨ ਪੰਥਕ ਯਾਤਰਾ ਦੀ ਯਾਦ ਗੁਰੂ ਪੰਥ ਦੇ ਹਿਰਦਿਆਂ ਵਿੱਚ ਸਦਾ ਕਾਇਮ ਰੱਖਣੀ।

29 ਸਤੰਬਰ 1914 ਨੂੰ ਬਜ ਬਜ ਘਾਟ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਅਤੇ ਗੁਰਮਰਯਾਦਾ ਨੂੰ ਕਾਇਮ ਰੱਖਦਿਆਂ, ਜ਼ੁਲਮ ਅਤੇ ਬੇਇਨਸਾਫ਼ੀ ਅੱਗੇ ਨਾ ਝੁਕਦਿਆਂ, ਚੜ੍ਹਦੀ ਕਲਾ ਵਿੱਚ ਆਪਣੀਆਂ ਜਾਨਾਂ ਵਾਰਨ ਵਾਲੇ ਗੁਰੂ ਨਾਨਕ ਜਹਾਜ਼ ਦੇ ਸਿੰਘਾਂ ਦੀ ਸ਼ਹਾਦਤ ਨੂੰ ਗੁਰੂ ਪੰਥ ਦੀ ਯਾਦ ਵਿੱਚ ਸਦਾ ਕਾਇਮ ਰੱਖਣਾ। ਹੇ ਸੱਚੇ ਪਾਤਸ਼ਾਹ ਜੀਓ! ਵਿਸ਼ਵ ਭਰ ਵਿੱਚ ਗੁਰੂ ਨਾਨਕ ਜਹਾਜ਼ ਦੇ ਸੱਚੇ ਨਾਮ ਅਤੇ ਪੰਥਕ ਇਤਿਹਾਸ ਦੀ ਸੇਵਾ ਵਿੱਚ ਲੱਗੇ ਸਮੂਹ ਸਿੰਘਾਂ-ਸਿੰਘਣੀਆਂ ਉੱਤੇ ਆਪਣੀ ਮਿਹਰ ਭਰੀ ਨਦਰਿ ਰੱਖਣੀ। ਸੇਵਕਾਂ ਨੂੰ ਨਾਮ-ਬਾਣੀ ਨਾਲ ਜੋੜੀ ਰੱਖਣਾ, ਸਿਦਕ, ਸਬਰ, ਬਿਬੇਕ, ਨਿਰਭਉਤਾ ਅਤੇ ਚੜ੍ਹਦੀ ਕਲਾ ਬਖ਼ਸ਼ਣੀ। ਸੱਚ

ਡਾ. ਗੁਰਵਿੰਦਰ ਸਿੰਘ
604 825 1550



ਦੇ ਮਾਰਗ ਉੱਤੇ ਤੁਰਦਿਆਂ ਗੁਰੂ-ਆਸ਼ੇ ਅਨੁਸਾਰ ਸੇਵਾ ਕਰਨ ਦਾ ਬਲ ਬਖ਼ਸ਼ਣਾ। ਅੰਗ-ਸੰਗ ਸਹਾਈ ਹੋਣਾ ਅਤੇ ਪੰਥ ਦੀ ਇਸ ਸੇਵਾ ਨੂੰ ਆਪਣੇ ਭਾਣੇ ਅੰਦਰ ਸੁਫਲ ਕਰਨਾ। ਹੇ ਸੱਚੇ ਪਾਤਸ਼ਾਹ ਜੀਓ, ਜਾਣੀਆਂ -ਅਣਜਾਣੀਆਂ ਭੁੱਲਾਂ-ਚੁੱਕਾਂ ਦੀ ਖ਼ਿਮਾ ਕਰਨੀ। ਗੁਰੂ ਪੰਥ ਨੂੰ ਚੜ੍ਹਦੀ ਕਲਾ ਬਖ਼ਸ਼ਣੀ ਅਤੇ ਸਰਬੱਤ ਉੱਤੇ ਆਪਣੀ ਮਿਹਰ ਭਰੀ ਨਦਰਿ ਰੱਖਣੀ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥

ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਤੋਂ ਇਲਾਵਾ ਕੈਨੇਡਾ, ਅਮਰੀਕਾ ਸਮੇਤ ਦੁਨੀਆ ਭਰ ਦੇ ਗੁਰਦੁਆਰਿਆਂ 'ਚ ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਸਬੰਧੀ ਅਰਦਾਸ ਸਮਾਗਮ ਹੋਏ ਹਨ ਅਤੇ ਸੰਗਤਾਂ ਨੇ ਇਸ ਦੇ ਇਤਿਹਾਸ ਦੀ ਅਸਲੀ ਪਛਾਣ ; 'ਗੁਰੂ ਨਾਨਕ ਜ਼ਹਾਜ਼' ਨਾਂ ਨੂੰ ਬਹਾਲ ਕਰਵਾਉਣ ਲਈ ਅਹਿਦ ਲਿਆ ਹੈ। ਜ਼ਿਕਰਯੋਗ ਹੈ ਕਿ ਬਾਬਾ ਗੁਰਦਿੱਤ ਸਿੰਘ ਜੀ ਤੇ ਉਹਨਾਂ ਦੇ ਸਾਥੀਆਂ ਨੇ ਜਪਾਨੀ ਕਾਮਾਗਾਟਾ ਮਾਰੂ ਸਟੀਮਸ਼ਿਪ ਕੰਪਨੀ ਤੋਂ 66 ਹਜ਼ਾਰ ਡਾਲਰ ਤੇ ਸਮੁੰਦਰੀ ਬੇੜਾ ਕਿਰਾਏ 'ਤੇ ਲੈ ਕੇ, ਉਸ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਸੀ, ਹਾਲਾਂਕਿ ਹੁਣ ਤੱਕ ਇਤਿਹਾਸਕਾਰ ਗੁਰੂ ਨਾਨਕ ਜਹਾਜ਼ ਸਹੀ ਨਾਮ ਨੂੰ ਜਾਣੇ ਅਣਜਾਣੇ ਵਿੱਚ ਅੱਖੋਂ ਪਰੋਖੇ ਕਰਦੇ ਰਹੇ ਹਨ ਅਤੇ ਕਾਮਾਗਾਟਾ ਮਾਰੂ ਹੀ ਪ੍ਰਚਾਰਦੇ ਰਹੇ ਹਨ। ਹਾਂਗਕਾਂਗ ਤੋਂ 377 ਮੁਸਾਫ਼ ?ਰਾਂ ਨੂੰ ਲੈ ਕੇ ਇਹ ਬੇੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਨਾਲ ਅਤੇ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਪਹੁੰਚਿਆ ਸੀ, ਜਿਸ ਵਿੱਚ 341 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ। ਵੈਨਕੂਵਰ ਵਿਖੇ 23 ਮਈ 19140 ਤੋਂ 23 ਜੁਲਾਈ 1914 ਤੱਕ ਇਸ ਨੂੰ ਸਮੁੰਦਰ ਵਿੱਚ ਰੋਕੀ ਰੱਖਿਆ ਗਿਆ ਅਤੇ ਫਿਰ ਧੱਕੇ ਨਾਲ ਮੋੜ ਦਿੱਤਾ ਗਿਆ। ਗੁਰੂ ਨਾਨਕ ਜਹਾਜ਼ ਦੇ ਵਾਪਸ ਪੁੱਜਣ 'ਤੇ 29 ਸਤੰਬਰ ਨੂੰ ਬ੍ਰਿਟਿਸ਼ ਭਾਰਤ ਦੇ ਕਲਕੱਤਾ ਸ਼ਹਿਰ ਨੇੜੇ ਸ਼ਹੀਦੀ ਸਾਕਾ ਵਾਪਰਿਆ, ਜਿਸ ਵਿੱਚ ਜਹਾਜ਼ ਦੇ 19 ਮੁਸਾਫਰਾਂ ਸਮੇਤ ਕਈ ਵਿਅਕਤੀ ਮਾਰੇ ਗਏ। ਦਰਅਸਲ ਮੁਸਾਫਰ ਜਹਾਜ਼ ਦੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਪੁਲਿਸ ਨੇ ਉਹਨਾਂ ਨੂੰ ਅਜਿਹਾ ਨਾ ਕਰਨ ਦਿੱਤਾ ਅਤੇ ਗੋਲ ?ੀ ਚਲਾਈ, ਜਿਸ ਕਾਰਨ ਸ਼ਹੀਦੀਆਂ ਹੋਈਆਂ।

ਮਹਾਨ ਇਤਿਹਾਸ ਅਤੇ ਪ੍ਰਤੀਕ ਇਸ ਜਹਾਜ਼ ਦਾ ਸਹੀ ਨਾਂ 'ਗੁਰੂ ਨਾਨਕ ਜਹਾਜ਼' ਬਹਾਲ ਕਰਨ ਲਈ, ਗੁਰੂ ਨਾਨਕ ਜਹਾਜ ਹੈਰੀਟੇਜ ਸੁਸਾਇਟੀ ਕੈਨੇਡਾ ਸਮੇਤ ਵੱਖ ਵੱਖ ਸੰਸਥਾਵਾਂ ਲੰਮੇ ਸਮੇਂ ਤੋਂ ਜਦੋ ਜਹਿਦ ਕਰ ਰਹੀਆਂ ਹਨ। ਨਿਰੰਤਰ ਯਤਨਾਂ ਮਗ਼ਰੋਂ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਮੈਮੋਰੀਅਲ ਦਾ ਨਾਂ ਗੁਰੂ ਨਾਨਕ ਜਹਾਜ਼ ਮੈਮੋਰੀਅਲ ਕਰ ਦਿੱਤਾ ਗਿਆ ਹੈ ਅਤੇ ਸਰੀ ਅਤੇ ਵੈਨਕੂਵਰ ਸਿਟੀ ਕੌਂਸਲਾਂ ਨੇ ਗੁਰੂ ਨਾਨਕ ਜਹਾਜ਼ ਐਲਾਨਨਾਮੇ ਜਾਰੀ ਕੀਤੇ ਹਨ। ਅਜੇ ਇਸ ਖੇਤਰ ਵਿੱਚ ਪਾਰਲੀਮੈਂਟ ਵਿੱਚ ਮੁਆਫ਼ੀ ਦੀ ਸੋਧ ਸਮੇਤ ਹੋਰ ਸੰਘਰਸ਼ ਲਗਾਤਾਰ ਜਾਰੀ ਹਨ।

# ਖ਼ਤਮ ਹੋਵੇਗਾ ਈਰਾਨ-ਅਮਰੀਕਾ ਟਕਰਾਅ ! ਵਿਚੋਲਿਆਂ ਵੱਲੋਂ ਕੋਸ਼ਿਸ਼ਾਂ 'ਚ ਤੇਜ਼ੀ

ਕਾਇਰੋ : ਵਿਚੋਲੇ ਦੇਸ਼ ਈਰਾਨ ਅਤੇ ਅਮਰੀਕਾ ਵਿਚਕਾਰ ਟਕਰਾਅ ਨੂੰ ਖਤਮ ਕਰਨ ਅਤੇ ਹੋਰਮੁਜ਼ ਸਟ ?ਰੇਟ ਨੂੰ ਦੁਬਾਰਾ ਖੋਲ੍ਹਣ ਲਈ ਇੱਕ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਦੋਵਾਂ ਧਿਰਾਂ ਵਿਚਾਲੇ ਹਾਲੇ ਵੀ ਡੂੰਘੇ ਮਤਭੇਦ ਬਣੇ ਹੋਏ ਹਨ। ਖੇਤਰੀ ਅਤੇ ਅਮਰੀਕੀ ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਇਹ ਪਰਦੇ ਪਿੱਛੇ ਗੱਲਬਾਤ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਅੱਠ ਮਹੀਨੇ ਤੋਂ ਚੱਲ ਰਿਹਾ ਟਕਰਾਅ ਵਿਸ਼ਵ ਅਰਥਵਿਵਸਥਾ ਨੂੰ ਕਾਫ਼ੀ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਈਰਾਨ ਨੂੰ ਵੱਡਾ ਝਟਕਾ ਦੇ ਰਿਹਾ ਹੈ। ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰਕ ਮਾਰਗਾਂ ਵਿੱਚੋਂ ਇੱਕ ਜਲਡਮਰੂ ਰਾਹੀਂ ਸੁਰੱਖਿਅਤ ਸ਼ਿਪਿੰਗ ਨੂੰ ਬਹਾਲ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਪਰ ਸਾਰੀਆਂ ਅਸਫਲ ਰਹੀਆਂ ਹਨ।

ਅਧਿਕਾਰੀਆਂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਈਰਾਨ ਦੇ ਸ਼ੁਰੂਆਤੀ ਪ੍ਰਸਤਾਵ ਨੂੰ ਰੱਦ ਕਰਨ ਦੇ ਬਾਵਜੂਦ ਕੂਟਨੀਤਕ ਯਤਨ ਨਹੀਂ ਰੁਕੇ ਹਨ। ਈਰਾਨ ਨੇ ਇੱਕ ਹਫ਼ਤੇ ਦੇ ਅੰਦਰ ਹੋਰਮੁਜ਼ ਸਟ੍ਰੇਟ ਨੂੰ ਦੁਬਾਰਾ ਖੋਲ੍ਹਣ ਦਾ ਪ੍ਰਸਤਾਵ ਰੱਖਿਆ ਸੀ ਜੇਕਰ ਅਮਰੀਕਾ ਉਸ ਦੀਆਂ ਬੰਦਰਗਾਹਾਂ ਦੀ ਨਾਕਾਬੰਦੀ ਹਟਾ ਦਿੰਦਾ ਹੈ, ਉਸ ਦੀਆਂ ਫਰੀਜ਼ ਸੰਪਤੀਆਂ ਨੂੰ ਜਾਰੀ ਕਰਦਾ ਹੈ ਅਤੇ ਤੇਲ ਵਿਕਰੀ 'ਤੇ ਪਾਬੰਦੀਆਂ ਹਟਾ ਦਿੰਦਾ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਦੇ ਹਵਾਲੇ ਨਾਲ ਸਰਕਾਰੀ ਮੀਡੀਆ ਦੇ ਅਨੁਸਾਰ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਕਤਰ ਵਿਚੋਲਿਆਂ ਨਾਲ ਨਵੀਨਤਮ ਵਿਕਾਸ 'ਤੇ ਚਰਚਾ ਕਰਨਗੇ।

ਅਰਾਘਚੀ ਪਿਛਲੇ ਹਫ਼ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਵਿਸ਼ਵ ਨੇਤਾਵਾਂ ਦੀ ਮੀਟਿੰਗ ਤੋਂ ਬਾਅਦ ਨਿਊਯਾਰਕ ਵਿੱਚ ਹਨ। ਇੱਕ ਸੀਨੀਅਰ ਅਮਰੀਕੀ ਅਧਿਕਾਰੀ ਦੇ ਅਨੁਸਾਰ ਟਰੰਪ ਹਮਲਾਵਰ ਬਿਆਨਬਾਜ਼ੀ ਦੀ ਵਰਤੋਂ ਕਰ ਸਕਦੇ ਹਨ, ਪਰ ਜੇਕਰ ਟਕਰਾਅ ਦਾ ਸ਼ਾਂਤੀਪੂਰਨ ਹੱਲ ਲੱਭਿਆ ਜਾ ਸਕਦਾ ਹੈ, ਤਾਂ ਉਹ ਇਸ ਲਈ ਖੁੱਲ੍ਹੇ ਹਨ। ਹਾਲਾਂਕਿ ਇੱਕ ਹੋਰ ਅਮਰੀਕੀ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਟਰੰਪ ਪ੍ਰਸ਼ਾਸਨ ਤਹਿਰਾਨ ਨਾਲ ਅੰਤਿਮ ਸਮਝੌਤੇ 'ਤੇ ਨਹੀਂ ਪਹੁੰਚੇਗਾ ਜਦੋਂ ਤੱਕ ਪ੍ਰਮਾਣੂ ਮੁੱਦਾ ਹੱਲ ਨਹੀਂ ਹੋ ਜਾਂਦਾ। ਅਧਿਕਾਰੀ ਨੇ ਕਿਹਾ ਕਿ ਪ੍ਰਮਾਣੂ ਪ੍ਰੋਗਰਾਮ ਸੰਬੰਧੀ ਠੋਸ ਪ੍ਰਗਤੀ ਦੇ ਬਦਲੇ ਟਰੰਪ ਈਰਾਨ ਨੂੰ ਪਾਬੰਦੀਆਂ ਵਿੱਚ ਰਾਹਤ




ਪ੍ਰਦਾਨ ਕਰਨ ਅਤੇ ਜ਼ਬਤ ਕੀਤੇ ਗਏ ਕੁਝ ਫੰਡ ਜਾਰੀ ਕਰਨ ਲਈ ਤਿਆਰ ਹੈ। ਈਰਾਨ ਨੇ ਪ੍ਰਮਾਣੂ ਮੁੱਦੇ 'ਤੇ ਲਚਕਤਾ ਦੇ ਸੰਕੇਤ ਦਿਖਾਏ ਹਨ, ਪਰ ਦੋਵਾਂ ਦੇਸ਼ਾਂ ਵਿਚਕਾਰ ਇਸ ਗੱਲ ਨੂੰ ਲੈ ਕੇ ਡੂੰਘੇ ਮਤਭੇਦ ਹਨ ਕਿ ਪਹਿਲਾ ਕਦਮ ਕੌਣ ਚੁੱਕੇਗਾ ਅਤੇ ਕਦੋਂ ਚੁੱਕੇਗਾ।

# ਟਰੇਸੀ ਦੇ ਅਵਤਾਰ ਸਿੰਘ ਦੇ ਅਗਵਾ ਤੇ ਕਤਲ ਕੇਸ 'ਚ ਤਿੰਨ ਮੁਲਜ਼ਮ ਨਾਮਜ਼ਦ: ਸੈਨ ਹੁਆਕਿਨ ਕਾਊਂਟੀ ਸ਼ੈਰਿਫ਼ ਵੱਲੋਂ ਇੰਡਾਈਟਮੈਂਟ ਜਾਰੀ, ਕਾਰਗੋ ਚੋਰੀ ਤੇ 'ਗ਼ਲਤ ਪਛਾਣ' (Mistaken Identity) ਦਾ ਸ਼ਿਕਾਰ ਹੋਇਆ ਬੇਕਸੂਰ

## ਗੁਰਦੁਆਰਾ ਸਾਹਿਬ ਤੋਂ ਕੀਤਾ ਗਿਆ ਸੀ ਅਗਵਾ; 100 ਮੀਲ ਦੂਰ ਲੇਕ ਬੇਰੀਏਸਾ ਨੇੜਿਓਂ ਮਿਲੀ ਸੀ ਦੇਹ; ਤਿੰਨੇ ਮੁਲਜ਼ਮ ਫ਼ਰਾਰ, ਪੁਲਿਸ ਵੱਲੋਂ ਭਾਲ ਜਾਰੀ

ਟਰੇਸੀ/ਸਟਾਕਟਨ (ਕੈਲੀਫ਼ੋਰਨੀਆ) : ਕੈਲੀਫ਼ੋਰਨੀਆ ਦੇ ਟਰੇਸੀ ਸ਼ਹਿਰ ਦੇ ਵਸਨੀਕ ਅਵਤਾਰ ਸਿੰਘ ਦੇ ਦਿਲ ਕੰਬਾਊ ਅਗਵਾ ਅਤੇ ਅੰਨ੍ਹੇ ਕਤਲ ਮਾਮਲੇ ਵਿੱਚ ਸੈਨ ਹੁਆਕਿਨ ਕਾਊਂਟੀ ਸ਼ੈਰਿਫ਼ ਦਫ਼ਤਰ (San Joaquin County Sheriff's Office) ਨੇ ਬੁੱਧਵਾਰ ਨੂੰ ਵੱਡਾ ਖ਼ੁਲਾਸਾ ਕਰਦਿਆਂ ਤਿੰਨ ਮੁਲਜ਼ਮਾਂ ਵਿਰੁੱਧ ਫ਼ੌਜਦਾਰੀ ਦੋਸ਼ ਆਇਦ (Indictment) ਕਰ ਦਿੱਤੇ ਹਨ। ਜਾਂਚ ਏਜੰਸੀਆਂ ਨੇ ਪੁਸ਼ਟੀ ਕੀਤੀ ਹੈ ਕਿ ਅਵਤਾਰ ਸਿੰਘ ਪੂਰੀ ਤਰ੍ਹਾਂ ਬੇਕਸੂਰ ਸੀ ਅਤੇ ਕਿਸੇ ਹੋਰ ਵਿਅਕਤੀ ਦੇ ਭੁਲੇਖੇ 'ਗ਼ਲਤ ਪਛਾਣ' (Mistaken Identity) ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿੱਚ ਚਲਾ ਗਿਆ।

ਅਧਿਕਾਰੀਆਂ ਅਨੁਸਾਰ ਇਹ ਖ਼ੂਨੀ ਵਾਰਦਾਤ ਚੋਰੀ ਹੋਏ ਇੱਕ ਮਾਲ ਦੇ ਟਰੇਲਰ (Stolen Trailer of Cargo) ਦੇ ਝਗੜੇ ਨਾਲ ਜੁੜੀ ਹੋਈ ਸੀ। ਮੁਲਜ਼ਮ ਦਰਅਸਲ ਉਸ ਵਿਅਕਤੀ ਦੀ ਭਾਲ ਵਿੱਚ ਸਨ ਜਿਸ ਨੇ ਕਥਿਤ ਤੌਰ 'ਤੇ ਉਨ੍ਹਾਂ ਦਾ ਕਾਰਗੋ ਲਿਆ ਸੀ, ਪਰ ਉਹ ਨਿਸ਼ਾਨਾ ਬਣਨ ਵਾਲਾ ਵਿਅਕਤੀ ਉਸ ਵੇਲੇ ਕੈਨੇਡਾ ਵਿੱਚ ਮੌਜੂਦ ਸੀ। ਗ਼ਲਤਫ਼ਹਿਮੀ ਕਾਰਨ ਮੁਲਜ਼ਮਾਂ ਦਾ ਸਾਹਮਣਾ ਅਵਤਾਰ ਸਿੰਘ ਨਾਲ ਹੋ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਬੰਧਕ ਬਣਾ ਲਿਆ ਅਤੇ ਬੇਰਹਿਮੀ ਨਾਲ ਕਤਲ ਕਰਕੇ ਲਾਸ਼ ਦੂਰ ਸੁੱਟ ਦਿੱਤੀ।

ਕੇਸ ਨਾਲ ਜੁੜੇ ਅਹਿਮ ਵੇਰਵੇ

**ਗ਼ਲਤ ਪਛਾਣ ਦਾ ਸ਼ਿਕਾਰ:** ਸ਼ੈਰਿਫ਼ ਵਿਭਾਗ ਵੱਲੋਂ ਪੁਸ਼ਟੀ—ਅਵਤਾਰ ਸਿੰਘ ਪੂਰੀ ਤਰ੍ਹਾਂ ਬੇਕਸੂਰ ਸੀ; ਕਾਰਗੋ ਚੋਰੀ ਦੇ ਵਿਵਾਦ ਵਿੱਚ ਮੁਲਜ਼ਮਾਂ ਨੇ ਕਿਸੇ ਹੋਰ ਦੇ ਭੁਲੇਖੇ ਨਿਸ਼ਾਨਾ ਬਣਾਇਆ।

ਤਿੰਨ ਮੁਲਜ਼ਮ ਨਾਮਜ਼ਦ: ਵਲੇਹੋ ਦੇ ਅਲਬਰਟੋ ਅਲੇਨਕਾਸਤਰੋ (25), ਅਲਫ਼ੌਂਸੋ ਸੇਗੁਰਾ (20) ਅਤੇ ਬਰਨਾਬੇ ਸੇਗੁਰਾ (22) ਵਿਰੁੱਧ ਕਤਲ ਤੇ ਅਗਵਾ ਦੇ ਦੋਸ਼ ਆਇਦ; ਤਿੰਨੇ ਮੁਲਜ਼ਮ ਫ਼ਰਾਰ।

ਦਰਦਨਾਕ ਪਹਿਲੂ: ਅਗਵਾ ਵੇਲੇ ਘਰ ਵਿੱਚ ਇਕੱਲੇ ਛੁੱਟ ਗਏ ਸਨ ਤਿੰਨ ਨਵਜੰਮੇ ਬੱਚੇ; ਲੇਕ ਬੇਰੀਏਸਾ ਨੇੜਿਓਂ ਮਿਲੀ ਸੀ ਦੇਹ।




ਪੁਲਿਸ ਅਲਰਟ: ਮੁਲਜ਼ਮ ਹਥਿਆਰਬੰਦ ਅਤੇ ਬੇਹੱਦ ਖ਼ਤਰਨਾਕ; ਜਾਣਕਾਰੀ ਹੋਣ 'ਤੇ ਤੁਰੰਤ ਸ਼ੈਰਿਫ਼ ਦਫ਼ਤਰ ਨੂੰ ਸੂਚਿਤ ਕਰੋ।

ਮ੍ਰਿਤਕ ਦਾ ਨਾਂ : ਅਵਤਾਰ ਸਿੰਘ (ਵਾਸੀ ਟਰੇਸੀ, ਕੈਲੀਫ਼ੋਰਨੀਆ)

ਅਗਵਾ ਦੀ ਮਿਤੀ ਤੇ ਸਥਾਨ : 17 ਫ਼ਰਵਰੀ, ਦੁਪਹਿਰ ਕਰੀਬ 2:30 ਵਜੇ (ਟਰੇਸੀ ਸਿੱਖ ਟੈਂਪਲ ਦੇ ਨੇੜਿਓਂ)

ਮ੍ਰਿਤਕ ਦੇਹ ਦੀ ਬਰਾਮਦਗੀ : 20 ਫ਼ਰਵਰੀ, ਲੇਕ ਬੇਰੀਏਸਾ (Lake Berryessa) ਨੇੜੇ, ਕਰੀਬ 100 ਮੀਲ ਦੂਰ

ਕਤਲ ਦਾ ਮੁੱਖ ਕਾਰਨ : ਕਾਰਗੋ ਚੋਰੀ ਦਾ ਵਿਵਾਦ ਅਤੇ 'ਗ਼ਲਤ ਪਛਾਣ' (Mistaken Identity)

ਮੁੱਖ ਅਦਾਲਤੀ ਦੋਸ਼ : ਕਤਲ (Murder with Special Circumstances) ਅਤੇ ਅਗਵਾ (Kidnapping)

ਮੁਲਜ਼ਮਾਂ ਦੀ ਸਥਿਤੀ : ਤਿੰਨੇ ਮੁਲਜ਼ਮ ਪੁਲਿਸ ਗ੍ਰਿਫ਼ਤ ਤੋਂ ਬਾਹਰ; 'ਹਥਿਆਰਬੰਦ ਅਤੇ ਖ਼ਤਰਨਾਕ' ਕਰਾਰ

ਜਾਂਚ ਏਜੰਸੀਆਂ : ਸੈਨ ਹੁਆਕਿਨ ਕਾਊਂਟੀ ਸ਼ੈਰਿਫ਼ ਦਫ਼ਤਰ ਅਤੇ ਡਿਸਟ੍ਰਿਕਟ ਅਟਾਰਨੀ ਦਫ਼ਤਰ

ਮੁਲਜ਼ਮਾਂ ਦੀ ਪਛਾਣ ਅਤੇ ਪਿਛੋਕੜ

ਸੈਨ ਹੁਆਕਿਨ ਕਾਊਂਟੀ ਦੇ ਸ਼ੈਰਿਫ਼ ਪੈਟ ਵਿਥਰੋ (Sheriff Pat Withrow) ਅਤੇ ਡਿਸਟ੍ਰਿਕਟ ਅਟਾਰਨੀ ਰੌਨ ਫ਼ਰੀਟਾਸ (Ron Freitas) ਵੱਲੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਦੌਰਾਨ ਨਾਮਜ਼ਦ ਕੀਤੇ ਗਏ ਤਿੰਨੇ ਮੁਲਜ਼ਮ ਵਲੇਹੋ (Vallejo) ਖੇਤਰ ਦੇ ਵਸਨੀਕ ਹਨ ਅਤੇ ਉਨ੍ਹਾਂ ਦੇ ਸੰਬੰਧ ਮੈਕਸੀਕੋ ਨਾਲ ਦੱਸੇ ਜਾ ਰਹੇ ਹਨ:

1. ਅਲਬਰਟੋ ਅਲੇਨਕਾਸਤਰੋ (Alberto Alencastro) - ਉਮਰ 25 ਸਾਲ
2. ਅਲਫ਼ੌਂਸੋ ਸੇਗੁਰਾ (Alfonso Segura) - ਉਮਰ 20 ਸਾਲ
3. ਬਰਨਾਬੇ ਸੇਗੁਰਾ (Barnabe Segura) - ਉਮਰ 22 ਸਾਲ

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਨੁਸਾਰ ਇਹ ਤਿੰਨੇ ਮੁਲਜ਼ਮ ਇਸ ਵੇਲੇ ਫ਼ਰਾਰ ਹਨ ਅਤੇ ਇਨ੍ਹਾਂ ਨੂੰ ਬੇਹੱਦ ਹਥਿਆਰਬੰਦ ਅਤੇ ਖ਼ਤਰਨਾਕ (Armed and Dangerous) ਐਲਾਨਿਆ ਗਿਆ ਹੈ।

ਦਿਲ ਦਹਿਲਾਉਣ ਵਾਲਾ ਘਟਨਾਕ੍ਰਮ: ਤਿੰਨ ਨਵਜੰਮੇ ਬੱਚੇ ਘਰ ਇਕੱਲੇ ਛੁੱਟੇ

ਪ੍ਰੈੱਸ ਕਾਨਫ਼ਰੰਸ ਦੌਰਾਨ ਜਾਂਚ ਅਧਿਕਾਰੀਆਂ ਨੇ ਇਸ ਕਤਲ ਕਾਂਡ ਨਾਲ ਜੁੜੇ ਬੇਹੱਦ ਦਰਦਨਾਕ ਵੇਰਵੇ ਸਾਂਝੇ ਕੀਤੇ:

**ਦੁਪਹਿਰ ਵੇਲੇ ਅਗਵਾ:** 17 ਫ਼ਰਵਰੀ ਨੂੰ ਦੁਪਹਿਰ ਕਰੀਬ 2:30 ਵਜੇ ਅਵਤਾਰ ਸਿੰਘ ਟਰੇਸੀ ਸਿੱਖ ਟੈਂਪਲ ਨੇੜੇ ਮੌਜੂਦ ਸਨ, ਜਿੱਥੋਂ ਮੁਲਜ਼ਮਾਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਅਗਵਾ ਕਰ ਲਿਆ। ਪਰਿਵਾਰ ਨੂੰ ਉਨ੍ਹਾਂ ਦੇ ਲਾਪਤਾ ਹੋਣ ਦਾ ਸ਼ੱਕ ਰਾਤ 9:00 ਵਜੇ ਦੇ ਕਰੀਬ ਪਿਆ।

**ਮਾਸੂਮ ਬੱਚਿਆਂ ਦੀ ਬੇਵੱਸੀ:** ਜਦੋਂ ਹਥਿਆਰਬੰਦ ਮੁਲਜ਼ਮ ਉਸ ਅਣਪਛਾਤੇ ਤੀਜੇ ਸ਼ਖ਼ਸ ਦੀ ਤਲਾਸ਼ ਵਿੱਚ ਆਏ, ਤਾਂ ਉਨ੍ਹਾਂ ਨੇ ਗ਼ਲਤੀ ਨਾਲ ਅਵਤਾਰ ਸਿੰਘ ਨੂੰ ਘੇਰ ਲਿਆ। ਉਸ ਸਮੇਂ ਅਵਤਾਰ ਸਿੰਘ ਆਪਣੇ ਤਿੰਨ ਨਵਜੰਮੇ ਤੀਹਰੇ ਬੱਚਿਆਂ (Newborn Triplets) ਦੀ ਦੇਖਭਾਲ ਕਰ ਰਹੇ ਸਨ। ਮੁਲਜ਼ਮ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਏ ਅਤੇ ਮਾਸੂਮ ਬੱਚੇ ਘੰਟਿਆਂ ਬੱਧੀ ਘਰ ਵਿੱਚ ਇਕੱਲੇ ਅਤੇ ਬੇਸਹਾਰਾ ਰਹਿ ਗਏ।

ਵਾਹਨ ਦੀ ਸ਼ਨਾਖ਼ਤ: ਸੀਸੀਟੀਵੀ ਕੈਮਰਿਆਂ ਵਿੱਚ ਤਿੰਨ ਸ਼ੱਕੀ ਵਿਅਕਤੀ ਚਿੱਟੇ ਰੰਗ ਦੀ ਕਰਾਸਓਵਰ SUV ਵਿੱਚ ਵਾਰਦਾਤ ਨੂੰ ਅੰਜਾਮ ਦਿੰਦੇ ਦੇਖੇ ਗਏ। ਆਧੁਨਿਕ 'ਫ਼ਲਾਕ' ਲਾਇਸੈਂਸ ਪਲੇਟ ਰੀਡਰ (Flock LPR) ਕੈਮਰਿਆਂ ਦੀ ਮਦਦ ਨਾਲ ਸ਼ੈਰਿਫ਼ ਜਾਸੂਸਾਂ ਨੇ ਕਾਰ ਦਾ ਪਿੱਛਾ ਕਰਦਿਆਂ 19 ਫ਼ਰਵਰੀ ਨੂੰ ਵਲੇਹੋ ਤੋਂ ਇਸ ਸ਼ੱਕੀ ਵਾਹਨ ਨੂੰ ਬਰਾਮਦ ਕਰਕੇ ਜ਼ਬਤ ਕਰ ਲਿਆ।

**100 ਮੀਲ ਦੂਰ ਮਿਲੀ ਲਾਸ਼:** ਅਗਵਾ ਹੋਣ ਤੋਂ ਤਿੰਨ ਦਿਨ ਬਾਅਦ, 20 ਫ਼ਰਵਰੀ ਨੂੰ, ਟਰੇਸੀ ਤੋਂ ਕਰੀਬ 100 ਮੀਲ ਦੂਰ ਨਾਪਾ ਕਾਊਂਟੀ ਦੀ ਲੇਕ ਬੇਰੀਏਸਾ (Lake Berryessa) ਦੇ ਨੇੜਲੇ ਇਲਾਕੇ ਵਿੱਚੋਂ ਅਵਤਾਰ ਸਿੰਘ ਦੀ ਮ੍ਰਿਤਕ ਦੇਹ ਬਰਾਮਦ ਹੋਈ।

ਕਾਰਗੋ ਚੋਰੀ ਦਾ ਵਿਵਾਦ ਅਤੇ ਪੁਲਿਸ ਦੀ ਜਨਤਾ ਨੂੰ ਅਪੀਲ

ਸ਼ੈਰਿਫ਼ ਵਿਥਰੋ ਅਤੇ ਡੀ.ਏ. ਰੌਨ ਫ਼ਰੀਟਾਸ ਨੇ ਪੁਸ਼ਟੀ ਕੀਤੀ ਕਿ ਪੂਰੀ ਸਾਜ਼ਿਸ਼ ਪਿੱਛੇ ਚੋਰੀ ਹੋਏ ਇੱਕ ਮਾਲ ਦੇ ਕੰਟੇਨਰ/ਟਰੇਲਰ ਦੀ ਰੰਜਿਸ਼ ਕੰਮ ਕਰ ਰਹੀ ਸੀ। ਹਾਲਾਂਕਿ, ਜਾਂਚ ਦੇ ਹਵਾਲੇ ਨਾਲ ਅਧਿਕਾਰੀਆਂ ਨੇ ਇਹ ਜਨਤਕ ਨਹੀਂ ਕੀਤਾ ਕਿ ਉਸ ਕਾਰਗੋ ਵਿੱਚ ਕਿਸ ਕਿਸਮ ਦਾ ਸਮਾਨ ਸੀ। ਜਿਸ ਅਸਲ ਵਿਅਕਤੀ ਨੂੰ ਮੁਲਜ਼ਮ ਲੱਭ ਰਹੇ ਸਨ, ਉਸ ਦੇ ਪਰਿਵਾਰ ਨੂੰ ਪਹਿਲਾਂ ਵੀ ਟਰੇਲਰ ਸੰਬੰਧੀ ਧਮਕੀਆਂ ਦਿੱਤੀਆਂ ਗਈਆਂ ਸਨ, ਪਰ ਵਾਰਦਾਤ ਸਮੇਂ ਉਹ ਵਿਅਕਤੀ ਕੈਨੇਡਾ ਵਿੱਚ ਸੀ, ਜਿਸ ਕਾਰਨ ਬੇਕਸੂਰ ਅਵਤਾਰ ਸਿੰਘ ਮੁਲਜ਼ਮਾਂ ਦੇ ਧੱਕੇ ਚੜ੍ਹ ਗਿਆ।

ਸੈਨ ਹੁਆਕਿਨ ਕਾਊਂਟੀ ਸ਼ੈਰਿਫ਼ ਦਫ਼ਤਰ ਨੇ ਆਮ ਨਾਗਰਿਕਾਂ ਨੂੰ ਚੌਕਸ ਕਰਦਿਆਂ ਅਪੀਲ ਕੀਤੀ ਹੈ ਕਿ ਇਨ੍ਹਾਂ ਤਿੰਨਾਂ ਫ਼ਰਾਰ ਮੁਲਜ਼ਮਾਂ ਬਾਰੇ ਜੇਕਰ ਕਿਸੇ ਕੋਲ ਵੀ ਕੋਈ ਸੂਹ ਜਾਂ ਜਾਣਕਾਰੀ ਹੋਵੇ, ਤਾਂ ਉਹ ਖ਼ੁਦ ਕੋਈ ਕਦਮ ਚੁੱਕਣ ਦੀ ਬਜਾਏ ਤੁਰੰਤ ਸ਼ੈਰਿਫ਼ ਦਫ਼ਤਰ ਜਾਂ ਸਥਾਨਕ ਪੁਲਿਸ ਹੈਲਪਲਾਈਨ ਨਾਲ ਸੰਪਰਕ ਕਰਨ।

ਕਾਨੂੰਨੀ ਅਤੇ ਅਪਰਾਧ ਰਿਪੋਰਟਿੰਗ ਬੇਦਾਅਵਾ

ਸਰੋਤ ਤੇ ਅਧਿਕਾਰਤ ਵੇਰਵੇ: ਇਹ ਖ਼ਬਰ ਰਿਪੋਰਟ ਸੈਨ ਹੁਆਕਿਨ ਕਾਊਂਟੀ ਸ਼ੈਰਿਫ਼ ਪੈਟ ਵਿਥਰੋ ਅਤੇ ਡਿਸਟ੍ਰਿਕਟ ਅਟਾਰਨੀ ਰੌਨ ਫ਼ਰੀਟਾਸ ਵੱਲੋਂ ਸਟਾਕਟਨ ਵਿਖੇ ਕੀਤੀ ਗਈ ਸਾਂਝੀ ਪ੍ਰੈੱਸ ਕਾਨਫ਼ਰੰਸ, ਅਦਾਲਤੀ ਇੰਡਾਈਟਮੈਂਟ (Indictment) ਦਸਤਾਵੇਜ਼ਾਂ ਅਤੇ ਜਾਂਚ ਰਿਕਾਰਡ 'ਤੇ ਆਧਾਰਿਤ ਹੈ।

ਨਿਰਦੋਸ਼ਤਾ ਦਾ ਕਾਨੂੰਨੀ ਅਧਿਕਾਰ (Presumption of Innocence): ਅਮਰੀਕੀ ਸੰਵਿਧਾਨਕ ਅਤੇ ਫ਼ੌਜਦਾਰੀ ਨਿਆਂ ਪ੍ਰਣਾਲੀ ਦੇ ਬੁਨਿਆਦੀ ਨੇਮਾਂ ਅਧੀਨ, ਨਾਮਜ਼ਦ ਕੀਤੇ ਗਏ ਮੁਲਜ਼ਮਾਂ ਵਿਰੁੱਧ ਜਦੋਂ ਤੱਕ ਅਦਾਲਤ ਵਿੱਚ ਕਾਨੂੰਨੀ ਤੌਰ 'ਤੇ ਦੋਸ਼ ਸਿੱਧ ਨਹੀਂ ਹੋ ਜਾਂਦੇ, ਉਨ੍ਹਾਂ ਨੂੰ ਦੋਸ਼-ਮੁਕਤ ਮੰਨਿਆ ਜਾਂਦਾ ਹੈ।

# ਕੈਂਸਰ ਦੇ ਇਲਾਜ ਵਿੱਚ ਇਲੈਕਟ੍ਰੋ ਹੋਮਿਓਪੈਥੀ ਦੀ ਭੂਮਿਕਾ ਬਾਰੇ ਡਾ. ਅਜੈ ਹਾਰਡੀਆ ਨਾਲ ਵਿਸ਼ੇਸ਼ ਗੱਲਬਾਤ

## ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਇਲਾਜ ਪੱਧਤੀ, ਸੰਭਾਵਨਾਵਾਂ ਅਤੇ ਸਾਵਧਾਨੀਆਂ ਨਾਲ ਜੁੜੇ ਮਹੱਤਵਪੂਰਨ ਪਹਿਲੂ ਸਾਹਮਣੇ ਆਏ

ਇੰਦੌਰ/ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਕੈਂਸਰ ਅੱਜ ਦੁਨੀਆ ਦੀਆਂ ਸਭ ਤੋਂ ਗੰਭੀਰ ਸਿਹਤ ਚੁਣੌਤੀਆਂ ਵਿੱਚ ਸ਼ਾਮਲ ਹੈ। ਕੈਂਸਰ ਦੀ ਪਛਾਣ ਹੋਣ ਤੋਂ ਬਾਅਦ ਮਰੀਜ਼ ਅਤੇ ਉਸ ਦੇ ਪਰਿਵਾਰ ਸਾਹਮਣੇ ਇਲਾਜ, ਸਾਈਡ ਇਫੈਕਟਸ, ਦਰਦ, ਮਾਨਸਿਕ ਤਣਾਅ ਅਤੇ ਜੀਵਨ ਦੀ ਗੁਣਵੱਤਾ ਨਾਲ ਜੁੜੇ ਕਈ ਸਵਾਲ ਖੜ੍ਹੇ ਹੋ ਜਾਂਦੇ ਹਨ। ਇਸੇ ਵਿਸ਼ੇ ਨੂੰ ਲੈ ਕੇ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਦੇਵੀ ਅਹਿਲਿਆ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ, ਇੰਦੌਰ ਦੇ ਐਮ.ਡੀ. ਡਾ. ਅਜੈ ਹਾਰਡੀਆ ਨਾਲ ਇਲੈਕਟ੍ਰੋ ਹੋਮਿਓਪੈਥੀ ਅਤੇ ਕੈਂਸਰ ਦੇ ਇਲਾਜ ਨਾਲ ਸੰਬੰਧਤ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਬਾਰੇ ਵਿਸ਼ੇਸ਼ ਗੱਲਬਾਤ ਕੀਤੀ।



ਡਾ. ਹਾਰਡੀਆ ਲੰਬੇ ਸਮੇਂ ਤੋਂ ਕੈਂਸਰ ਕੇਅਰ ਦੇ ਖੇਤਰ ਵਿੱਚ ਇਲੈਕਟ੍ਰੋ ਹੋਮਿਓਪੈਥੀ ਨੂੰ ਅੱਗੇ ਵਧਾਉਣ ਦੀ ਗੱਲ ਕਰਦੇ ਆ ਰਹੇ ਹਨ। ਦੇਵੀ ਅਹਿਲਿਆ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ ਦੀ ਅਧਿਕਾਰਤ ਵੈੱਬਸਾਈਟ ਅਨੁਸਾਰ, ਸੰਸਥਾ ਵਿੱਚ ਇਲੈਕਟ੍ਰੋ ਹੋਮਿਓਪੈਥੀ ਅਤੇ ਹਰਬਲ ਮੈਡੀਸਨ 'ਤੇ ਆਧਾਰਿਤ ਇਲਾਜੀ ਪਹੁੰਚ ਸੰਬੰਧੀ ਕੰਮ ਕੀਤਾ ਜਾਂਦਾ ਹੈ।

ਇਲੈਕਟ੍ਰੋ ਹੋਮਿਓਪੈਥੀ ਨੂੰ ਇਸ ਦੇ ਸਮਰਥਕਾਂ ਵੱਲੋਂ ਇੱਕ ਵਿਕਲਪਕ ਇਲਾਜ ਪੱਧਤੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਮੁੱਖ ਤੌਰ 'ਤੇ ਪੌਦਿਆਂ ਤੋਂ ਪ੍ਰਾਪਤ ਤਿਆਰੀਆਂ ਦੀ ਵਰਤੋਂ ਅਤੇ ਸਰੀਰ ਦੇ ਵੱਖ-ਵੱਖ ਅੰਗਾਂ, ਖ਼ੂਨ ਅਤੇ ਲਸੀਕਾ ਤੰਤਰ ਨੂੰ ਸੰਤੁਲਿਤ ਕਰਨ 'ਤੇ ਜ਼ੋਰ ਦਿੱਤੇ ਜਾਣ ਦੀ ਗੱਲ ਕਹੀ ਜਾਂਦੀ ਹੈ। ਹਾਲਾਂਕਿ, ਇਲੈਕਟ੍ਰੋ ਹੋਮਿਓਪੈਥੀ ਸੰਬੰਧੀ ਵਿਗਿਆਨਕ ਸਬੂਤਾਂ ਦੀ ਸਥਿਤੀ ਨੂੰ ਸਮਝਣਾ ਵੀ ਉਤਨਾ ਹੀ ਜ਼ਰੂਰੀ ਹੈ।

ਕੈਂਸਰ ਦੇ ਸੰਦਰਭ ਵਿੱਚ ਇਲੈਕਟ੍ਰੋ ਹੋਮਿਓਪੈਥੀ ਦੇ ਸਮਰਥਕਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਨਾਲ ਮਰੀਜ਼ਾਂ ਨੂੰ ਦਰਦ, ਸੋਜ, ਕਮਜ਼ੋਰੀ ਅਤੇ ਬਿਮਾਰੀ ਨਾਲ ਜੁੜੇ ਕੁਝ ਲੱਛਣਾਂ ਵਿੱਚ ਰਾਹਤ ਮਿਲ ਸਕਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਆ ਸਕਦਾ ਹੈ। ਡਾ. ਹਾਰਡੀਆ ਦੇ ਅਨੁਸਾਰ, ਉਨ੍ਹਾਂ ਦੀ ਸੰਸਥਾ ਕੈਂਸਰ ਮਰੀਜ਼ਾਂ ਲਈ ਇੱਕ ਵਿਕਲਪਕ ਅਤੇ ਸਮੁੱਚੀ ਇਲਾਜੀ ਪਹੁੰਚ 'ਤੇ ਕੰਮ ਕਰ ਰਹੀ ਹੈ। ਹਸਪਤਾਲ ਦੀ ਵੈੱਬਸਾਈਟ 'ਤੇ ਵੀ ਇਲੈਕਟ੍ਰੋ ਹੋਮਿਓਪੈਥੀ ਰਾਹੀਂ ਵੱਡੀ ਗਿਣਤੀ ਵਿੱਚ ਕੈਂਸਰ ਮਰੀਜ਼ਾਂ ਦੇ ਇਲਾਜ ਅਤੇ ਕਈ ਮਰੀਜ਼ਾਂ ਨੂੰ ਰਾਹਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਹਾਲਾਂਕਿ, ਅਜਿਹੇ ਸੰਸਥਾਗਤ ਦਾਅਵੇ ਅਤੇ ਮਰੀਜ਼ਾਂ ਦੇ ਤਜਰਬੇ ਆਪਣੇ ਆਪ ਵਿੱਚ ਉੱਚ ਗੁਣਵੱਤਾ ਵਾਲੇ ਵਿਗਿਆਨਕ ਸਬੂਤਾਂ ਦੇ ਬਰਾਬਰ ਨਹੀਂ ਮੰਨੇ ਜਾ ਸਕਦੇ। ਉਪਲਬਧ ਵਿਗਿਆਨਕ ਸਾਹਿਤ ਵਿੱਚ ਪਰੰਪਰਾਗਤ ਹੋਮਿਓਪੈਥੀ ਅਤੇ ਕੈਂਸਰ ਦੇ ਸੰਬੰਧ ਵਿੱਚ ਅਜੇ ਤੱਕ ਅਜਿਹਾ ਨਿਰਣਾਇਕ ਸਬੂਤ ਉਪਲਬਧ ਨਹੀਂ ਹੈ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਹੋਮਿਓਪੈਥੀ ਕੈਂਸਰ ਨੂੰ ਠੀਕ ਕਰ ਸਕਦੀ ਹੈ। ਇਸ ਦੇ ਨਾਲ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਇਲੈਕਟ੍ਰੋ ਹੋਮਿਓਪੈਥੀ ਅਤੇ ਪਰੰਪਰਾਗਤ ਹੋਮਿਓਪੈਥੀ ਵੱਖ-ਵੱਖ ਪੱਧਤੀਆਂ ਹਨ। ਇਸ ਲਈ ਪਰੰਪਰਾਗਤ ਹੋਮਿਓਪੈਥੀ 'ਤੇ ਕੀਤੇ ਗਏ ਖੋਜ ਅਧਿਐਨਾਂ ਦੇ ਨਤੀਜੇ ਸਿੱਧੇ ਤੌਰ 'ਤੇ ਇਲੈਕਟ੍ਰੋ ਹੋਮਿਓਪੈਥੀ 'ਤੇ ਲਾਗੂ ਨਹੀਂ ਕੀਤੇ ਜਾ ਸਕਦੇ।

ਕੈਂਸਰ ਮਰੀਜ਼ਾਂ ਲਈ ਇਲਾਜ ਦਾ ਫ਼ੈਸਲਾ ਬਿਮਾਰੀ ਦੀ ਕਿਸਮ, ਇਸ ਦੀ ਸਟੇਜ, ਮਰੀਜ਼ ਦੀ ਸਿਹਤ ਸਥਿਤੀ ਅਤੇ ਮਾਹਿਰ ਡਾਕਟਰੀ ਸਲਾਹ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਵਿਕਲਪਕ ਜਾਂ ਪੂਰਕ ਇਲਾਜ ਨੂੰ ਅਪਣਾਉਣ ਤੋਂ ਪਹਿਲਾਂ ਆਪਣੇ ਓਨਕੋਲੋਜਿਸਟ ਜਾਂ ਇਲਾਜ ਕਰ ਰਹੇ ਡਾਕਟਰ ਨਾਲ ਸਲਾਹ ਕਰਨੀ ਲਾਜ਼ਮੀ ਹੈ। ਅਪ੍ਰਮਾਣਿਤ ਇਲਾਜ ਕਾਰਨ ਸਥਾਪਿਤ ਕੈਂਸਰ ਇਲਾਜ ਵਿੱਚ ਦੇਰੀ ਕਰਨਾ ਜਾਂ ਉਸ ਨੂੰ ਬੰਦ ਕਰ ਦੇਣਾ ਮਰੀਜ਼ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ।

ਇਸੇ ਸੰਦਰਭ ਵਿੱਚ ਇਲੈਕਟ੍ਰੋ ਹੋਮਿਓਪੈਥੀ ਦੀ ਪ੍ਰਭਾਵਸ਼ੀਲਤਾ ਅਤੇ ਕੈਂਸਰ ਦੇ ਇਲਾਜ ਵਿੱਚ ਇਸ ਦੀ ਅਸਲ ਭੂਮਿਕਾ ਨੂੰ ਸਮਝਣ ਲਈ ਵਿਵਸਥਿਤ ਕਲੀਨਿਕਲ ਟ੍ਰਾਇਲਾਂ, ਸੁਤੰਤਰ ਵਿਗਿਆਨਕ ਖੋਜ, ਪਾਰਦਰਸ਼ੀ ਨਤੀਜਿਆਂ ਅਤੇ ਮਾਹਿਰਾਂ ਵੱਲੋਂ ਸਮੀਖਿਆ ਦੀ ਲੋੜ ਹੈ। ਭਾਰਤ ਵਿੱਚ ਵੱਖ-ਵੱਖ ਵਿਕਲਪਕ ਇਲਾਜ ਪੱਧਤੀਆਂ 'ਤੇ ਖੋਜ ਲਈ ਕੇਂਦਰੀ ਪੱਧਰ 'ਤੇ ਸੰਸਥਾਵਾਂ ਵੀ ਕੰਮ ਕਰ ਰਹੀਆਂ ਹਨ।

ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨਾਲ ਹੋਈ ਇਸ ਵਿਸ਼ੇਸ਼ ਗੱਲਬਾਤ ਦੌਰਾਨ ਇਲੈਕਟ੍ਰੋ ਹੋਮਿਓਪੈਥੀ ਦੀ ਧਾਰਨਾ, ਕੈਂਸਰ ਮਰੀਜ਼ਾਂ ਵਿੱਚ ਇਸ ਦੀ ਵਰਤੋਂ, ਇਲਾਜ ਦੌਰਾਨ ਦਰਦ ਅਤੇ ਹੋਰ ਲੱਛਣਾਂ ਤੋਂ ਰਾਹਤ, ਜੀਵਨਸ਼ੈਲੀ, ਖਾਣ-ਪੀਣ, ਮਰੀਜ਼ਾਂ ਦੀਆਂ ਉਮੀਦਾਂ ਅਤੇ ਇਸ ਵਿਕਲਪਕ ਪੱਧਤੀ ਨਾਲ ਜੁੜੇ ਵਿਗਿਆਨਕ ਸਬੂਤਾਂ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਜੁੜੇ ਕਿਸੇ ਵੀ ਇਲਾਜ ਸੰਬੰਧੀ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਮੀਦ ਦੇ ਨਾਲ-ਨਾਲ ਵਿਗਿਆਨਕ ਸਬੂਤਾਂ, ਮਾਹਿਰ ਡਾਕਟਰੀ ਸਲਾਹ ਅਤੇ ਇਲਾਜ ਦੀ ਸੁਰੱਖਿਆ ਨੂੰ ਤਰਜੀਹ ਦੇਣਾ ਬੇਹੱਦ ਮਹੱਤਵਪੂਰਨ ਹੈ। ਇਹੀ ਇਸ ਵਿਸ਼ੇਸ਼ ਗੱਲਬਾਤ ਦਾ ਮੁੱਖ ਸੰਦੇਸ਼ ਰਿਹਾ।

# ਵਿਰੋਧ ਤੋਂ ਅਗਲੀ ਸਵੇਰ




ਕਿਸੇ ਰੋਸ ਪ੍ਰਦਰਸ਼ਨ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਦਿਨ ਸ਼ਾਇਦ ਉਸ ਦੇ ਸੜਕ ਤੋਂ ਪਿਛਾਂਹ ਹਟਣ ਤੋਂ ਬਾਅਦ ਆਉਣ ਵਾਲੀ ਸਵੇਰ ਹੁੰਦੀ ਹੈ। ਪੁਲੀਸ ਦੀਆਂ ਰੋਕਾਂ ਚੁੱਕ ਲਈਆਂ ਹੁੰਦੀਆਂ ਹਨ, ਆਵਾਜਾਈ ਬਹਾਲ ਹੋ ਚੁੱਕੀ ਹੁੰਦੀ ਹੈ ਅਤੇ ਸੋਸ਼ਲ ਮੀਡੀਆ 'ਤੇ ਛਾਈਆਂ ਪ੍ਰਦਰਸ਼ਨ ਦੀਆਂ ਤਸਵੀਰਾਂ ਦੀ ਥਾਂ ਕਿਸੇ ਨਵੀਂ ਚਰਚਾ ਲੈ ਲਈ ਹੁੰਦੀ ਹੈ। ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਇੱਕ ਅਸਾਧਾਰਨ ਅਨੁਭਵ ਲੈ ਕੇ ਮੁੜਦੇ ਹਨ; ਕੁਝ ਘੰਟਿਆਂ, ਕੁਝ ਦਿਨਾਂ ਜਾਂ ਕੁਝ ਹਫ਼ਤਿਆਂ ਲਈ ਉਹ ਇਕੱਲੇ ਵਿਅਕਤੀ ਨਹੀਂ ਰਹੇ ਸਨ। ਉਨ੍ਹਾਂ ਨੂੰ ਆਪਣੇ ਵਰਗੀ ਬੇਚੈਨੀ ਅਤੇ ਸੋਚ ਵਾਲੇ ਹੋਰ ਲੋਕ ਮਿਲੇ ਸਨ ਅਤੇ ਉਨ੍ਹਾਂ ਨੇ ਜਾਣ ਲਿਆ ਸੀ ਕਿ ਸੱਤਾ ਨੂੰ ਸੁਣਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਕਾਇਆ-ਕਲਪ ਹੋ ਚੁੱਕਿਆ ਹੁੰਦਾ ਹੈ। ਉਸ ਅਨੁਭਵ ਦਾ ਫਿਰ ਕੀ ਬਣਦਾ ਹੈ?

ਇਹ ਸਵਾਲ ਇਸ ਲਈ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਭਾਰਤ ਵਿੱਚ ਜਨਤਕ ਰੋਸ ਅੱਜਕੱਲ੍ਹ ਆਮ ਹੁੰਦਾ ਜਾ ਰਿਹਾ ਹੈ ਅਤੇ ਨਾਲ ਹੀ ਥੋੜ੍ਹਚਿਰਾ ਵੀ। ਹੁਣ ਲੋਕ ਪ੍ਰਸ਼ਨ ਪੱਤਰ ਲੀਕ ਹੋਣ, ਭਰਤੀਆਂ ਲਟਕਣ, ਫੀਸਾਂ ਵਧਣ, ਮਾਰਕੁੱਟ ਜਾਂ ਪ੍ਰਸ਼ਾਸਨ ਦੇ ਮਨਮਾਨੇ ਫ਼ੈਸਲੇ ਖ਼ ?ਲਾਫ਼ ਫਟਾਫਟ ਇਕੱਠੇ ਹੋ ਸਕਦੇ ਹਨ। ਜਿਹੜੇ ਨੌਜਵਾਨ ਸ਼ਾਇਦ ਕਦੇ ਕਿਸੇ ਪਾਰਟੀ, ਦਫ਼ਤਰ 'ਚ ਨਾ ਵੀ ਗਏ ਹੋਣ, ਉਹ ਵੀ ਸਬੰਧਿਤ ਮਸਲੇ ਬਾਰੇ ਦਸਤਾਵੇਜ਼ ਇਕੱਠੇ ਕਰਦੇ ਹਨ, ਆਉਣ-ਜਾਣ ਦਾ ਤਾਲਮੇਲ ਬਿਠਾਉਂਦੇ ਹਨ, ਸਰਕਾਰੀ ਦਾਅਵਿਆਂ ਦਾ ਜਵਾਬ ਦਿੰਦੇ ਹਨ ਅਤੇ ਅਣਗੌਲੇ ਮਸਲੇ ਨੂੰ ਦੇਸ਼ ਭਰ ਵਿੱਚ ਦੇਖਣ ਅਤੇ ਵਿਚਾਰ ਕਰਨ ਜੋਗਾ ਬਣਾ ਦਿੰਦੇ ਹਨ। ਅਕਸਰ ਉਨ੍ਹਾਂ ਪਿੱਛੇ ਨਾ ਕੋਈ ਉੱਘਾ ਆਗੂ ਹੁੰਦਾ ਹੈ ਅਤੇ ਨਾ ਹੀ ਵਿਰਾਸਤ ਵਿੱਚ ਮਿਲਿਆ ਕੋਈ ਸੰਸਥਾਗਤ ਢਾਂਚਾ। ਉਨ੍ਹਾਂ ਵਿੱਚ ਤਾਜ਼ੀ ਅਤੇ ਅਸਲੀ ਊਰਜਾ ਹੁੰਦੀ ਹੈ ਪਰ ਉਸ ਨੂੰ ਸੰਭਾਲਣ ਵਾਲੀ ਵਿਵਸਥਾ ਬਹੁਤ ਨਾਜ਼ੁਕ ਹੁੰਦੀ ਹੈ। ਹੁਣ ਇਸ ਨਵੀਂ ਸਮਰੱਥਾ ਦੇ ਕੇਂਦਰ ਵਿੱਚ ਸੋਸ਼ਲ ਮੀਡੀਆ ਹੈ।

ਇੱਕ ਥਾਂ ਦਬਾ ਦਿੱਤਾ ਗਿਆ ਮਸਲਾ, ਉਸੇ ਵੇਲੇ ਦੂਜੀ ਥਾਂ ਦੇਖਿਆ ਜਾ ਸਕਦਾ ਹੈ ਅਤੇ ਪ੍ਰਭਾਵਿਤ ਲੋਕ ਕਿਸੇ ਸਥਾਪਿਤ ਜਥੇਬੰਦੀ ਵੱਲੋਂ ਉਨ੍ਹਾਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਹੀ ਇੱਕ-ਦੂਜੇ ਨੂੰ ਪਛਾਣ ਲੈਂਦੇ ਹਨ ਪਰ ਸੋਸ਼ਲ ਮੀਡੀਆ ਸਮੇਂ ਨੂੰ ਆਪਣੀ ਹੀ ਚਾਲ ਬਣਾਉਂਦਾ ਹੈ, ਜਿੱਥੇ ਹਰ ਗੱਲ ਤੁਰੰਤ ਹੋਣੀ ਚਾਹੀਦੀ ਹੈ ਅਤੇ ਧਿਆਨ ਨੂੰ ਵਿਊਜ਼, ਸ਼ੇਅਰਾਂ ਤੇ ਟਰੈਂਡਾਂ ਵਿੱਚ ਗਿਣਿਆ ਜਾਂਦਾ ਹੈ। ਜਿਹੜਾ ਮਸਲਾ ਦਿਖਾਈ ਦੇਣਾ ਬੰਦ ਹੋ ਜਾਵੇ, ਇਉਂ ਲੱਗਦਾ ਹੈ ਜਿਵੇਂ ਉਹ ਖ਼ਤਮ ਹੋ ਗਿਆ ਹੋਵੇ। ਪਰ ਉਸ ਮਸਲੇ ਨੂੰ ਜਨਮ ਦੇਣ ਵਾਲੇ ਹਾਲਾਤ ਸ਼ਾਇਦ ਹੀ ਕਦੇ ਲੋਕਾਂ ਦਾ ਧਿਆਨ ਹਟਣ ਜਿੰਨੀ ਤੇਜ਼ੀ ਨਾਲ ਬਦਲਦੇ ਹੋਣ। ਕਮਜ਼ੋਰੀ ਇਹ ਨਹੀਂ ਕਿ ਇਹ ਰੋਸ ਪ੍ਰਦਰਸ਼ਨ ਪ੍ਰੀਖਿਆਵਾਂ, ਰੁਜ਼ਗਾਰ, ਸਿੱਖਿਆ ਜਾਂ ਬੇਇਨਸਾਫ਼ੀ ਤੱਕ ਸੀਮਤ ਹਨ। ਲੋਕ ਜਨਤਕ ਜੀਵਨ 'ਚ ਉਸੇ ਮਸਲੇ ਰਾਹੀਂ ਦਾਖ਼ਲ ਹੁੰਦੇ ਹਨ, ਜਿਹੜਾ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਛੂੰਹਦਾ ਹੈ। ਕੋਈ ਵੀ ਸਰਬਸਾਂਝੀ ਚਿੰਤਾ ਜਨਮ ਤੋਂ ਹੀ ਸਰਬਸਾਂਝੀ ਨਹੀਂ ਹੁੰਦੀ; ਜਦੋਂ ਅਨੁਭਵ ਆਪਸੀ ਕੜੀਆਂ ਜੋੜਦਾ ਹੈ ਤਾਂ ਉਸ ਦਾ ਘੇਰਾ ਵਧਦਾ ਹੈ। ਬੇਇਨਸਾਫ਼ੀ ਭਰੇ ਪ੍ਰੀਖਿਆ ਪ੍ਰਬੰਧ ਖ਼ਿਲਾਫ਼ ਲੜਦਾ ਵਿਦਿਆਰਥੀ ਰੁਜ਼ਗਾਰ ਦੀ ਘਾਟ ਵਾਲੇ ਵੱਡੇ ਆਰਥਿਕ ਸੰਕਟ ਨੂੰ ਦੇਖਣਾ ਸ਼ੁਰੂ ਕਰ ਸਕਦਾ ਹੈ। ਮੁਆਵਜ਼ੇ ਤੋਂ ਵਾਂਝੇ ਰੱਖੇ ਜਾਣ ਦਾ ਵਿਰੋਧ ਕਰਦਾ ਪਿੰਡ ਸਮਝ ਸਕਦਾ ਹੈ ਕਿ ਇੱਕੋ ਪ੍ਰਸ਼ਾਸਨ ਅੱਗੇ ਵੱਖ-ਵੱਖ ਨਾਗਰਿਕਾਂ ਦੀ ਗੱਲ ਦਾ ਵਜ਼ਨ ਵੱਖਰਾ ਹੁੰਦਾ ਹੈ। ਇਹ ਵਿਸਤਾਰ

**ਹਰੀਸ਼ ਜੈਨ**

ਭਾਸ਼ਣਾਂ ਰਾਹੀਂ ਨਹੀਂ ਥੋਪਿਆ ਜਾ ਸਕਦਾ; ਇਹ ਹਿੱਸੇਦਾਰੀ, ਗੱਲਬਾਤ ਅਤੇ ਇਸ ਅਹਿਸਾਸ ਵਿੱਚੋਂ ਪੈਦਾ ਹੁੰਦਾ ਹੈ ਕਿ ਆਪਣਾ ਦੁੱਖ ਕੇਵਲ ਆਪਣਾ ਹੀ ਨਹੀਂ। ਪਰ ਜਦੋਂ ਰੋਸ ਨੂੰ ਹਰ ਵਾਰੀ ਮੁੜ ਸਿਫ਼ਰ ਤੋਂ ਸ਼ੁਰੂ ਕਰਨਾ ਪਵੇ ਤਾਂ ਇਸ ਦੇ ਕੁਦਰਤੀ ਵਾਧੇ ਵਿੱਚ ਖੜੋਤ ਆ ਜਾਂਦੀ ਹੈ। ਲੋਕਾਂ ਦੇ ਸੰਪਰਕ ਟੁੱਟ ਜਾਂਦੇ ਹਨ, ਇਕੱਤਰ ਕੀਤੇ ਦਸਤਾਵੇਜ਼ੀ ਸਬੂਤ ਗੁਆਚ ਜਾਂਦੇ ਹਨ, ਅਨੁਭਵ ਕੁਝ ਵਿਅਕਤੀਆਂ ਤੱਕ ਸਿਮਟ ਕੇ ਰਹਿ ਜਾਂਦਾ ਹੈ ਅਤੇ ਹਰ ਅਗਲਾ ਸਮੂਹ ਮੁੜ ਉਹੀ ਗ਼ਲਤੀਆਂ ਦੁਹਰਾਉਂਦਾ ਹੈ।

ਅੰਸ਼ਕ ਜਿੱਤ ਵੀ ਵਿਰੋਧ ਦਾ ਸਮੇਂ ਤੋਂ ਪਹਿਲਾਂ ਅੰਤ ਲਿਆ ਸਕਦੀ ਹੈ: ਹੁਕਮ ਵਾਪਸ ਹੋ ਗਿਆ, ਭਰੋਸਾ ਮਿਲ ਗਿਆ ਅਤੇ ਲੋਕ ਘਰਾਂ ਨੂੰ ਪਰਤ ਗਏ। ਪਿੱਛੇ ਅਜਿਹਾ ਕੁਝ ਨਹੀਂ ਰਹਿੰਦਾ ਜੋ ਦੇਖ ਸਕੇ ਕਿ ਕੀਤਾ ਵਾਅਦਾ ਨਿਭਾਇਆ ਗਿਆ ਹੈ ਜਾਂ ਨਹੀਂ ਜਾਂ ਇਸੇ ਤਰ੍ਹਾਂ ਮੁਸ਼ਕਿਲ ਵਿੱਚ ਫਸੇ ਕਿਸੇ ਹੋਰ ਜਨ ਸਮੂਹ ਦੀ ਮਦਦ ਕਰ ਸਕੇ। ਹਾਰ ਦੇ ਝੰਬੇ ਲੋਕ ਖਿੰਡ ਜਾਂਦੇ ਹਨ; ਜਿੱਤਣ ਵਾਲੇ ਸੰਤੁਸ਼ਟੀ ਰਾਹੀਂ ਖਿੱਲਰ ਜਾਂਦੇ ਹਨ। ਦੋਵੇਂ ਹਾਲਾਤ ਵਿੱਚ ਜਨਤਕ ਯਾਦ ਬਹੁਤ ਛੋਟੀ ਸਾਬਿਤ ਹੁੰਦੀ ਹੈ। ਪਹਿਲਾਂ ਸਿਆਸੀ ਪਾਰਟੀਆਂ ਇਸ ਊਰਜਾ ਦਾ ਵੱਡਾ ਹਿੱਸਾ ਆਪਣੇ ਅੰਦਰ ਸਮਾ ਲੈਂਦੀਆਂ ਸਨ। ਭਾਵੇਂ ਇਹ ਬਰਾਬਰੀ ਦੀਆਂ ਸ਼ਰਤਾਂ 'ਤੇ ਨਹੀਂ ਸੀ ਹੁੰਦਾ। ਉਨ੍ਹਾਂ ਕੋਲ ਦਫ਼ਤਰ, ਕਾਰਕੁਨ, ਮੀਟਿੰਗਾਂ ਅਤੇ ਉਹ ਰਸਤੇ ਹੁੰਦੇ ਹਨ, ਜਿਨ੍ਹਾਂ ਰਾਹੀਂ ਸਥਾਨਕ ਰੋਹ ਕਿਸੇ ਵੱਡੀ ਸਿਆਸੀ ਬਹਿਸ ਵਿੱਚ ਦਾਖ਼ਲ ਹੋ ਸਕਦਾ ਸੀ। ਨੌਜਵਾਨਾਂ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦੀ ਘਟੀ ਅਤੇ ਲਗਾਤਾਰ ਘਟ ਰਹੀ ਭਰੋਸੇਯੋਗਤਾ ਨੇ ਸਿਆਸੀ ਪਾਰਟੀਆਂ ਦੀ ਲੋੜ ਨੂੰ ਖ਼ਤਮ ਨਹੀਂ ਕੀਤਾ ਪਰ ਇਸ ਨੇ ਸਿਰਫ਼ ਇਸ ਸਵਾਲ ਨੂੰ ਅਣਸੁਲਝਿਆ ਛੱਡ ਦਿੱਤਾ ਹੈ। ਸਥਾਪਿਤ ਲੀਡਰਸ਼ਿਪ ਉੱਤੇ ਬੇਭਰੋਸਗੀ ਵਾਜਬ ਹੋ ਸਕਦੀ ਹੈ ਪਰ ਆਗੂ ਰਹਿਤ ਹੋਣਾ ਆਪਣੇ ਆਪ ਵਿੱਚ ਜ਼ਿੰਮੇਵਾਰੀ, ਗੱਲਬਾਤ, ਨੁਮਾਇੰਦਗੀ ਜਾਂ ਇਕੱਠੇ ਹੋਏ ਪੈਸੇ ਦੀ ਵਰਤੋਂ ਅਤੇ ਸੰਭਾਲ ਵਰਗੇ ਸਵਾਲਾਂ ਦਾ ਜਵਾਬ ਨਹੀਂ ਦਿੰਦਾ। ਗ਼ੈਰ-ਰਸਮੀ ਢੰਗ ਰੋਸ ਨੂੰ ਕਿਸੇ ਵੀ ਕਬਜ਼ੇ ਵਿੱਚ ਜਾਣ ਤੋਂ ਬਚਾਉਂਦੇ ਹਨ ਪਰ ਫ਼ੈਸਲੇ ਕੁਝ ਅਣਦਿਸਦੇ ਲੋਕਾਂ ਦੇ ਹੱਥ ਛੱਡੇ ਜਾਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ।

ਇੱਥੇ ਭਗਤ ਸਿੰਘ ਦੇ ਆਖ਼ਰੀ ਦੌਰ ਦੇ ਸਿਆਸੀ ਵਿਚਾਰ ਸਹਿਜੇ ਹੀ ਬਹਿਸ ਵਿੱਚ ਆ ਜਾਂਦੇ ਹਨ। ਜੇਲ੍ਹ ਦੇ ਆਖ਼ਰੀ ਸਮਿਆਂ ਵਿੱਚ ਲਿਖੇ 'ਸਾਡਾ ਮੌਕਾ' ਅਤੇ ਨੌਜਵਾਨੀ ਰਾਜਸੀ ਕਾਰਕੁਨਾਂ ਦੇ ਨਾਂ' ਲੇਖਾਂ ਵਿੱਚ, ਨਾਟਕੀ ਕਾਰਵਾਈ ਲਈ ਯਾਦ ਕੀਤਾ ਜਾਂਦਾ ਭਗਤ ਸਿੰਘ ਆਪਣਾ ਧਿਆਨ ਇੱਕ ਇਤਿਹਾਸਕ ਮੌਕੇ ਅਤੇ ਦੂਜੇ ਮੌਕੇ ਵਿਚਕਾਰ ਫੈਲੇ ਲੰਮੇ ਅੰਤਰਾਲ ਵੱਲ ਮੋੜਦਾ ਹੈ। ਉਹ ਇਕੱਲਿਆਂ ਕੀਤੀਆਂ ਕਾਰਵਾਈਆਂ ਬਾਰੇ ਆਪਣਾ ਸ਼ੱਕ ਪ੍ਰਗਟ ਕਰਦਾ ਹੈ, ਤਿਆਰੀ ਤੋਂ ਸੱਖਣੀ ਕੀਤੀ ਬਿਆਨਬਾਜ਼ੀ ਸੁਣ ਕੇ ਬੇਚੈਨ ਹੋ ਜਾਂਦਾ ਹੈ ਅਤੇ ਜਾਣਦਾ ਹੈ ਕਿ ਸੰਜੀਦਾ ਤਬਦੀਲੀ ਨੂੰ ਦਹਾਕੇ ਲੱਗ ਸਕਦੇ ਹਨ। ਇੱਥੇ ਸ਼ਹਾਦਤ ਦੀ ਸ਼ਾਨ ਵਿੱਚ ਘੱਟ ਲੰਮੇ ਸਮੇਂ ਲਈ ਲਾਹੇਵੰਦ ਬਣੇ ਰਹਿਣ ਦੇ ਔਖੇ ਫ਼ੈਸਲੇ 'ਤੇ ਜ਼ੋਰ ਹੈ।

ਭਗਤ ਸਿੰਘ ਨੇ ਜਿਹੜੇ ਜਥੇਬੰਦਕ ਰੂਪ ਸੋਚੇ ਸਨ, ਉਹ ਬਸਤੀਵਾਦੀ ਹਾਲਾਤ ਨਾਲ ਸਬੰਧਿਤ ਸਨ ਅਤੇ ਉਨ੍ਹਾਂ ਨੂੰ ਅੱਜ ਦੇ ਸਮੇਂ ਵਿੱਚ ਜਿਉਂ ਦਾ ਤਿਉਂ ਨਹੀਂ ਲਿਆਂਦਾ ਜਾ ਸਕਦਾ। ਉਸ ਦਾ ਇਹ ਮੰਨਣਾ ਬਹੁਤ ਮਹੱਤਵਪੂਰਨ ਸੀ ਕਿ ਹਾਲਾਤ ਦੇ ਅਨੁਕੂਲ ਹੋਣ ਨਾਲ ਹੀ ਕੋਈ ਮੌਕਾ ਆਪਣੇ ਆਪ ਪੈਦਾ ਨਹੀਂ ਹੋ ਜਾਂਦਾ। ਸੰਕਟ ਕਿਸੇ ਵਿਵਸਥਾ ਦੀ ਕਮਜ਼ੋਰੀ ਨੂੰ ਨੰਗਾ ਕਰ ਸਕਦਾ ਹੈ ਪਰੰਤੂ ਪਹਿਲਾਂ ਤੋਂ ਇਕੱਤਰ ਹੋਈ ਸਮਝ ਅਤੇ ਮਨੁੱਖੀ ਸਾਂਝ ਹੀ ਉਸ ਖੁੱਲ੍ਹੇ ਮੌਕੇ ਨੂੰ ਵਰਤ ਸਕਦੀ ਹੈ। ਨਹੀਂ ਤਾਂ ਉਹ ਪਲ ਲੰਘ ਜਾਂਦਾ ਹੈ ਅਤੇ ਆਪਣੇ ਪਿੱਛੇ ਪ੍ਰਸ਼ੰਸਾ, ਕੁਰੱਤਣ ਜਾਂ ਯਾਦ ਮਨਾਉਣ ਦੀ ਇੱਕ ਹੋਰ ਤਾਰੀਕ ਛੱਡ ਜਾਂਦਾ ਹੈ ਪਰੰਤੂ ਇਸ ਦੌਰ ਵਿੱਚੋਂ ਲੰਘੇ ਲੋਕਾਂ ਦੀ ਸਮਰੱਥਾ ਵਿੱਚ ਨਿਗੂਣਾ ਵਾਧਾ ਹੀ ਹੁੰਦਾ ਹੈ। ਅੱਜ ਦੇ ਸੰਘਰਸ਼ਾਂ ਦੇ ਸਾਹਮਣੇ ਇਹ ਮੁਸ਼ਕਿਲ ਵੀ ਹੈ ਕਿ ਉਹ ਆਪਣੇ ਨੈਤਿਕ ਜੋਸ਼ ਨੂੰ ਬਚਾਈ ਰੱਖਦਿਆਂ ਆਪਣੇ ਹੀ ਘੇਰੇ ਵਿੱਚ ਬੰਦ ਹੋਣ ਤੋਂ ਕਿਵੇਂ ਬਚਣ? ਪੁਰਾਣੀਆਂ ਜਥੇਬੰਦੀਆਂ ਨੇ ਇਸ ਦਾ ਸਾਹਮਣਾ ਹੋਰ ਰੂਪ ਵਿੱਚ ਕੀਤਾ ਸੀ। ਕਿਸੇ ਇੱਕ ਸ਼ਿਕਾਇਤ ਨੂੰ ਲੈ ਕੇ ਬਣਿਆ ਕੋਈ ਵੀ ਸਮੂਹ ਛੇਤੀ ਹੀ ਹਰ ਬਾਹਰਲੇ ਵਿਅਕਤੀ ਨੂੰ ਉਨ੍ਹਾਂ ਦੀ ਤਕਲੀਫ਼ ਤੋਂ ਬੇਪਰਵਾਹ ਜਾਂ ਵਿਰੋਧੀ ਸਮਝਣ ਲੱਗ ਸਕਦਾ ਹੈ। ਸੋਸ਼ਲ ਮੀਡੀਆ ਅਜਿਹੀ ਹੱਦਬੰਦੀ ਨੂੰ ਹੋਰ ਡੂੰਘਾ ਕਰਦਾ ਹੈ ਕਿਉਂਕਿ ਜਦੋਂ ਸੰਸਾਰ ਨੂੰ ਤੁਹਾਡੇ ਨਾਲ ਖੜ੍ਹੇ ਖ਼ਰੇ ਅਤੇ ਸਮਝੌਤੇ ਕਰ ਚੁੱਕੇ ਖੋਟੇ ਲੋਕਾਂ ਵਿੱਚ ਸਾਫ਼ ਵੰਡ ਦਿੱਤਾ ਜਾਂਦਾ ਹੈ ਤਾਂ ਰੋਹ ਹੋਰ ਤੇਜ਼ੀ ਨਾਲ ਫੈਲਦਾ ਹੈ।

ਪਰੰਤੂ ਲੰਮਾ ਸਮਾਂ ਚੱਲਣ ਵਾਲੀ ਜਨਤਕ ਸਰਗਰਮੀ ਲਈ ਉਨ੍ਹਾਂ ਲੋਕਾਂ ਨਾਲ ਵੀ ਵਾਹ ਪਾਉਣਾ ਪੈਂਦਾ ਹੈ, ਜਿਹੜੇ ਤੁਹਾਡੀ ਸ਼ਬਦਾਵਲੀ ਨਹੀਂ ਵਰਤਦੇ, ਤੁਹਾਡੇ ਨਾਲ ਇਤਿਹਾਸ ਦੀ ਸਾਂਝ ਨਹੀਂ ਦਰਸਾਉਂਦੇ ਜਾਂ ਹਰ ਸਵਾਲ ਉੱਤੇ ਤੁਹਾਡੇ ਨਾਲ ਸਹਿਮਤ ਨਹੀਂ ਹੁੰਦੇ। ਸੰਘਰਸ਼ ਨੂੰ ਵਿਸ਼ਵਾਸਘਾਤ ਅਤੇ ਅਸਹਿਮਤੀ ਵਿਚਕਾਰ ਫ਼ਰਕ ਕਰਨਾ ਸਿੱਖਣਾ ਪੈਂਦਾ ਹੈ। ਇਸ ਦੇ ਉਲਟ ਵਰਤਾਰਾ ਵੀ ਓਨਾ ਹੀ ਗੰਭੀਰ ਹੈ। ਮਾਨਤਾ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਕੋਈ ਵੀ ਸੰਘਰਸ਼ ਆਪਣੇ ਆਪ ਨੂੰ ਬੇਅਸਰ ਅਪੀਲ ਤੱਕ ਸੀਮਤ ਕਰ ਸਕਦਾ ਹੈ। ਇੰਝ ਉਹ ਉਨ੍ਹਾਂ ਡੂੰਘੀਆਂ ਵਿਵਸਥਾਵਾਂ ਦਾ ਮੁਕਾਬਲਾ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ, ਜਿਹੜੀਆਂ ਵਾਰ-ਵਾਰ ਉਹ ਹੀ ਸ਼ਿਕਾਇਤਾਂ ਪੈਦਾ ਕਰਦੀਆਂ ਹਨ। ਚੁਣੌਤੀ ਤਾਂ ਤਤਕਾਲ ਬੇਇਨਸਾਫ਼ੀ ਦੀ ਜੜ੍ਹ ਨਾਲ ਜੁੜੇ ਰਹਿੰਦਿਆਂ ਖੋਜ ਨੂੰ ਉਸ ਤੋਂ ਅਗਾਂਹ ਲਿਜਾਣ ਦੀ ਹੈ।

ਪਰ ਮੌਕੇ ਇੰਨੇ ਘੱਟ ਕਿਉਂ ਹਨ ਕਿ ਹਰ ਭਰਤੀ ਪ੍ਰੀਖਿਆ ਸੰਘਰਸ਼ ਦਾ ਅਖਾੜਾ ਬਣ ਜਾਂਦੀ ਹੈ? ਸਿੱਖਿਆ ਤੱਕ ਪਹੁੰਚ ਵਿੱਚ ਇੰਨੀ ਅਸਮਾਨਤਾ ਕਿਉਂ ਹੈ? ਨਾਗਰਿਕਾਂ ਨੂੰ ਆਮ ਪ੍ਰਸ਼ਾਸਕੀ ਕਾਰਵਾਈ ਕਰਵਾਉਣ ਲਈ ਵਾਰ-ਵਾਰ ਜਨਤਕ ਦਬਾਅ ਕਿਉਂ ਬਣਾਉਣਾ ਪੈਂਦਾ ਹੈ? ਜੇ ਰੋਸ ਨੂੰ ਨਾਅਰੇਬਾਜ਼ੀ ਤੋਂ ਬਾਅਦ ਸੋਚ-ਵਿਚਾਰ ਦਾ ਅਵਸਰ ਮਿਲੇ ਤਾਂ ਅਜਿਹੇ ਸਵਾਲ ਆਪਣੇ-ਆਪ ਸੁਭਾਵਿਕ ਤੌਰ 'ਤੇ ਉਭਰਦੇ ਹਨ। ਸ਼ਾਇਦ ਇਹੀ ਅੱਜ ਦੇ ਜ਼ਿਆਦਾਤਰ ਸੰਘਰਸ਼ਾਂ ਦੀ ਗੁੰਮ ਹੋਈ ਜ਼ਿੰਦਗੀ ਦੀ ਦਾਸਤਾਨ ਹੈ। ਅਸਲ ਵਿੱਚ ਸਾਨੂੰ ਕਿਸੇ ਹੋਰ ਸੰਸਥਾਤਮਕ ਦਫ਼ਤਰ ਜਾਂ ਅਹੁਦੇਦਾਰਾਂ ਦੀ ਨਵੀਂ ਕਤਾਰ ਦੀ ਲੋੜ ਨਹੀਂ ਹੁੰਦੀ। ਕਿਸੇ ਅਜਿਹੇ ਥਾਂ ਦੀ ਜ਼ਰੂਰ ਲੋੜ ਹੈ, ਜਿੱਥੇ ਅਨੁਭਵ ਮੁੜ ਪਰਤ ਸਕੇ, ਜਿੱਥੇ ਸੰਘਰਸ਼ਾਂ ਨਾਲ ਜੁੜੇ ਦਸਤਾਵੇਜ਼, ਤਸਵੀਰਾਂ, ਫਿਲਮਾਂ, ਵੀਡੀਓਜ਼ ਸੰਭਾਲੇ ਜਾ ਸਕਣ, ਜਿੱਥੇ ਸਰਕਾਰੀ ਵਾਅਦਿਆਂ ਦੀ ਪੈੜ ਰੱਖੀ ਜਾ ਸਕੇ। ਮਤਭੇਦਾਂ ਨੂੰ ਇਮਾਨਦਾਰੀ ਨਾਲ ਯਾਦ ਕੀਤਾ ਜਾਵੇ ਅਤੇ ਸੰਘਰਸ਼ ਦੌਰਾਨ ਬਣੇ ਸਬੰਧਾਂ ਨੂੰ ਜਿਉਂਦਾ ਰੱਖਿਆ ਜਾਵੇ। ਭਾਵੇਂ ਅਜਿਹੇ ਸੰਸਥਾਤਮਕ ਟਿਕਾਣਿਆਂ ਦੀ ਗ਼ੈਰਹਾਜ਼ਰੀ ਵੀ ਹੋਵੇ ਤਾਂ ਵੀ ਹਰ ਪ੍ਰਦਰਸ਼ਨ ਆਪਣੀ ਥਾਂ 'ਤੇ ਵੱਡਾ ਅਤੇ ਕਾਮਯਾਬ ਹੋ ਸਕਦਾ ਹੈ ਪਰ ਸਮਾਜ ਉਸ ਦੀ ਕਾਮਯਾਬੀ ਤੋਂ ਓਨਾ ਨਹੀਂ ਸਿੱਖ ਪਾਉਂਦਾ, ਜਿੰਨਾ ਉਸ ਲਈ ਸਿੱਖਣਾ ਸੰਭਵ ਸੀ। ਭਗਤ ਸਿੰਘ ਇੱਥੇ ਇਸ ਲਈ ਪ੍ਰਸੰਗਿਕ ਨਹੀਂ ਕਿ ਹਰ ਪੀੜ੍ਹੀ ਉਸ ਦੇ ਨਤੀਜਿਆਂ ਨੂੰ ਦੁਹਰਾਵੇ ਜਾਂ ਆਪਣੇ ਰੋਹ ਨੂੰ ਕੋਈ ਵੀਰਤਾਪੂਰਨ ਵਿਰਸਾ ਦੇਣ ਲਈ ਉਸ ਦਾ ਨਾਂ ਲਵੇ ਸਗੋਂ ਇਸ ਲਈ ਕਿ ਉਸ ਨੇ ਕਦੇ ਕਿਸੇ ਝੰਜੋੜ ਦੇਣ ਵਾਲੇ ਪਲ ਨੂੰ ਤਬਦੀਲੀ ਦੇ ਬਰਾਬਰ ਨਹੀਂ ਮੰਨਿਆ, ਜਿਸ ਦਾ ਉਹ ਪਲ ਸੰਕੇਤ ਦਿੰਦਾ ਸੀ। ਉਸ ਦੀ ਆਪਣੀ ਇਨਕਲਾਬੀ ਜ਼ਿੰਦਗੀ ਐਕਸ਼ਨ ਅਤੇ ਕੁਰਬਾਨੀ ਦੀ ਤਾਕਤ ਦਿਖਾ ਚੁੱਕੀ ਸੀ; ਪਰ ਆਪਣੀਆਂ ਲਿਖਤਾਂ ਵਿੱਚ ਉਹ ਵਧੇਰੇ ਜ਼ੋਰ ਅਧਿਐਨ ਕਰਨ, ਰਾਜਨੀਤਕ ਸਿੱਖਿਆ, ਜਥੇਬੰਦੀ ਅਤੇ ਲੋਕਾਂ ਨਾਲ ਜੁੜੇ ਰਹਿਣ ਦੇ ਸਬਰ ਭਰੇ ਕੰਮ ਵੱਲ ਦਿੰਦਾ ਹੈ। ਉਸ ਦੀ ਸਮਝ ਵਿਚਲਾ ਹੌਸਲਾ ਮੁਜ਼ਾਹਰੇ ਦੇ ਮੁੱਕ ਜਾਣ ਨਾਲ ਆਪਣੀ ਤਾਕਤ ਨਹੀਂ ਗੁਆਉਂਦਾ।

ਜੋ ਕੁਝ ਸਿੱਖਿਆ, ਸਾਂਭਿਆ ਅਤੇ ਅੱਗੇ ਲਿਜਾਇਆ ਗਿਆ ਹੋਵੇ, ਉਸ ਰਾਹੀਂ ਉਸ ਨੂੰ ਦਿਸ਼ਾ ਮਿਲਦੀ ਹੈ। ਅਸੀਂ ਅਜੋਕੇ ਵਿਰੋਧ ਨੂੰ ਵੀ ਇਸੇ ਨਜ਼ਰੀਏ ਤੋਂ ਦੇਖਦੇ ਹਾਂ। ਨੌਜਵਾਨਾਂ ਨੂੰ ਕਿਸੇ ਉਧਾਰੇ ਲਏ ਵੱਡੇ ਪ੍ਰੋਗਰਾਮ ਦੀ ਖ਼ਾਤਰ ਆਪਣੀ ਫੌਰੀ ਸਮੱਸਿਆ ਛੱਡਣ ਦੀ ਲੋੜ ਨਹੀਂ ਪਰ ਹਰ ਉਭਾਰ ਨੂੰ ਆਪਣੇ ਆਪ ਵਿੱਚ ਸੰਪੂਰਨ ਵੀ ਨਹੀਂ ਮੰਨਿਆ ਜਾ ਸਕਦਾ। ਉਸ ਦੀ ਡੂੰਘੀ ਸਾਰਥਿਕਤਾ ਇਸ ਗੱਲ ਵਿੱਚ ਹੈ ਕਿ ਕੀ ਉਹ ਸਮਝ ਦਾ ਘੇਰਾ ਵਧਾਉਂਦਾ ਹੈ, ਨਵੇਂ ਰਿਸ਼ਤਿਆਂ ਨੂੰ ਸਾਂਭਦਾ ਹੈ ਅਤੇ ਅਗਲੀ ਬੇਇਨਸਾਫ਼ੀ ਦਾ ਸਾਹਮਣਾ ਕਰਨ ਲਈ ਸਮਾਜ ਨੂੰ ਪਹਿਲਾਂ ਨਾਲੋਂ ਵਧੇਰੇ ਤਿਆਰ ਕਰਦਾ ਹੈ। ਭੀੜ, ਨਾਅਰੇ ਅਤੇ ਤਸਵੀਰ ਦੀ ਆਪਣੀ ਤਾਕਤ ਹੁੰਦੀ ਹੈ। ਔਖਾ ਸਵਾਲ ਉਨ੍ਹਾਂ ਦੇ ਲੰਘ ਜਾਣ ਮਗਰੋਂ ਸ਼ੁਰੂ ਹੁੰਦਾ ਹੈ। ਜੇ ਥੋੜ੍ਹੇ ਸਮੇਂ ਲਈ ਇੱਕ-ਦੂਜੇ ਨੂੰ ਲੱਭ ਲੈਣ ਵਾਲੇ ਲੋਕ ਉਸ ਮਿਲਾਪ ਵਿੱਚੋਂ ਕੁਝ ਸਾਂਭ ਸਕਣ ਤਾਂ ਵਿਰੋਧ ਪ੍ਰਦਰਸ਼ਨ ਜਨ-ਜੀਵਨ ਵਿੱਚ ਪਿਆ ਇੱਕ ਵਿਘਨ ਮਾਤਰ ਨਹੀਂ ਰਹੇਗਾ ਸਗੋਂ ਇਹ ਉਨ੍ਹਾਂ ਰਾਹਾਂ ਵਿੱਚੋਂ ਇੱਕ ਬਣ ਸਕਦਾ ਹੈ, ਜਿਨ੍ਹਾਂ ਰਾਹੀਂ ਜਨ-ਜੀਵਨ ਹੌਲੀ-ਹੌਲੀ ਆਪਣੇ ਆਪ ਨੂੰ ਘੜਦਾ ਹੈ।

# ਦੇਸ਼ ਵਿੱਚ ਕੋਲੇ ਦਾ ਸੰਕਟ

ਭਾਰਤ ਦਾ ਬਿਜਲੀ ਖੇਤਰ ਇਸ ਸਮੇਂ ਇੱਕ ਅਜਿਹੇ ਵਿਰੋਧਾਭਾਸ ਨਾਲ ਜੂਝ ਰਿਹਾ ਹੈ, ਜੋ ਇਸ ਦੇ ਊਰਜਾ ਭਵਿੱਖ ਨੂੰ ਤੈਅ ਕਰੇਗਾ। ਦੇਸ਼ ਤੇਜ਼ੀ ਨਾਲ ਸਾਫ਼-ਸੁਥਰੀ (ਗ੍ਰੀਨ) ਊਰਜਾ ਵੱਲ ਵਧ ਰਿਹਾ ਹੈ, ਪਰ ਫਿਰ ਵੀ ਬਿਜਲੀ ਦੀ ਮੰਗ ਅਚਾਨਕ ਵਧ ਜਾਣ ਅਤੇ ਸੂਰਜੀ ਜਾਂ ਪੌਣ ਊਰਜਾ ਘਟ ਜਾਣ ਦੀ ਸੂਰਤ 'ਚ ਕੋਲੇ ਨਾਲ ਪੈਦਾ ਹੁੰਦੀ ਬਿਜਲੀ ਹੀ ਮੁੱਖ ਸਹਾਰਾ ਬਣਦੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ 19 ਸਤੰਬਰ ਤੱਕ 74 ਥਰਮਲ ਪਲਾਂਟਾਂ ਕੋਲ ਕੋਲੇ ਦਾ ਭੰਡਾਰ ਬਹੁਤ ਘੱਟ ਰਹਿ ਗਿਆ ਸੀ ਜਦੋਂਕਿ ਇੱਕ ਹਫ਼ਤਾ ਪਹਿਲਾਂ ਅਜਿਹੇ ਪਲਾਂਟਾਂ ਦੀ ਗਿਣਤੀ ਲਗਪਗ 60 ਸੀ। ਬਿਜਲੀ ਦੀ ਸਿਖਰਲੀ ਮੰਗ ਲਗਾਤਾਰ 230 ਤੋਂ 250 ਗੀਗਾਵਾਟ ਦੇ ਵਿਚਕਾਰ ਬਣੀ ਹੋਈ ਹੈ, ਜੋ ਕਿ ਮਈ ਵਿੱਚ ਰਿਕਾਰਡ 270.70 ਗੀਗਾਵਾਟ ਤੱਕ ਪਹੁੰਚ ਗਈ ਸੀ।

ਬੇਮੌਸਮੀ ਮੌਨਸੂਨ ਦੀਆਂ ਬਾਰਸ਼ਾਂ ਨੇ ਕੋਲੇ ਦੀ ਢੋਆ-ਢੁਆਈ ਨੂੰ ਪ੍ਰਭਾਵਿਤ ਕੀਤਾ ਹੈ ਜਦੋਂਕਿ ਗਰਮੀ ਵਧਣ ਕਾਰਨ ਬਿਜਲੀ ਦੀ ਖਪਤ ਵੀ ਵਧ ਗਈ ਹੈ। ਇਸ ਦੇ ਨਤੀਜੇ ਵਜੋਂ ਬਿਜਲੀ ਸਪਲਾਈ ਕਰਨ ਵਾਲੀਆਂ ਕੰਪਨੀਆਂ ਨੇ ਕੋਲੇ ਦੀ ਦਰਾਮਦ ਵਧਾ ਦਿੱਤੀ ਹੈ, ਜੋ ਅਗਸਤ ਵਿੱਚ ਪਿਛਲੇ 15 ਮਹੀਨਿਆਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਸੀ। ਅਸਲ ਸਮੱਸਿਆ ਕੋਲੇ ਦੀ ਬੁਨਿਆਦੀ ਘਾਟ ਨਾਲੋਂ ਪ੍ਰਬੰਧਕੀ ਜਾਂ ਢੋਆ-ਢੁਆਈ ਦੀਆਂ ਮੁਸ਼ਕਿਲਾਂ ਕਾਰਨ ਪੈਦਾ ਹੁੰਦੀ ਜਾਪਦੀ ਹੈ, ਪਰ ਇਸ ਫ਼ਰਕ ਕਾਰਨ ਸਾਡੀ ਵੱਡੀ ਕਮਜ਼ੋਰੀ ਅੱਖੋਂ ਪਰੋਖੇ ਨਹੀਂ ਹੋਣੀ ਚਾਹੀਦੀ।



ਜਿਹੜਾ ਬਿਜਲੀ ਢਾਂਚਾ ਬਹੁਤ ਜ਼ਿਆਦਾ ਕੋਲੇ ਉੱਤੇ ਨਿਰਭਰ ਕਰਦਾ ਹੈ, ਉਹ ਖਣਨ, ਰੇਲ ਆਵਾਜਾਈ, ਮੌਸਮ ਅਤੇ ਕੌਮਾਂਤਰੀ ਬਾਲਣ ਬਾਜ਼ਾਰ ਵਿੱਚ ਆਉਣ ਵਾਲੇ ਹਰੇਕ ਵਿਘਨ ਦੀ ਲਪੇਟ ਵਿੱਚ ਆਸਾਨੀ ਨਾਲ ਆ ਜਾਂਦਾ ਹੈ। ਸੰਭਾਵੀ ਦੂਰਗਾਮੀ ਪ੍ਰਭਾਵ ਪਾ ਸਕਣ ਵਾਲੇ ਵਿਕਾਸ ਸਬੰਧੀ 'ਸੈਂਟਰ ਫੌਰ ਰਿਸਰਚ ਔਨ ਐਨਰਜੀ ਐਂਡ ਕਲੀਨ ਏਅਰ' (ਸੀ ਆਰ ਈ ਏ) ਦੇ ਇੱਕ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਭਾਰਤ ਵਿੱਚ ਕੋਲੇ ਤੋਂ ਬਿਜਲੀ ਉਤਪਾਦਨ ਵਿੱਚ ਕੋਈ ਵਾਧਾ ਨਹੀਂ ਹੋਇਆ। ਹਾਲਾਂਕਿ ਇਸ ਦੌਰਾਨ ਬਿਜਲੀ ਦੀ ਮੰਗ 7 ਫ਼ੀਸਦੀ ਵਧ ਗਈ ਸੀ। ਸੂਰਜੀ, ਪੌਣ, ਜਲ-ਬਿਜਲੀ ਅਤੇ ਪਰਮਾਣੂ ਊਰਜਾ ਨੇ ਇਸ ਵਧੀ ਹੋਈ ਮੰਗ ਨੂੰ ਪੂਰਾ ਕਰਨ ਲਈ ਲੋੜੀਂਦੀ ਬਿਜਲੀ ਮੁਹੱਈਆ ਕਰਵਾਈ ਹੈ। ਨਵਿਆਉਣਯੋਗ ਊਰਜਾ ਸਮਰੱਥਾ ਦੇ ਨਾਲ-ਨਾਲ ਮਜ਼ਬੂਤ ਟਰਾਂਸਮਿਸ਼ਨ ਨੈੱਟਵਰਕ (ਬਿਜਲੀ ਸਪਲਾਈ ਲਾਈਨਾਂ), ਕਾਫ਼ੀ ਵੱਡੇ ਪੱਧਰ 'ਤੇ ਊਰਜਾ ਭੰਡਾਰਨ ਅਤੇ ਇੱਕ ਵਧੇਰੇ ਲਚਕਦਾਰ ਬਿਜਲੀ ਪ੍ਰਣਾਲੀ ਹੋਣੀ ਲਾਜ਼ਮੀ ਹੈ। ਭਾਰਤ ਦੀ ਊਰਜਾ ਨੀਤੀ ਨੂੰ ਹੁਣ ਇੱਕੋ ਸਮੇਂ ਦੋ ਕੰਮ ਕਰਨੇ ਪੈਣਗੇ: ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਾ ਅਤੇ ਨਾਲ ਹੀ ਅਜਿਹਾ ਬੁਨਿਆਦੀ ਢਾਂਚਾ ਤਿਆਰ ਕਰਨਾ ਜੋ ਭਵਿੱਖ ਵਿੱਚ ਕੋਲੇ 'ਤੇ ਨਿਰਭਰਤਾ ਘਟਾ ਸਕੇ। ਥੋੜ੍ਹੇ ਸਮੇਂ ਲਈ ਬਾਲਣ (ਕੋਲੇ) ਦਾ ਲੋੜੀਂਦਾ ਭੰਡਾਰ ਰੱਖਣਾ ਜ਼ਰੂਰੀ ਹੋ ਸਕਦਾ ਹੈ, ਪਰ ਇਸ ਦਾ ਸਥਾਈ ਹੱਲ ਇਸ ਵਿੱਚ ਹੈ ਕਿ ਸਾਫ਼-ਸੁਥਰੀ (ਗ੍ਰੀਨ) ਬਿਜਲੀ ਨੂੰ ਦੇਸ਼ ਦੀ ਵਧ ਰਹੀ ਮੰਗ ਦਾ ਵੱਡਾ ਹਿੱਸਾ ਪੂਰਾ ਕਰਨ ਦੇ ਯੋਗ ਬਣਾਇਆ ਜਾਵੇ।

# ਖੇਡਾਂ ਦੇ ਮੈਦਾਨ ਵੱਲ ਪੰਜਾਬ ਦੇ ਕਦਮ



ਯੋਧਿਆਂ ਅਤੇ ਸੂਰਮਿਆਂ ਦੀ ਧਰਤੀ ਹੋਣ ਨਾਤੇ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਖੇਡਾਂ ਮੇਰੇ ਅਤੇ ਪੰਜਾਬ ਲਈ ਕੀ ਮਾਅਨੇ ਰੱਖਦੀਆਂ ਹਨ। ਅਸੀਂ ਅਜਿਹਾ ਸੂਬਾ ਹਾਂ ਜਿੱਥੇ ਕਿਰਤੀ ਕਿਸਾਨ ਅਤੇ ਸੂਰਮੇ ਬਰਾਬਰ ਵੱਸਦੇ ਹਨ। ਮਿਹਨਤ ਅਤੇ ਪਸੀਨਾ ਸਾਡੀ ਖੇਤੀ ਅਤੇ ਖੇਡਾਂ ਦੋਵਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਡੇ ਸੁਭਾਅ ਦਾ ਹੀ ਇੱਕ ਵਿਸਥਾਰ ਹੈ। ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨਾ ਮੁੱਖ ਮੰਤਰੀ ਵਜੋਂ ਮੇਰੇ ਮੋਹਰੀ ਕੰਮਾਂ ਵਿੱਚੋਂ ਇੱਕ ਸੀ। ਇਹੀ ਮੁੱਖ ਕਾਰਨ ਸੀ ਕਿ ਮੈਂ ਖੇਡ ਮਹਿਕਮਾ ਖ਼ੁਦ ਆਪਣੇ ਕੋਲ (ਮੁੱਖ ਮੰਤਰੀ ਦਫ਼ਤਰ ਅਧੀਨ) ਰੱਖਣ ਦਾ ਫ਼ੈਸਲਾ ਕੀਤਾ। ਇਸ ਖੇਤਰ ਵਿੱਚ ਸਾਡੇ ਕੋਲ ਮਾਣ ਕਰਨ ਲਈ ਬਹੁਤ ਕੁਝ ਹੈ।

ਭਾਰਤ ਦੀ ਓਲੰਪਿਕ ਤਗ਼ਮਾ ਸੂਚੀ ਵਿੱਚ ਪੰਜਾਬ ਦਾ ਯੋਗਦਾਨ ਹੋਰ ਵਧਾਉਣ ਦੀਆਂ ਸਾਡੀਆਂ ਯੋਜਨਾਵਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਮੁਹਾਲੀ, ਪਟਿਆਲਾ ਅਤੇ ਬਠਿੰਡਾ ਦੇ ਵਸਨੀਕਾਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਲਗਾਤਾਰ ਮੈਰਾਥਨ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈ ਰਹੇ ਹਨ। ਬਠਿੰਡਾ ਵਿਖੇ ਹੋਈ ਆਖ਼ਰੀ ਦੌੜ ਵਿੱਚ ਵੱਖ-ਵੱਖ ਉਮਰ ਵਰਗਾਂ ਦੇ 20,000 ਤੋਂ ਵੱਧ ਦੌੜਾਕਾਂ ਨੇ ਸ਼ਿਰਕਤ ਕਰਕੇ ਆਪਣੇ ਸ਼ਹਿਰ ਅਤੇ ਸੂਬੇ ਦਾ ਨਾਂ ਰੌਸ਼ਨ ਕੀਤਾ। ਆਉਣ ਵਾਲੇ ਮਹੀਨਿਆਂ ਵਿੱਚ ਸੂਬੇ ਭਰ ਵਿੱਚ ਅਜਿਹੀਆਂ ਹੋਰ ਮੈਰਾਥਨ ਕਰਵਾਈਆਂ ਜਾਣਗੀਆਂ।

ਖੇਡ ਸੱਭਿਆਚਾਰ ਦੀ ਅਸਲ ਸ਼ੁਰੂਆਤ ਪਿੰਡਾਂ ਵਿੱਚੋਂ ਹੁੰਦੀ ਹੈ, ਜਿਸ ਦੀ ਮਿਸਾਲ ਸਾਡੀਆਂ 'ਪੇਂਡੂ ਓਲੰਪਿਕ ਖੇਡਾਂ' ਅਤੇ ਚੱਲ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਹਨ। ਇਹ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ 38 ਵੱਖ-ਵੱਖ ਖੇਡਾਂ ਵਿੱਚ ਖੇਡ ਪ੍ਰਤਿਭਾ ਨੂੰ ਤਰਾਸ਼ਣ ਅਤੇ ਉਤਸ਼ਾਹਿਤ ਕਰਨ ਦਾ ਸਾਡਾ ਨਿਵੇਕਲਾ ਯਤਨ ਹੈ। ਸਾਲ 2022 ਤੋਂ ਪਹਿਲਾਂ ਪੰਜਾਬ ਵਿੱਚ ਕਦੇ ਵੀ ਇੰਨੇ ਵੱਡੇ ਪੱਧਰ 'ਤੇ ਅਜਿਹਾ ਕੋਈ ਉਪਰਾਲਾ ਨਹੀਂ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਨੇ ਸਾਡੇ ਪਿੰਡਾਂ ਅਤੇ ਕਸਬਿਆਂ ਵਿੱਚ ਲੁਕੇ ਹੋਏ ਖੇਡ ਹੁਨਰ ਨੂੰ ਨਿਖਾਰਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸਹਿਯੋਗ ਪ੍ਰਣਾਲੀ ਕਦੇ ਤਿਆਰ ਨਹੀਂ ਕੀਤੀ ਸੀ।

ਪਰ ਸਿਰਫ਼ ਮੁਕਾਬਲੇ ਕਰਵਾਉਣ ਨਾਲ ਹੀ ਚੈਂਪੀਅਨ ਤਿਆਰ ਨਹੀਂ ਹੁੰਦੇ। ਕਿਸੇ ਬੱਚੇ ਨੂੰ ਖੇਡਣ ਲਈ ਮੈਦਾਨ, ਅਗਵਾਈ ਲਈ ਕੋਚ, ਸਿਖਲਾਈ ਲਈ ਸਾਜ਼ੋ-ਸਾਮਾਨ ਅਤੇ ਮੁਕਾਬਲਾ ਕਰਨ ਲਈ ਮੌਕੇ ਦੀ ਲੋੜ ਹੁੰਦੀ ਹੈ। ਅਸੀਂ ਇਹੀ ਸਭ ਕੁਝ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪੰਜਾਬ ਸਰਕਾਰ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿਛਲੀਆਂ ਪੰਜ ਓਲੰਪਿਕ ਖੇਡਾਂ (2008-24) ਵਿੱਚ ਭਾਰਤ ਦੀ ਝੋਲੀ ਪਏ ਕੁੱਲ ਤਗ਼ਮਿਆਂ ਦੀ ਵੱਧ ਤੋਂ ਵੱਧ ਗਿਣਤੀ ਸੱਤ ਹੀ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਵਜੋਂ ਮੈਂ ਇਹ ਯਕੀਨੀ ਬਣਾਉਣ ਲਈ ਆਪਣੀ ਪੂਰੀ ਵਾਹ ਲਾ ਦੇਵਾਂਗਾ ਕਿ ਸਾਲ 2036 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤ ਦੀ ਤਗ਼ਮਾ ਸੂਚੀ ਵਿੱਚ ਪੰਜਾਬੀ ਵੱਡਾ ਯੋਗਦਾਨ ਪਾਉਣ। ਮੈਂ ਚਾਹੁੰਦਾ ਹਾਂ ਕਿ ਪੰਜਾਬੀ 2036 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤ ਲਈ ਘੱਟੋ-ਘੱਟ ਤਿੰਨ ਤੋਂ ਚਾਰ ਸੋਨ ਤਗ਼ਮੇ ਜਿੱਤ ਕੇ ਆਉਣ। ਪੰਜਾਬ ਕੋਲ ਪਹਿਲਾਂ ਹੀ ਮਾਣ ਕਰਨ ਲਈ ਬਹੁਤ ਕੁਝ ਹੈ। ਸੂਬੇ ਦੇ ਚਾਰ ਖਿਡਾਰੀ ਇਸ ਸਮੇਂ ਕ੍ਰਿਕਟ, ਹਾਕੀ ਅਤੇ ਬਾਸਕਟਬਾਲ ਵਿੱਚ ਭਾਰਤ ਦੀਆਂ ਕੌਮੀ ਟੀਮਾਂ ਦੀ ਕਪਤਾਨੀ ਕਰ ਰਹੇ ਹਨ, ਜਦੋਂ ਕਿ ਬੀਤੇ ਸਮੇਂ ਵਿੱਚ ਇੱਕ ਪੰਜਾਬੀ ਫੁੱਟਬਾਲ ਖਿਡਾਰੀ ਨੂੰ ਵੀ ਕੌਮੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੋ ਚੁੱਕਿਆ ਹੈ। ਚੀਨ ਦੇ ਹਾਂਗਜ਼ੂ ਵਿਖੇ ਹੋਈਆਂ 2023 ਦੀਆਂ ਏਸ਼ਿਆਈ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਭਾਰਤ ਲਈ 19 ਤਗ਼ਮੇ ਅੱਠ ਸੋਨੇ, ਛੇ ਚਾਂਦੀ ਅਤੇ ਪੰਜ ਕਾਂਸੀ ਦੇ ਤਗ਼ਮੇ ਜਿੱਤੇ ਸਨ। ਇਹ ਪ੍ਰਾਪਤੀਆਂ ਪੰਜਾਬ ਦੀ ਖੇਡ ਪ੍ਰਤਿਭਾ ਨੂੰ ਬਿਆਨ ਕਰਦੀਆਂ ਹਨ। ਸਾਡਾ ਮੁੱਖ ਟੀਚਾ ਹੁਣ ਅਜਿਹੇ ਮਾਹੌਲ, ਕੋਚਿੰਗ ਅਤੇ ਮੌਕਿਆਂ ਦੀ ਸਿਰਜਣਾ ਕਰਨਾ ਹੈ ਜੋ ਇਸ ਪ੍ਰਤਿਭਾ ਨੂੰ ਹੋਰ ਅੱਗੇ ਲੈ ਕੇ ਜਾਣ।

ਸਾਲ 2022 ਤੋਂ ਲੈ ਕੇ ਅਸੀਂ ਖੇਡਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡੇ ਨਿਵੇਸ਼ ਕੀਤੇ ਹਨ ਤਾਂ ਜੋ ਵਧੀਆ ਸਟੇਡੀਅਮ, ਖੇਡ ਸਹੂਲਤਾਂ ਅਤੇ ਮੈਦਾਨ ਨਾ ਸਿਰਫ਼ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ, ਸਗੋਂ ਜ਼ਿਲ੍ਹਾ ਅਤੇ ਪਿੰਡ ਪੱਧਰ 'ਤੇ ਵੀ ਆਸਾਨੀ ਨਾਲ ਉਪਲਬਧ ਹੋ ਸਕਣ। ਅਸੀਂ ਲੇਜ਼ਰ-ਗਾਈਡਡ ਸਿਸਟਮ, ਚੇਨ-ਲਿੰਕ ਫੈਂਸਿੰਗ ਵਾਲੀ ਚਾਰਦੀਵਾਰੀ, ਫਲੱਡ ਲਾਈਟਾਂ, ਜੌਗਿੰਗ ਟਰੈਕਾਂ ਅਤੇ ਵੱਖ-ਵੱਖ ਖੇਡਾਂ ਦੀਆਂ ਸਹੂਲਤਾਂ ਨਾਲ ਲੈਸ 3,000 ਆਧੁਨਿਕ ਪੇਂਡੂ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ



ਖੇਡ ਮੈਦਾਨ ਤਿਆਰ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਫੁੱਟਬਾਲ, ਵਾਲੀਬਾਲ, ਕ੍ਰਿਕਟ ਅਤੇ ਹੋਰ ਖੇਡਾਂ ਲਈ ਮਿਆਰੀ ਖੇਡ ਕਿੱਟਾਂ ਵੀ ਮੁਹੱਈਆ ਕਰਵਾ ਰਹੇ ਹਾਂ ਤਾਂ ਜੋ ਸਾਡੇ ਨੌਜਵਾਨਾਂ ਕੋਲ ਸਿਖਲਾਈ ਲਈ ਲੋੜੀਂਦਾ ਸਾਰਾ ਸਾਜ਼ੋ-ਸਾਮਾਨ ਮੌਜੂਦ ਹੋਵੇ। ਅਸੀਂ ਪੰਜਾਬ ਭਰ ਦੇ ਪਿੰਡਾਂ ਵਿੱਚ ਇਨਡੋਰ ਜਿਮ ਵੀ ਬਣਾ ਰਹੇ ਹਾਂ ਤਾਂ ਜੋ ਵੱਖ-ਵੱਖ ਉਮਰ ਵਰਗਾਂ ਦੇ ਲੋਕਾਂ ਵਿੱਚ ਤੰਦਰੁਸਤੀ ਅਤੇ ਖੇਡ ਸਿਖਲਾਈ ਨਾਲ਼ੋ-ਨਾਲ਼ ਚੱਲ ਸਕੇ। ਜਿਉਂ ਹੀ ਅਸੀਂ ਇਨ੍ਹਾਂ ਖੇਡ ਮੈਦਾਨਾਂ ਅਤੇ ਜਿਮਾਂ ਦੀ ਉਸਾਰੀ ਦਾ ਕੰਮ ਮੁਕੰਮਲ ਕਰ ਲਵਾਂਗੇ, ਅਸੀਂ ਅਗਲੇ 3,000 ਪਿੰਡਾਂ ਵੱਲ ਕਦਮ ਵਧਾਵਾਂਗੇ ਅਤੇ ਇਹ ਸਿਲਸਿਲਾ ਪੰਜਾਬ ਦੇ ਹਰ ਪਿੰਡ ਦੇ ਕਵਰ ਹੋਣ ਤੱਕ ਜਾਰੀ ਰਹੇਗਾ। 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਸਾਡੇ ਸਾਲਾਨਾ ਖੇਡ ਮੁਕਾਬਲੇ ਵੀ ਇਸੇ ਲਈ ਅਹਿਮ ਹਨ। ਪਿੰਡ ਵਿੱਚ ਖੇਡਣ ਵਾਲੇ ਕਿਸੇ ਵੀ ਬੱਚੇ ਨੂੰ ਅੱਗੇ ਵਧਣ, ਆਪਣੀ ਪ੍ਰਤਿਭਾ ਨੂੰ ਮਾਨਤਾ ਦਿਵਾਉਣ ਅਤੇ ਇਹ ਦੇਖਣ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ ਕਿ ਉਸ ਦੀ ਪ੍ਰਤਿਭਾ ਉਸ ਨੂੰ ਕਿੱਥੋਂ ਤੱਕ ਲੈ ਕੇ ਜਾ ਸਕਦੀ ਹੈ। 'ਪੇਂਡੂ ਓਲੰਪਿਕ' ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਪੰਜਾਬ ਵਿੱਚ ਖੇਡਾਂ ਅਤੇ ਖੇਡ ਸੱਭਿਆਚਾਰ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਸ਼ੁਰੂਆਤੀ ਕੜੀਆਂ ਹਨ।

ਅਸੀਂ ਖੇਡਾਂ ਨੂੰ ਨਸ਼ਿਆਂ ਦੀ ਅਲਾਮਤ ਵਿਰੁੱਧ ਪੰਜਾਬ ਦੀ ਲੜਾਈ ਦੇ ਇੱਕ ਅਹਿਮ ਹਿੱਸੇ ਵਜੋਂ ਵੀ ਦੇਖਦੇ ਹਾਂ। ਖੇਡ ਸਰਗਰਮੀਆਂ ਵਿੱਚ ਹਿੱਸਾ ਲੈਣ ਨਾਲ ਸਾਡੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਅਤੇ ਉਸਾਰੂ ਦਿਸ਼ਾ ਮਿਲਦੀ ਹੈ। ਖੇਡ ਮੈਦਾਨ ਸਿਰਫ਼ ਸਿਖਲਾਈ ਅਤੇ ਮੁਕਾਬਲੇ ਦੀਆਂ ਥਾਵਾਂ ਹੀ ਨਹੀਂ ਹਨ, ਸਗੋਂ ਇਹ ਅਜਿਹੀ ਸਾਂਝੀ ਥਾਂ ਹੈ ਜਿੱਥੇ ਨੌਜਵਾਨ ਇਕੱਠੇ ਹੋ ਕੇ ਸਰਗਰਮ ਰਹਿ ਸਕਦੇ ਹਨ ਅਤੇ ਆਪਣੇ ਵਿੱਚ ਅਨੁਸ਼ਾਸਨ ਦੀ ਭਾਵਨਾ ਪੈਦਾ ਕਰ ਸਕਦੇ ਹਨ। ਮੁਕਾਬਲੇ ਦੀ ਭਾਵਨਾ ਉਨ੍ਹਾਂ ਨੂੰ ਸਥਾਨਕ ਅਤੇ ਸੂਬਾ ਪੱਧਰ 'ਤੇ ਮੱਲਾਂ ਮਾਰਨ ਲਈ ਉਤਸ਼ਾਹਿਤ ਕਰਦੀ ਹੈ। ਪੰਜਾਬ ਲੰਮੇ ਸਮੇਂ ਤੋਂ ਦੇਸ਼ ਦੀ 'ਖੇਡਾਂ ਦੀ ਨਰਸਰੀ' ਵਜੋਂ ਜਾਣਿਆ ਜਾਂਦਾ ਰਿਹਾ ਹੈ। ਸਾਡੇ ਨੌਜਵਾਨਾਂ ਵਿੱਚ ਇਸ ਮਾਣਮੱਤੇ ਵਿਰਸੇ ਨੂੰ ਹੋਰ ਅੱਗੇ ਲਿਜਾਣ ਲਈ ਲੋੜੀਂਦੀ ਊਰਜਾ ਅਤੇ ਪ੍ਰਤਿਭਾ ਦੋਵੇਂ ਮੌਜੂਦ ਹਨ। ਸਾਨੂੰ ਬਸ ਉਨ੍ਹਾਂ ਨੂੰ ਢੁਕਵਾਂ ਬੁਨਿਆਦੀ ਢਾਂਚਾ, ਕੋਚਿੰਗ ਅਤੇ ਮੌਕੇ ਮੁਹੱਈਆ ਕਰਵਾਉਣ ਦੀ ਲੋੜ ਹੈ। ਇਹ ਸਭ ਕੁਝ ਸਿਰਫ਼ ਨੌਜਵਾਨਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਪੰਜਾਬ ਦੇ ਹਰ ਨਾਗਰਿਕ ਲਈ ਇੱਕ ਸੁਨੇਹਾ ਹੈ। ਮਾਪਿਆਂ ਅਤੇ ਘਰ ਦੇ ਬਜ਼ੁਰਗਾਂ ਤੋਂ ਲੈ ਕੇ ਅਧਿਆਪਕਾਂ ਅਤੇ ਕੋਚਾਂ ਤੱਕ, ਹਰ ਵਿਅਕਤੀ ਦਾ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਅਹਿਮ ਯੋਗਦਾਨ ਹੈ। 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਇਸ ਸਾਲ 5 ਸਤੰਬਰ ਨੂੰ ਹੋਈ, ਜਿਸ ਨੂੰ ਅਸੀਂ 'ਅਧਿਆਪਕ ਦਿਵਸ' ਵਜੋਂ ਮਨਾਉਂਦੇ ਹਾਂ। ਇਸ ਲਈ ਇਹ ਸਿਰਫ਼ ਸਾਡੀਆਂ ਜਮਾਤਾਂ ਦੇ ਅਧਿਆਪਕਾਂ ਨੂੰ ਹੀ ਨਹੀਂ, ਸਗੋਂ ਖੇਡ ਮੈਦਾਨਾਂ ਅਤੇ ਸਟੇਡੀਅਮ ਦੇ ਕੋਚਾਂ ਤੇ ਟ ?ਰੇਨਰਾਂ ਨੂੰ ਵੀ ਸਿਜਦਾ ਹੈ। ਤੁਸੀਂ ਹੀ ਉਹ ਅਧਿਆਪਕ ਹੋ, ਜੋ ਖੇਡ ਮੈਦਾਨਾਂ ਵਿੱਚ ਨੌਜਵਾਨਾਂ ਨੂੰ ਤਰਾਸ਼ਦੇ ਹੋ। ਤੁਹਾਡਾ ਗਿਆਨ, ਤਜਰਬਾ ਅਤੇ ਮੁਹਾਰਤ ਖਿਡਾਰੀਆਂ ਦੀ ਅਗਲੀ ਪੀੜ੍ਹੀ ਨੂੰ ਅੱਗੇ ਵਧਾਉਣ ਅਤੇ ਉਨ੍ਹਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਅਹਿਮ ਰੋਲ ਅਦਾ ਕਰੇਗੀ। ਕੇਵਲ ਸਰਕਾਰ ਆਪਣੇ ਬਲਬੂਤੇ 'ਤੇ ਮਜ਼ਬੂਤ ਖੇਡ ਸੱਭਿਆਚਾਰ ਨਹੀਂ ਸਿਰਜ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਪਵੇਗਾ, ਕੋਚਾਂ ਨੂੰ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਤਰਾਸ਼ਣਾ ਪਵੇਗਾ ਅਤੇ ਪਿੰਡਾਂ ਤੇ ਭਾਈਚਾਰਿਆਂ ਨੂੰ ਆਪਣੇ ਖਿਡਾਰੀਆਂ 'ਤੇ ਮਾਣ ਮਹਿਸੂਸ ਕਰਨਾ ਪਵੇਗਾ।

ਅਸੀਂ ਸਭ ਮਿਲ ਕੇ ਹੀ ਇਸ ਨੂੰ ਹਕੀਕਤ ਵਿੱਚ ਬਦਲ ਸਕਦੇ ਹਾਂ। ਅਸੀਂ ਸਭ ਮਿਲ ਕੇ ਹੀ ਪੰਜਾਬ ਹਾਂ ਅਤੇ ਅਸੀਂ ਸਾਰੇ ਮਿਲ ਕੇ ਹੀ 'ਪੰਜਾਬੀਅਤ' ਦੀ ਅਸਲ ਰੂਹ ਨੂੰ ਦਰਸਾਉਂਦੇ ਹਾਂ। 'ਖੇਡਾਂ ਵਤਨ ਪੰਜਾਬ ਦੀਆਂ' ਸਿਰਫ਼ ਖੇਡਾਂ ਅਤੇ ਖੇਡ ਸੱਭਿਆਚਾਰ ਦਾ ਜਸ਼ਨ ਨਹੀਂ ਹੈ, ਸਗੋਂ ਇਹ ਪੰਜਾਬੀਅਤ ਦਾ ਜਸ਼ਨ ਹੈ। ਇਹ ਪੰਜਾਬ ਦਾ ਆਪਣਾ ਨਿਵੇਕਲਾ ਖੇਤਰੀ ਉਪਰਾਲਾ ਹੈ, ਜਿਸ ਦਾ ਰੰਗ ਪੰਜਾਬੀ ਹੈ, ਪਰ ਇਸ ਦਾ ਪ੍ਰਭਾਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੈ ਰਿਹਾ ਹੈ। ਮੈਂ ਆਸ ਕਰਦਾ ਹਾਂ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੇ ਇਹ 75 ਦਿਨ ਸਾਡੇ ਸਾਰਿਆਂ ਨੂੰ ਆਪਸ ਵਿੱਚ ਹੋਰ ਨੇੜੇ ਲਿਆਉਣਗੇ ਅਤੇ ਪੰਜਾਬ ਨੂੰ ਭਾਰਤ ਦੀ ਓਲੰਪਿਕ ਤਗ਼ਮਾ ਸੂਚੀ ਵਿੱਚ ਆਪਣਾ ਯੋਗਦਾਨ ਵਧਾਉਣ ਦੇ ਰਾਹ ਤੁਰਨ ਲਈ ਪ੍ਰੇਰਿਤ ਕਰਨਗੇ। ਇਹੀ ਮੇਰੀ ਇੱਛਾ ਹੈ, ਇਹੀ ਮੇਰੀ ਉਮੀਦ ਹੈ ਅਤੇ ਇਹੀ ਮੇਰਾ ਵਾਅਦਾ ਹੈ। ਪੰਜਾਬ ਹਮੇਸ਼ਾ ਮੋਹਰੀ ਹੋ ਕੇ ਅਗਵਾਈ ਕਰੇਗਾ।

ਸਾਡਾ ਖ਼ੁਆਬ, ਰੰਗਲਾ ਪੰਜਾਬ।

# ਖੇਡਾਂ ਦਾ ਹਰਿਆਣਾ ਮਾਡਲ

ਜਦੋਂ ਜਾਪਾਨ ਦੇ ਆਇਚੀ-ਨਾਗੋਯਾ ਵਿੱਚ ਵੀਹਵੀਆਂ ਏਸ਼ਿਆਈ ਖੇਡਾਂ ਦੀ ਮਸ਼ਾਲ ਜਗਾਈ ਗਈ ਤਾਂ ਭਾਰਤੀ ਦਲ ਦੀ ਅਗਵਾਈ ਝੱਜਰ ਦੀ ਰਹਿਣ ਵਾਲੀ ਦੋ ਵਾਰ ਦੀ ਓਲੰਪਿਕ ਤਗ਼ਮਾ ਜੇਤੂ ਮਨੂੰ ਭਾਕਰ ਨੇ ਕੀਤੀ। ਉਹ ਇਸ ਵੱਡੀ ਹਕੀਕਤ ਦੀ ਸਿਰਫ਼ ਇੱਕ ਝਲਕ ਹੈ ਕਿ ਮਹਾਦੀਪੀ ਪੱਧਰ 'ਤੇ ਮੁਕਾਬਲਾ ਕਰ ਰਹੇ ਭਾਰਤ ਦੇ ਪੰਜ ਸੌ ਤਿੰਨ ਕੁਸ਼ਲ ਖਿਡਾਰੀਆਂ ਵਿੱਚੋਂ ਅੱਸੀ ਖਿਡਾਰੀ ਇਕੱਲੇ ਹਰਿਆਣਾ ਤੋਂ ਹਨ। ਦੇਸ਼ ਦੀ ਕੁੱਲ ਆਬਾਦੀ ਦਾ ਸਿਰਫ਼ ਦੋ ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ ਹਰਿਆਣਾ ਦੀ ਇਹ ਵੱਡੀ ਪ੍ਰਤੀਨਿਧਤਾ ਉੱਥੋਂ ਦੇ ਖ਼ਾਸ ਪ੍ਰਬੰਧਕੀ ਢਾਂਚੇ ਦਾ ਨਤੀਜਾ ਹੈ। 'ਹਰਿਆਣਾ ਮਾਡਲ' ਇਸ ਲਈ ਕਾਮਯਾਬ ਹੈ ਕਿਉਂਕਿ ਇਹ ਖੇਡਾਂ ਵਿੱਚ ਆਉਣ ਵਾਲੀ ਆਰਥਿਕ ਅਨਿਸ਼ਚਿਤਤਾ ਨੂੰ ਖ਼ਤਮ ਕਰਦਾ ਹੈ। ਆਪਣੀ 'ਮੈਡਲ-ਟੂ-ਜੌਬ' ਯਾਨੀ ਤਗ਼ਮੇ ਬਦਲੇ ਨੌਕਰੀ ਦੀ ਨੀਤੀ ਰਾਹੀਂ ਸੂਬਾ ਸਰਕਾਰ ਅੰਤਰਰਾਸ਼ਟਰੀ ਪੱਧਰ 'ਤੇ ਤਗ਼ਮੇ ਜਿੱਤਣ ਵਾਲਿਆਂ ਨੂੰ ਮੋਟੇ ਨਕਦ ਇਨਾਮ ਅਤੇ ਰੁਜ਼ਗਾਰ ਦੇ ਮੌਕੇ ਦਿੰਦੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਨੇ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਹਰ ਪਾਸੇ ਪਹੁੰਚਾਇਆ ਹੈ। ਜਿੱਥੇ ਦੂਜੇ ਸੂਬੇ ਅਕਸਰ ਵਧੀਆ ਸਹੂਲਤਾਂ ਸ਼ਹਿਰਾਂ ਤੱਕ ਹੀ ਸੀਮਤ ਰੱਖਦੇ ਹਨ, ਉੱਥੇ ਹਰਿਆਣਾ ਦੇ ਸਿੰਥੈਟਿਕ ਟਰੈਕ, ਸ਼ੂਟਿੰਗ ਰੇਂਜ ਅਤੇ ਮੈਟ ਵਾਲੇ ਅਖਾੜੇ ਸੋਨੀਪਤ, ਰੋਹਤਕ ਅਤੇ ਭਿਵਾਨੀ ਵਰਗੇ ਪੇਂਡੂ ਜ਼ਿਲ੍ਹਿਆਂ ਦੇ ਅੰਦਰ ਤੱਕ ਫੈਲੇ ਹੋਏ ਹਨ। ਪੇਂਡੂ ਨੌਜਵਾਨਾਂ, ਖ਼ਾਸ ਕਰਕੇ ਧੀਆਂ ਲਈ ਖੇਡਾਂ ਸਮਾਜ ਵਿੱਚ ਅੱਗੇ ਵਧਣ ਅਤੇ ਉੱਚਾ ਮੁਕਾਮ ਹਾਸਲ ਕਰਨ ਦਾ ਇੱਕ ਮਜ਼ਬੂਤ ਜ਼ਰੀਆ ਬਣ ਗਈਆਂ ਹਨ।

ਪਰ ਇਸ ਕਾਮਯਾਬ ਖੇਡ ਨਰਸਰੀ ਵਿੱਚ ਅਜੇ ਵੀ ਕਈ ਗੰਭੀਰ ਕਮੀਆਂ ਤੇ ਚੁਣੌਤੀਆਂ ਮੌਜੂਦ ਹਨ। ਰਾਸ਼ਟਰੀ ਕੁਸ਼ਤੀ ਅਤੇ ਮੁੱਕੇਬਾਜ਼ੀ ਫੈਡਰੇਸ਼ਨਾਂ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਸਾਹਮਣੇ ਆਈਆਂ ਪ੍ਰਸ਼ਾਸਕੀ ਰੁਕਾਵਟਾਂ, ਖਿਡਾਰੀਆਂ ਦੀ ਸੁਰੱਖਿਆ ਨਾਲ ਜੁੜੇ ਫ਼ ?ਕਰ ਅਤੇ ਬਿਨਾਂ ਕਿਸੇ ਪੱਕੀ ਨੀਤੀ ਜਾਂ ਦੂਰਅੰਦੇਸ਼ੀ ਦੇ ਚਲਾਏ ਜਾ ਰਹੇ ਪ੍ਰਬੰਧ ਹਰਿਆਣਾ ਦੇ ਇਸ ਮਾਣਮੱਤੇ ਖੇਡ ਢਾਂਚੇ ਦੀ ਰੀੜ੍ਹ ਦੀ ਹੱਡੀ ਲਈ ਵੱਡਾ ਖ਼ਤਰਾ ਬਣ ਰਹੇ ਹਨ। ਇਸ ਤੋਂ ਇਲਾਵਾ ਖੇਡ ਵਿਗਿਆਨ ਦੀ ਵੱਡੀ ਘਾਟ ਅਤੇ ਹੇਠਲੇ ਪੱਧਰ 'ਤੇ ਵਿਗਿਆਨਕ ਅੰਕੜਿਆਂ ਯਾਨੀ ਡੇਟਾ ਉੱਤੇ ਆਧਾਰਿਤ ਸਿਖਲਾਈ ਦੀ ਅਣਹੋਂਦ ਕੱਚੀ ਪ੍ਰਤਿਭਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕ ਸਕਦੀ ਹੈ। ਹਰਿਆਣਾ ਦੇ ਖਿਡਾਰੀ ਨਾਗੋਯਾ ਵਿੱਚ ਸੂਬੇ ਦੀਆਂ ਉਮੀਦਾਂ ਨੂੰ ਅੱਗੇ ਵਧਾ ਰਹੇ ਹਨ ਤੇ ਨਾਲ ਹੀ ਉਹ ਪੂਰੇ ਭਾਰਤ ਲਈ ਇੱਕ ਅਹਿਮ ਸੁਨੇਹਾ ਵੀ ਦੇ ਰਹੇ ਹਨ ਕਿ ਕਿਸੇ ਵੀ ਮਹਾਨ ਦੇਸ਼ ਦੀਆਂ ਖੇਡ ਇੱਛਾਵਾਂ ਸਿਰਫ਼ ਇੱਕੋ ਸੂਬੇ ਜਾਂ ਗਿਣਤੀ ਦੀਆਂ ਕੁਝ ਕੁ ਖੇਡਾਂ ਦੇ ਭਰੋਸੇ ਲੰਮੇ ਸਮੇਂ ਤੱਕ ਪੂਰੀਆਂ ਨਹੀਂ ਹੋ ਸਕਦੀਆਂ। ਜੇਕਰ ਭਾਰਤ ਨੇ ਆਉਣ ਵਾਲੇ ਸਮੇਂ ਵਿੱਚ ਇੱਕ ਅਸਲ ਬਹੁ-ਖੇਡ ਮਹਾਸ਼ਕਤੀ ਬਣਨਾ ਹੈ



ਤਾਂ ਦੇਸ਼ ਦੇ ਬਾਕੀ ਸੂਬਿਆਂ ਨੂੰ ਵੀ ਅੱਗੇ ਆਉਣਾ ਪਵੇਗਾ। ਉਨ੍ਹਾਂ ਨੂੰ ਪਹੁੰਚਯੋਗ ਬੁਨਿਆਦੀ ਢਾਂਚੇ, ਉੱਚ ਪੱਧਰੀ ਵਿਗਿਆਨਕ ਸਿਖਲਾਈ, ਸਮਰੱਥ ਕੋਚਿੰਗ ਅਤੇ ਪੁਖ਼ਤਾ ਖਿਡਾਰੀ ਸਹਾਇਤਾ ਪ੍ਰਣਾਲੀਆਂ ਵਿੱਚ ਭਾਰੀ ਨਿਵੇਸ਼ ਕਰਨਾ ਪਵੇਗਾ। ਨਾਗੋਯਾ ਵਿੱਚ ਜਿੱਤੇ ਗਏ ਤਗ਼ਮੇ ਬਿਨਾਂ ਸ਼ੱਕ ਤਾਰੀਫ਼ ਦੇ ਹੱਕਦਾਰ ਹੋਣਗੇ ਪਰ ਅਸਲ ਜਿੱਤ ਇਹੀ ਹੋਵੇਗੀ ਕਿ ਹਰਿਆਣਾ ਮਾਡਲ ਵਰਗੇ ਸੁਨਹਿਰੀ ਮੌਕੇ ਹਰ ਜਗ੍ਹਾ ਹੋਣਹਾਰ ਨੌਜਵਾਨਾਂ ਨੂੰ ਮਿਲਣ।

# ਮਹਾਨ ਕੋਸ਼ ਦੇ ਪ੍ਰਕਾਸ਼ਨ ਦੀ ਗਾਥਾ

ਡਾ. ਧਰਮ ਸਿੰਘ



ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਜਿਸ ਨੂੰ ਵਧੇਰੇ ਕਰਕੇ ਛੋਟੇ ਨਾਂਅ 'ਮਹਾਨ ਕੋਸ਼' ਕਰਕੇ ਜਾਣਿਆ ਜਾਂਦਾ ਹੈ, ਸਿੱਖ ਅਧਿਐਨ ਵਿਚ ਇਕ ਅਤਿ ਮਹੱਤਵਪੂਰਨ ਵਾਧਾ ਹੈ। ਇਸ ਨੂੰ 'ਸਿੱਖ ਧਰਮ ਦਾ ਵਿਸ਼ਵਕੋਸ਼' ਵੀ ਕਿਹਾ ਗਿਆ ਹੈ ਕਿਉਂਕਿ ਇਸ ਵਿਚ ਕੇਵਲ ਸਿੱਖ ਸੱਭਿਆਚਾਰ, ਸਿੱਖ ਇਤਿਹਾਸ, ਗੁਰਮਤਿ ਦਰਸ਼ਨ, ਗੁਰਦੁਆਰਿਆਂ ਦਾ ਵੇਰਵਾ ਹੀ ਨਹੀਂ, ਸਗੋਂ ਸਮੁੱਚੀ ਸਿੱਖ ਰਹਿਣੀ-ਬਹਿਣੀ ਨੂੰ ਸਮੇਟਣ ਦਾ ਯਤਨ ਹੈ। ਜੇ ਕੇਵਲ ਸਿੱਖ ਸਾਹਿਤ ਦੀ ਗੱਲ ਹੀ ਕਰਨੀ ਹੋਵੇ ਤਾਂ ਇਸ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ 'ਚੋਂ ਹੀ ਹਵਾਲੇ ਨਹੀਂ, ਸਗੋਂ ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਨੰਦ ਲਾਲ ਦੀਆਂ ਰਚਨਾਵਾਂ, ਸ੍ਰੀ ਗੁਰ ਸੋਭਾ, ਸਾਚੀਆਂ, ਪ੍ਰਮੁੱਖ ਜਨਮ ਸਾਖੀਆਂ, ਸਰਬ ਲੋਹ ਗ੍ਰੰਥ, ਗੁਰ ਮਹਿਮਾ ਪ੍ਰਕਾਸ਼, ਗੁਰਬਿਲਾਸ (ਪਾਤਿਸ਼ਾਹੀ 6ਵੀਂ ਤੇ 10ਵੀਂ) ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਰਹਿਤਨਾਮਿਆਂ ਅਤੇ ਗੁਰਬਾਣੀ ਦੇ ਅਨੇਕ ਟੀਕਿਆਂ 'ਚੋਂ ਸ਼ਬਦਾਂ ਦੇ ਅਰਥ ਸਪੱਸ਼ਟ ਕਰਨ ਹਿੱਤ ਹਵਾਲੇ ਦਿੱਤੇ ਗਏ ਹਨ। ਇਹ ਕੋਸ਼ ਤਿਆਰ ਕਰਦੇ ਵਕਤ 'ਇਨਸਾਈਕਲੋਪੀਡੀਆ ਬਿਟੈਨਿਕਾ' ਦਾ ਮਾਡਲ ਵੀ ਭਾਈ ਕਾਨ੍ਹ ਸਿੰਘ ਦੇ ਮਨ ਵਿਚ ਸੀ ਪਰ ਵਧੇਰੇ ਪ੍ਰੇਰਨਾ ਸਰੋਤ ਬਣੇ ਪੰਡਤ ਤਾਰਾ ਸਿੰਘ ਨਰੋਤਮ ਦਾ 'ਗੁਰੂ ਸਿਰਾਰਥ ਕੋਸ਼' ਅਤੇ ਭਾਈ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼'। ਕੋਸ਼ ਦਾ ਕੰਮ ਸੰਨ 1912 ਤੋਂ ਸ਼ੁਰੂ ਹੋ ਕੇ 1926 ਵਿਚ ਖਤਮ ਹੋਇਆ। ਭਾਈ ਕਾਨ੍ਹ ਸਿੰਘ 'ਸਿੰਘ ਸਭਾ ਲਾਹੌਰ' ਦੇ ਮੈਂਬਰਾਂ ਨਾਲ ਵੀ ਜੁੜੇ ਹੋਏ ਸਨ ਅਤੇ ਉਹ ਮਿ. ਮੈਕਲਿਫ ਵਲੋਂ ਤਿਆਰ ਕੀਤੀ ਜਾ ਰਹੀ ਬਹੁ-ਜਿਲਦੀ ਪੁਸਤਕ 'ਦਾ ਸਿੱਖ ਰਿਲੀਜਨਜ਼' ਦੇ ਸਲਾਹਕਾਰ ਮੰਡਲ ਵਿਚ ਵੀ ਸ਼ਾਮਿਲ ਸਨ। ਸੋ ਇਸ ਸਾਰੇ ਰਲਵੇਂ-ਮਿਲਵੇਂ ਪ੍ਰਭਾਵਾਂ, ਲੋੜਾਂ ਅਤੇ ਤਕਾਜ਼ਿਆਂ ਦਾ ਪ੍ਰਤੀਫਲ ਇਹ ਮਹਾਨ ਕੋਸ਼ ਹੈ।

ਮਹਾਨ ਕੋਸ਼ ਤਿਆਰ ਹੋ ਗਿਆ ਅਤੇ ਹੁਣ ਇਸ ਦੀ ਪ੍ਰਕਾਸ਼ਨਾ ਦਾ ਕੰਮ ਬਾਕੀ ਸੀ। ਵਿਸਤ੍ਰਿਤ ਅਤੇ ਵੱਡ-ਆਕਾਰੀ ਕੰਮ ਹੋਣ ਕਰਕੇ ਇਸ ਦੀ ਪ੍ਰਕਾਸ਼ਨਾ 'ਤੇ ਖ਼ਰਚ ਵੀ ਚੋਖਾ ਹੋਣਾ ਸੀ, ਜਿਸ ਬਾਰੇ ਸੋਚਾਂ-ਵਿਚਾਰਾਂ ਹੋਣ ਲੱਗੀਆਂ। ਉਧਰ ਰਿਆਸਤ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਦੇ ਗੱਦੀ ਤੋਂ ਲਹਿ ਜਾਣ ਕਰਕੇ ਅਤੇ ਪ੍ਰਤਾਪ ਸਿੰਘ ਦੇ ਨਾਬਾਲਗ ਹੋਣ ਕਰਕੇ ਅੰਗਰੇਜ਼ ਅਹਿਲਕਾਰਾਂ ਨੇ ਹੱਥ ਪਿੱਛੇ ਖਿੱਚ ਲਏ। ਬਿਨਾਂ ਕਿਸੇ ਸਰਕਾਰੀ ਸਹਾਇਤਾ ਤੋਂ ਛਾਪਣ ਲਈ ਕਈ ਵਿਕਲਪ ਸੋਚੇ ਗਏ ਪਰ ਕੋਈ ਵੀ ਸਿਰੇ ਨਾ ਚੜ੍ਹ ਸਕਿਆ। ਆਖਰ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਪੰਜਾਹ ਹਜ਼ਾਰ ਰੁਪਏ ਛਪਾਈ ਦਾ ਖ਼ਰਚਾ ਦੇਣਾ ਮੰਨ ਲਿਆ ਅਤੇ ਮਹਾਨ ਕੋਸ਼ 26 ਅਕਤੂਬਰ, 1927 ਨੂੰ ਛਪਣਾ ਸ਼ੁਰੂ ਹੋ ਗਿਆ। ਕਿੱਥੇ ਛਪਿਆ ਤੇ ਕਿਸ ਦੁਆਰਾ ਛਾਪਿਆ? ਇਸ ਬਾਰੇ ਕੋਈ ਪੱਕਾ ਫ਼ੈਸਲਾ ਨਹੀਂ ਹੋ ਸਕਿਆ। ਕੁਝ ਕੁ ਦਾ ਵਿਚਾਰ ਹੈ ਕਿ ਭਾਈ ਵੀਰ ਸਿੰਘ ਨੇ ਆਪਣੀ ਪ੍ਰੈੱਸ ਵਿਚ ਛਾਪਿਆ। ਧਨੀ ਰਾਮ ਚਾਤ੍ਰਿਕ ਕਿਉਂਕਿ ਪਹਿਲਾਂ ਉਨ੍ਹਾਂ ਦੀ ਪ੍ਰੈੱਸ ਵਿਚ ਨੌਕਰੀ ਕਰਦਾ ਸੀ ਤੇ ਭਾਈ ਵੀਰ ਸਿੰਘ ਨੇ ਹੀ ਉਨ੍ਹਾਂ ਨੂੰ ਬੰਗਾਲ ਦੇ ਸ਼ੀਆਪੁਰ ਸ਼ਹਿਰ ਭੇਜ ਕੇ ਗੁਰਮੁਖੀ ਅੱਖਰ ਢਲਵਾਏ ਸਨ, ਜਦਕਿ ਕਿਤੇ-ਕਿਤੇ ਇਹ ਵੀ ਲਿਖਦਾ ਮਿਲਦਾ ਹੈ ਕਿ ਮਹਾਨ ਕੋਸ਼ ਧਨੀ ਰਾਮ ਚਾਤ੍ਰਿਕ ਦੀ ਨਿਗਰਾਨੀ 'ਚ ਉਨ੍ਹਾਂ ਦੀ ਸੁਦਰਸ਼ਨ ਪ੍ਰੈੱਸ ਵਿਚ ਛਪਿਆ ਸੀ। ਜਦ ਚਾਤ੍ਰਿਕ ਨੂੰ ਇਹ ਕੋਸ਼ ਛਾਪਣ ਦਾ ਜ਼ਿੰਮਾ ਮਿਲਿਆ ਤਾਂ ਉਨ੍ਹਾਂ ਨੇ ਆਪ ਸੰਗਮਪੁਰ ਜਾ ਕੇ ਅੱਖਰ ਢਲਵਾ ਜਾਂ ਬਣਵਾ ਕੇ ਲਿਆਂਦੇ ਸਨ ਅਤੇ ਆਪਣੀ ਨਿਗਰਾਨੀ 'ਚ ਆਪਣੀ ਸੁਦਰਸ਼ਨ ਪ੍ਰੈੱਸ ਵਿਚ ਇਸ ਕੋਸ਼ ਨੂੰ ਛਾਪਿਆ। ਧਨੀ ਰਾਮ ਚਾਤ੍ਰਿਕ 1893 ਈ. ਵਿਚ ਭਾਈ ਵੀਰ ਸਿੰਘ ਨੂੰ ਪਹਿਲੀ ਵਾਰ ਮਿਲੇ, ਜਿਨ੍ਹਾਂ ਨੇ ਉਨ੍ਹਾਂ ਨੂੰ ਲਿਖਣ, ਪੜ੍ਹਨ, ਛਾਪਣ ਅਤੇ ਪ੍ਰਕਾਸ਼ਨਾ ਦੇ ਕਿੱਤੇ ਵਿਚ ਪਾਇਆ, ਕਿਉਂਕਿ ਉਹ 1891 ਵਿਚ ਆਪਣਾ ਵਜ਼ੀਰ ਹਿੰਦ ਪ੍ਰੈੱਸ ਲਾ ਚੁੱਕੇ ਸਨ। ਇਸ ਪ੍ਰੈੱਸ ਨੂੰ ਅੰਮ੍ਰਿਤਸਰ ਦਾ ਸਭ ਤੋਂ ਵੱਡਾ ਲਿੱਥੋ ਛਾਪਾਖਾਨਾ ਅਤੇ ਕੁਝ ਚਿਰ ਪਿੱਛੋਂ ਪਹਿਲਾ ਮਸ਼ੀਨੀ ਪ੍ਰੈੱਸ ਹੋਣ ਦਾ ਮਾਣ ਪ੍ਰਾਪਤ ਹੋਇਆ। ਵਜ਼ੀਰ ਹਿੰਦ ਪ੍ਰੈੱਸ ਵਿਚ ਨੌਕਰੀ ਕਰਦਿਆਂ ਧਨੀ ਰਾਮ ਚਾਤ੍ਰਿਕ ਪ੍ਰਕਾਸ਼ਨ ਕਲਾ ਦੇ ਚੰਗੇ ਜਾਣਕਾਰ ਬਣ ਗਏ ਅਤੇ ਉਨ੍ਹਾਂ ਆਪਣੀ ਵੱਖਰੀ ਪ੍ਰੈੱਸ ਸੁਦਰਸ਼ਨ ਪ੍ਰੈੱਸ ਨਾਂਅ ਹੇਠ ਲਾ ਲਈ। ਇਸੇ ਸੁਦਰਸ਼ਨ ਪ੍ਰੈੱਸ ਵਿਚ ਹੀ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਪੁਸਤਕਾਂ ਅਨੇਕਾਰਥ ਕੋਸ਼ (1923) ਗੁਰਸ਼ਬਦਲੰਕਾਰ (1924) ਅਤੇ ਨਾਮ ਮਾਲਾ ਕੋਸ਼ (1925) ਪਹਿਲੀ ਵਾਰ ਪ੍ਰਕਾਸ਼ਿਤ ਹੋਈਆਂ। ਕੁਝ ਪੁਰਾਣੀ ਸਾਂਝ ਕਰਕੇ ਅਤੇ ਕੁਝ ਪਹਿਲੇ ਤਜਰਬੇ ਕਰਕੇ 'ਗੁਰਰਤਨਾਕਰ ਮਹਾਨ ਕੋਸ਼' ਦੀ ਛਪਾਈ ਦਾ ਕੰਮ ਸੁਦਰਸ਼ਨ ਪ੍ਰੈੱਸ ਨੂੰ ਹੀ ਦੇ ਦਿੱਤਾ ਗਿਆ। ਧਨੀ ਰਾਮ ਚਾਤ੍ਰਿਕ ਦੀ ਪ੍ਰਕਾਸ਼ਨ ਮੁਹਾਰਤ ਸਬੰਧੀ ਸਾਨੂੰ ਕੁਝ ਹੋਰ ਹਵਾਲੇ ਵੀ ਮਿਲਦੇ ਹਨ। ਚਾਤ੍ਰਿਕ ਦੀ ਇਕ ਸ਼ਹੀਦੀ ਪ੍ਰਸੰਗਾਂ ਬਾਰੇ ਕਿਤਾਬ 'ਧਰਮਬੀਰ' ਮਿਲਦੀ ਹੈ, ਜਿਸ ਦੀ ਭੂਮਿਕਾ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਲਿਖਿਆ ਹੈ, ਪੰਦਰਾਂ ਕੁ ਸਾਲ ਦੀ ਉਮਰ ਵਿਚ ਧਨੀ ਰਾਮ ਚਾਤ੍ਰਿਕ ਨੇ ਵਸੀਕਾ (ਅਰਜ਼ੀ) ਨਵੀਸੀ ਦਾ ਕੰਮ ਵੀ ਸ਼ੁਰੂ ਕੀਤਾ। ਫਿਰ ਛੇਤੀ ਹੀ ਅੰਮ੍ਰਿਤਸਰ ਵਿਚ ਆ ਕੇ ਭਾਈ ਵੀਰ ਸਿੰਘ ਦੀ ਦੇਖ-ਰੇਖ ਹੇਠ ਕੰਮ ਆਰੰਭਿਆ। ਪੰਜ-ਛੇ ਮਹੀਨੇ ਉੱਥੇ ਪੰਜਾਬੀ ਪੁਸਤਕਾਂ ਦੀ ਕਾਪੀ ਨਵੀਸੀ (ਕਿਤਾਬਤ) ਲਿਖੀ। ਧਨੀ ਰਾਮ ਚਾਤ੍ਰਿਕ ਵਜ਼ੀਰ ਹਿੰਦ ਪ੍ਰੈੱਸ ਵਿਚ ਕਾਪੀ ਲਿਖਣ ਦਾ ਕੰਮ ਕਰਦਾ ਰਿਹਾ। ਭੂਮਿਕਾ ਧਰਮਬੀਰ, ਪੰਨਾ 9, ਇਸੇ ਪੁਸਤਕ ਦੀ ਭੂਮਿਕਾ ਵਿਚ ਅੱਗੇ ਜਾ ਕੇ ਗਿਆਨੀ ਗੁਰਦਿੱਤ ਸਿੰਘ ਅਜਿਹੀ ਸੂਚਨਾ ਇਕ ਵਾਰ ਫਿਰ ਦੁਹਰਾਉਂਦੇ ਹਨ, ਭਾਈ ਵੀਰ ਸਿੰਘ ਪਾਸ ਉਨ੍ਹਾਂ (ਧਨੀ ਰਾਮ ਚਾਤ੍ਰਿਕ) ਆਰੰਭਕ ਤੌਰ 'ਤੇ ਪ੍ਰੈੱਸ ਵਿਚ ਕੰਮ ਸ਼ੁਰੂ ਕੀਤਾ। ਗੁਰਮੁਖੀ ਦੇ ਸੋਹਣੇ ਟਾਈਪ ਬਣਵਾਏ ਜਿਨ੍ਹਾਂ ਵਿਚ ਸੁੰਦਰ ਕਿਤਾਬਾਂ ਛਪਣ ਲੱਗੀਆਂ। ਇਨ੍ਹਾਂ ਨੂੰ ਵੇਖ ਕੇ ਭਾਈ ਕਾਨ੍ਹ ਸਿੰਘ ਰਚਿਤ ਮਹਾਨ ਕੋਸ਼ ਛਾਪਣ ਲਈ ਉਨ੍ਹਾਂ ਦਾ ਸੁਦਰਸ਼ਨ ਪ੍ਰੈੱਸ ਚੁਣਿਆ ਗਿਆ। ਮਹਾਨ ਕੋਸ਼ ਲਈ ਕੁਝ ਵਿਸ਼ੇਸ਼ ਕਿਸਮ ਦੇ ਅੱਖਰ ਵੀ ਬਣਵਾਏ ਗਏ। ਮਹਾਨ ਕੋਸ਼ ਨੂੰ ਪੂਰੀ ਰੀਝ ਨਾਲ ਛਾਪਿਆ ਗਿਆ। ਇਸ ਤੋਂ ਪਹਿਲਾਂ ਕਿਸੇ ਪੰਜਾਬੀ ਗ੍ਰੰਥ ਦੀ ਛਪਾਈ ਅਜਿਹੀ ਹੋਈ ਨਹੀਂ ਮਿਲਦੀ। ਮਹਾਨ ਕੋਸ਼ ਨੂੰ ਸੋਧਣ ਵਾਲੇ ਪ੍ਰੋ. ਤੇਜਾ ਸਿੰਘ ਨਾਲ ਆਪ ਦਾ ਮੇਲ ਮਿਲਾਪ ਵਧਿਆ। ਉਹ ਭਾਈ ਧਰਮਾਨੰਤ ਸਿੰਘ ਦੀ ਵੀ ਸੰਗਤ ਨਾਲੋ-ਨਾਲ ਮਾਣਦੇ ਰਹੇ ਜੋ ਮਹਾਨ ਕੋਸ਼ ਦੀ ਛਪਾਈ ਵਿਚ ਪਰੂਫ ਪੜ੍ਹਨ ਵਾਲੇ ਸਹਾਇਕ ਸਨ, (ਪੰਨਾ 6) ਛਪਾਈ ਦਾ ਕੰਮ 1930 ਈ. ਵਿਚ ਖ਼ਤਮ ਹੋਇਆ।

ਮਹਾਨ ਕੋਸ਼ ਦੀ ਛਪਾਈ ਬਾਰੇ ਅੰਤਿਮ ਪਰ ਸਭ ਤੋਂ ਵੱਧ ਪ੍ਰਮਾਣਿਕ, ਬਿਆਨ ਧਨੀ ਰਾਮ ਚਾਤ੍ਰਿਕ ਦਾ ਸਵੈ-ਕਥਨ ਹੈ, ਜੋ ਸਭ ਤੋਂ ਪਹਿਲਾਂ 'ਚਾਤਿ ?ਕ ਅਭਿਨੰਦਨ ਗ੍ਰੰਥ' ਵਿਚ ਛਪਿਆ ਅਤੇ ਪਿੱਛੋਂ ਉੱਥੋਂ ਉਧਰਿਤ ਕਰਕੇ ਸ.ਸ. ਅਮੋਲ ਨੇ ਆਪਣੀ ਪੁਸਤਕ 'ਚਾਤ੍ਰਿਕ ਰਚਨਾਵਲੀ' ਵਿਚ ਪ੍ਰਕਾਸ਼ਿਤ ਕੀਤਾ। ਚਾਤ੍ਰਿਕ ਦਾ ਸਵੈ-ਕਥਨ ਹੈ, 'ਮੇਰੇ ਜੀਵਨ ਇਤਿਹਾਸ ਦਾ ਇਕ ਮੋਟਾ ਪੱਤਰਾ ਇਹ ਹੈ ਕਿ ਸ. ਬਹਾਦਰ ਭਾਈ ਕਾਨ੍ਹ ਸਿੰਘ ਸਾਹਿਬ ਨਾਭਾ ਰਚਿਤ ਮਹਾਨ ਕੋਸ਼ ਦੇ ਛਪਣ ਦੀ ਸੇਵਾ ਮੇਰੇ ਸਪੁਰਦ ਕੀਤੀ ਗਈ ਸੀ। ਜਿਸ ਦੀ ਛਪਾਈ, ਜਿਲਦਬੰਦੀ ਆਦਿਕ ਪੂਰੇ ਦੋ ਵਰ੍ਹਿਆਂ ਵਿਚ ਸਮਾਪਤ ਹੋਈ। ਭਾਈ ਸਾਹਿਬ ਦੀ ਪੰਦਰਾਂ ਵਰ੍ਹਿਆਂ ਦੀ ਲਗਾਤਾਰ ਘਾਲਣਾ ਨਾਲ ਬੇਸ਼ੁਮਾਰ ਫੋਟੋ ਬਲਾਕ, ਨਕਸ਼ੇ ਅਤੇ ਹੋਰ ਬਹੁਤ ਸਾਰਾ ਮਸਾਲਾ ਇਕੱਠਾ ਹੋਇਆ ਸੀ ਅਤੇ ਪਟਿਆਲਾ ਦਰਬਾਰ ਵਲੋਂ ਪੰਜਾਹ ਹਜ਼ਾਰ ਰੁਪਿਆ ਲਾਗਤ ਲਾਈ ਗਈ ਸੀ' (ਪੰਨਾ 50)। ਇਸ ਸਵੈ-ਕਥਨ ਦੀ ਰੌਸ਼ਨੀ ਵਿਚ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਨ ਕੋਸ਼ ਧਨੀ ਰਾਮ ਚਾਤ੍ਰਿਕ ਦੀ ਸੁਦਰਸ਼ਨ ਪ੍ਰੈੱਸ ਵਿਚ ਛਪਿਆ। ਪਹਿਲੇ ਸੰਸਕਰਣ ਦੀਆਂ ਚਾਰ ਜਿਲਦਾਂ ਸਨ ਪਰ ਪਿੱਛੋਂ ਨਵੀਂ ਤਕਨੀਕ ਆਉਣ ਨਾਲ ਇਹ ਇਕ ਜਿਲਦ ਬਣ ਗਿਆ। ਅੱਜ ਇਹ ਕੋਸ਼ ਭਾਸ਼ਾ ਵਿਭਾਗ ਪਟਿਆਲਾ ਅਤੇ ਪ੍ਰਾਈਵੇਟ ਪ੍ਰਕਾਸ਼ਨ ਵਲੋਂ ਲਗਾਤਾਰ ਛਪ ਅਤੇ ਵਿਕ ਰਿਹਾ ਹੈ।

# ਚਿੰਤਾ ਤਾ ਕੀ ਕੀਜੀਐ

ਇੰਜੀ. ਸੰਜੀਵ ਪ੍ਰਾਸ਼ਰ

ਅੱਜ ਦਾ ਮਨੁੱਖ ਬਾਹਰੋਂ ਪਹਿਲਾਂ ਨਾਲੋਂ ਵਧੇਰੇ ਸੁਖੀ ਦਿਸਦਾ ਹੈ। ਘਰਾਂ ਵਿਚ ਸਹੂਲਤਾਂ ਹਨ, ਹੱਥ 'ਚ ਦੁਨੀਆ ਸਮਾਈ ਹੋਈ ਹੈ, ਦੂਰ ਬੈਠੇ ਮਨੁੱਖ ਨਾਲ ਪਲ ਵਿਚ ਗੱਲ ਹੋ ਜਾਂਦੀ ਹੈ ਅਤੇ ਗਿਆਨ ਤੱਕ ਪਹੁੰਚ ਲਈ ਕੋਈ ਵੱਡੀ ਰੁਕਾਵਟ ਨਹੀਂ ਰਹੀ। ਫਿਰ ਵੀ ਮਨ ਦੇ ਅੰਦਰ ਇਕ ਅਜੀਬ ਜਿਹੀ ਬੇਚੈਨੀ ਵਧਦੀ ਜਾ ਰਹੀ ਹੈ। ਚਿਹਰੇ 'ਤੇ ਮੁਸਕਰਾਹਟ ਹੋ ਸਕਦੀ ਹੈ, ਪਰ ਮਨ ਵਿਚ ਚਿੰਤਾ ਹੈ ਅਤੇ ਲੋਕਾਂ ਵਿਚਕਾਰ ਬੈਠੇ ਹੋ ਕੇ ਵੀ ਅੰਦਰੋਂ ਇਕੱਲੇ ਹਨ। ਇਹ ਸਾਡੇ ਸਮੇਂ ਦਾ ਵੱਡਾ ਵਿਰੋਧਾਭਾਸ ਹੈ-ਬਾਹਰਲੀ ਰੌਸ਼ਨੀ ਵਧੀ ਹੈ, ਪਰ ਅੰਦਰਲਾ ਹਨੇਰਾ ਹੋਰ ਗਹਿਰਾ ਹੋ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਚਨ ਇਸ ਸਥਿਤੀ ਨੂੰ ਸਮਝਣ ਲਈ ਇਕ ਡੂੰਘੀ ਦਿਸ਼ਾ ਦਿੰਦਾ ਹੈ-

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥**
(ਅੰਗ:1429)

ਇਹ ਪੰਕਤੀ ਕੇਵਲ ਚਿੰਤਾ ਨਾ ਕਰਨ ਦੀ ਸਲਾਹ ਨਹੀਂ। ਇਸ ਵਿਚ ਮਨੁੱਖੀ ਮਨ ਦੀ ਉਸ ਆਦਤ ਵੱਲ ਇਸ਼ਾਰਾ ਹੈ, ਜਿਸ ਵਿਚ ਅਸੀਂ ਆਉਣ ਵਾਲੇ ਦੁੱਖ ਨੂੰ ਅੱਜ ਹੀ ਜੀਅ ਲੈਂਦੇ ਹਾਂ। ਜੋ ਗੱਲ ਅਜੇ ਵਾਪਰੀ ਨਹੀਂ, ਉਸ ਦੀ ਕਲਪਨਾ ਕਰਕੇ ਮਨ ਪਹਿਲਾਂ ਹੀ ਥੱਕ ਜਾਂਦਾ ਹੈ। ਘਟਨਾ ਇਕ ਵਾਰ ਆਉਂਦੀ ਹੈ, ਪਰ ਚਿੰਤਾ ਉਸ ਨੂੰ ਮਨ ਵਿਚ ਵਾਰ-ਵਾਰ ਦੁਹਰਾਉਂਦੀ ਰਹਿੰਦੀ ਹੈ। ਸਮਾਜਿਕ ਸਾਧਨਾਂ ਨੇ ਇਸ ਚਿੰਤਾ ਨੂੰ ਨਵਾਂ ਰੂਪ ਦਿੱਤਾ ਹੈ। ਪਹਿਲਾਂ ਮਨੁੱਖ ਆਪਣੀ ਤੁਲਨਾ ਕੁਝ ਜਾਣ-ਪਛਾਣ ਵਾਲੇ ਲੋਕਾਂ ਨਾਲ ਕਰਦਾ ਸੀ ਤੇ ਹੁਣ ਉਸ ਦੇ ਸਾਹਮਣੇ ਹਰ ਰੋਜ਼ ਹਜ਼ਾਰਾਂ ਚਿਹਰੇ, ਘਰ, ਗੱਡੀਆਂ, ਯਾਤਰਾਵਾਂ ਤੇ ਕਾਮਯਾਬੀਆਂ ਆ ਜਾਂਦੀਆਂ ਹਨ। ਕਿਸੇ ਹੋਰ ਦੀ ਖ਼ੁਸ਼ੀ ਦੇਖ ਕੇ ਆਪਣੀ ਜ਼ਿੰਦਗੀ 'ਚ ਘਾਟ ਮਹਿਸੂਸ ਹੋਣ ਲੱਗਦੀ ਹੈ। ਪਰ ਇੱਥੇ ਮਨ ਇਕ ਸੂਖਮ ਭੁਲੇਖਾ ਖਾਂਦਾ ਹੈ। ਅਸੀਂ ਦੂਜੇ ਦੀ ਜ਼ਿੰਦਗੀ ਦਾ ਚੁਣਿਆ ਹੋਇਆ ਹਿੱਸਾ ਵੇਖਦੇ ਹਾਂ ਤੇ ਆਪਣੀ ਪੂਰੀ ਜ਼ਿੰਦਗੀ ਨਾਲ ਉਸ ਦੀ ਤੁਲਨਾ ਕਰਦੇ ਹਾਂ। ਇਹ ਤੁਲਨਾ ਕਦੇ ਮੁੱਕਦੀ ਨਹੀਂ, ਕਿਉਂਕਿ ਹਮੇਸ਼ਾ ਕੋਈ ਨਾ ਕੋਈ ਸਾਡੇ ਨਾਲੋਂ ਅੱਗੇ ਦਿਸਦਾ ਰਹੇਗਾ।

ਤੇਜ਼ ਰਫ਼ਤਾਰ ਜੀਵਨ ਨੇ ਵੀ ਮਨ ਦੀ ਬਣਤਰ ਬਦਲੀ ਹੈ। ਅਸੀਂ ਹਰ ਕੰਮ ਛੇਤੀ ਕਰਨਾ ਚਾਹੁੰਦੇ ਹਾਂ, ਹਰ ਸੁਨੇਹੇ ਦਾ ਤੁਰੰਤ ਜਵਾਬ, ਹਰ ਕੰਮ ਦੀ ਤੁਰੰਤ ਪੂਰਤੀ ਅਤੇ ਹਰ ਖਾਲੀ ਪਲ ਨੂੰ ਕਿਸੇ ਨਾ ਕਿਸੇ ਰੁਝੇਵੇਂ ਨਾਲ ਭਰਨਾ ਚਾਹੁੰਦੇ ਹਾਂ। ਸਾਡੇ ਕੋਲ ਸਮਾਂ ਬਚਾਉਣ ਦੇ ਸਾਧਨ ਵਧੇ ਹਨ, ਪਰ ਬਚਿਆ ਸਮਾਂ ਵੀ ਅਗਲੇ ਕੰਮ ਨੂੰ ਦੇ ਦਿੱਤਾ ਜਾਂਦਾ ਹੈ। ਵਿਹਲੇ ਬੈਠਣ ਦੀ ਕਲਾ ਘਟਦੀ ਜਾ ਰਹੀ ਹੈ ਪਰ ਮਨ ਨੂੰ ਵੀ ਸਾਹ ਲੈਣ ਲਈ ਥਾਂ ਚਾਹੀਦੀ ਹੈ। ਕਈ ਵਾਰ ਚੁੱਪ ਦਾ ਇਕ ਪਲ ਉਹ ਗੱਲ ਸੁਣਾ ਦਿੰਦਾ ਹੈ, ਜੋ ਸੌ ਰੌਲੇ ਨਹੀਂ ਸੁਣਾ ਸਕਦੇ।

ਗੁਰਬਾਣੀ ਹਉਮੈ ਨੂੰ ਮਨ ਦੀ ਡੂੰਘੀ ਬਿਮਾਰੀ



ਆਖਦੀ ਹੈ-

**ਹਉਮੈ ਦੀਰਘ ਰੋਗੁ ਹੈ**
**ਦਾਰੂ ਭੀ ਇਸੁ ਮਾਹਿ ॥**
**ਕਿਰਪਾ ਕਰੇ ਜੇ ਆਪਣੀ**
**ਤਾ ਗੁਰ ਕਾ ਸਬਦੁ ਕਮਾਹਿ ॥ (ਅੰਗ:466)**

ਅੱਜ ਦੀ ਹਉਮੈ ਸਿਰਫ਼ ਘੁਮੰਡ ਨਹੀਂ, ਇਹ ਲਗਾਤਾਰ ਆਪਣੇ-ਆਪ ਨੂੰ ਤੋਲਣ ਵਿਚ ਵੀ ਦਿਸਦੀ ਹੈ ਕਿ ਮੈਂ ਕਿੰਨਾ ਕਮਾਇਆ, ਕਿੰਨਾ ਅੱਗੇ ਨਿਕਲਿਆ, ਲੋਕ ਮੈਨੂੰ ਕਿੰਨਾ ਮੰਨਦੇ ਹਨ ਅਤੇ ਹੁਣ ਮਸ਼ੀਨਾਂ ਦੇ ਯੁੱਗ ਵਿਚ ਮੈਂ ਕਿੰਨਾ ਲੋੜੀਂਦਾ ਰਹਾਂਗਾ। ਜਦੋਂ 'ਮੈਂ' ਹੀ ਹਰ ਗੱਲ ਦਾ ਕੇਂਦਰ ਬਣ ਜਾਂਦੀ ਹੈ ਤਾਂ ਬਦਲਦੀ ਦੁਨੀਆ ਦਾ ਹਰ ਝਟਕਾ ਅੰਦਰ ਤੱਕ ਲੱਗਦਾ ਹੈ। ਇਸੇ ਥਾਂ ਸੰਤੋਖ ਦੀ ਲੋੜ ਸਾਹਮਣੇ ਆਉਂਦੀ ਹੈ-

**ਮਨਿ ਸੰਤੋਖੁ ਸਰਬ ਜੀਅ ਦਇਆ ॥ (ਅੰਗ:299)**

ਸੰਤੋਖ ਦਾ ਅਰਥ ਮਿਹਨਤ ਛੱਡ ਦੇਣਾ ਨਹੀਂ। ਇਸ ਦਾ ਭਾਵ ਇਹ ਹੈ ਕਿ ਮਿਹਨਤ ਕਰਦੇ ਹੋਏ ਮਨ ਨੂੰ ਅੰਤਹੀਣ ਲਾਲਸਾ ਦਾ ਗੁਲਾਮ ਨਾ ਬਣਾਇਆ ਜਾਵੇ। ਨਵਾਂ ਸਿੱਖੀਏ, ਅੱਗੇ ਵਧੀਏ, ਮਸਨੂਈ ਬੁੱਧੀ ਨੂੰ ਸਮਝੀਏ ਅਤੇ ਸਮੇਂ ਦੇ ਬਦਲਾਅ ਨਾਲ ਤੁਰਨ ਦੀ ਕੋਸ਼ਿਸ਼ ਕਰੀਏ, ਪਰ ਆਪਣੀ ਅੰਦਰਲੀ ਸ਼ਾਂਤੀ ਨੂੰ ਹਰ ਨਵੀਂ ਪ੍ਰਾਪਤੀ ਦੇ ਪਿੱਛੇ ਨਾ ਭਜਾਈਏ, ਨਹੀਂ ਤਾਂ ਮੰਜ਼ਿਲ ਮਿਲਣ ਤੋਂ ਪਹਿਲਾਂ ਹੀ ਮਨ ਅਗਲੀ ਮੰਜ਼ਿਲ ਦੀ ਚਿੰਤਾ ਵਿਚ ਪੈ ਜਾਵੇਗਾ। ਗੁਰਬਾਣੀ ਸੰਸਾਰ ਦੀ ਅਸਥਿਰਤਾ ਨੂੰ ਵੀ ਯਾਦ ਕਰਾਉਂਦੀ ਹੈ-

**ਕਹੁ ਨਾਨਕ ਥਿਰੁ ਕਛੁ ਨਹੀ**
**ਸੁਪਨੇ ਜਿਉ ਸੰਸਾਰੁ ॥ (1429)**

ਜੇ ਸੰਸਾਰ ਦੀ ਤੋਰ ਹੀ ਬਦਲਦੀ ਰਹਿਣੀ ਹੈ ਤਾਂ ਬਦਲਾਅ ਤੋਂ ਡਰਨਾ ਜੀਵਨ ਦੀ ਹਕੀਕਤ ਤੋਂ ਅੱਖਾਂ ਮੂੰਦਣਾ ਹੈ। ਨੌਕਰੀ ਬਦਲ ਸਕਦੀ ਹੈ, ਕੰਮ ਦੇ ਢੰਗ ਬਦਲ ਸਕਦੇ ਹਨ, ਤਕਨੀਕ ਬਦਲ ਸਕਦੀ ਹੈ ਅਤੇ ਸਮਾਜਿਕ ਮਾਧਿਅਮਾਂ ਦੇ ਰੂਪ ਵੀ ਬਦਲ ਸਕਦੇ ਹਨ। ਸਾਡਾ ਕੰਮ ਹਰ ਬਦਲਾਅ ਨੂੰ ਰੋਕਣਾ ਨਹੀਂ, ਸਗੋਂ ਬਦਲਾਅ ਦੇ ਵਿਚਕਾਰ ਆਪਣੇ ਮਨ ਦਾ ਸੰਤੁਲਨ ਕਾਇਮ ਰੱਖਣਾ ਹੈ।

ਸ਼ਾਇਦ ਅੱਜ ਸਾਨੂੰ ਸਭ ਤੋਂ ਵੱਧ ਲੋੜ ਆਪਣੇ ਧਿਆਨ ਨੂੰ ਮੁੜ ਆਪਣੇ ਹੱਥਾਂ 'ਚ ਲੈਣ ਦੀ ਹੈ। ਸਮਾਜਿਕ ਮਾਧਿਅਮ ਵਰਤੀਏ, ਪਰ ਆਪਣੀ ਕਦਰ ਉਨ੍ਹਾਂ ਤੋਂ ਨਾ ਪੁੱਛੀਏ। ਤੇਜ਼ੀ ਨਾਲ ਚੱਲੀਏ, ਪਰ ਕਦੇ ਠਹਿਰੀਏ ਵੀ। ਮਸਨੂਈ ਬੁੱਧੀ ਸਿੱਖੀਏ, ਪਰ ਆਪਣੀ ਮਨੁੱਖੀ ਪਛਾਣ ਨੂੰ ਮਸ਼ੀਨ ਦੀ ਕਾਬਲੀਅਤ ਨਾਲ ਨਾ ਤੋਲੀਏ। ਰੋਜ਼ ਕੁਝ ਸਮਾਂ ਅਜਿਹਾ ਹੋਵੇ, ਜਿੱਥੇ ਨਾ ਤੁਲਨਾ ਹੋਵੇ, ਨਾ ਦੌੜ, ਨਾ ਦਿਖਾਵਾ-ਕੇਵਲ ਆਪਣੇ ਮਨ ਨਾਲ ਸਾਂਝ ਹੋਵੇ।

ਆਖ਼ਰ ਵਿਚ ਸਵਾਲ ਸਮਾਜਿਕ ਮਾਧਿਅਮ ਦਾ ਨਹੀਂ, ਤੇਜ਼ ਜੀਵਨ ਦਾ ਨਹੀਂ ਤੇ ਨਾ ਹੀ ਮਸਨੂਈ ਬੁੱਧੀ ਦਾ ਹੈ। ਅਸਲ ਸਵਾਲ ਮਨ ਦਾ ਹੈ। ਬਾਹਰਲੀ ਦੁਨੀਆ ਜਿੰਨੀ ਮਰਜ਼ੀ ਬਦਲ ਜਾਵੇ, ਜੇ ਮਨ ਆਪਣੇ ਮੂਲ ਨਾਲ ਜੁੜਿਆ ਰਹੇ ਤਾਂ ਬਦਲਾਅ ਮੌਕਾ ਬਣ ਸਕਦਾ ਹੈ ਪਰ ਜੇ ਮਨ ਅੰਦਰੋਂ ਖਾਲੀ ਹੋਵੇ ਤਾਂ ਵੱਡੀ ਤੋਂ ਵੱਡੀ ਸਹੂਲਤ ਵੀ ਬੇਚੈਨੀ ਨੂੰ ਨਹੀਂ ਮਿਟਾ ਸਕਦੀ।

ਇਸ ਲਈ ਚਿੰਤਾ ਤਾ ਕੀ ਕੀਜੀਐ॥ ਅੱਜ ਸਾਡੇ ਲਈ ਕੇਵਲ ਇਕ ਪੰਕਤੀ ਨਹੀਂ, ਆਪਣੇ-ਆਪ ਨੂੰ ਪੁੱਛਣ ਵਾਲਾ ਸਵਾਲ ਹੈ ਕਿ ਜੋ ਅਜੇ ਵਾਪਰਿਆ ਹੀ ਨਹੀਂ, ਉਸ ਦੀ ਚਿੰਤਾ ਵਿਚ ਅਸੀਂ ਅੱਜ ਦਾ ਜੀਵਨ ਕਿਉਂ ਗੁਆਈਏ? ਦੁਨੀਆ ਦੀ ਰੌਸ਼ਨੀ ਵਧਾਉਣ ਵਿਚ ਅਸੀਂ ਬਹੁਤ ਅੱਗੇ ਆ ਗਏ ਹਾਂ, ਹੁਣ ਸ਼ਾਇਦ ਆਪਣੇ ਅੰਦਰ ਦੀ ਜੋਤ ਨੂੰ ਪਛਾਣਨ ਦੀ ਵਾਰੀ ਹੈ।

# ਤਬਦੀਲੀ ਤੇ ਚਿੰਤਨ ਦਾ ਵੇਲਾ

ਪੁਰਾਣਾ ਦੌਰ ਲਗਾਤਾਰ ਬਦਲ ਰਿਹਾ ਹੈ ਅਤੇ ਇਸ ਦੀ ਜਗ੍ਹਾ ਨਵਾਂ ਦੌਰ ਲੈ ਰਿਹਾ ਹੈ, ਪਰ ਬੀਤੇ ਕੁੱਝ ਦਿਨਾਂ ਵਿੱਚ ਇੰਝ ਜਾਪਿਆ ਜਿਵੇਂ ਪੁਰਾਣੇ ਦੌਰ ਦੇ ਬਜ਼ੁਰਗ ਅਤੇ ਨਵੇਂ ਦੌਰ ਦੇ ਨੌਜਵਾਨ, ਦੋਵੇਂ ਹੀ ਸੱਤਾਧਾਰੀ ਧਿਰਾਂ ਪ੍ਰਤੀ ਆਪਣਾ ਗ਼ੁੱਸਾ ਜ਼ਾਹਿਰ ਕਰ ਰਹੇ ਹੋਣ। ਪਹਿਲਾਂ, ਪੰਜਾਬ ਦੀ ਸਿਆਸਤ ਦੇ ਕੱਦਾਵਰ ਸਿਆਸਤਦਾਨ ਅਤੇ 84 ਸਾਲਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ 2017-2021 ਦੌਰਾਨ ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੋਵਾਂ ਨਾਲ ਸਰਹੱਦ ਪਾਰੋਂ ਡਰੋਨਾਂ ਰਾਹੀਂ ਹੋ ਰਹੀ ਨਸ਼ਾ ਤਸਕਰੀ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀਆਂ ਅਪੀਲਾਂ 'ਤੇ ਕੋਈ ਗ਼ੌਰ ਨਾ ਹੋਇਆ ਤਾਂ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ "ਦਿੱਲੀ ਪੰਜਾਬ ਨੂੰ ਨਹੀਂ ਸਮਝਦੀ।" ਕੈਪਟਨ ਨੇ ਅੱਗੇ ਕਿਹਾ ਕਿ ਭਾਜਪਾ ਨੇ ਕਦੇ ਵੀ ਸੂਬੇ ਵਿੱਚ ਨੀਤੀ ਅਤੇ ਸਿਆਸਤ ਨਾਲ ਜੁੜੇ ਮਾਮਲਿਆਂ 'ਤੇ ਉਨ੍ਹਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਕੁਝ ਵੀ ਹਾਸਲ ਨਹੀਂ ਹੋਇਆ।

ਇੱਕ ਕੱਦਾਵਰ ਸਿਆਸਤਦਾਨ ਦੇ ਇਸ ਦੁੱਖ ਅਤੇ ਨਾਰਾਜ਼ਗੀ ਨਾਲ ਮੇਲ ਖਾਂਦਾ ਹੀ ਨੌਜਵਾਨ 'ਕੌਕਰੋਚ ਜਨਤਾ ਪਾਰਟੀ' ਦਾ ਵੀ ਵੀਰਵਾਰ ਨੂੰ ਦਿੱਲੀ ਵਿੱਚ ਹੋਈ ਪ੍ਰੈੱਸ ਕਾਨਫ਼ਰੰਸ ਦੌਰਾਨ ਗ਼ੁੱਸਾ ਫੁੱਟਿਆ, ਜਿਸ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ। ਇਹ ਗ਼ੁੱਸਾ 'ਇੰਡੀਅਨ ਐਕਸਪ੍ਰੈੱਸ' ਦੇ ਇਸ ਖ਼ੁਲਾਸੇ ਤੋਂ ਬਾਅਦ ਸਾਹਮਣੇ ਆਇਆ ਹੈ ਕਿ ਚੋਣ ਕਮਿਸ਼ਨਰ ਨੇ ਕਥਿਤ ਤੌਰ 'ਤੇ ਜਾਣੂ ਹੋਣ ਦੇ ਬਾਵਜੂਦ ਵੀ ਚੋਣ ਕਮਿਸ਼ਨ ਦੇ ਸਾਫਟਵੇਅਰ ਰਾਹੀਂ ਵੋਟਰਾਂ ਦੇ ਨਾਂ ਕੱਟੇ ਜਾਣ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਦੋਵਾਂ ਬਿਆਨਾਂ ਤੋਂ ਜੋ ਮੁੱਖ ਸਵਾਲ ਖੜ੍ਹਾ ਹੁੰਦਾ ਹੈ, ਉਹ ਸਿਆਸੀ ਤਾਂਘ ਦੀਆਂ ਹੱਦਾਂ ਅਤੇ ਇਸ ਗੱਲ ਬਾਰੇ ਹੈ ਕਿ ਕੀ ਉਮਰ ਦਾ ਇਸ ਨਾਲ ਕੋਈ ਸਬੰਧ ਹੋਣਾ ਚਾਹੀਦਾ ਹੈ। ਉਦਾਹਰਣ ਵਜੋਂ, ਕੀ ਤੁਸੀਂ ਆਪਣੇ ਜੋਖ਼ਮ 'ਤੇ ਕਿਸੇ ਉਮਰਦਰਾਜ਼ ਬੱਬਰ ਸ਼ੇਰ (ਕੱਦਾਵਰ ਲੀਡਰ) ਦੀ ਦਹਾੜ ਨੂੰ ਨਜ਼ਰਅੰਦਾਜ਼ ਕਰ ਸਕਦੇ ਹੋ, ਇਹ ਜਾਣਦੇ ਹੋਏ ਕਿ ਉਸ ਦੀ ਅਜੇ ਵੀ ਆਖ਼ਰੀ ਬਾਜ਼ੀ ਬਾਕੀ ਹੋ ਸਕਦੀ ਹੈ? ਕੀ ਭਾਜਪਾ ਨੂੰ ਆਉਣ ਵਾਲੀਆਂ ਅਹਿਮ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੈਪਟਨ ਅਮਰਿੰਦਰ ਵੱਲੋਂ ਆਪਣੀ ਹੀ ਪਾਰਟੀ ਦੀ ਕੀਤੀ ਜਾ ਰਹੀ ਆਲੋਚਨਾ ਅਤੇ ਪੰਜਾਬ ਵਿੱਚ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਦੀ ਉਨ੍ਹਾਂ ਦੀ ਤਾਕਤ ਪ੍ਰਤੀ ਵਧੇਰੇ ਗੰਭੀਰ ਹੋਣਾ ਚਾਹੀਦਾ ਹੈ, ਜਾਂ ਫਿਰ ਪਾਰਟੀ ਨੇ ਉਨ੍ਹਾਂ ਨੂੰ ਪਹਿਲਾਂ ਹੀ ਹਾਸ਼ੀਏ 'ਤੇ ਧੱਕ ਦਿੱਤਾ ਹੈ?

ਇਸੇ ਤਰ੍ਹਾਂ, ਕੀ ਤੁਸੀਂ ਉਸ ਜਥੇਬੰਦੀ (ਜੋ ਰਸਮੀ ਤੌਰ 'ਤੇ ਕੋਈ ਸਿਆਸੀ ਪਾਰਟੀ ਵੀ ਨਹੀਂ ਹੈ)



ਦੀ ਫ਼ਜ਼ੂਲ ਬਿਆਨਬਾਜ਼ੀ ਨੂੰ ਅਣਡਿੱਠ ਕਰ ਸਕਦੇ ਹੋ, ਇਹ ਚੰਗੀ ਤਰ੍ਹਾਂ ਜਾਣਦਿਆਂ ਕਿ ਪਿਛਲੀ ਵਾਰ ਜਦੋਂ ਤੁਸੀਂ 'ਸੀ ਜੇ ਪੀ' ਦੇ ਪ੍ਰਦਰਸ਼ਨ ਨਾਲ ਸਖ਼ਤੀ ਨਾਲ ਨਜਿੱਠਿਆ ਸੀ, ਤਾਂ ਤੁਹਾਨੂੰ ਆਪਣੇ ਸਿੱਖਿਆ ਮੰਤਰੀ ਨੂੰ ਕੁਰਸੀ ਤੋਂ ਹਟਾਉਣਾ ਪਿਆ ਸੀ।

'ਇੰਡੀਅਨ ਐਕਸਪ੍ਰੈੱਸ' ਦੀ ਖ਼ਬਰ ਤੋਂ ਬਾਅਦ ਪੈਦਾ ਹੋਈ ਚੁੱਪ ਅਤੇ ਬਾਕੀ ਸਿਆਸੀ ਸ਼ੋਰ ਵਿੱਚ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ, ਭਾਵੇਂ ਇਹ ਸਪੱਸ਼ਟ ਹੈ ਕਿ ਸੂਬੇ ਵਿੱਚ ਹਾਲਾਤ ਮੁੜ ਕਰਵਟ ਲੈ ਰਹੇ ਹਨ। ਚੋਣ ਕਮਿਸ਼ਨਰ ਦੇ ਅਸਤੀਫ਼ੇ ਲਈ ਸੀ ਜੇ ਪੀ ਦਾ 48 ਘੰਟਿਆਂ ਦਾ ਅਲਟੀਮੇਟਮ ਖ਼ਤਮ ਹੋ ਗਿਆ ਹੈ ਤੇ ਅਭਿਜੀਤ ਦੀਪਕੇ ਨੇ ਐਲਾਨ ਕਰ ਦਿੱਤਾ ਹੈ ਕਿ ਉਹ 2 ਅਕਤੂਬਰ (ਗਾਂਧੀ ਜੈਅੰਤੀ) ਤੋਂ ਮੁੰਬਈ ਤੋਂ ਦੇਸ਼ ਵਿਆਪੀ ਅੰਦੋਲਨ ਦੀ ਸ਼ੁਰੂਆਤ ਕਰਨਗੇ। ਇਸ ਨੂੰ ਦੇਖਦਿਆਂ ਜੰਤਰ-ਮੰਤਰ ਵਿਖੇ ਬੈਰੀਕੇਡ ਫਿਰ ਤੋਂ ਲੱਗ ਗਏ ਹਨ। ਗਿਆਨੇਸ਼ ਕੁਮਾਰ ਨੇ ਮੇਰਠ ਅਤੇ ਵਾਰਾਣਸੀ ਦੇ ਆਪਣੇ ਦੌਰੇ ਰੱਦ ਕਰ ਦਿੱਤੇ ਹਨ। ਨਾ ਸਿਰਫ਼ ਵਿਰੋਧੀ ਧਿਰ, ਸਗੋਂ ਚਿਰਾਗ ਪਾਸਵਾਨ ਅਤੇ ਉਪੇਂਦਰ ਕੁਸ਼ਵਾਹਾ ਵਰਗੇ ਭਾਜਪਾ ਦੇ ਆਪਣੇ ਭਾਈਵਾਲ ਵੀ ਹੁਣ ਸਰਕਾਰ ਨੂੰ ਅੱਖਾਂ ਦਿਖਾਉਣ ਲੱਗੇ ਹਨ ਅਤੇ ਮੰਗ ਕਰ ਰਹੇ ਹਨ ਕਿ ਮੁੱਖ ਚੋਣ ਕਮਿਸ਼ਨਰ "ਲੋਕਾਂ ਦੇ ਮਨਾਂ ਵਿੱਚ ਪੈਦਾ ਹੋਏ ਸ਼ੰਕਿਆਂ ਨੂੰ ਦੂਰ ਕਰਨ।" ਯਾਦ ਰੱਖੋ ਕਿ ਪਾਸਵਾਨ ਨੇ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਯੂਨੀਫ਼ਾਰਮ ਸਿਵਲ ਕੋਡ (ਸਾਂਝਾ ਸਿਵਲ ਕੋਡ) ਲਾਗੂ ਕਰਨ ਦੇ ਅਮਿਤ ਸ਼ਾਹ ਦੇ ਫ਼ੈਸਲੇ 'ਤੇ ਵੀ ਸਵਾਲ ਖੜ੍ਹੇ ਕੀਤੇ ਸਨ ਅਤੇ ਬਿਹਾਰ ਦੇ ਮਾਮਲੇ ਵਿੱਚ ਇਤਰਾਜ਼ ਜਤਾਇਆ ਸੀ।

ਬੇਸ਼ੱਕ, ਦੇਸ਼ ਦੋਰਾਹੇ ਹੋਇਆ ਪਿਆ ਹੈ। ਦਿੱਲੀ ਵਿੱਚ ਜੁਲਾਈ ਦੇ ਪ੍ਰਦਰਸ਼ਨ ਤੋਂ ਬਾਅਦ 'ਸੀ ਜੇ ਪੀ' ਨੇ ਸਾਵਧਾਨੀ ਨਾਲ ਆਪਣੇ ਦਾਇਰੇ ਨੂੰ ਵਧਾਇਆ ਹੈ ਅਸੀਂ ਸੀ ਜੇ ਪੀ ਦੇ ਉਨ੍ਹਾਂ ਵੀਡੀਓਜ਼ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਜਿਹੜੇ ਉਨ੍ਹਾਂ ਦੀ #SchoolThikKaro ਮੁਹਿੰਮ ਤਹਿਤ ਸਰਕਾਰੀ ਸਕੂਲਾਂ ਵਿੱਚ ਆਈ ਖ਼ਰਾਬੀ ਅਤੇ ਪਤਨ ਨੂੰ ਬੇਨਕਾਬ ਕਰ ਰਹੇ ਹਨ। ਇਸ ਦੇ ਨਾਲ ਹੀ, ਖ਼ੁਦ ਇੱਕ ਦਲਿਤ ਹੋਣ ਨਾਤੇ ਅਭਿਜੀਤ ਦੀਪਕੇ ਆਈ ਆਈ ਟੀ ਬੰਬਈ ਵਿੱਚ ਇੱਕ ਵਿਦਿਆਰਥੀ ਦੀ ਮੌਤ ਤੋਂ ਬਾਅਦ ਜਾਤ, ਵਰਗ ਅਤੇ ਲਿੰਗ ਭੇਦ-ਭਾਵ ਤੋਂ ਉੱਪਰ ਉੱਠ ਕੇ ਮਾਨਸਿਕ ਸਿਹਤ ਦੇ ਮੁੱਦਿਆਂ ਵੱਲ ਕੌਮੀ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਬੇਸ਼ੱਕ, ਸੀਜੇਪੀ ਦੇ ਲਗਾਤਾਰ ਵਧ ਰਹੇ ਪ੍ਰਭਾਵ ਨੇ ਮੀਡੀਆ ਨੂੰ ਆਪਣਾ ਅਸਲੀ ਕੰਮ ਕਰਨ

**ਜਯੋਤੀ ਮਲਹੋਤਰਾ**

ਲਈ ਮਜਬੂਰ ਕਰ ਦਿੱਤਾ ਹੈ, ਜਿਸ ਨਾਲ ਮੀਡੀਆ ਹੁਣ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ, ਦੋਵਾਂ ਤੋਂ ਸਵਾਲ ਪੁੱਛ ਰਿਹਾ ਹੈ। ਆਪ-ਮੁਹਾਰੇ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਰਵਾਇਤੀ ਸਿਆਸੀ ਪਾਰਟੀਆਂ ਵਿੱਚੋਂ ਕਿਸੇ ਨੇ ਵੀ ('ਆਪ' ਨੂੰ ਛੱਡ ਕੇ, ਜਿਸ ਨੇ ਪੰਜਾਬ ਵਿੱਚ ਆਪਣੇ 'ਸਕੂਲਜ਼ ਆਫ਼ ਐਮੀਨੈਂਸ' ਪ੍ਰੋਜੈਕਟ ਲਈ ਕਾਫ਼ੀ ਜ਼ੋਰ ਲਾਇਆ ਹੈ, ਭਾਵੇਂ ਇਸ ਦੇ ਨਤੀਜੇ ਰਲੇ-ਮਿਲੇ ਰਹੇ ਹੋਣ, ਪਰ ਘੱਟੋ-ਘੱਟ ਉਨ੍ਹਾਂ ਨੇ ਕੋਸ਼ਿਸ਼ ਤਾਂ ਕੀਤੀ ਹੈ) ਸਿੱਖਿਆ ਵਰਗੇ ਬੇਹੱਦ ਅਹਿਮ ਵਿਸ਼ੇ ਵੱਲ ਕਦੇ ਧਿਆਨ ਕਿਉਂ ਨਹੀਂ ਦਿੱਤਾ? ਇਹ ਪਾਰਟੀਆਂ ਉਦੋਂ ਹੀ ਹਰਕਤ ਵਿੱਚ ਆਉਂਦੀਆਂ ਹਨ ਜਦੋਂ ਇਹ ਪ੍ਰਾਈਵੇਟ ਯੂਨੀਵਰਸਿਟੀਆਂ ਬਣਾ ਰਹੀਆਂ ਹੁੰਦੀਆਂ ਹਨ ਅਤੇ ਸਿਆਸੀ ਕੁਲੀਨ ਵਰਗ ਨਾਲ ਮਿਲ ਕੇ ਸਰਕਾਰੀ ਸਰੋਤਾਂ ਨੂੰ ਸਸਤੇ ਭਾਅ 'ਤੇ ਉਨ੍ਹਾਂ ਹਵਾਲੇ ਕਰ ਰਹੀਆਂ ਹੁੰਦੀਆਂ ਹਨ। ਜੇ ਤੁਸੀਂ ਨੌਜਵਾਨਾਂ ਲਈ ਮਗਰਮੱਛ ਦੇ ਹੰਝੂ ਹੀ ਵਹਾਉਣੇ ਹਨ, ਤਾਂ ਘੱਟੋ-ਘੱਟ ਇੰਨਾ ਕੁ ਦਿਖਾਵਾ ਤਾਂ ਕਰ ਲਿਆ ਕਰੋ ਕਿ ਤੁਹਾਨੂੰ ਉਨ੍ਹਾਂ ਦੇ ਭਵਿੱਖ ਦੀ ਕੋਈ ਪਰਵਾਹ ਹੈ।

'ਸੀਜੇਪੀ' ਕੋਈ ਸਿਆਸੀ ਪਾਰਟੀ ਨਹੀਂ ਹੈ ਅਤੇ ਨਾ ਹੀ ਖ਼ੁਦ ਨੂੰ ਅਜਿਹਾ ਹੋਣ ਦਾ ਦਾਅਵਾ ਕਰਦੀ ਹੈ, ਪਰ ਇਹ ਅਸਲ ਵਿੱਚ ਸਾਨੂੰ ਸਾਰਿਆਂ ਨੂੰ ਸ਼ੀਸ਼ਾ ਜ਼ਰੂਰ ਦਿਖਾ ਰਹੀ ਹੈ, ਪੁੱਛ ਰਹੀ ਹੈ ਕਿ ਦੇਖੋ ਇਹ ਸਭ ਕੁਝ ਤੁਹਾਡੇ ਸਾਹਮਣੇ ਹੋ ਰਿਹਾ ਹੈ, ਤੁਸੀਂ ਪਹਿਲਾਂ ਇਸ ਵੱਲ ਧਿਆਨ ਕਿਉਂ ਨਹੀਂ ਦਿੱਤਾ? ਸੱਚਾਈ ਇਹ ਹੈ ਕਿ ਅਸੀਂ ਸਭ ਕੁਝ ਦੇਖਿਆ ਹੈ, ਪਰ ਜਾਂ ਤਾਂ ਅਸੀਂ ਇਸ ਵਿੱਚ ਬੁਰੀ ਤਰ੍ਹਾਂ ਸ਼ਾਮਲ ਹਾਂ ਜਾਂ ਫਿਰ ਇੰਨੇ ਨਿਰਾਸ਼ਾਵਾਦੀ ਹੋ ਚੁੱਕੇ ਹਾਂ ਕਿ ਸਾਨੂੰ ਹੁਣ ਕਿਸੇ ਗੱਲ ਨਾਲ ਫ਼ਰਕ ਹੀ ਨਹੀਂ ਪੈਂਦਾ, ਜਾਂ ਫਿਰ ਸਾਨੂੰ ਇਸ ਦੀ ਕੋਈ ਪਰਵਾਹ ਹੀ ਨਹੀਂ ਰਹੀ।

ਫਿਰ ਵੀ, ਚੋਣਾਂ ਨੇੜੇ ਆਉਣ 'ਤੇ ਚੋਣ ਕਮਿਸ਼ਨ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਕਥਿਤ ਤੌਰ 'ਤੇ ਆਈ ਗੜਬੜ ਦੇ ਗੰਭੀਰ ਨਤੀਜੇ ਸਾਹਮਣੇ ਆਉਣੇ ਲਾਜ਼ਮੀ ਹਨ। ਪੰਜਾਬ ਤੋਂ ਇਲਾਵਾ ਉੱਤਰ ਪ੍ਰਦੇਸ਼, ਮਨੀਪੁਰ, ਗੋਆ ਅਤੇ ਉੱਤਰਾਖੰਡ ਵਿੱਚ ਫ਼ਰਵਰੀ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਛੋਟਾ ਜਿਹਾ ਸੂਬਾ ਗੋਆ ਵੀ 'ਇੰਡੀਅਨ ਐਕਸਪ੍ਰੈੱਸ' ਦੇ ਉਨ੍ਹਾਂ ਖ਼ੁਲਾਸਿਆਂ ਦੇ ਤੂਫ਼ਾਨ ਦੀ ਲਪੇਟ ਵਿੱਚ ਰਿਹਾ ਹੈ, ਜਿਨ੍ਹਾਂ ਵਿੱਚ ਇਹ ਵੇਰਵੇ ਸਾਹਮਣੇ ਆਏ ਸਨ ਕਿ ਸਰਕਾਰੀ ਕੋਸ਼ਿਸ਼ਾਂ ਦੇ ਬਾਵਜੂਦ ਕਿਵੇਂ 97 ਵੋਟਰ ਆਪਣੇ ਆਪ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਕਰਵਾ ਸਕੇ ਸਨ। ਇਹ ਸਾਰਾ ਘਟਨਾਕ੍ਰਮ ਕਿਵੇਂ ਅੱਗੇ ਵਧੇਗਾ, ਇਸ ਬਾਰੇ ਦੋ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਪਹਿਲਾ ਅਤੇ ਵਧੇਰੇ ਹਮਦਰਦੀ ਵਾਲਾ ਨਜ਼ਰੀਆ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਇਸ ਦਾ ਸਿਹਰਾ ਦਿੰਦਾ ਹੈ। ਇਸ ਦਾ ਤਰਕ ਹੈ ਕਿ ਉਨ੍ਹਾਂ ਦੀ 'ਵੋਟ ਚੋਰੀ' ਮੁਹਿੰਮ ਕਾਫ਼ੀ ਸਮੇਂ ਤੋਂ ਇਸ ਮੁੱਦੇ 'ਤੇ ਬਹਿਸ ਛੇੜ ਰਹੀ ਹੈ ਅਤੇ ਜੇਕਰ ਚੋਣ ਕਮਿਸ਼ਨ ਦੀ ਨਿਰਪੱਖਤਾ ਤੋਂ ਲੋਕਾਂ ਦਾ ਭਰੋਸਾ ਉੱਠਦਾ ਹੈ, ਤਾਂ ਇਸ ਦਾ ਸਭ ਤੋਂ ਵੱਡਾ ਸਿਆਸੀ ਲਾਭ ਉਨ੍ਹਾਂ ਦੀ ਪਾਰਟੀ ਨੂੰ ਮਿਲੇਗਾ।

ਦੂਜਾ ਨਜ਼ਰੀਆ ਭਾਜਪਾ ਅਤੇ ਆਰ ਐੱਸ ਐੱਸ ਦੇ ਅੰਦਰ ਚੱਲ ਰਹੀ ਅੰਦਰੂਨੀ ਖਿੱਚੋਤਾਣ ਵੱਲ ਇਸ਼ਾਰਾ ਕਰਦਾ ਹੈ ਕਿ ਕਿਵੇਂ ਚੋਣ ਕਮਿਸ਼ਨ ਬਾਰੇ ਹੋਏ ਖ਼ੁਲਾਸੇ ਪਾਰਟੀ ਦੇ ਚੋਟੀ ਦੇ ਆਗੂਆਂ ਦੇ ਸਮੀਕਰਨਾਂ ਨੂੰ ਪ੍ਰਭਾਵਿਤ ਕਰਨਗੇ। ਬੇਸ਼ੱਕ, ਜਿਨ੍ਹਾਂ ਸੂਬਿਆਂ ਵਿੱਚ ਚੋਣਾਂ ਹੋਣ ਵਾਲੀਆਂ ਹਨ, ਜੇਕਰ ਉਨ੍ਹਾਂ ਵਿੱਚੋਂ ਕਿਸੇ ਵੀ ਸੂਬੇ ਵਿੱਚ ਭਾਜਪਾ ਦੇ ਵਿਜੈ-ਰਥ ਨੂੰ ਖੋਰਾ ਲੱਗਦਾ ਹੈ ਤਾਂ ਇਹ ਉਨ੍ਹਾਂ ਸਾਰੇ ਆਗੂਆਂ ਦੇ ਭਵਿੱਖ ਨੂੰ ਹਿਲਾ ਕੇ ਰੱਖ ਦੇਵੇਗਾ ਜੋ ਸਿਖਰਲੇ ਆਗੂਆਂ ਦੀ ਕਿਰਪਾ ਹਾਸਲ ਕਰਨ ਲਈ ਆਪਸੀ ਦੌੜ ਵਿੱਚ ਲੱਗੇ ਹੋਏ ਹਨ।

ਦੂਜੇ ਨਜ਼ਰੀਏ ਮੁਤਾਬਿਕ, ਰਾਹੁਲ ਗਾਂਧੀ ਇੰਦੌਰ ਵਰਗੇ ਸ਼ਹਿਰਾਂ ਵਿੱਚ ਭਾਵੇਂ ਜਿੰਨੀਆਂ ਮਰਜ਼ੀ ਰੈਲੀਆਂ ਕਰ ਲੈਣ ਪਰ ਜਦੋਂ ਅਸਲ ਬਦਲਾਅ ਆਵੇਗਾ ਤਾਂ ਉਹ ਭਾਜਪਾ ਦੇ ਅੰਦਰੋਂ ਹੀ ਆਵੇਗਾ। ਇਸ ਦਾ ਇਹ ਮਤਲਬ ਨਹੀਂ ਕਿ ਭਾਜਪਾ ਜ਼ਮੀਨੀ ਹਲਚਲ ਤੋਂ ਆਪਣੇ ਆਪ ਨੂੰ ਬਚਾਅ ਸਕਦੀ ਹੈ, ਉਦਾਹਰਣ ਵਜੋਂ, ਜੁਲਾਈ ਵਿੱਚ ਸੀ ਜੇ ਪੀ ਦੇ ਪ੍ਰਦਰਸ਼ਨ ਦੌਰਾਨ ਨਿਹੱਥੇ ਵਿਦਿਆਰਥੀਆਂ 'ਤੇ ਪੈਲੇਟ ਬੰਦੂਕਾਂ ਦੀ ਵਰਤੋਂ ਕਰਨ ਦਾ ਹੁਕਮ ਕਿਸ ਨੇ ਦਿੱਤਾ ਸੀ? ਸਾਨੂੰ ਇਸ ਦਾ ਜਵਾਬ ਨਹੀਂ ਪਤਾ, ਪਰ ਜਦੋਂ ਵੀ ਇਹ ਸਾਹਮਣੇ ਆਵੇਗਾ ਤਾਂ ਇਹ ਯਕੀਨੀ ਤੌਰ 'ਤੇ ਅਜਿਹਾ ਤੂਫ਼ਾਨ ਲਿਆਏਗਾ ਜੋ ਪਾਰਟੀ ਦੇ ਸੱਤਾ ਢਾਂਚੇ ਨੂੰ ਹਿਲਾ ਕੇ ਰੱਖ ਦੇਵੇਗਾ।

ਫ਼ਿਲਹਾਲ, ਪਾਰਟੀ ਦਾ ਸੱਤਾ ਦਾ ਢਾਂਚਾ ਕਾਫ਼ੀ ਮਜ਼ਬੂਤ ਅਤੇ ਆਤਮ-ਵਿਸ਼ਵਾਸ ਨਾਲ ਭਰਪੂਰ ਜਾਪਦਾ ਹੈ। ਵਿਧਾਨ ਸਭਾ ਚੋਣਾਂ ਦੇ ਪਿਛਲੇ ਗੇੜ ਦੌਰਾਨ ਇਸ ਨੇ 529 ਕਰੋੜ ਰੁਪਏ ਖ਼ਰਚ ਕੀਤੇ, ਜੋ ਕਿ ਕਿਸੇ ਵੀ ਹੋਰ ਪਾਰਟੀ ਨਾਲੋਂ ਵੱਧ ਸਨ, ਪੱਛਮੀ ਬੰਗਾਲ ਵਿੱਚ ਹੀ 286.99 ਕਰੋੜ ਰੁਪਏ ਖ਼ਰਚ ਕੀਤੇ ਗਏ, ਜਦੋਂ ਕਿ ਕਾਂਗਰਸ ਨੇ ਸਿਰਫ਼ 42.08 ਕਰੋੜ ਰੁਪਏ ਹੀ ਖ਼ਰਚ ਕੀਤੇ। ਫੰਡਾਂ ਤੱਕ ਭਾਜਪਾ ਦੀ ਨਿਰੰਤਰ ਪਹੁੰਚ ਅਜੇ ਵੀ ਹੈਰਾਨ ਕਰਨ ਵਾਲੀ ਹੈ। ਅਸਲ ਸਵਾਲ ਇਹ ਹੈ ਕਿ ਕੀ ਇਹ ਤਾਕਤ ਆਪਣੀ ਲੀਡਰਸ਼ਿਪ ਨੂੰ ਪਾਰਟੀ ਦੇ ਅੰਦਰੋਂ ਉੱਠ ਰਹੀਆਂ ਨਾਰਾਜ਼ ਆਵਾਜ਼ਾਂ (ਜਿਵੇਂ ਕਿ ਪੰਜਾਬ ਦੇ ਕੈਪਟਨ ਅਮਰਿੰਦਰ ਸਿੰਘ ਦੀ ਆਵਾਜ਼) ਨੂੰ ਸੁਣਨ ਦੀ ਸੂਝ-ਬੂਝ ਦੇਵੇਗੀ, ਜਾਂ ਫਿਰ ਉਹ ਉਨ੍ਹਾਂ ਨੂੰ ਪਹਿਲਾਂ ਵਾਂਗ 'ਮਾਰਗਦਰਸ਼ਕ ਮੰਡਲ' ਦੇ ਹਵਾਲੇ ਕਰ ਦੇਣਾ ਚਾਹੁੰਦੇ ਹਨ, ਜਿਹੜਾ ਕਿ ਪਹਿਲਾਂ ਹੀ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਭਰਿਆ ਪਿਆ ਹੈ? ਅਸਲ ਸਮੱਸਿਆ ਇਹ ਹੈ ਕਿ ਹੁਣ 'ਮਾਰਗਦਰਸ਼ਕ ਮੰਡਲ' ਵੀ ਲੋਕਾਂ ਦੀਆਂ ਨਜ਼ਰਾਂ ਤੋਂ ਬਚਿਆ ਨਹੀਂ ਰਿਹਾ, ਕੋਈ ਹੋਰ ਨਹੀਂ ਸਗੋਂ ਦੇਸ਼ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਅਤੇ ਰਾਮ ਮੰਦਰ ਅੰਦੋਲਨ ਦੇ ਮੋਢੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਖ਼ੁਦ ਚੋਣ ਕਮਿਸ਼ਨ ਵੱਲੋਂ ਇੱਕ ਪੱਤਰ ਮਿਲਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਚੱਲ ਰਹੀ ਵਿਸ਼ੇਸ਼ ਸੁਧਾਈ ਮੁਹਿੰਮ ਦੌਰਾਨ ਆਪਣੇ ਦਸਤਾਵੇਜ਼ ਸਹੀ ਸਾਬਤ ਕਰਨ ਲਈ ਕਿਹਾ ਗਿਆ ਹੈ।

## ਔਰਤਾਂ ਦੀ ਸੁਰੱਖਿਆ



ਕੀ ਬਿਹਾਰ ਵਿੱਚ ਇੱਕ ਨਾਬਾਲਗ ਲੜਕੀ 'ਤੇ ਜਿਨਸੀ ਹਮਲੇ ਅਤੇ ਉਸ ਦੇ ਦੋਸਤ ਦੀ ਕੁੱਟਮਾਰ ਦੀ ਘਟਨਾ ਉੱਤੇ ਸਿਰਫ਼ ਕੁਝ ਸਮੇਂ ਦਾ ਗ਼ੁੱਸਾ ਜ਼ਾਹਿਰ ਕਰ ਦੇਣਾ ਹੀ ਕਾਫ਼ੀ ਹੈ? ਅਸੀਂ ਇਸ ਹਕੀਕਤ ਨੂੰ ਕਿਵੇਂ ਹਜ਼ਮ ਕਰੀਏ ਕਿ ਦਿੱਲੀ ਤੇ ਆਸ-ਪਾਸ ਦੇ ਕੌਮੀ ਰਾਜਧਾਨੀ ਖੇਤਰ ਵਿੱਚ ਇਸ ਮਹੀਨੇ ਹੀ ਜਬਰ-ਜਨਾਹ ਅਤੇ ਜਿਨਸੀ ਸ਼ੋਸ਼ਣ ਦੇ ਇੱਕ ਦਰਜਨ ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ? ਕੀ ਅਸੀਂ ਬੱਸ ਗ਼ੁੱਸਾ ਜ਼ਾਹਿਰ ਕਰਕੇ, ਨਿਰਾਸ਼ਾ ਜਤਾ ਕੇ ਅੱਗੇ ਵਧ ਜਾਈਏ? ਇਨ੍ਹਾਂ ਘਟਨਾਵਾਂ ਨੂੰ 'ਵੱਖਰੀਆਂ ਜਾਂ ਇੱਕਾ-ਦੁੱਕਾ ਵਾਰਦਾਤਾਂ' ਮੰਨਣਾ ਸ਼ਰਮਨਾਕ ਤੇ ਸੱਚ ਤੋਂ ਲੁਕਣ ਵਰਗਾ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਸਾਡਾ ਸਮਾਜ ਆਪਣੇ ਮੂਲ ਢਾਂਚੇ ਵਿੱਚ ਮੌਜੂਦ ਡੂੰਘੀਆਂ ਖ਼ਾਮੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਸਾਨੂੰ ਵਾਰ-ਵਾਰ ਇਹ ਅਹਿਮ ਸਵਾਲ ਪੁੱਛਣ ਦੀ ਲੋੜ ਹੈ ਕਿ ਆਖ਼ਰ ਕਿਸ ਚੀਜ਼ ਨੇ ਕਿਸੇ ਮਰਦ ਨੂੰ ਇੰਨਾ ਹੌਸਲਾ ਅਤੇ ਹੰਕਾਰ ਦਿੱਤਾ ਹੈ ਕਿ ਉਹ ਖ਼ੁਦ ਨੂੰ ਕਿਸੇ ਵੀ ਔਰਤ ਨੂੰ ਤੰਗ ਪ੍ਰੇਸ਼ਾਨ ਜਾਂ ਉਸ ਉੱਤੇ ਹਮਲਾ ਕਰਨ ਦਾ ਹੱਕਦਾਰ ਸਮਝਦਾ ਹੈ? ਇਸ ਦਾ ਸਪੱਸ਼ਟ ਜਵਾਬ ਇਹ ਹੈ ਕਿ ਲੰਮੇ ਸਮੇਂ ਤੋਂ ਅਪਰਾਧੀ ਬਚਦੇ ਆ ਰਹੇ ਹਨ ਅਤੇ ਪੀੜਤਾਂ ਨੂੰ ਹੀ ਕਸੂਰਵਾਰ ਠਹਿਰਾਇਆ ਜਾਂਦਾ ਰਿਹਾ ਹੈ। ਜੇ ਕਿਸੇ ਔਰਤ ਦੇ ਮਨ ਵਿੱਚ ਹਰ ਵੇਲੇ ਹਿੰਸਾ ਦਾ ਡਰ ਬਣਿਆ ਰਹੇ ਅਤੇ ਇਸ ਨੂੰ ਕੋਈ ਗੰਭੀਰ ਮਸਲਾ ਹੀ ਨਾ ਸਮਝਿਆ ਜਾਵੇ ਤਾਂ ਇਹ ਆਪਣੇ ਆਪ ਵਿੱਚ ਇੱਕ ਵੱਡੀ ਸਮੱਸਿਆ ਹੈ। ਜਿਸ ਚੀਜ਼ ਨੂੰ ਸਿਰਫ਼ 'ਨਾ-ਕਾਬਿਲ-ਏ-ਬਰਦਾਸ਼ਤ' ਹੋਣਾ ਚਾਹੀਦਾ ਸੀ, ਉਸ ਨੂੰ ਚੁੱਪ-ਚਾਪ ਕਬੂਲ ਕਰ ਲਿਆ ਗਿਆ ਹੈ। ਇਸ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ? ਮੁੱਖ ਤੌਰ 'ਤੇ ਸੂਬਾ ਸਰਕਾਰ ਨੂੰ, ਪਰ ਸਮਾਜ ਵੀ ਇਸ ਸਬੰਧੀ ਘੱਟ ਜ਼ਿੰਮੇਵਾਰ ਨਹੀਂ ਹੈ। ਜਦੋਂ ਤੱਕ ਕਿਸੇ ਵੀ ਔਰਤ ਜਾਂ ਬੱਚੀ ਨੂੰ ਕਿਸੇ ਵੀ ਸਮੇਂ ਅਤੇ ਕਿਸੇ ਵੀ ਥਾਂ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਨਹੀਂ ਹੁੰਦਾ, ਉਦੋਂ ਤੱਕ ਅਸੀਂ ਇਸ ਨੂੰ ਅਸਲ 'ਸੁਰੱਖਿਆ' ਨਹੀਂ ਕਹਿ ਸਕਦੇ। ਸੀ ਸੀ ਟੀ ਵੀ ਕੈਮਰੇ ਅਤੇ ਰੌਸ਼ਨੀ ਨਾਲ ਭਰਪੂਰ ਸੜਕਾਂ ਵਰਗੇ ਤਕਨੀਕੀ ਹੱਲ ਮਦਦਗਾਰ ਜ਼ਰੂਰ ਹਨ, ਪਰ ਸੱਚਮੁੱਚ ਸੁਰੱਖਿਅਤ ਮਾਹੌਲ ਸਿਰਜਣ ਲਈ ਸਮਾਜਿਕ ਅਤੇ ਢਾਂਚਾਗਤ ਬਦਲਾਅ ਦੀ ਲੋੜ ਹੈ।

ਕਾਨੂੰਨ ਦੀ ਪਕੜ ਤੋਂ ਬਚਣ ਦੇ ਸਿਲਸਿਲੇ ਨੂੰ ਤੋੜਨ ਲਈ ਸਖ਼ਤ ਕਾਨੂੰਨੀ ਸਜ਼ਾਵਾਂ ਯਕੀਨੀ ਬਣਾਈਆਂ ਜਾਣ। ਪੁਲੀਸ ਪ੍ਰਸ਼ਾਸਨ ਨੂੰ ਨਾਲ ਲੈ ਕੇ ਹਰ ਇਲਾਕੇ, ਜਨਤਕ ਥਾਂ ਅਤੇ ਦਫ਼ਤਰਾਂ/ਕੰਮ ਵਾਲੀਆਂ ਥਾਵਾਂ 'ਤੇ ਸੁਰੱਖਿਆ ਆਡਿਟ ਕਰਵਾਏ ਜਾਣ। ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਆਪਸੀ ਸਹਿਮਤੀ ਅਤੇ ਹੱਦਾਂ (ਦਾਇਰੇ) ਬਾਰੇ ਮੁੱਢੋਂ ਸਿੱਖਿਆ ਦਿੱਤੀ ਜਾਵੇ। ਪੁਰਾਣੇ ਪੁਰਸ਼-ਪ੍ਰਧਾਨ ਨਿਯਮਾਂ ਨੂੰ ਖ਼ਤਮ ਕਰਨ ਲਈ ਸਕੂਲਾਂ ਵਿੱਚ ਲਿੰਗ-ਸਮਾਨਤਾ ਅਤੇ ਆਦਰ ਨੂੰ ਆਪਣੇ ਮੁੱਖ ਸਿਲੇਬਸ ਦਾ ਲਾਜ਼ਮੀ ਹਿੱਸਾ ਬਣਾਇਆ ਜਾਵੇ। ਔਰਤਾਂ ਖ਼ਿਲਾਫ਼ ਹਿੰਸਾ ਨੂੰ ਖ਼ਤਮ ਕਰਨਾ ਸਿਰਫ਼ ਪੁਲੀਸ ਜਾਂ ਕਾਨੂੰਨ ਦੇ ਹੱਥ ਵਿੱਚ ਨਹੀਂ ਹੈ ਸਗੋਂ ਇਹ ਇੱਕ ਨਿਰੰਤਰ ਅਤੇ ਸਾਂਝਾ ਸਮੂਹਿਕ ਯਤਨ ਹੈ।

# ਅਮਰੀਕੀ ਸਮਾਜਿਕ ਵਿਵਸਥਾ ਪ੍ਰਬੰਧਨ ਅਤੇ ਸ਼ਿਕਾਗੋ ਤੋਂ ਨਿਆਗਰਾ ਫਾਲਜ਼ ਦੇ ਦਰਸ਼ਨ



—ਡੀ. ਪੀ. ਚੰਦਨ

ਅਮਰੀਕਾ ਆਉਣ ਦਾ ਮਕਸਦ ਸਿਰਫ ਇਕ ਦੇਸ਼ ਦੀ ਯਾਤਰਾ ਦਾ ਤਜਰਬਾ ਨਹੀਂ ਹੈ। ਇਹ ਆਪਣੇ ਨਾਲ ਅਨੇਕਾਂ ਸਵਾਲ ਲੈ ਕੇ ਆਉਂਦਾ ਹੈ। ਇੱਥੋਂ ਦੀਆਂ ਸੜਕਾਂ, ਇਮਾਰਤਾਂ, ਸ਼ਹਿਰ, ਲੋਕਾਂ ਦਾ ਰਹਿਣ-ਸਹਿਣ, ਕੰਮ ਕਰਨ ਦਾ ਤਰੀਕਾ ਅਤੇ ਸਮਾਜਿਕ ਵਿਵਸਥਾ—ਹਰ ਚੀਜ਼ ਆਪਣੇ ਆਪ 'ਚ ਕੁੱਝ ਕਹਿੰਦੀ ਹੋਈ ਦਿਖਾਈ ਦਿੰਦੀ ਹੈ ਪਰ ਮੇਰੇ ਲਈ ਇਸ ਯਾਤਰਾ ਦਾ ਸਭ ਤੋਂ ਮਹੱਤਵਪੂਰਨ ਪੱਖ ਕੇਵਲ ਅਮਰੀਕਾ ਨੂੰ ਦੇਖਣਾ ਹੀ ਨਹੀਂ ਸਗੋਂ ਅਮਰੀਕਾ ਨੂੰ ਭਾਰਤ ਦੇ ਨਜ਼ਰੀਏ ਤੋਂ ਸਮਝਣ ਦਾ ਯਤਨ ਕਰਨਾ ਰਿਹਾ।

ਇਤਿਹਾਸਕ ਆਰਟ ਇੰਸਟੀਚਿਊਟ ਆਫ਼ ਸ਼ਿਕਾਗੋ ਪਹੁੰਚਦੇ ਹੀ ਸਵਾਮੀ ਵਿਵੇਕਾਨੰਦ ਜੀ ਦੀ ਯਾਦ ਆਈ, ਜਿੱਥੇ 1893 'ਚ ਵਿਸ਼ਵ ਧਰਮ ਸੰਸਦ ਦੇ ਮੰਚ ਤੋਂ ਇਕ ਭਾਰਤੀ ਸੰਨਿਆਸੀ ਨੇ ਪੂਰੀ ਦੁਨੀਆ ਨੂੰ 'ਸਿਸਟਰਜ਼ ਐਂਡ ਬ੍ਰਦਰਜ਼ ਆਫ ਅਮੇਰਿਕਾ' ਕਹਿ ਕੇ ਸੰਬੋਧਨ ਕੀਤਾ ਸੀ। ਉਸ ਸੰਬੋਧਨ 'ਚ ਕੇਵਲ ਸ਼ਬਦ ਨਹੀਂ ਸਨ ਸਗੋਂ ਭਾਰਤ ਦੇ 'ਵਸੁਧੈਵ ਕੁਟੁੰਬਕਮ' ਭਾਵ ਮਨੁੱਖਤਾ ਨੂੰ ਇਕ ਪਰਿਵਾਰ ਵਜੋਂ ਦੇਖਦੇ ਹੋਏ ਸਹਿਣਸ਼ੀਲਤਾ ਅਤੇ ਵਿਭਿੰਨ ਧਾਰਮਿਕ ਪ੍ਰੰਪਰਾਵਾਂ ਦੇ ਸਤਿਕਾਰ ਦੇ ਵਿਚਾਰ ਸਨ।

ਵਿਸਕਾਨਸਿਨ, ਇਲੀਨੋਇਸ, ਮਿਸ਼ੀਗਨ, ਓਹਾਇਓ, ਪੈਨਸਿਲਵੇਨੀਆ, ਨਿਊਯਾਰਕ, ਇੰਡੀਆਨਾ ਰਾਜਾਂ, ਸ਼ਿਕਾਗੋ, ਰੇਸੀਨ, ਕੇਨੋਸ਼ਾ ਹੁੰਦੇ ਹੋਏ ਜਦੋਂ ਨਿਆਗਰਾ ਫਾਲਜ਼ ਦੀ ਯਾਤਰਾ ਕੀਤੀ ਤਾਂ ਅਮਰੀਕਾ ਨੂੰ ਸਿਰਫ ਇਕ ਰਾਜ ਜਾਂ ਸ਼ਹਿਰ ਦੇ ਰੂਪ 'ਚ ਨਹੀਂ ਸਗੋਂ ਇਕ ਵਿਵਸਥਾ ਦੇ ਰੂਪ 'ਚ ਦੇਖਣ ਦਾ ਮੌਕਾ ਮਿਲਿਆ। ਲੰਬੇ ਰਸਤੇ, ਭੀੜ-ਭੜੱਕੇ ਵਾਲੀਆਂ ਸੜਕਾਂ, ਟ੍ਰੈਫਿਕ ਦਾ ਅਤਿਅੰਤ ਅਨੁਸ਼ਾਸਨ, ਵੱਖ-ਵੱਖ ਸਥਾਨਾਂ ਦੀ ਆਪਣੀ ਖਾਸੀਅਤ ਅਤੇ ਸੁਚੱਜੇ ਪ੍ਰਬੰਧਾਂ ਨਾਲ ਉਨ੍ਹਾਂ ਦਾ ਜੁੜਾਅ, ਇਹ ਗੱਲਾਂ ਧਿਆਨ ਖਿੱਚਦੀਆਂ ਹਨ।

ਭਾਰਤ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਸਾਡੇ ਸ਼ਹਿਰ ਬਦਲ ਰਹੇ ਹਨ, ਸੜਕਾਂ ਬਣ ਰਹੀਆਂ ਹਨ, ਨਵੀਆਂ ਇਮਾਰਤਾਂ ਖੜ੍ਹੀਆਂ ਹੋ ਰਹੀਆਂ ਹਨ ਅਤੇ ਤਕਨੀਕ ਦੀ ਵਰਤੋਂ ਵਧ ਰਹੀ ਹੈ ਪਰ ਭਾਰਤ ਅਤੇ ਅਮਰੀਕਾ ਦੇ ਤਜਰਬੇ 'ਚ ਇਕ ਫਰਕ ਕਈ ਥਾਵਾਂ 'ਤੇ ਦਿਖਾਈ ਦਿੰਦਾ ਹੈ। ਅਮਰੀਕਾ 'ਚ ਕਿਸੇ ਵਿਵਸਥਾ ਦੇ ਪਿੱਛੇ ਪਹਿਲਾਂ ਤੋਂ ਤੈਅ ਨਿਯਮ, ਮਾਪਦੰਡ ਅਤੇ ਜ਼ਿੰਮੇਵਾਰੀ ਦਾ ਅਸਰ ਵਧੇਰੇ ਸਪੱਸ਼ਟ ਦਿਖਾਈ ਦਿੰਦਾ ਹੈ। ਭਾਰਤ 'ਚ ਕਈ ਵਾਰ ਹਾਲਾਤ ਅਨੁਸਾਰ ਵਿਵਸਥਾ ਨੂੰ ਢਾਲਣ ਅਤੇ ਤਤਕਾਲ ਹੱਲ ਕੱਢਣ ਦੀ ਪ੍ਰਵਿਰਤੀ ਦਿਖਾਈ ਦਿੰਦੀ ਹੈ। ਸਾਡੀ ਇਹੋ 'ਜੁਗਾੜ' ਦੀ ਸਮਰੱਥਾ ਕਈ ਔਖੇ ਹਾਲਾਤ 'ਚ ਕੰਮ ਵੀ ਆਉਂਦੀ ਹੈ ਪਰ ਲੰਬੇ ਸਮੇਂ ਦੀ ਮਜ਼ਬੂਤ ਵਿਵਸਥਾ ਲਈ ਕੇਵਲ ਜੁਗਾੜ ਪੂਰਾ ਨਹੀਂ ਹੋ ਸਕਦਾ।

ਇੱਥੇ ਲੋਕਾਂ ਦਾ ਆਪਣੇ ਕੰਮ ਅਤੇ ਜਨਤਕ ਵਿਵਸਥਾ ਪ੍ਰਤੀ ਵਿਵਹਾਰ ਵੀ ਦੇਖਣਯੋਗ ਹੈ। ਸੜਕ 'ਤੇ ਨਿਯਮਾਂ ਦੀ ਪਾਲਣਾ ਕੇਵਲ ਪੁਲਸ ਦੇ ਡਰ ਤੋਂ ਨਹੀਂ ਸਗੋਂ ਆਮ ਸਮਾਜਿਕ ਵਿਵਹਾਰ ਦਾ ਹਿੱਸਾ ਦਿਖਾਈ ਦਿੰਦੀ ਹੈ। ਇਹ ਗੱਲ ਸਾਨੂੰ ਸੋਚਣ 'ਤੇ ਮਜਬੂਰ ਕਰਦੀ ਹੈ ਕਿ ਕਿਸੇ ਦੇਸ਼ ਦਾ ਵਿਕਾਸ ਕੇਵਲ ਸਰਕਾਰ ਜਾਂ ਮਸ਼ੀਨਾਂ ਨਾਲ ਨਹੀਂ ਹੁੰਦਾ, ਨਾਗਰਿਕਾਂ ਦਾ ਵਿਵਹਾਰ ਵੀ ਵਿਕਾਸ ਦਾ ਓਨਾ ਹੀ ਮਹੱਤਵਪੂਰਨ ਹਿੱਸਾ ਹੈ।

ਅਮਰੀਕਾ 'ਚ ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਤੋਂ ਆਏ ਲੋਕ ਰਹਿੰਦੇ ਹਨ। ਭਾਰਤੀ, ਚੀਨੀ, ਮੈਕਸੀਕਨ, ਯੂਰਪੀਅਨ, ਅਫਰੀਕਨ ਅਤੇ ਅਨੇਕਾਂ ਹੋਰ ਭਾਈਚਾਰੇ ਇੱਥੇ ਆਪਣੀ-ਆਪਣੀ ਪਛਾਣ ਨਾਲ ਜ਼ਿੰਦਗੀ ਜਿਊਂਦੇ ਹਨ। ਇਸ ਦੇ ਬਾਵਜੂਦ ਇਕ ਸਾਂਝੀ ਅਮਰੀਕੀ ਨਾਗਰਿਕ ਪਛਾਣ ਬਣਾਉਣ ਦਾ ਯਤਨ ਦਿਖਾਈ ਦਿੰਦਾ ਹੈ। ਇਹ ਤਜਰਬਾ ਭਾਰਤ ਲਈ ਵੀ ਵਿਚਾਰਨਯੋਗ ਹੈ ਕਿ ਆਪਣੀ ਮੂਲ ਪਛਾਣ ਨੂੰ ਬਣਾਈ ਰੱਖਦੇ ਹੋਏ ਇਕ ਵਿਆਪਕ ਰਾਸ਼ਟਰੀ ਪਛਾਣ ਨੂੰ ਕਿਵੇਂ ਮਜ਼ਬੂਤ ਕੀਤਾ ਜਾਵੇ।

ਇਸੇ ਯਾਤਰਾ ਦੌਰਾਨ ਰੇਸੀਨ ਸ਼ਹਿਰ 'ਚ ਭਾਰਤੀ ਗੁਜਰਾਤੀ ਭਾਈਚਾਰੇ ਦੇ ਗਰਬਾ ਪ੍ਰੋਗਰਾਮ ਅਤੇ ਹਿੰਦੂ ਮੰਦਰ 'ਚ ਗਣੇਸ਼ ਵਿਸਰਜਨ 'ਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਉੱਥੇ ਪਹੁੰਚ ਕੇ ਜਾਪਿਆ ਕਿ ਹਜ਼ਾਰਾਂ ਮੀਲ ਦੂਰ ਅਮਰੀਕਾ 'ਚ ਰਹਿੰਦੇ ਹੋਏ ਵੀ ਭਾਰਤੀ ਸਮਾਜ ਨੇ ਆਪਣੀਆਂ ਰਵਾਇਤਾਂ ਅਤੇ ਸੰਸਕਾਰਾਂ ਨੂੰ ਜ਼ਿੰਦਾ ਰੱਖਿਆ ਹੈ। ਅਮਰੀਕਾ 'ਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਬੱਚਿਆਂ ਨੂੰ ਆਧੁਨਿਕ ਸਿੱਖਿਆ ਅਤੇ ਅਮਰੀਕੀ ਜੀਵਨ-ਪ੍ਰਣਾਲੀ ਦੇ ਨਾਲ-ਨਾਲ ਭਾਰਤੀ ਤਿਉਹਾਰਾਂ, ਭਾਸ਼ਾ, ਭੋਜਨ ਅਤੇ ਸੰਸਕਾਰਾਂ ਨਾਲ ਜੋੜਨ ਦਾ ਯਤਨ ਕੀਤਾ ਹੈ।

ਫਿਰ ਯਾਤਰਾ ਨਿਆਗਰਾ ਫਾਲਜ਼ ਵੱਲ ਵਧੀ। ਨਿਆਗਰਾ ਫਾਲਜ਼ ਕੁਦਰਤ ਦਾ ਅਜਿਹਾ ਦ੍ਰਿਸ਼ ਹੈ ਜਿਸ ਦੇ ਸਾਹਮਣੇ ਮਨੁੱਖ ਦੀ ਬਣਾਈ ਹੋਈ ਸਾਰੀ ਵਿਸ਼ਾਲਤਾ ਛੋਟੀ ਲੱਗਣ ਲੱਗਦੀ ਹੈ। ਪਾਣੀ ਦੀ ਵਿਸ਼ਾਲ ਧਾਰਾ, ਉਸ ਦੀ ਆਵਾਜ਼, ਚਾਰੇ ਪਾਸੇ ਉੱਠਦੀ ਫੁਹਾਰ ਅਤੇ ਕੁਦਰਤ ਦੀ ਸ਼ਕਤੀ, ਇਹ ਸਭ ਦੇਖ ਕੇ ਮਨ ਕੁੱਝ ਦੇਰ ਲਈ ਸ਼ਾਂਤ ਹੋ ਜਾਂਦਾ ਹੈ । ਇੱਥੇ ਅਮਰੀਕਾ ਅਤੇ ਕੈਨੇਡਾ ਦੀ ਸਰਹੱਦ ਦੇ ਨੇੜੇ-ਤੇੜੇ ਵੱਖ-ਵੱਖ ਦੇਸ਼ਾਂ ਅਤੇ ਭਾਈਚਾਰਿਆਂ ਤੋਂ ਆਏ ਲੋਕਾਂ ਨੂੰ ਇਕੱਠਿਆਂ ਘੁੰਮਦੇ, ਆਨੰਦ ਮਾਣਦੇ ਅਤੇ ਇਕ-ਦੂਜੇ ਨਾਲ ਸਹਿਜ ਵਿਵਹਾਰ ਕਰਦੇ ਦੇਖਣਾ ਵੀ ਆਪਣੇ ਆਪ 'ਚ ਇਕ ਤਜਰਬਾ ਸੀ।

ਅਮਰੀਕਾ ਵਿਚ ਨਿੱਜੀ ਆਜ਼ਾਦੀ ਨੂੰ ਕਾਫ਼ੀ ਮਹੱਤਵ ਦਿੱਤਾ ਜਾਂਦਾ ਹੈ। ਵਿਅਕਤੀ ਆਪਣੀ ਪਸੰਦ, ਜੀਵਨਸ਼ੈਲੀ ਅਤੇ ਵਿਚਾਰਾਂ ਅਨੁਸਾਰ ਜ਼ਿੰਦਗੀ ਜਿਊਣ ਦਾ ਯਤਨ ਕਰਦਾ ਹੈ ਪਰ ਇਸ ਦੇ ਨਾਲ ਕਾਨੂੰਨ ਅਤੇ ਨਿੱਜੀ ਜ਼ਿੰਮੇਵਾਰੀ ਦਾ ਸੰਬੰਧ ਵੀ ਦਿਖਾਈ ਦਿੰਦਾ ਹੈ। ਆਜ਼ਾਦੀ ਉਦੋਂ ਹੀ ਸਾਰਥਕ ਹੁੰਦੀ ਹੈ ਜਦੋਂ ਉਸ ਦੇ ਨਾਲ ਜ਼ਿੰਮੇਵਾਰੀ ਜੁੜੀ ਹੋਵੇ।

ਅਮਰੀਕਾ 'ਚ ਵਿਅਕਤੀ ਦੀ ਆਜ਼ਾਦੀ ਅਧਿਕਾਰਤ ਮੁੱਖ ਦਿਖਾਈ ਦਿੰਦੀ ਹੈ, ਜਦਕਿ ਭਾਰਤ 'ਚ ਪਰਿਵਾਰ ਅਤੇ ਸਮਾਜਿਕ ਸੰਬੰਧਾਂ ਦੀ ਭੂਮਿਕਾ ਅਧਿਕਾਰਤ ਡੂੰਘੀ ਦਿਖਾਈ ਦਿੰਦੀ ਹੈ। ਦੋਵਾਂ ਵਿਵਸਥਾਵਾਂ ਦੀਆਂ ਆਪਣੀਆਂ ਚੰਗਿਆਈਆਂ ਹਨ ਅਤੇ ਦੋਵਾਂ ਦੀਆਂ ਆਪਣੀਆਂ ਚੁਣੌਤੀਆਂ ਵੀ।

ਭਾਰਤ ਨੂੰ ਅਮਰੀਕਾ ਤੋਂ ਵਿਵਸਥਾ ਪ੍ਰਬੰਧਨ, ਸਮੇਂ ਦੀ ਪਾਬੰਦੀ, ਜਨਤਕ ਅਨੁਸ਼ਾਸਨ ਅਤੇ ਸੰਸਥਾਗਤ ਕਾਰਜ-ਪ੍ਰਣਾਲੀ ਦੇ ਕੁੱਝ ਪਹਿਲੂ ਸਿੱਖਣੇ ਚਾਹੀਦੇ ਹਨ। ਉੱਥੇ ਹੀ ਅਮਰੀਕਾ ਨੂੰ ਭਾਰਤ ਦੀ ਪਰਿਵਾਰਕ ਆਤਮੀਅਤਾ, ਭਾਈਚਾਰਕ ਜੁੜਾਅ ਅਤੇ ਵੱਖ-ਵੱਖ ਪ੍ਰੰਪਰਾਵਾਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਤੋਂ ਸਿੱਖਣ ਦੇ ਮੌਕੇ ਮੁਹੱਈਆ ਹਨ।

ਸਮਾਂ ਬਦਲ ਗਿਆ ਹੈ, ਹਾਲਾਤ ਬਦਲ ਗਏ ਹਨ ਪਰ ਮਨੁੱਖਤਾ ਦਾ ਮੂਲ ਸਵਾਲ ਅੱਜ ਵੀ ਉਹੀ ਹੈ ਕਿ ਅਸੀਂ ਵੱਖ ਹੁੰਦੇ ਹੋਏ ਵੀ ਇਕ-ਦੂਜੇ ਦੇ ਕਿੰਨੇ ਨੇੜੇ ਰਹਿ ਸਕਦੇ ਹਾਂ? ਯਾਤਰਾ ਖਤਮ ਹੋ ਜਾਂਦੀ ਹੈ ਪਰ ਯਾਤਰਾ ਤੋਂ ਮਿਲੇ ਵਿਚਾਰ ਨਾਲ ਚੱਲਦੇ ਰਹਿੰਦੇ ਹਨ। ਸ਼ਾਇਦ ਯਾਤਰਾ ਦਾ ਸਭ ਤੋਂ ਵੱਡਾ ਲਾਭ ਇਹੋ ਹੈ ਕਿ ਅਸੀਂ ਸਿਰਫ ਦੂਜੇ ਦੇਸ਼ ਨੂੰ ਦੇਖ ਕੇ ਵਾਪਸ ਨਹੀਂ ਪਰਤਦੇ, ਅਸੀਂ ਆਪਣੇ ਦੇਸ਼ ਨੂੰ ਵੀ ਇਕ ਨਵੀਂ ਦ੍ਰਿਸ਼ਟੀ ਨਾਲ ਦੇਖਣ ਲੱਗਦੇ ਹਾਂ।

# ਵਿਦਿਆਰਥੀਆਂ 'ਚ ਰੋਹ



ਪੰਜਾਬ ਦੀਆਂ ਦੋ ਵੱਡੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਚਿਤਕਾਰਾ ਯੂਨੀਵਰਸਿਟੀ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ 'ਚ ਬੀਤੇ ਕੱਲ੍ਹ ਤੇ ਉਸ ਤੋਂ ਪਹਿਲਾਂ ਦੀਆਂ ਰਾਤਾਂ 'ਚ ਜੋ ਘਟਨਾਕ੍ਰਮ ਵਾਪਰਿਆ, ਉਹ ਸਿਰਫ਼ ਦੋ ਕੈਂਪਸਾਂ ਤੱਕ ਸੀਮਤ ਨਹੀਂ ਰਿਹਾ। ਇਹ ਘਟਨਾਵਾਂ ਪੂਰੇ ਸੂਬੇ 'ਚ ਵਿਦਿਆਰਥੀਆਂ ਦੀ ਸੁਰੱਖਿਆ, ਸੋਸ਼ਲ ਮੀਡੀਆ ਦੀ ਭੂਮਿਕਾ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਜਵਾਬਦੇਹੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ। ਦੋਵਾਂ ਥਾਵਾਂ 'ਤੇ ਅਫ਼ਵਾਹਾਂ ਨੇ ਵਿਦਿਆਰਥੀਆਂ ਨੂੰ ਸੜਕ 'ਤੇ ਲਿਆਂਦਾ, ਹਿੰਸਾ ਭੜਕਾਈ ਤੇ ਅਖ਼ੀਰ ਅਕਾਦਮਿਕ ਸਰਗਰਮੀਆਂ ਮੁਅੱਤਲ ਹੋ ਗਈਆਂ। ਚਿਤਕਾਰਾ ਯੂਨੀਵਰਸਿਟੀ ਵਿਚ ਘਟਨਾਵਾਂ ਦੀ ਸ਼ੁਰੂਆਤ 24-25 ਸਤੰਬਰ ਤੋਂ ਹੋਈ। ਸੋਸ਼ਲ ਮੀਡੀਆ 'ਤੇ ਅਜਿਹੀਆਂ ਪੋਸਟਾਂ ਤੇ ਰੀਲਾਂ ਫੈਲੀਆਂ ਕਿ ਲੜਕੀਆਂ ਦੇ ਹੋਸਟਲ 'ਚ ਦੋ ਵਿਦਿਆਰਥਣਾਂ ਲਾਪਤਾ ਹੋ ਗਈਆਂ ਹਨ ਜਾਂ ਉਨ੍ਹਾਂ ਨੇ ਖ਼ੁਦਕੁਸ਼ੀ ਕਰ ਲਈ ਹੈ। ਐਂਬੂਲੈਂਸ ਦੀ ਆਮਦ, ਚੀਖ਼ਾਂ ਤੇ ਹੋਸਟਲ ਵਿਚ ਪੰਡਿਤ ਜੀ ਦੀ ਮੌਜੂਦਗੀ ਬਾਰੇ ਅਫ਼ਵਾਹਾਂ ਨੇ ਅੱਗ 'ਚ ਘਿਓ ਪਾ ਦਿੱਤਾ। ਅਫ਼ਵਾਹਾਂ ਇੰਨੀ ਤੇਜ਼ੀ ਨਾਲ ਫੈਲੀਆਂ ਕਿ ਵਿਦਿਆਰਥੀਆਂ ਦਾ ਰੋਸ ਪ੍ਰਦਰਸ਼ਨ ਹਿੰਸਕ ਰੂਪ ਧਾਰਨ ਕਰ ਗਿਆ। ਨਤੀਜੇ ਵਜੋਂ ਯੂਨੀਵਰਸਿਟੀ ਨੇ 28 ਸਤੰਬਰ ਤੋਂ 1 ਅਕਤੂਬਰ ਤੱਕ ਅਕਾਦਮਿਕ ਸਰਗਰਮੀਆਂ ਮੁਅੱਤਲ ਕਰ ਦਿੱਤੀਆਂ। ਲਗਪਗ ਇਸੇ ਸਮੇਂ ਐੱਲਪੀਯੂ 'ਚ ਇਕ ਹੋਰ ਭਿਆਨਕ ਤਸਵੀਰ ਸਾਹਮਣੇ ਆਈ। 26-27 ਸਤੰਬਰ ਦੀ ਰਾਤ ਲੜਕੀਆਂ ਦੇ ਹੋਸਟਲ ਨੰਬਰ-3 ਨੇੜੇ ਵਿਦਿਆਰਥੀ ਇਕੱਠੇ ਹੋਏ। ਦਾਅਵਾ ਕੀਤਾ ਗਿਆ ਕਿ ਇਕ ਵਿਦਿਆਰਥਣ ਨਾਲ ਤਿੰਨ ਦਿਨ ਪਹਿਲਾਂ ਇਕ ਬਾਹਰੀ ਵਿਅਕਤੀ (ਪਲੰਬਰ) ਨੇ ਜਬਰ-ਜਨਾਹ ਕੀਤਾ ਹੈ ਤੇ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ। ਖ਼ੁਦਕੁਸ਼ੀ ਜਾਂ ਲਾਪਤਾ ਹੋਣ ਦੀਆਂ ਗੱਲਾਂ ਵੀ ਸਾਹਮਣੇ ਆਈਆਂ। ਵਿਦਿਆਰਥੀਆਂ ਦਾ ਗੁੱਸਾ ਫੁੱਟ ਪਿਆ। ਉਨ੍ਹਾਂ ਨੇ ਕੈਂਪਸ 'ਚ ਭੰਨਤੋੜ ਕੀਤੀ, ਪੱਥਰਬਾਜ਼ੀ ਕੀਤੀ, ਗੱਡੀਆਂ ਨੂੰ ਅੱਗ ਲਗਾਈ ਅਤੇ ਜਲੰਧਰ-ਫਗਵਾੜਾ ਕੌਮੀ ਸ਼ਾਹਰਾਹ ਨੂੰ ਕਈ ਘੰਟਿਆਂ ਤੱਕ ਬੰਦ ਕਰ ਦਿੱਤਾ। ਪੁਲਿਸ ਨੇ 2,000 ਤੋਂ ਵੱਧ ਜਵਾਨ ਤਾਇਨਾਤ ਕੀਤੇ। ਐੱਫਆਈਆਰ ਦਰਜ ਕੀਤੀ ਅਤੇ ਐੱਸਆਈਟੀ ਬਣਾਈ ਗਈ। ਯੂਨੀਵਰਸਿਟੀ ਨੇ 28 ਸਤੰਬਰ ਤੋਂ 10 ਦਿਨਾਂ ਲਈ ਰੈਗੂਲਰ ਕਲਾਸਾਂ ਮੁਅੱਤਲ ਕਰ ਦਿੱਤੀਆਂ ਤੇ ਇਮਤਿਹਾਨ ਅਗਲੀ ਸੂਚਨਾ ਤੱਕ ਮੁਲਤਵੀ ਕਰ ਦਿੱਤੇ। ਵਿਦਿਆਰਥੀਆਂ ਨੂੰ ਘਰ ਜਾਣ ਜਾਂ ਹੋਸਟਲ 'ਚ ਹੀ ਰਹਿਣ ਦੀ ਸਲਾਹ ਦਿੱਤੀ ਗਈ। ਦੋਵਾਂ ਘਟਨਾਵਾਂ 'ਚ ਇਕ ਸਾਂਝੀ ਲੜੀ ਸਾਫ਼ ਨਜ਼ਰ ਆਉਂਦੀ ਹੈ, ਸੋਸ਼ਲ ਮੀਡੀਆ 'ਤੇ ਬਿਨਾਂ ਪੁਸ਼ਟੀ ਦੀਆਂ ਖ਼ਬਰਾਂ ਦਾ ਤੇਜ਼ੀ ਨਾਲ ਫੈਲਣਾ ਅਤੇ ਵਿਦਿਆਰਥੀਆਂ 'ਚ ਸੁਰੱਖਿਆ ਲਈ ਡਰ ਤੇ ਗੁੱਸਾ। ਅੱਜ ਦੇ ਡਿਜੀਟਲ ਦੌਰ 'ਚ ਇਕ ਰੀਲ ਜਾਂ ਵ੍ਹਟਸਐਪ ਮੈਸੇਜ ਮਿੰਟਾਂ 'ਚ ਹਜ਼ਾਰਾਂ-ਲੱਖਾਂ ਲੋਕਾਂ ਤੱਕ ਪਹੁੰਚ ਜਾਂਦਾ ਹੈ। ਜਦੋਂ ਗੱਲ ਲੜਕੀਆਂ ਦੀ ਸੁਰੱਖਿਆ ਦੀ ਹੋਵੇ ਤਾਂ ਇਹ ਡਰ ਹੋਰ ਤੇਜ਼ ਹੋ ਜਾਂਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਹਰ ਅਫ਼ਵਾਹ ਨੂੰ ਸੱਚ ਮੰਨ ਕੇ ਹਿੰਸਾ ਕੀਤੀ ਜਾਵੇ। ਚਿਤਕਾਰਾ 'ਚ ਯੂਨੀਵਰਸਿਟੀ ਤੇ ਪੁਲਿਸ ਨੇ ਸਾਫ਼ ਕਿਹਾ ਕਿ ਕੋਈ ਮੌਤ ਨਹੀਂ ਹੋਈ। ਐੱਲਪੀਯੂ 'ਚ ਵੀ ਪ੍ਰਸ਼ਾਸਨ ਨੇ ਇਨ੍ਹਾਂ ਦਾਅਵਿਆਂ ਨੂੰ ਗ਼ਲਤ ਕਰਾਰ ਦਿੱਤਾ। ਪੁਲਿਸ ਜਾਂਚ ਚੱਲ ਰਹੀ ਹੈ ਤੇ ਮਹਿਲਾ ਕਮਿਸ਼ਨ ਨੇ ਵੀ ਦੋਵਾਂ ਮਾਮਲਿਆਂ ਦਾ ਨੋਟਿਸ ਲਿਆ ਹੈ। ਇਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਯੂਨੀਵਰਸਿਟੀਆਂ 'ਚ ਸਹੀ ਸੰਚਾਰ ਦੀ ਘਾਟ ਕਿੰਨੀ ਖ਼ਤਰਨਾਕ ਹੋ ਸਕਦੀ ਹੈ। ਜਦੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਜਾਣਕਾਰੀ ਨਹੀਂ ਮਿਲਦੀ ਤਾਂ ਉਹ ਅਫ਼ਵਾਹਾਂ 'ਤੇ ਭਰੋਸਾ ਕਰਨ ਲੱਗਦੇ ਹਨ। ਹੋਸਟਲਾਂ 'ਚ ਸੁਰੱਖਿਆ ਪ੍ਰਣਾਲੀ, ਸੀਸੀਟੀਵੀ, ਵਾਰਡਨਾਂ ਦੀ ਚੌਕਸੀ ਤੇ ਤੁਰੰਤ ਜਵਾਬਦੇਹੀ ਮਜ਼ਬੂਤ ਹੋਣੀ ਚਾਹੀਦੀ ਹੈ।ਵਿਦਿਆਰਥੀਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਹਿੰਸਾ ਤੇ ਭੰਨਤੋੜ ਨਾਲ ਸਮੱਸਿਆ ਹੱਲ ਨਹੀਂ ਹੁੰਦੀ। ਕੌਮੀ ਸ਼ਾਹਰਾਹ ਬੰਦ ਕਰਨਾ, ਗੱਡੀਆਂ ਨੂੰ ਅੱਗ ਲਗਾਉਣਾ ਅਤੇ ਪੁਲਿਸ ਨਾਲ ਟਕਰਾਅ ਕਾਨੂੰਨੀ ਤੇ ਨੈਤਿਕ ਦੋਵਾਂ ਤਰੀਕਿਆਂ ਨਾਲ ਗ਼ਲਤ ਹੈ। ਪੰਜਾਬ 'ਚ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਇਸ ਲਈ ਇਨ੍ਹਾਂ ਘਟਨਾਵਾਂ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਹੈ ਪਰ ਅਸਲ ਮੁੱਦਾ ਸਿਆਸਤ ਨਹੀਂ, ਵਿਦਿਆਰਥੀਆਂ ਦੀ ਸੁਰੱਖਿਆ ਤੇ ਭਰੋਸਾ ਹੋਣਾ ਚਾਹੀਦਾ ਹੈ। ਹੁਣ ਚਿਤਕਾਰਾ ਤੇ ਐੱਲਪੀਯੂ ਦੋਵਾਂ ਨੇ ਇਹ ਸਾਬਤ ਕਰਨਾ ਹੈ ਕਿ ਉਹ ਸਿਰਫ਼ ਡਿਗਰੀਆਂ ਹੀ ਨਹੀਂ ਦਿੰਦੇ ਸਗੋਂ ਆਪਣੇ ਵਿਦਿਆਰਥੀਆਂ ਦੀ ਰਾਖੀ ਵੀ ਕਰਦੀਆਂ ਹਨ।

# ਵਿਆਹ ਦੀ ਭਾਜੀ

*ਪੰਜਾਬ ਵਿੱਚ ਵਿਆਹਾਂ ਦੌਰਾਨ ਰਿਸ਼ਤੇਦਾਰਾਂ ਨੂੰ ਭਾਜੀ ਮੋੜਨ ਦਾ ਰਿਵਾਜ ਹੈ। ਜੇ ਕੋਈ ਰਿਸ਼ਤੇਦਾਰ ਆਪਣੇ ਧੀ-ਪੁੱਤ ਦੇ ਵਿਆਹ ਵਿੱਚ ਕਿਸੇ ਨੂੰ ਦੋ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ ਤਾਂ ਅਗਲੀ ਵਾਰ ਉਹੀ ਰਿਸ਼ਤੇਦਾਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੀ ਖ਼ੁਸ਼ੀ ਵਿੱਚ ਢਾਈ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ। ਇਸ ਦਾ ਮਤਲਬ ਇਹ ਹੁੰਦਾ ਸੀ ਕਿ ਅਸੀਂ ਅਗਾਂਹ ਤੁਹਾਡੇ ਨਾਲ ਮਿਲਵਰਤਣ ਦੀ ਰੀਤ ਜਾਰੀ ਰੱਖਣੀ ਹੈ। ਨਾਨਕਾ ਮੇਲ ਵਿਆਹ ਵਿੱਚ ਵਧ ਚੜ੍ਹ ਕੇ ਖ਼ਰਚਾ ਕਰਕੇ ਆਉਂਦਾ ਸੀ ਤਾਂ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਵਿਦਾ ਕਰਨ ਲੱਗੇ ਪੱਚੀ ਪੱਚੀ ਸੇਰ ਭਾਜੀ ਜਾਂ ਸੀਰਨੀ ਦੀਆਂ ਪੰਡਾਂ ਬੰਨ੍ਹ ਕੇ ਦੇਣ ਦਾ ਰਿਵਾਜ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਪੂਰੇ ਪਿੰਡ ਵਿੱਚ ਫੇਰਨੀ ਹੁੰਦੀ ਸੀ ਤੇ ਦੱਸਣਾ ਹੁੰਦਾ ਸੀ ਕਿ ਉਹ ਆਪਣੇ ਦੋਹਤੇ ਜਾਂ ਦੋਹਤੀ ਦਾ ਵਿਆਹ ਕਰਕੇ ਆਏ ਹਨ।*



‘ਸੀਰਨੀ’ ਜਾਂ ‘ਭਾਜੀ’ ਇੱਕ ਅਜਿਹਾ ਸ਼ਬਦ ਹੈ ਜਿਸ ਵਿੱਚ ਅਥਾਹ ਮਿਠਾਸ ਛੁਪੀ ਹੋਈ ਹੈ। ਇਸ ਇੱਕ ਸ਼ਬਦ ਦੇ ਉਚਾਰਣ ਨਾਲ ਵਿਆਹ ਵਾਲੇ ਘਰ ਦੀ ਤਸਵੀਰ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਜਿਸ ਵਿੱਚ ਭੱਠੀ ਚੜ੍ਹਨਾ, ਲੱਡੂ ਵੱਟਣਾ, ਇੱਕ ਕੋਠੜੀ ਵਿੱਚ ਮੰਜਿਆਂ ’ਤੇ ਚਾਦਰਾਂ ਵਿਛਾ ਕੇ ਕੁਇੰਟਲਾਂ ਦੇ ਹਿਸਾਬ ਨਾਲ ਹਲਵਾਈਆਂ ਤੋਂ ਘਰੇ ਪਕਵਾਈ ਹੋਈ ਮਠਿਆਈ ਅਤੇ ਉਸ ਦੀ ਮਿੱਠੀ ਮਿੱਠੀ ਖੁਸ਼ਬੋ ਦੀ ਯਾਦ ਆ ਜਾਂਦੀ ਹੈ।

ਪੰਜਾਬ ਦੇ ਵਿਆਹਾਂ ਦੀਆਂ ਪੁਰਾਣੀਆਂ ਰੀਤਾਂ ਵਿੱਚ ਸੀਰਨੀ ਦਾ ਆਪਣਾ ਹੀ ਇੱਕ ਖ਼ਾਸ ਸਥਾਨ ਰਿਹਾ ਹੈ। ਸੀਰਨੀ ਤਿਆਰ ਕਰਨ ਲਈ ਉਚੇਚੇ ਤੌਰ ’ਤੇ ਵਿਆਹ ਵਾਲੇ ਘਰ ਵਿੱਚ ਕਈ ਦਿਨ ਪਹਿਲਾਂ ਭੱਠੀ ਚੜ੍ਹਾਈ ਜਾਂਦੀ ਸੀ। ਹਲਵਾਈ ਦੇ ਆਲੇ ਦੁਆਲੇ ਪਿੰਡ ਦੇ ਸ਼ਰੀਕੇ ਵਿੱਚੋਂ ਮੁੰਡੇ ਅਤੇ ਬਜ਼ੁਰਗ ਖ਼ਾਸ ਤੌਰ ’ਤੇ ਲੱਡੂ ਵੱਟਣ ਜਾਂ ਹੋਰ ਨਿੱਕੇ ਮੋਟੇ ਕੰਮਾਂ ਵਿੱਚ ਮਦਦ ਕਰਨ ਲਈ ਆਉਂਦੇ ਸਨ। ਇਕੱਠੇ ਬੈਠੇ ਜਦ ਆਪਸ ਵਿੱਚ ਹਾਸਾ ਠੱਠਾ ਤੇ ਮਸ਼ਕਰੀਆਂ ਕਰਦੇ ਤਾਂ ਵਿਆਹ ਵਾਲੇ ਘਰ ਦੀ ਰੌਣਕ ਦੁੱਗਣੀ ਹੋ ਜਾਂਦੀ ਸੀ। ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਣ ਦੇ ਨਾਲ ਨਾਲ ਸਾਡੇ ਸਮਾਜ ਦੀ ਖ਼ੂਬਸੂਰਤ ਸੱਭਿਆਚਾਰਕ ਵਿਰਾਸਤ ਦੀ ਤਸਵੀਰ ਸਾਹਮਣੇ ਆਉਂਦੀ ਸੀ।

ਅੱਜ ਵਿਆਹ ਤੋਂ ਪਹਿਲਾਂ ਹੀ ਕਾਰਡ ਦੇ ਨਾਲ ਦਿੱਤਾ ਹੋਇਆ ਇੱਕ ਮਹਿੰਗੇ ਤੋਂ ਮਹਿੰਗਾ, ਨਵੇਂ ਡਿਜ਼ਾਈਨਾਂ ਨਾਲ ਤਿਆਰ ਕੀਤਾ ਹੋਇਆ ਮਠਿਆਈ ਦਾ ਡੱਬਾ ਵੱਡੇ ਵੱਡੇ ਝੋਲਿਆਂ, ਪੀਪਿਆਂ ਜਾਂ ਬੋਰੀਆਂ ਵਿੱਚ ਸੇਰਾਂ ਦੇ ਹਿਸਾਬ ਨਾਲ ਦਿੱਤੀ ਜਾਣ ਵਾਲੀ ਸੀਰਨੀ ਦੀ ਰੀਸ ਕਿੱਥੋਂ ਕਰ ਲਵੇਗਾ ? ਅੱਜ ਭਾਵੇਂ ਵਿਆਹਾਂ ਵਿੱਚ ਕੇਕ, ਮਠਿਆਈਆਂ ਅਤੇ ਮਹਿੰਗੇ ਤੋਹਫ਼ ?ਆਂ ਆਦਿ ਦਾ ਰਿਵਾਜ ਵਧ ਗਿਆ ਹੈ, ਪਰ ਪੁਰਾਣੇ ਸਮਿਆਂ ਵਿੱਚ ਰਿਸ਼ਤੇਦਾਰਾਂ ਨੂੰ ਸੇਰਾਂ ਦੇ ਹਿਸਾਬ ਨਾਲ ਸੀਰਨੀ ਦੇਣ ਦਾ ਆਪਣਾ ਹੀ ਇੱਕ ਵੱਖਰਾ ਮਹੱਤਵ ਸੀ। ਇਹ ਖ਼ੁਸ਼ੀ ਸਾਂਝੀ ਕਰਨ ਦਾ ਸਾਦਾ ਤੇ ਪਿਆਰਾ ਤਰੀਕਾ ਸੀ।

ਪੁਰਾਣੇ ਪੰਜਾਬੀ ਵਿਆਹਾਂ ਵਿੱਚ ਸੀਰਨੀ ਕੋਈ ਇੱਕ ਨਿਸ਼ਚਿਤ ਮਠਿਆਈ ਨਹੀਂ ਸੀ। ਇਹ ਇਲਾਕੇ ਅਤੇ ਪਰਿਵਾਰ ਦੀ ਰੀਤ ਅਨੁਸਾਰ ਵੱਖ-ਵੱਖ ਮਠਿਆਈਆਂ ਦਾ ਮਿਸ਼ਰਣ ਜਾਂ ਮਿਲੀ-ਜੁਲੀ ਮਠਿਆਈ ਹੁੰਦੀ ਸੀ। ਆਮ ਤੌਰ ’ਤੇ ਇਸ ਵਿੱਚ ਬੂੰਦੀ ਦੇ ਲੱਡੂ, ਖੰਡ ਵਾਲੀਆਂ ਮੋਟੀਆਂ ਪਕੌੜੀਆਂ, ਗੁੜ ਵਾਲੀਆਂ ਮੋਟੀਆਂ ਪਕੌੜੀਆਂ, ਖੰਡ ਵਾਲੇ ਤੇ ਗੁੜ ਵਾਲੇ ਸ਼ੱਕਰ ਪਾਰੇ ਜਾਂ ਖ਼ੁਰਮੇ, ਨਮਕੀਨ ਮੱਠੀਆਂ, ਨਮਕੀਨ ਮੋਟੀਆਂ ਪਕੌੜੀਆਂ ਆਦਿ ਹੁੰਦੀਆਂ ਸਨ। ਵਿਆਹ ਵਾਲੇ ਘਰ ਵਿੱਚ ਪ੍ਰਾਹੁਣਿਆਂ ਦੀ ਆਮਦ ਕਈ ਦਿਨ ਪਹਿਲਾਂ ਹੀ ਹੋਣੀ ਸ਼ੁਰੂ ਹੋ ਜਾਂਦੀ ਸੀ। ਜਦ ਘਰੇ ਮੇਲ ਆਉਂਦਾ ਸੀ

**ਬਰਜਿੰਦਰ ਕੌਰ ਬਿਸਰਾਓ**

ਤਾਂ ਉਨ੍ਹਾਂ ਦੀ ਆਓ ਭਗਤ ਚਾਹ ਪਾਣੀ ਦੇ ਨਾਲ ਥਾਲਾਂ ਵਿੱਚ ਸੀਰਨੀ ਪਰੋਸ ਕੇ ਕੀਤੀ ਜਾਂਦੀ ਸੀ। ਵਿਆਹ ਵਾਲੇ ਘਰ ਦਾ ਵੱਖਰਾ ਜਿਹਾ ਨਜ਼ਾਰਾ ਹੁੰਦਾ ਸੀ।

ਪੰਜਾਬ ਵਿੱਚ ਵਿਆਹਾਂ ਦੌਰਾਨ ਰਿਸ਼ਤੇਦਾਰਾਂ ਨੂੰ ਭਾਜੀ ਮੋੜਨ ਦਾ ਰਿਵਾਜ ਹੈ। ਜੇ ਕੋਈ ਰਿਸ਼ਤੇਦਾਰ ਆਪਣੇ ਧੀ-ਪੁੱਤ ਦੇ ਵਿਆਹ ਵਿੱਚ ਕਿਸੇ ਨੂੰ ਦੋ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ ਤਾਂ ਅਗਲੀ ਵਾਰ ਉਹੀ ਰਿਸ਼ਤੇਦਾਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੀ ਖ਼ੁਸ਼ੀ ਵਿੱਚ ਢਾਈ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ। ਇਸ ਦਾ ਮਤਲਬ ਇਹ ਹੁੰਦਾ ਸੀ ਕਿ ਅਸੀਂ ਅਗਾਂਹ ਤੁਹਾਡੇ ਨਾਲ ਮਿਲਵਰਤਣ ਦੀ ਰੀਤ ਜਾਰੀ ਰੱਖਣੀ ਹੈ। ਨਾਨਕਾ ਮੇਲ ਵਿਆਹ ਵਿੱਚ ਵਧ ਚੜ੍ਹ ਕੇ ਖ਼ਰਚਾ ਕਰਕੇ ਆਉਂਦਾ ਸੀ ਤਾਂ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਵਿਦਾ ਕਰਨ ਲੱਗੇ ਪੱਚੀ ਪੱਚੀ ਸੇਰ ਭਾਜੀ ਜਾਂ ਸੀਰਨੀ ਦੀਆਂ ਪੰਡਾਂ ਬੰਨ੍ਹ ਕੇ ਦੇਣ ਦਾ ਰਿਵਾਜ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਪੂਰੇ ਪਿੰਡ ਵਿੱਚ ਫੇਰਨੀ ਹੁੰਦੀ ਸੀ ਤੇ ਦੱਸਣਾ ਹੁੰਦਾ ਸੀ ਕਿ ਉਹ ਆਪਣੇ ਦੋਹਤੇ ਜਾਂ ਦੋਹਤੀ ਦਾ ਵਿਆਹ ਕਰਕੇ ਆਏ ਹਨ। ਇਸੇ ਤਰ੍ਹਾਂ ਵਿਆਹ ਦੀ ਖ਼ੁਸ਼ੀ ਵਿੱਚ ਘਰ ਵਿੱਚ ਬਣੀ ਸੀਰਨੀ ਬਾਕੀ ਰਿਸ਼ਤੇਦਾਰਾਂ, ਸਾਕ-ਸਬੰਧੀਆਂ ਅਤੇ ਗੁਆਂਢੀਆਂ ਵਿੱਚ ਵੀ ਚਾਰ ਸੇਰ ਜਾਂ ਪੰਜ ਸੇਰ ਆਮ ਹੀ ਵੰਡੀ ਜਾਂਦੀ ਸੀ। ਇਸ ਦਾ ਮਤਲਬ ਸਿਰਫ਼ ਮੂੰਹ ਮਿੱਠਾ ਕਰਵਾਉਣਾ ਨਹੀਂ ਸੀ, ਸਗੋਂ ਇਹ ਖ਼ੁਸ਼ੀ ਵਿੱਚ ਦੂਜਿਆਂ ਨੂੰ ਸ਼ਾਮਲ ਕਰਨ ਦਾ ਪ੍ਰਤੀਕ ਸੀ। ਘਰ ਵਿੱਚ ਕੋਈ ਸ਼ੁਭ ਕਾਰਜ ਹੋਵੇ ਤਾਂ ਸੀਰਨੀ ਦੇ ਕੇ ਖੁਸ਼ਖਬਰੀ ਸਾਂਝੀ ਕਰਨੀ ਪੰਜਾਬੀ ਸੱਭਿਆਚਾਰ ਦੀ ਸਾਦਗੀ ਭਰੀ ਪਰੰਪਰਾ ਸੀ। ਸੀਰਨੀ ਨਾਲ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਵੀ ਜੁੜੀ ਹੋਈ ਸੀ। ਕਈ ਵਾਰ ਤਾਂ ਵਿਆਹ ਵਾਲੇ ਘਰ ਦੇ ਲੋਕ ਆਪਣੇ ਹੱਥੀਂ ਤਿਆਰ ਕੀਤੀ ਸੀਰਨੀ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਦੇ ਘਰ ਆਪ ਜਾ ਕੇ ਦੇ ਕੇ ਆਉਂਦੇ ਸਨ। ਇਸ ਨਾਲ ਰਿਸ਼ਤੇਦਾਰੀਆਂ ਅਤੇ ਗੁਆਂਢ ਦੇ ਸਬੰਧ ਹੋਰ ਮਜ਼ਬੂਤ ਅਤੇ ਮਿਠਾਸ ਨਾਲ ਭਰਪੂਰ ਬਣਦੇ ਸਨ। ਸੇਰਾਂ ਦੇ ਹਿਸਾਬ ਨਾਲ ਮਿਲੀ ਸੀਰਨੀ ਵਿਆਹ ਜਾ ਕੇ ਆਉਣ ਤੋਂ ਬਾਅਦ ਵੀ ਕਈ ਕਈ ਦਿਨ ਘਰਾਂ ਵਿੱਚ ਖ਼ਤਮ ਨਹੀਂ ਹੁੰਦੀ ਸੀ ਜਿਸ ਨਾਲ ਵਿਆਹ ਦੀ ਯਾਦ ਤਰੋਤਾਜ਼ਾ ਰਹਿੰਦੀ ਸੀ।

ਸੀਰਨੀ ਤੋਂ ਇੱਕ ਗੱਲ ਹੋਰ ਸਪੱਸ਼ਟ ਹੈ ਕਿ ਪਹਿਲਾਂ ਲੋਕ ਹੱਥੀਂ ਮਿਹਨਤ ਕਰਨ ਵਾਲੇ ਸਨ, ਆਪਸੀ ਮਿਲਵਰਤਨ ਵਾਲੇ ਸਨ, ਉਹ ਰਿਸ਼ਟ ਪੁਸ਼ਟ ਸਨ। ਅੱਜਕੱਲ੍ਹ ਵਾਂਗ ਮੂੰਹ ਮਿੱਠਾ ਕਰਨ ਲਈ ਲੱਡੂ ਤੋਂ ਚੂੰਢੀ ਭਰ ਕੇ ਨਹੀਂ ਖਾਂਦੇ ਸਨ, ਉਨ੍ਹਾਂ ਨੂੰ ਕੋਈ ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਨਹੀਂ ਲੱਗੀਆਂ ਹੋਈਆਂ ਸਨ। ਉਹ ਦੱਬ ਕੇ ਕੰਮ ਕਰਦੇ ਹੋਣ ਕਰਕੇ ਸੀਰਨੀ ਵਰਗੀ ਮਠਿਆਈ ਨੂੰ ਵੀ ਰੱਜ ਰੱਜ ਕੇ ਖਾਂਦੇ ਸਨ।

ਸੀਰਨੀ ਨਾਲ ਸਬੰਧਤ ਇੱਕ ਹੋਰ ਅਖ਼ੀਰਲੀ ਰੀਤ ਜੁੜੀ ਹੁੰਦੀ ਸੀ ਜਿਸ ਨੂੰ ‘ਕੋਠੀ ਝਾੜ’ ਕਿਹਾ ਜਾਂਦਾ ਹੈ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੀ ਮਾਂ ਵਿਆਹ ਤੋਂ ਸਵਾ ਮਹੀਨਾ ਬਾਅਦ ਪੰਜ ਸੇਰ ‘ਸੀਰਨੀ’ ਆਪਣੇ ਪੇਕੇ ਭਾਵ ਨਾਨਕਿਆਂ ਨੂੰ ਦੇ ਕੇ ਆਉਂਦੀ ਸੀ ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਹੁਣ ਵਿਆਹ ਦੇ ਸਾਰੇ ਰੀਤੀ ਰਿਵਾਜ ਖ਼ੁਸ਼ੀ ਖ਼ੁਸ਼ੀ ਸਮਾਪਤ ਹੋ ਗਏ ਹਨ ਤੇ ਜੋ ਘਰ ਬਚਦੀ ਮਠਿਆਈ ਸੀ ਉਹ ਕੋਠੀ ਝਾੜ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਉਣ ਆਈ ਹੈ। ਬਦਲੇ ਵਿੱਚ ਉਸ ਦੇ ਪੇਕੇ ਪਰਿਵਾਰ ਵੱਲੋਂ ਆਪਣੀ ਧੀ ਨੂੰ ਸ਼ਗਨ ਦੇ ਤੌਰ ’ਤੇ ਕੱਪੜੇ ਲੀੜੇ ਦੇ ਕੇ ਸ਼ਗਨਾਂ ਨਾਲ ਤੋਰਿਆ ਜਾਂਦਾ ਸੀ।

ਇਸ ਰੀਤ ਦੀ ਸਭ ਤੋਂ ਖ਼ੂਬਸੂਰਤ ਗੱਲ ਉਸ ਸਮੇਂ ਦੀ ਸਾਦਗੀ ਦੀ ਤਸਵੀਰ ਸਾਹਮਣੇ ਆਉਂਦੀ ਹੈ। ਖ਼ੁਸ਼ੀ ਮਨਾਉਣ ਲਈ ਵੱਡੇ ਹੋਟਲ, ਮਹਿੰਗੀਆਂ ਮਠਿਆਈਆਂ ਜਾਂ ਦਿਖਾਵੇ ਦੀ ਲੋੜ ਨਹੀਂ ਸੀ। ਅੱਜ ਸੀਰਨੀ ਦੀ ਇਹ ਰੀਤ ਕਈ ਥਾਵਾਂ ਤੋਂ ਲਗਭਗ ਲੋਪ ਹੋ ਚੁੱਕੀ ਹੈ। ਵਿਆਹਾਂ ਦਾ ਰੂਪ ਆਧੁਨਿਕ ਹੋ ਗਿਆ ਹੈ, ਪਰ ਜੇ ਅਸੀਂ ਆਪਣੇ ਵਿਰਸੇ ਦੀਆਂ ਅਜਿਹੀਆਂ ਸਾਦੀਆਂ ਰੀਤਾਂ ਨੂੰ ਦੁਬਾਰਾ ਯਾਦ ਕਰੀਏ ਤਾਂ ਵਿਆਹ ਸਿਰਫ਼ ਦਿਖਾਵੇ ਦਾ ਸਮਾਗਮ ਨਹੀਂ, ਸਗੋਂ ਰਿਸ਼ਤਿਆਂ ਅਤੇ ਸਾਂਝ ਦੀ ਖ਼ੁਸ਼ੀ ਵੀ ਬਣ ਸਕਦਾ ਹੈ। ਸੀਰਨੀ ਵਰਗੀ ਰੀਤ ਨੂੰ ਜਿਊਂਦੇ ਰੱਖਣਾ ਸਾਡੇ ਵਸ ਵਿੱਚ ਹੈ। ਸੀਰਨੀ ਸਿਰਫ਼ ਮਠਿਆਈ ਹੀ ਨਹੀਂ ਹੁੰਦੀ ਸੀ ਸਗੋਂ ਇਹ ਪੰਜਾਬੀ ਲੋਕ-ਜੀਵਨ ਦੀ ਮਿੱਠੀ ਸਾਂਝ ਦਾ ਪ੍ਰਤੀਕ ਸੀ।






# ਰਬਾਬ ਤੋਂ ਰੈਪ ਤੱਕ



ਪੰਜਾਬੀ ਸੰਗੀਤ ਦਾ ਸਫ਼ਰ ਮਹਿਜ਼ ਧੁਨਾਂ ਅਤੇ ਸਾਜ਼ਾਂ ਦੇ ਬਦਲਣ ਦਾ ਸਫ਼ਰ ਨਹੀਂ, ਸਗੋਂ ਪੰਜਾਬੀ ਸਮਾਜ, ਸਾਹਿਤ, ਸੱਭਿਆਚਾਰ ਅਤੇ ਚਿੰਤਨ ਦੇ ਬਦਲਦੇ ਰੂਪਾਂ ਦੀ ਇਤਿਹਾਸਕ ਗਵਾਹੀ ਹੈ। ਰਬਾਬ ਦੀ ਛੋਹ, ਸਰੰਦਾ ਅਤੇ ਤਾਊਸ ਦੀ ਗੰਭੀਰਤਾ, ਖੇਤਾਂ ਦੀਆਂ ਵੱਟਾਂ 'ਤੇ ਗੂੰਜਦੀ ਹੇਕ, ਢੱਡ-ਸਾਰੰਗੀ ਦੀ ਕਰੁਣਾ, ਅਲਗੋਜ਼ੇ ਦੀ ਮਿਠਾਸ, ਤੂੰਬੀ ਦੀ ਟੁਣਕਾਰ, ਢੋਲ ਦੀ ਧਮਕ, ਰੇਡੀਓ, ਗ੍ਰਾਮੋਫੋਨ, ਕੈਸੇਟ, ਪੌਪ, ਬ੍ਰਿਟਿਸ਼ ਭੰਗੜਾ ਅਤੇ ਅੱਜ ਦੀ ਹਿਪ-ਹੌਪ ਤੇ ਰੈਪ-ਇਹ ਸਭ ਇਸ ਲੰਮੀ ਯਾਤਰਾ ਦੇ ਵੱਖ-ਵੱਖ ਪੜਾਅ ਹਨ। ਅੱਜ ਸਵਾਲ ਇਹ ਹੈ ਕਿ ਨਵੀਂ ਬੀਟ ਦੇ ਨਾਲ ਸਾਡੀ ਪੁਰਾਣੀ ਸੰਗੀਤਕ ਯਾਦ ਵੀ ਤੁਰ ਰਹੀ ਹੈ ਜਾਂ ਨਹੀਂ?

ਪੰਜਾਬੀ ਲੋਕ-ਸੰਗੀਤ ਦੀ ਸਭ ਤੋਂ ਵੱਡੀ ਤਾਕਤ ਇਹ ਰਹੀ ਕਿ ਇਸ ਵਿੱਚ ਲੋਕ-ਜੀਵਨ, ਦਰਦ, ਪ੍ਰੇਮ, ਵਿਛੋੜਾ, ਕਹਾਣੀ ਅਤੇ ਸਾਹਿਤ ਇੱਕ-ਦੂਜੇ ਦੇ ਹਾਣੀ ਬਣ ਕੇ ਤੁਰਦੇ ਰਹੇ। ਮਾਹੀਏ, ਢੋਲੇ, ਟੱਪੇ, ਬੋਲੀਆਂ, ਸੁਹਾਗ, ਘੋੜੀਆਂ, ਸਿੱਠਣੀਆਂ, ਅਲਾਹੁਣੀਆਂ ਅਤੇ ਵਾਰ ਵਰਗੀਆਂ ਲੋਕ-ਕਾਵਿ ਵੰਨਗੀਆਂ ਨੇ ਪੰਜਾਬੀ ਜੀਵਨ ਦੇ ਹਰ ਰੰਗ ਨੂੰ ਆਵਾਜ਼ ਦਿੱਤੀ। ਇਸੇ ਲਈ ਪੁਰਾਣਾ ਪੰਜਾਬੀ ਗੀਤ ਸਿਰਫ਼ ਸੁਣਿਆ ਨਹੀਂ ਜਾਂਦਾ ਸੀ, ਸਗੋਂ ਉਸ ਵਿੱਚੋਂ ਪੰਜਾਬੀ ਜੀਵਨ ਪੜ੍ਹਿਆ ਅਤੇ ਮਹਿਸੂਸ ਕੀਤਾ ਜਾਂਦਾ ਸੀ।

ਇਸ ਸੰਗੀਤਕ ਪਰੰਪਰਾ ਦੇ ਪਿੱਛੇ ਸਦੀਆਂ ਪੁਰਾਣੀ ਸਾਹਿਤਕ, ਅਧਿਆਤਮਕ ਅਤੇ ਸੰਗੀਤਕ ਵਿਰਾਸਤ ਹੈ। ਬਾਰ੍ਹਵੀਂ ਸਦੀ ਵਿੱਚ ਬਾਬਾ ਸ਼ੇਖ਼ ਫ਼ਰੀਦ ਜੀ ਦੇ ਸ਼ਲੋਕਾਂ ਨੇ ਪੰਜਾਬੀ ਰੂਹਾਨੀ ਕਾਵਿ ਨੂੰ ਡੂੰਘੀ ਆਵਾਜ਼ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਸੰਗਤ ਵਿੱਚ ਬਾਣੀ ਦਾ ਗਾਇਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ 31 ਰਾਗਾਂ ਅਧੀਨ ਸੰਕਲਿਤ ਕੀਤਾ ਅਤੇ ਸਰੰਦਾ ਵਰਗੇ ਸਾਜ਼ ਨੂੰ ਸੰਗੀਤਕ ਪਰੰਪਰਾ ਨਾਲ ਜੋੜਿਆ, ਜਦਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੌਰ ਵਿੱਚ ਤਾਊਸ ਅਤੇ ਦਿਲਰੁਬਾ ਵਰਗੇ ਸਾਜ਼ਾਂ ਨੇ ਬੀਰ-ਰਸ ਅਤੇ ਰੂਹਾਨੀਅਤ ਦੇ ਪ੍ਰਗਟਾਵੇ ਨੂੰ ਨਵਾਂ ਰੂਪ ਦਿੱਤਾ।

ਅੱਗੇ ਚੱਲ ਕੇ ਪਟਿਆਲਾ ਅਤੇ ਸ਼ਾਮ ਚੌਰਾਸੀ ਵਰਗੇ ਘਰਾਣਿਆਂ ਨੇ ਪੰਜਾਬ ਦੀ ਸ਼ਾਸਤਰੀ ਸੁਰ-ਸਾਧਨਾ ਨੂੰ ਮਜ਼ਬੂਤੀ ਦਿੱਤੀ, ਜਿਸ ਦੀ ਗਵਾਹੀ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਵਰਗੇ ਸੁਰ-ਸਾਧਕਾਂ ਨੇ ਦਿੱਤੀ। ਇਸੇ ਧਰਾਤਲ 'ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ, ਸੁਲਤਾਨ ਬਾਹੂ ਦੀਆਂ ਸੀਹਰਫ਼ੀਆਂ ਅਤੇ ਬਾਬਾ ਬੁੱਲ੍ਹੇ ਸ਼ਾਹ ਦਾ ਸੂਫ਼ੀਆਨਾ ਕਲਾਮ ਪੰਜਾਬੀ ਬੋਲੀ ਨੂੰ ਰੂਹਾਨੀ ਡੂੰਘਾਈ ਦਿੰਦੇ ਰਹੇ। ਇਸੇ ਸੱਭਿਆਚਾਰਕ ਧਰਾਤਲ 'ਤੇ ਪੰਜਾਬੀ ਕਿੱਸਾ-ਕਾਵਿ ਨੇ ਆਪਣਾ ਵਿਸ਼ਾਲ ਸੰਸਾਰ ਸਿਰਜਿਆ। ਪੀਲੂ ਦਾ ਮਿਰਜ਼ਾ-ਸਾਹਿਬਾਂ, ਵਾਰਿਸ ਸ਼ਾਹ ਦੀ ਹੀਰ, ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ, ਹਾਸ਼ਮ ਸ਼ਾਹ ਦੀ ਸੱਸੀ-ਪੁੰਨੂੰ, ਕਾਦਰਯਾਰ ਦਾ ਪੂਰਨ ਭਗਤ, ਫ਼ਜ਼ਲ ਸ਼ਾਹ ਦੀ ਸੋਹਣੀ-ਮਹੀਂਵਾਲ ਅਤੇ ਮੀਆਂ ਮੁਹੰਮਦ ਬਖ਼ਸ਼ ਦਾ ਸੈਫ਼-ਉਲ-ਮਲੂਕ ਸਿਰਫ਼ ਪੁਸਤਕਾਂ ਤੱਕ ਸੀਮਤ ਨਹੀਂ ਰਹੇ, ਸਗੋਂ ਇਹ ਢੱਡ-ਸਾਰੰਗੀ ਅਤੇ ਲੋਕ-ਸੁਰਾਂ ਵਿੱਚ ਢਲ ਕੇ ਪੀੜ੍ਹੀ ਦਰ ਪੀੜ੍ਹੀ ਗਾਏ ਜਾਂਦੇ ਰਹੇ।

ਬਾਬੂ ਰਜਬ ਅਲੀ ਅਤੇ ਢਾਡੀ ਅਮਰ ਸਿੰਘ ਸ਼ੌਂਕੀ ਦੀ ਕਵੀਸ਼ਰੀ ਨੇ ਛੰਦ-ਬੱਧ ਗਾਇਕੀ ਨੂੰ ਵੀ ਲੋਕ-ਚੇਤਨਾ ਦਾ ਹਿੱਸਾ ਬਣਾਇਆ। ਇਸੇ ਪਰੰਪਰਾ ਦੇ ਅਗਲੇ ਪੜਾਅ ਵਜੋਂ ਵੀਹਵੀਂ ਸਦੀ ਵਿੱਚ ਗ੍ਰਾਮੋਫੋਨ, ਰਿਕਾਰਡਿੰਗ ਅਤੇ ਰੇਡੀਓ ਨੇ ਪੰਜਾਬੀ ਸੰਗੀਤ ਨੂੰ ਨਵਾਂ ਆਕਾਸ਼ ਦਿੱਤਾ। 1930ਵਿਆਂ ਵਿੱਚ ਢਾਡੀ ਅਤੇ ਕਵੀਸ਼ਰੀ ਟੋਲੀਆਂ ਦੇ ਰਿਕਾਰਡ ਬਣਨ ਲੱਗੇ ਅਤੇ ਪੰਜਾਬੀ ਫਿਲਮਾਂ ਦੇ ਗੀਤਾਂ ਨੇ ਵੀ ਲੋਕ-ਸੰਗੀਤ ਨੂੰ ਵੱਡੇ ਸਰੋਤਾ ਵਰਗ ਤੱਕ ਪਹੁੰਚਾਇਆ। ਆਲ ਇੰਡੀਆ ਰੇਡੀਓ ਰਾਹੀਂ ਚਾਂਦੀ ਰਾਮ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਪੁਸ਼ਪਾ ਹੰਸ, ਨੂਰਜਹਾਂ ਅਤੇ ਸ਼ਮਸ਼ਾਦ ਬੇਗਮ ਵਰਗੇ ਕਲਾਕਾਰਾਂ ਦੀ ਆਵਾਜ਼ ਘਰ-ਘਰ ਪਹੁੰਚੀ। ਧਨੀ ਰਾਮ ਚਾਤ੍ਰਿਕ ਅਤੇ ਨੰਦ ਲਾਲ ਨੂਰਪੁਰੀ ਵਰਗੇ ਗੀਤਕਾਰਾਂ ਨੇ ਸਾਹਿਤ ਅਤੇ ਗਾਇਕੀ ਵਿਚਕਾਰ ਪੁਲ ਬਣਾਇਆ। ਇਸੇ ਦੌਰ ਵਿੱਚ ਇਪਟਾ, ਲੋਕ ਸੰਘਰਸ਼ਾਂ ਅਤੇ ਗ਼ਦਰੀ ਬਾਬਿਆਂ ਦੇ ਇਨਕਲਾਬੀ ਗੀਤਾਂ ਨੇ ਸੰਗੀਤ ਨੂੰ ਸਮਾਜਿਕ ਬਰਾਬਰੀ ਅਤੇ ਜਨ-ਚੇਤਨਾ ਦਾ ਸ਼ਕਤੀਸ਼ਾਲੀ ਹਥਿਆਰ ਬਣਾਇਆ।

ਇਸ ਤੋਂ ਬਾਅਦ ਲੋਕ-ਗਾਇਕੀ ਦਾ ਬੇਹੱਦ ਪ੍ਰਭਾਵਸ਼ਾਲੀ ਦੌਰ ਆਇਆ। ਲਾਲ ਚੰਦ ਯਮਲਾ ਜੱਟ ਨੇ ਤੂੰਬੀ ਅਤੇ ਇਕਤਾਰੇ ਦੀ ਟੁਣਕਾਰ ਨੂੰ ਲੋਕ-ਚੇਤਨਾ ਦੀ ਆਵਾਜ਼ ਬਣਾਇਆ। ਆਲਮ ਲੁਹਾਰ ਨੇ ਚਿਮਟੇ ਦੀ ਛਣਕਾਰ ਨਾਲ ਜੁਗਨੀ ਨੂੰ ਕੌਮਾਂਤਰੀ ਪਛਾਣ ਦਿੱਤੀ। ਕੁਲਦੀਪ ਮਾਣਕ ਨੇ ਕਲੀਆਂ ਨੂੰ ਵਿਲੱਖਣ ਪਛਾਣ ਦਿੱਤੀ ਅਤੇ ਗੁਰਮੀਤ ਬਾਵਾ ਨੇ ਲੰਮੀ ਹੇਕ ਨਾਲ ਲੋਕ-ਧੁਨਾਂ ਨੂੰ ਸਥਾਪਿਤ ਕੀਤਾ। ਦੀਦਾਰ ਸੰਧੂ, ਮੁਹੰਮਦ ਸਦੀਕ-ਰਣਜੀਤ ਕੌਰ, ਕਰਤਾਰ ਰਮਲਾ, ਨਰਿੰਦਰ ਬੀਬਾ, ਸੁਰਿੰਦਰ ਸ਼ਿੰਦਾ ਅਤੇ ਅਮਰ ਸਿੰਘ ਚਮਕੀਲਾ ਨੇ ਪੇਂਡੂ ਜੀਵਨ, ਸੰਵਾਦ ਅਤੇ ਅਖਾੜੇ ਦੀ ਗਾਇਕੀ ਨੂੰ ਨਵੇਂ ਮੁਕਾਮ 'ਤੇ ਪਹੁੰਚਾਇਆ। ਇਸ ਦੌਰ ਵਿੱਚ ਗੀਤਕਾਰਾਂ ਦੀ ਭੂਮਿਕਾ ਵੀ ਮਹੱਤਵਪੂਰਨ ਰਹੀ। ਬਾਬੂ ਸਿੰਘ ਮਾਨ ਅਤੇ ਦੇਵ ਥਰੀਕੇ ਵਾਲੇ ਨੇ ਲੋਕ ਕਥਾਵਾਂ, ਪੇਂਡੂ ਜੀਵਨ ਅਤੇ ਮਨੁੱਖੀ ਰਿਸ਼ਤਿਆਂ ਨੂੰ ਹਰਮਨਪਿਆਰੀ ਗੀਤਕਾਰੀ ਦਿੱਤੀ, ਜਦਕਿ ਸ਼ਿਵ ਕੁਮਾਰ ਬਟਾਲਵੀ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਅਜਿਹੀ ਭਾਵਨਾਤਮਕ ਡੂੰਘਾਈ ਦਿੱਤੀ ਜਿਸ ਦਾ ਪ੍ਰਭਾਵ ਗਾਇਕੀ ਅਤੇ ਸੰਗੀਤ 'ਤੇ ਵੀ ਪਿਆ। ਦੋਵਾਂ ਦੀਆਂ ਭੂਮਿਕਾਵਾਂ ਵੱਖਰੀਆਂ ਸਨ, ਪਰ ਦੋਵਾਂ ਨੇ ਸਾਬਤ ਕੀਤਾ ਕਿ ਪੰਜਾਬੀ ਸੰਗੀਤ ਦੀ ਤਾਕਤ ਧੁਨ ਦੇ ਨਾਲ ਸ਼ਬਦ ਵਿੱਚ ਵੀ ਵੱਸਦੀ ਹੈ।

1980ਵਿਆਂ ਵਿੱਚ ਕੈਸੇਟ ਕਲਚਰ ਨਾਲ ਗੁਰਦਾਸ ਮਾਨ ਦਾ ਪੌਪ ਸਾਹਮਣੇ ਆਇਆ। ਸਾਫ਼-ਸੁਥਰੀ ਅਤੇ ਸਾਹਿਤਕ ਗਾਇਕੀ, ਡਾਂਸ ਅਤੇ ਆਧੁਨਿਕ ਪੇਸ਼ਕਾਰੀ ਦੇ ਸੁਮੇਲ ਨੇ ਪੰਜਾਬੀ ਗੀਤ ਨੂੰ ਨਵਾਂ ਰੂਪ ਦਿੱਤਾ। ਇਸ ਤੋਂ ਬਾਅਦ ਬ੍ਰਿਟੇਨ ਵਿੱਚ ਅਲਾਪ, ਹੀਰਾ ਗਰੁੱਪ, ਆਪਣਾ ਸੰਗੀਤ, ਬੱਲੀ ਸੱਗੂ, ਜੈਜ਼ੀ ਬੀ ਅਤੇ ਪੰਜਾਬੀ ਐੱਮ.ਸੀ. ਵਰਗੇ ਕਲਾਕਾਰਾਂ ਨੇ ਢੋਲ ਤੇ ਤੂੰਬੀ ਨੂੰ ਪੱਛਮੀ ਡਰੰਮ, ਬੇਸ ਅਤੇ ਇਲੈੱਕਟ੍ਰਾਨਿਕ ਸੰਗੀਤ ਨਾਲ ਜੋੜ ਕੇ ਯੂਕੇ ਭੰਗੜੇ ਦੀ ਲਹਿਰ ਖੜ੍ਹੀ ਕੀਤੀ। ਹਰਭਜਨ ਮਾਨ, ਸਰਦੂਲ ਸਿਕੰਦਰ, ਬੱਬੂ ਮਾਨ ਅਤੇ ਹੰਸ ਰਾਜ ਹੰਸ ਨੇ ਵੀ ਮੈਲੋਡੀ ਅਤੇ ਸੱਭਿਆਚਾਰਕ ਗਾਇਕੀ ਨੂੰ ਅੱਗੇ ਤੋਰਿਆ।

ਇੱਥੇ ਇੱਕ ਗੱਲ ਖ਼ਾਸ ਤੌਰ 'ਤੇ ਸਮਝਣ ਵਾਲੀ ਹੈ ਕਿ ਹਰ ਪੀੜ੍ਹੀ ਆਪਣੇ ਸਮੇਂ ਵਿੱਚ ਨੌਜਵਾਨ ਵੀ ਹੁੰਦੀ ਹੈ ਅਤੇ ਆਧੁਨਿਕ ਵੀ। ਅੱਸੀ ਦੇ ਦਹਾਕੇ 'ਚ ਜਨਮੀ ਸਾਡੀ ਪੀੜ੍ਹੀ ਵੀ ਆਪਣੇ ਸਮੇਂ ਨਵੀਂ ਅਤੇ ਆਧੁਨਿਕ ਸੀ। ਅਸੀਂ ਪੌਪ ਸੁਣਿਆ, ਪੱਛਮੀ ਧੁਨਾਂ ਮਾਣੀਆਂ ਅਤੇ ਬਾਬਾ ਸਹਿਗਲ ਦਾ ਰੈਪ ਵੀ ਸੁਣਿਆ, ਪਰ ਆਧੁਨਿਕਤਾ ਨੂੰ ਆਪਣੀ ਵਿਰਾਸਤ ਦਾ ਬਦਲ ਨਹੀਂ ਬਣਾਇਆ। ਸਰਹੱਦੋਂ ਪਾਰ ਲਹਿੰਦੇ ਪੰਜਾਬ ਨਾਲ ਸਾਂਝੀਆਂ ਸੱਭਿਆਚਾਰਕ ਤੰਦਾਂ ਨੂੰ ਮਹਿਸੂਸ ਕਰਦਿਆਂ ਅਸੀਂ ਗ਼ੁਲਾਮ ਅਲੀ ਦੀਆਂ ਗ਼ਜ਼ਲਾਂ, ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਨ ਦੀਆਂ ਕੱਵਾਲੀਆਂ, ਰੇਸ਼ਮਾ, ਸ਼ੌਕਤ ਅਲੀ, ਆਬਿਦਾ ਪਰਵੀਨ ਅਤੇ ਮਲਿਕਾ ਪੁਖ਼ਰਾਜ ਦੀ ਰੂਹਾਨੀ ਗਾਇਕੀ, ਬੀਬੀ ਨੂਰਾਂ ਦੀ ਸੂਫ਼ੀਆਨਾ ਗਾਇਕੀ, ਬਰਕਤ ਸਿੱਧੂ ਦੇ ਸੂਫ਼ੀਆਨਾ ਬੋਲ, ਵਡਾਲੀ ਭਰਾਵਾਂ ਦਾ ਕਲਾਮ, ਜਗਜੀਤ ਸਿੰਘ ਦੀਆਂ ਗ਼ਜ਼ਲਾਂ ਅਤੇ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਰਸ-ਭਿੰਨਾ ਗੁਰਬਾਣੀ ਕੀਰਤਨ ਵੀ ਸੁਣਦੇ ਰਹੇ। ਸਾਡੀ ਸੁਣਨ ਦੀ ਦੁਨੀਆ ਬਹੁ-ਪਰਤੀ ਸੀ।

ਪੌਪ ਤੋਂ ਅਗਲਾ ਪੜਾਅ ਹਿਪ-ਹੌਪ ਅਤੇ ਰੈਪ ਦਾ ਸੀ। ਅਮਰੀਕਾ ਵਿੱਚ ਜਨਮਿਆ ਹਿਪ-ਹੌਪ ਨਸਲੀ ਵਿਤਕਰੇ ਅਤੇ ਨਾਬਰਾਬਰੀ ਵਿਰੁੱਧ ਕਾਲੇ ਭਾਈਚਾਰੇ ਦੀ ਵਿਦਰੋਹੀ ਆਵਾਜ਼ ਵਜੋਂ ਉੱਭਰਿਆ ਸੀ। ਇਸ ਲਈ ਰੈਪ ਆਪਣੇ ਆਪ ਵਿੱਚ ਕੋਈ ਮਾੜੀ ਵਿਧਾ ਨਹੀਂ ਹੈ; ਚੰਗਾ ਰੈਪ ਕਵਿਤਾ, ਲੈਅ, ਕਥਨ ਅਤੇ ਸਮਾਜਿਕ ਚੇਤਨਾ ਦਾ ਸ਼ਕਤੀਸ਼ਾਲੀ ਮਾਧਿਅਮ ਹੋ ਸਕਦਾ ਹੈ। ਅਸਲ ਚਿੰਤਾ ਰੈਪ ਨਾਲ ਨਹੀਂ, ਸਗੋਂ ਉਸ ਰੂਪ ਨਾਲ ਹੈ ਜਿਸ ਵਿੱਚ ਸੰਗੀਤਕ ਅਤੇ ਕਾਵਿਕ ਡੂੰਘਾਈ ਦੀ ਥਾਂ ਗਾਲ੍ਹੀ-ਗਲੋਚ, ਅਸ਼ਲੀਲਤਾ, ਭੜਕਾਊ ਬਿਆਨਬਾਜ਼ੀ, ਹਥਿਆਰਾਂ ਦਾ ਦਿਖਾਵਾ, ਗੈਂਗਵਾਰ, ਨਸ਼ਿਆਂ ਦੀ ਸ਼ਾਨ-ਸ਼ੌਕਤ ਅਤੇ ਔਰਤਾਂ ਪ੍ਰਤੀ ਅਪਮਾਨਜਨਕ ਭਾਸ਼ਾ ਲੋਕਪ੍ਰਿਯਤਾ ਦਾ ਸਾਧਨ ਬਣ ਜਾਂਦੀ ਹੈ। ਡਿਜੀਟਲ ਯੁੱਗ ਦੇ ਰੀਲ ਕਲਚਰ ਅਤੇ ਯੂਟਿਊਬ ਵਿਊਜ਼ ਦੀ ਦੌੜ ਨੇ ਵੀ ਕਈ ਵਾਰ ਸਦੀਵੀ ਪ੍ਰਭਾਵ ਦੀ ਥਾਂ ਤੁਰੰਤ ਉਤੇਜਨਾ ਨੂੰ ਅੱਗੇ ਕਰ ਦਿੱਤਾ ਹੈ। ਕੌਮੀ ਮਹਿਲਾ ਕਮਿਸ਼ਨ ਵੀ ਸਮੇਂ-ਸਮੇਂ 'ਤੇ ਅਜਿਹੀ ਇਤਰਾਜ਼ਯੋਗ ਸਮੱਗਰੀ 'ਤੇ ਸਵਾਲ ਉਠਾ ਚੁੱਕਾ ਹੈ, ਪਰ ਅੱਜ ਦੀ ਸਭ ਤੋਂ ਵੱਡੀ ਚਿੰਤਾ ਸੰਗੀਤ ਦੀ ਕਿਸੇ ਇੱਕ ਵਿਧਾ ਨਾਲੋਂ ਵੱਧ ਸੰਗੀਤ ਸੁਣਨ ਦੇ ਬਦਲਦੇ ਮਾਧਿਅਮ ਨੂੰ ਲੈ ਕੇ ਹੈ।

ਨਵਦੀਪ ਸਿੰਘ ਝੁਨੀਰ

ਅੱਜ ਅੱਲ੍ਹੜਾਂ ਦੀ ਜ਼ਿੰਦਗੀ ਮੋਬਾਈਲ ਅਤੇ ਸੋਸ਼ਲ ਮੀਡੀਆ ਕੇਂਦਰਿਤ ਹੋ ਚੁੱਕੀ ਹੈ। ਉਹ ਕੀ ਦੇਖਦੇ ਹਨ, ਕੀ ਸੁਣਦੇ ਹਨ ਅਤੇ ਸਟ੍ਰੀਮਿੰਗ ਪਲੈਟਫਾਰਮ ਉਨ੍ਹਾਂ ਨੂੰ ਅੱਗੇ ਕੀ ਦਿਖਾਉਂਦੇ ਹਨ, ਇਸ ਦਾ ਵੱਡਾ ਹਿੱਸਾ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦੀ ਨਜ਼ਰ ਤੋਂ ਬਾਹਰ ਰਹਿੰਦਾ ਹੈ। ਮੋਬਾਈਲ ਹੁਣ ਸਿਰਫ਼ ਇੱਕ ਸਾਧਨ ਨਹੀਂ ਰਿਹਾ, ਸਗੋਂ ਉਹ ਅੱਲ੍ਹੜ ਉਮਰ ਦੇ ਬੱਚਿਆਂ ਦਾ ਇੱਕ ਵਰਚੁਅਲ ਸਮਾਜ ਬਣ ਗਿਆ ਹੈ। ਅੱਲ੍ਹੜ ਉਮਰ ਵਿੱਚ ਸੁਹਜ-ਸੂਝ ਅਤੇ ਪਸੰਦ ਅਜੇ ਵਿਕਸਤ ਹੋ ਰਹੇ ਹੁੰਦੇ ਹਨ। ਅਜਿਹੇ ਵਿੱਚ ਜੇ ਐਲਗੋਰਿਦਮ ਕਿਸੇ ਬੱਚੇ ਦੇ ਥੋੜ੍ਹੇ ਜਿਹੇ ਰੁਕਣ ਜਾਂ ਦੇਖਣ ਤੋਂ ਬਾਅਦ ਉਸੇ ਕਿਸਮ ਦੀ ਤੇਜ਼ ਬੀਟ, ਭੜਕਾਊ ਸ਼ਬਦਾਵਲੀ ਅਤੇ ਸਨਸਨੀਖੇਜ਼ ਸਮੱਗਰੀ ਵਾਰ-ਵਾਰ ਉਸ ਦੇ ਸਾਹਮਣੇ ਲਿਆਉਂਦਾ ਰਹੇ, ਤਾਂ ਉਸ ਦੀ ਸੁਣਨ ਦੀ ਦੁਨੀਆ ਹੌਲੀ-ਹੌਲੀ ਉਸੇ ਘੇਰੇ ਵਿੱਚ ਸਿਮਟ ਸਕਦੀ ਹੈ। ਫਿਰ ਬੁੱਲ੍ਹੇ ਸ਼ਾਹ ਦੀ ਕਾਫ਼ੀ ਜਾਂ ਸ਼ਾਹ ਹੁਸੈਨ ਦਾ ਕਲਾਮ ਉਸ ਨੂੰ ਅਜਨਬੀ ਲੱਗਣ ਲੱਗਦਾ ਹੈ। ਕਈ ਵਾਰ ਜਦੋਂ ਉਸ ਨੂੰ ਕਾਫ਼ੀ ਸੁਣਾਈ ਜਾਂਦੀ ਹੈ ਤਾਂ ਉਹ ਹੱਸ ਕੇ ਪੁੱਛਦਾ ਹੈ-"ਇਹ ਕੀ ਹੈ? ਇਹ ਵੀ ਕੋਈ ਸੁਣਨ ਵਾਲੀ ਚੀਜ਼ ਹੈ?" ਇਹ ਪ੍ਰਤੀਕਿਰਿਆ ਸਿਰਫ਼ ਇੱਕ ਬੱਚੇ ਦੀ ਨਹੀਂ, ਸਗੋਂ ਬਦਲ ਰਹੇ ਸੱਭਿਆਚਾਰਕ ਸੁਹਜ-ਸੁਆਦ ਦੀ ਨਿਸ਼ਾਨੀ ਹੈ।

ਇਹ ਨਹੀਂ ਕਿ ਸਾਡੇ ਸਕੂਲ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜਾਣੂ ਨਹੀਂ ਕਰਵਾਉਂਦੇ। ਦਸਵੀਂ ਜਮਾਤ ਵਿੱਚ ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਕਾਦਰਯਾਰ ਵਰਗੇ ਸਾਹਿਤਕਾਰ ਪੜ੍ਹਾਏ ਜਾਂਦੇ ਹਨ। ਸਮੱਸਿਆ ਇਹ ਹੈ ਕਿ ਪਾਠ-ਪੁਸਤਕ ਵਿੱਚ ਪੜ੍ਹੀ ਵਿਰਾਸਤ ਅਤੇ ਮੋਬਾਈਲ 'ਤੇ ਲਗਾਤਾਰ ਸੁਣੀ ਜਾਣ ਵਾਲੀ ਸਮੱਗਰੀ ਵਿਚਕਾਰ ਮੁਕਾਬਲਾ ਬਰਾਬਰ ਦਾ ਨਹੀਂ ਹੈ। ਸਕੂਲ ਦਾ ਸਮਾਂ ਕੁਝ ਘੰਟਿਆਂ ਦਾ ਹੁੰਦਾ ਹੈ, ਪਰ ਮੋਬਾਈਲ ਦੀ ਸਕਰੀਨ ਅੱਲ੍ਹੜਾਂ ਦੇ ਨਾਲ ਦਿਨ-ਰਾਤ ਰਹਿੰਦੀ ਹੈ। ਇਸ ਲਈ ਅੱਜ ਦਾ ਅਸਲ ਸਵਾਲ ਇਹ ਨਹੀਂ ਕਿ ਬੱਚਿਆਂ ਨੂੰ ਬੁੱਲ੍ਹੇ ਸ਼ਾਹ ਕਿਉਂ ਨਹੀਂ ਪੜ੍ਹਾਇਆ ਜਾਂਦਾ, ਸਗੋਂ ਸਵਾਲ ਇਹ ਹੈ ਕਿ ਬੁੱਲ੍ਹੇ ਸ਼ਾਹ ਨੂੰ ਉਨ੍ਹਾਂ ਦੀ ਸੁਣਨ ਵਾਲੀ ਦੁਨੀਆ ਵਿੱਚ ਕਿਵੇਂ ਵਾਪਸ ਲਿਆਂਦਾ ਜਾਵੇ। ਜੇ ਸਾਡੀ ਵਿਰਾਸਤ ਸਿਰਫ਼ ਕਿਤਾਬ ਦੇ ਸਫ਼ਿਆਂ ਵਿੱਚ ਰਹੇਗੀ ਅਤੇ ਡਿਜੀਟਲ ਦੁਨੀਆ ਵਿੱਚ ਉਸ ਦੀ ਥਾਂ ਭੜਕਾਊ ਤੇ ਸਨਸਨੀਖੇਜ਼ ਸਮੱਗਰੀ ਲੈਂਦੀ ਰਹੇਗੀ, ਤਾਂ ਸਿਰਫ਼ ਪਾਠਕ੍ਰਮ ਉਸ ਨੂੰ ਬਚਾ ਨਹੀਂ ਸਕੇਗਾ।

ਇਸ ਦਾ ਹੱਲ ਨਵੀਂ ਪੀੜ੍ਹੀ ਨੂੰ ਰੈਪ, ਹਿਪ-ਹੌਪ ਜਾਂ ਪੌਪ ਸੁਣਨ ਤੋਂ ਰੋਕਣਾ ਨਹੀਂ, ਸਗੋਂ ਉਨ੍ਹਾਂ ਦੀ ਸੁਣਨ ਦੀ ਦੁਨੀਆ ਨੂੰ ਵਿਸ਼ਾਲ ਕਰਨਾ ਹੈ। ਕੋਕ ਸਟੂਡੀਓ ? ਵਰਗੇ ਆਧੁਨਿਕ ਪ੍ਰਯੋਗਾਂ ਨੇ ਦਿਖਾਇਆ ਹੈ ਕਿ ਜੇਕਰ ਰਵਾਇਤੀ ਸੂਫ਼ੀਆਨਾ ਕਲਾਮ ਅਤੇ ਲੋਕ-ਸੰਗੀਤ ਨੂੰ ਨਵੇਂ ਆਰਕੈਸਟਰਾ ਅਤੇ ਆਧੁਨਿਕ ਸਾਊਂਡ-ਡਿਜ਼ਾਈਨ ਨਾਲ ਪੇਸ਼ ਕੀਤਾ ਜਾਵੇ, ਤਾਂ ਨਵੀਂ ਪੀੜ੍ਹੀ ਵੀ ਉਸ ਨੂੰ ਉਤਸ਼ਾਹ ਨਾਲ ਅਪਣਾ ਸਕਦੀ ਹੈ। ਉਹ ਰੈਪ ਜ਼ਰੂਰ ਸੁਣਨ, ਪਰ ਨਾਲ ਹੀ ਤੂੰਬੀ ਦੀ ਟੁਣਕਾਰ, ਢੱਡ-ਸਾਰੰਗੀ ਦੀ ਗੰਭੀਰਤਾ, ਬੁੱਲ੍ਹੇ ਸ਼ਾਹ ਦੀ ਕਾਫ਼ੀ, ਵਾਰਿਸ ਸ਼ਾਹ ਦੀ ਹੀਰ, ਲੋਕ-ਗੀਤਾਂ ਦੀ ਮਿਠਾਸ ਅਤੇ ਗੁਰਬਾਣੀ ਦੇ ਸ਼ਬਦ-ਸੁਰ ਦੇ ਸੁਮੇਲ ਨੂੰ ਵੀ ਪਛਾਣਨ। ਇਸ ਲਈ ਸਾਨੂੰ ਆਪਣੀ ਵਿਰਾਸਤ ਨੂੰ ਉਸੇ ਡਿਜੀਟਲ ਮਾਧਿਅਮ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਪਵੇਗਾ, ਜਿਸ ਵਿੱਚ ਅੱਜ ਦੀ ਪੀੜ੍ਹੀ ਆਪਣਾ ਵੱਡਾ ਸਮਾਂ ਬਿਤਾ ਰਹੀ ਹੈ। ਸਵਾਲ ਇਹ ਨਹੀਂ ਕਿ ਅੱਜ ਦਾ ਨੌਜਵਾਨ ਕੀ ਸੁਣ ਰਿਹਾ ਹੈ; ਸਵਾਲ ਇਹ ਹੈ ਕਿ ਉਸ ਨੂੰ ਹੋਰ ਕੀ ਸੁਣਨ ਲਈ ਮਿਲ ਰਿਹਾ ਹੈ? ਅਤੇ ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਉਸ ਦੀ ਸੰਗੀਤਕ ਪਸੰਦ ਬਣਾਉਣ ਵਾਲਾ ਕੌਣ ਹੈ? ਮਾਪੇ, ਅਧਿਆਪਕ, ਸਮਾਜ ਅਤੇ ਕਲਾਕਾਰ ਜਾਂ ਮੋਬਾਈਲ ਸਕਰੀਨ ਦੇ ਪਿੱਛੇ ਕੰਮ ਕਰਦਾ ਐਲਗੋਰਿਦਮ?

ਪੰਜਾਬੀ ਸੰਗੀਤ ਦੀ ਤਾਕਤ ਹਮੇਸ਼ਾ ਇਸ ਵਿੱਚ ਰਹੀ ਹੈ ਕਿ ਇਸ ਨੇ ਨਵੇਂ ਨੂੰ ਅਪਣਾਇਆ, ਪਰ ਪੁਰਾਣੇ ਨੂੰ ਮਿਟਾਇਆ ਨਹੀਂ। ਅੱਜ ਲੋੜ ਇਸੇ ਸੰਤੁਲਨ ਨੂੰ ਮੁੜ ਖੋਜਣ ਦੀ ਹੈ। ਤੂੰਬੀ ਤੋਂ ਪੌਪ, ਪੌਪ ਤੋਂ ਭੰਗੜੇ ਅਤੇ ਭੰਗੜੇ ਤੋਂ ਰੈਪ ਤੱਕ ਦਾ ਸਫ਼ਰ ਸਾਡੀ ਸੱਭਿਆਚਾਰਕ ਗਤੀਸ਼ੀਲਤਾ ਦੀ ਨਿਸ਼ਾਨੀ ਹੈ; ਪਰ ਜੇ ਇਸ ਸਫ਼ਰ ਵਿੱਚ ਰਬਾਬ, ਢੱਡ-ਸਾਰੰਗੀ, ਕਾਫ਼ੀ, ਕਿੱਸਾ, ਲੋਕ-ਗੀਤ ਅਤੇ ਸ਼ਬਦ ਪਿੱਛੇ ਛੁੱਟ ਗਏ ਤਾਂ ਸਾਡੇ ਕੋਲ ਨਵੀਂ ਬੀਟ ਤਾਂ ਹੋਵੇਗੀ, ਪਰ ਆਪਣੀ ਸੰਗੀਤਕ ਯਾਦ ਦੀ ਧੜਕਣ ਨਹੀਂ ਰਹੇਗੀ। ਰਬਾਬ ਤੋਂ ਰੈਪ ਤੱਕ ਪਹੁੰਚਣਾ ਵਿਕਾਸ ਹੈ, ਪਰ ਰਬਾਬ ਨੂੰ ਭੁੱਲ ਕੇ ਰੈਪ ਤੱਕ ਹੀ ਰਹਿ ਜਾਣਾ ਸਾਡੀ ਸੱਭਿਆਚਾਰਕ ਯਾਦ ਦੀ ਤ੍ਰਾਸਦੀ ਹੈ।










# ਕਾਬੂ ਅਤੇ ਤਾਲਮੇਲ

ਆਓ ਬੱਚਿਓ ਤੁਹਾਨੂੰ ਕਾਬੂ ਅਤੇ ਤਾਲਮੇਲ ਸਮਝਾਵਾਂ
ਏਕੇ ਵਿੱਚ ਹੁੰਦੀ ਬਰਕਤ ਵਿਗਿਆਨ ਅਨੁਸਾਰ ਦਿਖਾਵਾਂ।

ਸਰੀਰ ਦੇ ਹਰ ਅੰਗ ਦਾ ਆਪਣਾ ਸੁਰ ਆਪਣੀ ਤਾਲ
ਕਾਬੂ ਤੇ ਤਾਲਮੇਲ ਨਾਲ ਜ਼ਿੰਦਗੀ ਤੁਰਦੀ ਸੁਚੱਜੀ ਚਾਲ।

ਦਿਮਾਗ ਤਨ ਦਾ ਹੈ ਮੁੱਖ ਕੇਂਦਰ ਤੇ ਹੁਕਮਾਂ ਦਾ ਸਰਦਾਰ
ਨਸਾਂ ਰਾਹੀਂ ਭੇਜੇ ਸੁਨੇਹੇ ਸਮੇਂ ਸਿਰ ਪਹੁੰਚਣ ਹਰ ਵਾਰ।

ਨਿਊਰਾਨ ਨਸ-ਕੋਸ਼ਿਕਾ ਸੁਨੇਹੇ ਭੱਜ ਭੱਜ ਫੜ੍ਹਾਵੇ
ਦਿਮਾਗ ਤੋਂ ਸਰੀਰ ਦੇ ਹਰ ਅੰਗ ਤੱਕ ਹੁਕਮ ਪਹੁੰਚਾਵੇ।

ਪੰਜ ਇੰਦਰੀਆਂ ਰਾਹੀ ਮਨ ਜੱਗ ਦੇ ਰਸ ਤਨ ਮਾਣੇ
ਇਹਨਾਂ ਨਾਲ ਦਿਮਾਗ ਦੁਨੀਆਂ ਦੇ ਗੂੜ੍ਹੇ ਭੇਤ ਜਾਣੇ।

ਦਿਮਾਗ ਸੋਚ ਕੇ ਫੈਸਲਾ ਕਰਕੇ ਹੁਕਮ ਸੁਣਾਵੇ
ਫਿਰ ਹੁਕਮ ਮਾਸਪੇਸ਼ੀਆਂ ਤੱਕ ਪਹੁੰਚ ਕੰਮ ਧੰਦੇ ਲਾਵੇ।

ਰੀੜ੍ਹ ਦੀ ਹੱਡੀ ਦਾ ਹੁੰਦਾ ਸਰੀਰ ਵਿੱਚ ਖ਼ਾਸ ਸਥਾਨ
ਤਨ ਰਿਫਲੈਕਸ ਕਰੇ ਖ਼ਤਰੇ ਵਿੱਚ ਜਦ ਹੋਵੇ ਜਾਨ।

ਗਰਮ ਵਸਤੂ ਨੂੰ ਛੂਹਣ 'ਤੇ ਹੱਥ ਨੂੰ ਪੈਦਾ ਸਾੜ
ਬਿਨਾਂ ਦੇਰ ਕੀਤੇ ਖ਼ਤਰੇ ਦਾ ਘੁੱਗੂ ਵਜਾਵੇ ਨਾੜ।

ਹਾਰਮੋਨ ਵੀ ਸੁਨੇਹਿਆਂ ਦੀ ਕਰਦੇ ਮੁਨਾਦੀ
ਰਸਾਇਣਕ ਸੰਦੇਸ਼ ਅੰਦਰੂਨੀ ਕਿਰਿਆਵਾਂ ਦੇ ਆਦੀ।

ਅੰਤਸ੍ਰਾਵੀ ਗ੍ਰੰਥੀਆਂ ਹਾਰਮੋਨ ਖ਼ੂਨ ਵਿੱਚ ਮਿਲਾਉਣ
ਵਿਕਾਸ, ਪਾਚਨ ਤੇ ਪ੍ਰਜਨਨ ਕਿਰਿਆਵਾਂ ਦੁਹਰਾਉਣ।

ਥਾਇਰੌਇਡ ਦਾ ਥਾਇਰੌਕਸਿਨ ਮੈਟਾਬੋਲਿਜ਼ਮ ਚਲਾਵੇ
ਪੈਂਕ੍ਰਿਆਸ ਦਾ ਇਨਸੁਲਿਨ ਮਧੁਮੇਹ ਪੱਧਰ ਘਟਾਵੇ।

ਆਕਸਿਨ ਪੌਦਿਆਂ ਵਿੱਚ ਵਾਧੇ ਦੇ ਹੁੰਦੇ ਰਖਵਾਲੇ
ਰੌਸ਼ਨੀ ਵੱਲ ਤਣਾ ਮੁੜੇ, ਮੁੜਦੇ ਜਿਉਂ ਮਤਵਾਲੇ।

ਸਰੀਰ ਵਿੱਚ ਹਰ ਕਿਰਿਆ ਦਾ ਆਪਣਾ ਹੈ ਤਾਲਮੇਲ
ਦਿਮਾਗ, ਨਸਾਂ, ਹਾਰਮੋਨ ਮਿਲ ਕੇ ਦਿਖਾਉਂਦੇ ਖੇਲ।

ਕਾਬੂ ਬਿਨਾਂ ਤਾਲਮੇਲ ਦੇ ਜੀਵਨ ਬਣੇ ਬੇਕਾਰ।
ਕਵਿਤਾ ਦਾ ਸਾਰ ਸੰਤੁਲਨ ਹੀ ਜੀਵਨ ਦਾ ਆਧਾਰ।

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਖ਼ੁਸ਼ਹਾਲ ਕਾਮੇਂ ਦੀ ਖ਼ੁਸ਼ਹਾਲੀ

ਕਾਮਾਂ ਕੰਮ ਕਰੇ ਦਿਨ ਰਾਤੀਂ,
ਵਿਹਲੜ ਬੈਠੇ ਖਾਣ।
ਅੱਧੋਂ ਡੂਢ ਕਰਨ ਵਿੱਚ ਮੰਡੀ,
ਜਦ ਫਸਲਾਂ ਉੱਥੇ ਜਾਣ।

ਮੋਢੇ ਤੇ ਰੱਖ ਪਰਨਾ ਮੁੜਿਆ,
ਪੈਸੇ ਹੋਏ ਨਾ ਪੂਰੇ।
ਕਿੱਥੋਂ ਖਰਚਾ, ਲੀੜਾ ਲੱਤਾ,
ਕਾਮਾਂ ਬੈਠਾ ਝੂਰੇ।

ਕਿਵੇਂ ਲੰਘਣਗੇ ਛੇ ਮਹੀਨੇ,
ਆਉਣੀ ਫਸਲ ਦੁਬਾਰਾ।
ਓਨਾਂ ਚਿਰ ਕਿੱਥੋਂ ਖਾਵਾਂਗੇ,
ਬੈਠਾ ਸੋਚੇ ਟੱਬਰ ਸਾਰਾ।

ਆੜ੍ਹਤੀਏ ਦਾ ਪੈਸਾ ਸਿਰ 'ਤੇ,
ਬੈਂਕ ਦੀਆਂ ਵੀ ਕਿਸ਼ਤਾਂ।
ਲੱਗ ਵਿਆਜ ਵੱਧਦੇ ਜਾਂਦੇ,
ਜੋ ਕੀਤੀਆਂ ਲਿਖਤਾਂ।

ਆਮਦਨ ਪਿੱਛੇ, ਖਰਚਾ ਮੂਹਰੇ,
ਕੀ ਕੀ ਬੁਣਤੀਆਂ ਬੁਣਦਾ।
ਕਾਮਾਂ ਵਿਚਾਰਾ ਕਿਸ ਨੂੰ ਦੱਸੇ,
ਗੱਲ ਕੋਈ ਨਾ ਸੁਣਦਾ।

ਫਿਰ ਦੱਸੋ ਕੀ ਜੂਨ ਕਾਮੇਂ ਦੀ,
ਉਹ ਕਿੱਧਰ ਨੂੰ ਜਾਵੇ।
ਕਹਿਣ ਕਾਮਾਂ ਖ਼ੁਸ਼ਹਾਲ ਦੇਸ਼ ਦਾ,
'ਪੱਤੋ' ਕਰਕੇ ਝੂਠੇ ਦਾਅਵੇ।

ਹਰਪ੍ਰੀਤ ਪੱਤੋ
94658-21417

# ਅੰਬ ਦਾ ਬੂਟਾ ਤੇ ਮੈਂ (ਸੱਚੀ ਹੱਡਬੀਤੀ)

ਮੈਂ ਅੰਬਾਂ ਦੀ ਧਰਤੀ ਮਾਹਿਲਪੁਰ ਦਾ ਹਾਂ ਜਾਇਆ,
ਅੰਬਾਂ ਦੇ ਬਾਗਾਂ ਵਿੱਚ ਮੇਰੇ ਮਾਪਿਆਂ ਖਿਲ੍ਹਾਇਆ।
ਰੇਤਲੀ ਧਰਤੀ ਵਿੱਚ ਦਿਨ ਰਾਤ ਕਰਕੇ ਮਿਹਨਤ,
ਜਿਹਨਾਂ ਮੈਨੂੰ ਮੇਰੀ ਮੰਜ਼ਿਲ ਤੱਕ ਸੀ ਪਹੁੰਚਾਇਆ।

ਖੇਡਦਾ ਬਾਗਾਂ ਵਿੱਚ ਛੋਟੀ ਉਮਰੇ ਕਨੇਡਾ ਆਇਆ,
ਫਿਰ ਪੱਕੇ ਹੋਣ ਦਾ ਕੇਸ ਵਿੱਚ ਕਚੈਹਰੀ ਲਾਇਆ।
ਕਨੇਡਾ ਦਾ ਪੱਕੇ ਹੋ ਮਾਪਿਆਂ ਵਿਆਹ ਰਚਾਇਆ।
ਫਿਰ ਮੈਂ ਜਲਦੀ ਹੀ ਬੱਚਿਆਂ ਦਾ ਬਾਪੂ ਕਹਾਇਆ।

ਦਿਨ ਰਾਤ ਸੋਚਣ ਲੱਗਾ ਜ਼ਿੰਦਗੀ ਕਿਵੇਂ ਹੋਵੇ ਸੌਖੀ,
ਕਰਕੇ ਕੰਮ ਸੱਤੇ ਦਿਨ ਅਸਾਂ ਮਿਹਨਤ ਕੀਤੀ ਚੋਖੀ।
ਭੁੱਲ ਕੇ ਸੁੱਖ ਜ਼ਿੰਦਗੀ ਦੇ ਮੈਂ ਜਿੰਦ ਭੱਠੀ ਵਿੱਚ ਝੋਕੀ,
ਅੱਜ ਬੈਠਾ ਮੈਂ ਸੋਚਾਂ 'ਕੱਲਾ ਕਿੰਝ ਸ਼ੋਹਰਤ ਖੱਟੀ ਫੋਕੀ।

ਪਤਾ ਨਹੀਂ ਲੱਗਾ ਬੱਚਿਆਂ ਦਾ ਬਚਪਨ ਬੀਤ ਗਿਆ,
ਚੰਗੀ ਜ਼ਿੰਦਗੀ ਜੀਉਣ ਵਾਲਾ ਵੀ ਵਕਤ ਬੀਤ ਗਿਆ।
ਮੈਂ ਤੇ ਮੇਰੀ ਸਾਥਣ ਜਿਵੇਂ ਬਚਪਨ ਦੇ ਸਾਥੀ ਲੱਗਿਆ,
ਮਿਹਨਤ ਕਰ ਘਰਬਾਰ ਜੋੜਕੇ ਖੁਦ ਜਾਪਾਂ ਠੱਗਿਆ।

ਜੀਣ ਦੇ ਸਮਾਨ ਬਥੇਰੇ ਜੋੜੇ ਬੱਚੇ ਗਏ ਮਾਰ ਉਡਾਰੀ,
ਪਤਾ ਨ ਲੱਗਿਆ ਉੱਡੇ ਕਿਸ ਦਰਵਾਜ਼ੇ ਕਿਸ ਬਾਰੀ।
ਮਾਰਾਂ ਝਾਤ ਪਿਛਾਂਹ ਤਾਂ ਜਾਪੇ ਉਮਰ ਦੀ ਬਾਜ਼ੀ ਹਾਰੀ,
ਹੌਲੀ ਹੌਲੀ ਸਭ ਨੇ ਛੱਡਿਆ ਬੱਚੇ ਤੇ ਜੋ ਜਾਨੋਂ ਪਿਆਰੀ।

ਮੈਂ ਇਕੱਲਾ ਰਹਿ ਗਿਆ ਜਿਵੇਂ ਵਿਹੜੇ ਅੰਬ ਦਾ ਬੂਟਾ,
ਯਾਦ ਸਤਾਵੇ ਕਿੱਥੇ ਗੁਆਚੇ ਮਾਪੇ ਸਵਰਗਾਂ ਦਾ ਝੂਟਾ।
ਅੱਜ ਪਿੰਡ ਜਾ ਕੇ ਆਪਣਾ ਉਹ ਘਰ ਮੈਂ ਵੇਚ ਆਇਆਂ,
ਅੰਬ ਵਾਲਾ ਵਿਹੜਾ ਅੰਬ ਦਾ ਖੇਤ ਮੈਂ ਸਮੇਟ ਆਇਆਂ।

ਆਪਣੇ ਹੱਥੀਂ ਬਚਪਨ ਦੀਆਂ ਯਾਦਾਂ ਵੇਚਕੇ ਪਛਤਾਇਆਂ,
ਅੱਜ ਮੈਂ ਲੈ ਖੁਦ ਦੇਸ਼ ਨਿਕਾਲਾ ਵਤਨੋਂ ਪ੍ਰਦੇਸੀ ਹੋ ਆਇਆਂ।
ਝਿੱਕੇ ਵਾਲੇ ਨੂਰਪੁਰੀ ਨੇ ਹੱਥੀਂ ਲਿਖਕੇ ਇਹ ਖੱਤ ਪਾਇਆ,
ਧਾਹਾਂ ਮਾਰਦਾ ਖਾਲੀ ਹੱਥੀਂ ਪੰਜਾਬੋਂ ਮੁੜ ਕਨੇਡਾ ਆਇਆ।

-ਹਰਿੰਦਰ ਸਿੰਘ
'ਝਿੱਕੇ ਵਾਲਾ ਨੂਰਪੁਰੀ'

# ਮਸੂਮੀਅਤ

ਜਿੰਦ ਨਿਮਾਣੀ ਚਰਖਾ ਕੱਤੇ,
ਵੇ ਮੈਂ ਤੰਦ ਤੱਕਲੇ 'ਤੇ ਪਾਵਾਂ।

ਮਾਹਲ ਟੁੱਟੇ ਤੇ ਮੁੰਨਾ ਹਿੱਲੇ,
ਵੇ ਮੈਂ ਪੂਣੀਆਂ ਕਿੰਝ ਮੁਕਾਵਾਂ?

ਕਾਂ ਨਾ ਬੋਲੇ ਹੁਣ ਬਨ੍ਹੇਰੇ,
ਵੇ ਮੈਂ ਚੂਰੀਆਂ ਕਿਸ ਖਿਲਾਵਾਂ?

ਕਬੂਤਰ ਨਾ ਬੋਲੇ ਮਹਿਲੀਂ,
ਵੇ ਮੈਂ ਚਿੱਠੀ ਕਿਧਰ ਘੱਲਾਵਾਂ?

ਜਾਂਦਾ ਹੋਇਆ ਦੇ ਨਾ ਗਿਆ,
ਵੇ ਲਿਖ ਕੇ ਤੂੰ ਸਿਰਨਾਵਾਂ।

ਵੱਟਸ ਐਪ ਬਲਾਕ ਕੀਤਾ,
ਵੇ ਨਾ ਹੈ ਈ-ਮੇਲ ਦਾ ਸਿਰਨਾਵਾਂ।

ਫੇਸ ਬੁੱਕ ਸਾਰਾ ਜੱਗ ਪੜ੍ਹਦਾ,
ਵੇ ਦੱਸ ਮੈਸੇਜ ਕਿੰਝ ਭਿਜਾਵਾਂ?

ਉਮਰਾਂ ਦੇ ਕੀਤੇ ਵਾਅਦੇ ਚੰਨਾਂ,
ਵੇ ਮੈਂ ਹੁਣ ਦੱਸ ਕਿੰਝ ਪੁਗਾਵਾਂ?

ਬੇਕਦਰਾਂ ਨਾਲ ਐਵੇਂ ਲਾਈਆਂ,
ਵੇ ਮੈਂ ਧਰਤੀ ਨਿਘਰਦੀ ਜਾਵਾਂ।

ਮਿਲ ਜਾਏਂ ਕਿਤੇ ਰਾਹ ਵਾਟੇ,
ਵੇ ਤੈਨੂੰ ਦਿਲ ਦੇ ਜ਼ਖਮ ਦਿਖਾਵਾਂ।

-ਸੇਵਾ ਸਿੰਘ 'ਨੂਰਪੁਰੀ'

# ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਓਏ

(ਪੰਥਕ ਗੱਦਾਰ ਨੂੰ ਮੁਖ਼ਾਤਬ - 1953 ਵਿਚ ਲਿਖੀ ਨਜ਼ਮ)

ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ
ਓਏ ਤੈਨੂੰ ਹੋਸ਼ ਕਦੋਂ ਤਕ ਆਵੇਗੀ?
ਕੀ ਉਦੋਂ ਜਦ ਮੌਤ ਨਗਾਰਾ ਵੱਜੇਗਾ,
ਜਮਦੂਤ ਤੇਰੇ ਵਲ ਭੱਜੇਗਾ
ਤੇਰੇ ਗੱਲ ਵਿਚ ਘੁੰਗਰੂ ਵੱਜੇਗਾ,
ਰੂਹ ਆਕਾਸ਼ਾਂ ਵੱਲ ਨੂੰ ਭੱਜੇਗੀ
ਤੇਰੇ ਭੈਣ ਭਾਈ ਸਭ ਰੋਵਣਗੇ,
ਤੂੰ ਬਿੱਟ ਬਿੱਟ ਸਭ ਵਲ ਤੱਕੇਂਗਾ
ਸਭ ਮਨ ਦੀਆਂ ਮਨ ਵਿਚ ਰਹਿ ਜਾਸਣ,
ਕੁੱਝ ਮੂੰਹ ਤੋਂ ਬੋਲ ਨਾ ਸਕੇਂਗਾ
ਤਦ ਹੋਸ਼ ਟਿਕਾਣੇ ਆਵਣਗੇ,
ਤੇ ਗਿੜ ਗਿੜ ਤਰਲੇ ਪਾਵੇਂਗਾ
ਜੋ ਪੰਥ ਧ੍ਰੋਹੀ ਕੀਤੀ ਆ,
ਉਦੋ ਤੇ ਪਛਤਾਵੇਂਗਾ
ਫਿਰ ਪ੍ਰੀਤਮ ਬਾਝੋਂ ਕਿਹੜਾ ਏ,
ਜੋ ਟੁੱਟੀਆਂ ਗੰਢਾਂ ਜੋੜ ਦੇਵੇ
ਡੁੱਬਦੇ ਨੂੰ ਪਾਰ ਲਗਾ ਦੇਵੇ,
ਸਾਹ ਜਾਂਦੇ ਤਾਈਂ ਮੋੜ ਲਵੇ
ਤੂੰ ਗਹਿਰੀ ਨੀਂਦੀ ਸੌਂ ਗਿਐਂ,
ਕੁੱਝ ਹੋਸ਼ ਨਹੀਂ ਹੈ ਅੱਗੇ ਦਾ
ਕਿਸ ਮਸਤੀ ਵਿਚ ਮਦਹੋਸ਼ ਪਿਐਂ,
ਕੁੱਝ ਫ਼ਿਕਰ ਨਹੀਂ ਹੈ ਅੱਗੇ ਦਾ
ਤੇਰੇ ਨਾਲ ਦੇ ਸਾਥੀ ਲੰਘ ਗਏ,
ਉਹ ਕਈ ਮੰਜ਼ਲਾਂ ਪਾਰ ਗਏ
ਕੀ ਹੋਸ਼ ਉਦੋਂ ਹੀ ਆਵੇਗੀ,
ਜਦ ਪਾਣੀ ਸਿਰ ਤੋਂ ਲੰਘ ਗਿਆ
ਤੂੰ ਜਿਸ ਤੇ ਏਡਾ ਮਾਣ ਕਰੇਂ,
ਉਹ ਕਈ ਵਾਰੀ ਅਜ਼ਮਾਏ ਨੇ
ਕਈ ਵਾਰੀ ਠੋਕ ਵਜਾ ਵੇਖੇ,
ਤੇ ਸਦਾ ਹੀ ਉਲਟੇ ਪਾਏ ਨੇ
ਜਦ ਮਤਲਬ ਪੂਰਾ ਹੋ ਗਿਆ,
ਤੇਰੇ ਭੇਖੀ ਮਿੱਤਰ ਨੱਸਣਗੇ
ਤੇਰੀ ਨਾਦਾਨੀ ਤੇ ਹੱਸਣਗੇ,
ਫਿਰ ਤੜਫੇਂ ਗਾ ਕੁਰਲਾਵੇਂ ਗਾ
ਜਦ ਸਮਾਂ ਸੁਹਾਣਾ ਬੀਤ ਗਿਆ,
ਫਿਰ ਪਛਤਾਇਆਂ ਕੀ ਹੋਣੈ
ਜਦ ਚਿੜੀਆਂ ਨੇ ਚੁਗ ਖੇਤ ਲਿਆ,
ਉੱਠ ਸੂਰਜ ਕਾਫ਼ੀ ਚੜ੍ਹ ਗਿਐ
ਤੇ ਰਾਤ ਝਾਤੀਆਂ ਪਾਵੇਗੀ,
ਮੱਥੇ ਤੇ ਹੱਥ ਰੱਖ ਰੋਵੇਂਗਾ
ਤੈਨੂੰ ਹੋਸ਼ ਕਦੋਂ ਤਕ ਆਵੇਗੀ,
ਜਦ ਰੂਪ ਤੇਰਾ ਬਣਾਇਆ ਸੀ
ਜੈ ਜੈ ਕਾਰ ਹੋਈ ਆਕਾਸ਼ਾਂ ਤੇ,
ਤੇਰੀ ਨੀਂਹ ਰੱਖੀ ਸੀ ਪ੍ਰੀਤਮ ਨੇ
ਮਾਸੂਮਾਂ ਦੀਆਂ ਲਾਸ਼ਾਂ ਤੇ,
ਜੰਗਲਾਂ ਵਿਚ ਰੁਲਦਾ ਫਿਰਦਾ ਸੀ
ਕੰਡਿਆਂ ਤੇ ਉਹ ਸੌਂਦਾ ਸੀ,
ਬਲੀਦਾਨ ਪਿਤਾ ਦਾ ਦਿੱਤਾ ਸੀ
ਤੇਰੀ ਕਰਨ ਪੂਰੀਆਂ ਖ਼ਾਹਿਸ਼ਾਂ ਤੇ,
ਪਰ ਅਫ਼ਸੋਸ ਕਿ ਬੇਕਦਰਾ ਕਦਰ ਨਾ ਪਾਈ ਤੂੰ
ਭਾਈ ਮਤੀ ਦਾਸ ਦੇ ਆਰੇ ਦੀ,
ਐਸ਼ਾਂ ਵਿਚ ਰੰਗ ਰਲੀਆਂ ਮਾਣੇ ਤੂੰ
ਰੂਹ ਕੀ ਆਖੇਗੀ ਉਸ ਗੁਰੂ ਦੁਲਾਰੇ ਦੀ,
ਕਿੱਧਰ ਗਈ ਉਹ ਅਣਖ ਤੇਰੀ
ਜਦ ਦੂਜੇ ਤਾਈਂ ਢਾਲਾਂ ਬਣਦਾ ਸੈਂ,
ਮਜ਼ਲੂਮਾਂ ਤੇ ਦੁਖੀਆਂ ਖ਼ਾਤਰ
ਅੱਗੇ ਹੋ ਹੋ ਮਰਦਾ ਸੈਂ,
ਅੱਜ ਆਪਣੀ ਤੈਨੂੰ ਹੋਸ਼ ਨਹੀਂ
ਦੂਜੇ ਦਾ ਕੀ ਬਣਾਵੇਂਗਾ,
ਤੇਰੀ ਆਪਣੀ ਇੱਜ਼ਤ ਲੁੱਟ ਗਈ
ਦੂਜੇ ਦੀ ਕੀ ਬਚਾਵੇਂਗਾ,
ਜੇ ਜੱਗ ਵਿਚ ਜਿਊਣਾ ਚਾਹੁਨੈਂ ਸਿੰਘਾ
ਜੇ ਅਣਖੀਲਾ ਜੀਵਨ ਚਾਹੁਨੈਂ ਸਿੰਘਾ,
ਛੱਡ ਗਿੱਦੜਾਂ ਵਾਲਾ ਜੀਵਨ ਤੂੰ
ਪ੍ਰੀਤਮ ਦੀ ਫੁਲਵਾੜੀ ਦੇ,
ਸੁੱਤੇ ਭਾਗ ਜਗਾ ਸਿੰਘਾ।



ਕੁਲਦੀਪ ਸਿੰਘ ਲਾਂਬਾ
(ਗੁਰਪੁਰਵਾਸੀ)

# ਰੱਬ ਦੇ ਮਾਡਰਨ ਦੂਤ !

ਚਿਤਰ ਗੁਪਤ ਜੀ ਬਹੁਤ ਨਿਰਾਸ਼ ਹੋ ਕੇ
ਦੋਵੇਂ ਉੱਤਰ ਗਏ ਜੀਆਂ ਦੇ ਮੋਢਿਆਂ ਤੋਂ।
ਧਰਮਰਾਜ ਦੇ ਪਹੁੰਚ ਫਰਿਆਦ ਕੀਤੀ
ਕਹਿੰਦੇ ਤੋਬਾ ਐ ਪ੍ਰਾਣੀਆਂ ਥੋਡਿਆਂ ਤੋਂ।
ਰਹਿੰਦਾ 'ਦੀਨ ਈਮਾਨ' ਨੂੰ ਸਮਝਦੇ ਜੋ
ਥੱਲੇ ਆਪਣੇ ਗਿੱਟਿਆਂ-ਗੋਡਿਆਂ ਤੋਂ।
ਦੇਖੀ ਕਦੇ ਨਾ ਕਿਸੇ ਨੇ 'ਸਜ਼ਾ' ਮਿਲ ਦੀ
ਆਖਰ ਵੇਲੇ 'ਸਵਾਸਾਂ' ਦੇ ਛੋਡਿਆਂ ਤੋਂ।
ਸੀ.ਸੀ.ਟੀ.ਵੀ ਹੁਣ ਕਰਦੇ ਐ ਕੰਮ ਸਾਡਾ
ਮੰਨਿਆਂ ਜਾਂਦਾ ਅਕੱਟ 'ਸਬੂਤ' ਭਾਈ।
ਧਰਮ ਅਸਥਾਨਾਂ ਦੇ ਵਿੱਚ ਵੀ ਫਿੱਟ ਹੋਏ
ਹੁਣ ਤਾਂ ਓਹੀ ਹਨ 'ਰੱਬ ਦੇ ਦੂਤ' ਭਾਈ!



-ਤਰਲੋਚਨ ਸਿੰਘ ਦੁਪਾਲਪੁਰ
001-408-905-5517

# ਇਸ ਪ੍ਰੀਤ ਦੀ ਰੀਤ ਨਿਆਰੀ ਏ

(ਇਕ ਨਜ਼ਮ ਜੋ ਕਲਕੱਤੇ 1945 ਵਿਚ ਪੜ੍ਹੀ ਗਈ ਸੀ)

ਕੋਈ ਅੰਤ ਨਹੀਂ ਹੈ ਦੁਨੀਆਂ ਦਾ,
ਬਹੁਰੰਗੀ ਦੁਨੀਆਂ ਸਾਰੀ ਏ,
ਕੋਈ ਨਾਢੂ ਖਾਂ, ਕੋਈ ਭੂਮਣ ਸ਼ਾਹ,
ਕੋਈ ਬਣਿਆ ਹੋਇਆ ਮਦਾਰੀ ਏ।
ਸਾਈਂ ਇਕ ਰਿਸ਼ਟ-ਪੁਸ਼ਟ ਦੇਖੇ ਮੈਂ,
ਮੋਢੇ ਤੇ ਕਮਲੀ ਮਾਰੀ ਏ,
ਮੈਂ ਪੁੱਛਿਆ, "ਦੱਸੋ ਸਿਵਾਮੀ ਜੀ,
ਕਿਸ ਪਾਸੇ ਦੀ ਕਰੀ ਤਿਆਰੀ ਏ?
ਕਹਿੰਦਾ, "ਭਾਈ ਪ੍ਰੀਤ ਲੱਗੀ ਤੱਕ ਲੈ,
ਜਿਸ ਲਾਈ ਠੋਹਕਰ ਭਾਰੀ ਏ,
ਪਿਆ ਦਰ-ਦਰ ਠੇਡੇ ਖਾਂਦਾ ਹਾਂ,
ਇਸ ਪ੍ਰੀਤ ਦੀ ਰੀਤ ਨਿਆਰੀ ਏ।
ਇੱਕ ਮੰਗਤਾ ਮੰਗਦਾ ਜਾਂਦਾ ਸੀ
ਤੇ ਦਏ ਅਸੀਸਾਂ ਭਾਰੀ ਏ,
"ਰੱਬ ਲੇਖੇ ਦੇਣਾ ਬਾਬੂ ਜੀ,
ਹੋਵੇ ਲੰਬੀ ਉਮਰ ਤੁਮਹਾਰੀ ਏ।
ਮੰਗ ਪੈਸੇ ਕਾਫ਼ੀ ਜੋੜ ਲਏ,
ਜਦ ਗੁਥਲੀ ਹੋ ਗਈ ਭਾਰੀ ਏ,
ਝੱਟ ਏਸ ਭਿਖਾਰੀ ਲਾਹ ਸੁੱਟਿਆ,
ਕੰਘੀ ਕਰ ਬੋਦ ਸਿਵਾਰੀ ਏ।
ਮੈਂ ਪੁੱਛਿਆ, "ਕਿਉਂ ਤੂੰ ਮੰਗਤਾ ਬਣ,
ਕਰਦਾ ਫਿਰੇਂ ਠੱਗੀ ਮਾਰੀ ਏ?
ਕਹਿੰਦਾ, "ਸਭ ਇਸਕ ਕਰਾਉਂਦਾ ਹੈ,
ਇਸ ਪ੍ਰੀਤ ਦੀ ਰੀਤ ਨਿਆਰੀ ਏ।
ਯੂਸੁਫ ਦੇ ਪਿੱਛੇ ਜ਼ੁਲੈਖਾਂ ਸੀ,
ਰਹੀ ਸਾਰੀ ਉਮਰ ਕੁਆਰੀ ਏ।
ਇਹ ਇਸਕ ਬਲਾ ਹੈ ਉਹ ਯਾਰੋ,
ਕਰਦਾ ਜੋ ਬੜੀ ਖ਼ੁਆਰੀ ਏ,
ਮੋਚੀ ਸੰਗ ਅੱਖੀਆਂ ਲੜ ਜਾਣ ਤਾਂ
ਰਾਣੀ ਬਣੇ ਚਮਾਰੀ ਏ।
ਬੁੱਢੜੇ ਵੀ ਲਾਲਾਂ ਸਿੱਟ ਦੇਵਣ,
ਵੇਖਣ ਜਦ ਸੁੰਦਰ ਨਾਰੀ ਏ,
'ਮਸਕੀਨ' ਇਹ ਬੁਰੀ ਬੀਮਾਰੀ ਏ,
ਇਸ ਪ੍ਰੀਤ ਦੀ ਰੀਤ ਨਿਆਰੀ ਏ।



ਮਾਨ ਸਿੰਘ 'ਲਾਂਬਾ' ਮਸਕੀਨ
(ਗੁਰਪੁਰ ਵਾਸੀ)

# ਗ਼ੁਲਾਮੀ ਵਾਲੇ ਪਿੰਜਰੇ

ਭਗਤ ਸਿੰਘ ਦੇ ਸੁਪਨਿਆਂ ਵਾਲਾ
ਸਾਥੋਂ ਦੇਸ਼ ਉਸਾਰ ਨ੍ਹੀਂ ਹੋਇਆ
ਤੁਰ ਪਏ ਹਾਂ ਅਸੀਂ ਕਿਹੜੇ ਰਾਹੇ
ਕਿਉਂ ਦੱਸ ਪੈਂਡਾ ਪਾਰ ਨ੍ਹੀਂ ਹੋਇਆ
ਡਿਗਰੀਆਂ ਕਰਕੇ ਗੁੰਮਸੁੰਮ ਹੋਏ
ਹਾਸਲ ਕਿਤੋਂ ਰੁਜ਼ਗਾਰ ਨ੍ਹੀਂ ਹੋਇਆ
ਵਿਛ ਗਏ ਸੱਥਰ ਹਰ ਘਰ ਅੰਦਰ
ਚਿੱਟਾ ਦੇਸ਼ 'ਚੋਂ ਬਾਹਰ ਨ੍ਹੀਂ ਹੋਇਆ
ਪ੍ਰਾਈਵੇਟ ਅਦਾਰਿਆਂ ਅੰਦਰ ਲੁੱਟ ਹੈ
ਤੇ ਸਰਕਾਰੀ ਵਿੱਚ ਸੁਧਾਰ ਨ੍ਹੀਂ ਹੋਇਆ
ਐ ਹਾਕਮ, ਕਦੇ ਪੁੱਛ ਜ਼ਰਾ ਤੂੰ
ਕੀ ਸਾਡੀ ਰੂਹ 'ਤੇ ਵਾਰ ਨ੍ਹੀਂ ਹੋਇਆ
ਖ਼ੂਨ ਬਥੇਰਾ ਡੁੱਲ੍ਹਿਆ ਇੱਥੇ
ਸਾਥੋਂ ਕਰਜ਼ ਉਤਾਰ ਨ੍ਹੀਂ ਹੋਇਆ
ਗ਼ੁਲਾਮੀ ਵਾਲੇ ਤੋੜ ਕੇ ਪਿੰਜਰੇ
ਦੀਪ ਪੰਛੀ ਅਜੇ ਉਡਾਰ ਨ੍ਹੀਂ ਹੋਇਆ।

-ਅਮਨਦੀਪ ਕੌਰ

# ਨਿੱਜੀ ਯੂਨੀਵਰਸਿਟੀਆਂ ਨੂੰ ਸਿਰਫ਼ ਆਮਦਨ ਨਹੀਂ, ਅਕਾਦਮਿਕ ਜਵਾਬਦੇਹੀ ਦੀ ਵੀ ਲੋੜ ਹੈ

ਉੱਚ ਸਿੱਖਿਆ ਹੁਣ ਸਿਰਫ਼ ਸਰਕਾਰੀ ਸੰਸਥਾਵਾਂ ਤੱਕ ਸੀਮਿਤ ਨਹੀਂ ਰਹੀ। ਪੂਰੇ ਭਾਰਤ ਵਿੱਚ ਨਿੱਜੀ ਯੂਨੀਵਰਸਿਟੀਆਂ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ। ਇੰਜੀਨੀਅਰਿੰਗ, ਮੈਡੀਸਨ, ਮੈਨੇਜਮੈਂਟ, ਕਾਨੂੰਨ, ਖੇਤੀਬਾੜੀ, ਵਿਗਿਆਨ, ਮਨੁੱਖੀ ਵਿਸ਼ਿਆਂ, ਤਕਨਾਲੋਜੀ ਅਤੇ ਕਈ ਨਵੇਂ ਖੇਤਰਾਂ ਵਿੱਚ ਨਵੇਂ ਕੋਰਸ ਸ਼ੁਰੂ ਹੋਏ ਹਨ। ਇਨ੍ਹਾਂ ਸੰਸਥਾਵਾਂ ਨੇ ਵਾਧੂ ਸੀਟਾਂ ਪੈਦਾ ਕੀਤੀਆਂ, ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕੀਤਾ ਅਤੇ ਉੱਚ ਸਿੱਖਿਆ ਤੱਕ ਪਹੁੰਚ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ ਹੈ।

ਪਰ ਨਿੱਜੀ ਉੱਚ ਸਿੱਖਿਆ ਦੇ ਇਸ ਵਿਸਥਾਰ ਨਾਲ ਇੱਕ ਮਹੱਤਵਪੂਰਨ ਸਵਾਲ ਵੀ ਉੱਠਦਾ ਹੈ—ਯੂਨੀਵਰਸਿਟੀ ਦਾ ਮੁੱਖ ਉਦੇਸ਼ ਕੀ ਹੋਣਾ ਚਾਹੀਦਾ ਹੈ?

ਯੂਨੀਵਰਸਿਟੀ ਸਿਰਫ਼ ਇੱਕ ਕੈਂਪਸ, ਇਮਾਰਤਾਂ ਦਾ ਸਮੂਹ, ਇੱਕ ਬ੍ਰਾਂਡ ਜਾਂ ਆਮਦਨ ਪੈਦਾ ਕਰਨ ਵਾਲੀ ਸੰਸਥਾ ਨਹੀਂ ਹੁੰਦੀ। ਇਹ ਗਿਆਨ ਦੇ ਵਿਕਾਸ, ਜ਼ਿੰਮੇਵਾਰ ਨਾਗਰਿਕਾਂ ਦੀ ਤਿਆਰੀ, ਖੋਜ ਦੇ ਉਤਸ਼ਾਹ ਅਤੇ ਸਮਾਜ ਦੀ ਸੇਵਾ ਲਈ ਜ਼ਿੰਮੇਵਾਰ ਅਕਾਦਮਿਕ ਸੰਸਥਾ ਹੁੰਦੀ ਹੈ। ਵਿੱਤੀ ਸਥਿਰਤਾ ਜ਼ਰੂਰੀ ਹੈ, ਪਰ ਆਮਦਨ ਨੂੰ ਅਕਾਦਮਿਕ ਸਫਲਤਾ ਦਾ ਮੁੱਖ ਮਾਪਦੰਡ ਨਹੀਂ ਬਣਾਇਆ ਜਾ ਸਕਦਾ।

ਯੂਨੀਵਰਸਿਟੀ ਦੀ ਅਸਲ ਤਾਕਤ ਉਸ ਦੀ ਪੜ੍ਹਾਈ, ਖੋਜ, ਵਿਦਿਆਰਥੀਆਂ, ਅਧਿਆਪਕਾਂ, ਅਕਾਦਮਿਕ ਮਾਹੌਲ ਅਤੇ ਸਮਾਜ ਪ੍ਰਤੀ ਯੋਗਦਾਨ ਦੀ ਗੁਣਵੱਤਾ ਵਿੱਚ ਦਿਖਾਈ ਦੇਣੀ ਚਾਹੀਦੀ ਹੈ।

**ਸਿੱਖਿਆ ਆਮ ਕਾਰੋਬਾਰ ਤੋਂ ਵੱਖਰੀ ਹੈ :** ਇੱਕ ਨਿੱਜੀ ਯੂਨੀਵਰਸਿਟੀ ਨੂੰ ਚਲਾਉਣ ਲਈ ਪੈਸੇ ਦੀ ਲੋੜ ਹੁੰਦੀ ਹੈ। ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਤਨਖਾਹ ਦੇਣੀ ਹੁੰਦੀ ਹੈ, ਲੈਬੋਰਟਰੀਆਂ ਅਤੇ ਲਾਇਬ੍ਰੇਰੀਆਂ ਦੀ ਸੰਭਾਲ ਕਰਨੀ ਹੁੰਦੀ ਹੈ, ਤਕਨਾਲੋਜੀ ਉਪਲਬਧ ਕਰਵਾਉਣੀ ਹੁੰਦੀ ਹੈ, ਬੁਨਿਆਦੀ ਢਾਂਚਾ ਤਿਆਰ ਕਰਨਾ ਹੁੰਦਾ ਹੈ ਅਤੇ ਖੋਜ ਨੂੰ ਸਹਿਯੋਗ ਦੇਣਾ ਹੁੰਦਾ ਹੈ। ਵਿੱਤੀ ਯੋਜਨਾਬੰਦੀ ਜਾਂ ਜਾਇਜ਼ ਆਮਦਨ ਪੈਦਾ ਕਰਨ ਵਿੱਚ ਆਪਣੇ ਆਪ ਵਿੱਚ ਕੋਈ ਗਲਤ ਗੱਲ ਨਹੀਂ।

ਚਿੰਤਾ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਵਪਾਰਕ ਸੋਚ ਅਕਾਦਮਿਕ ਫ਼ੈਸਲਿਆਂ ਉੱਤੇ ਹਾਵੀ ਹੋਣ ਲੱਗੇ।

ਜੇ ਕੋਈ ਕੋਰਸ ਮੁੱਖ ਤੌਰ 'ਤੇ ਇਸ ਲਈ ਸ਼ੁਰੂ ਕੀਤਾ ਜਾਂਦਾ ਹੈ ਕਿ ਉਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਦਾਖਲਾ ਲੈ ਸਕਦੇ ਹਨ, ਪਰ ਲੋੜੀਂਦੇ ਅਧਿਆਪਕ ਅਤੇ ਬੁਨਿਆਦੀ ਢਾਂਚਾ ਮੌਜੂਦ ਨਹੀਂ, ਤਾਂ ਸਿੱਖਿਆ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ। ਜੇ ਮਹਿੰਗੀਆਂ ਸਹੂਲਤਾਂ ਦੀ ਮਸ਼ਹੂਰੀ ਅਸਲ ਪੜ੍ਹਾਈ ਅਤੇ ਖੋਜ ਨਾਲੋਂ ਵੱਧ ਕੀਤੀ ਜਾਵੇ, ਤਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਸਥਾ ਦੀ ਅਸਲ ਅਕਾਦਮਿਕ ਸਮਰੱਥਾ ਦੀ ਪੂਰੀ ਤਸਵੀਰ ਨਹੀਂ ਮਿਲ ਸਕਦੀ। ਉੱਚ ਸਿੱਖਿਆ ਭਰੋਸੇ ਦਾ ਲੰਬੇ ਸਮੇਂ ਵਾਲਾ ਰਿਸ਼ਤਾ ਹੈ। ਵਿਦਿਆਰਥੀ ਆਪਣੀ ਜ਼ਿੰਦਗੀ ਦੇ ਕਈ ਸਾਲ ਇਸ ਵਿੱਚ ਲਗਾਉਂਦੇ ਹਨ ਅਤੇ ਪਰਿਵਾਰ ਅਕਸਰ ਵੱਡੀ ਰਕਮ ਖਰਚ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਸੰਸਥਾ ਅਸਲ ਵਿੱਚ ਕੀ ਪ੍ਰਦਾਨ ਕਰ ਸਕਦੀ ਹੈ।

**ਅਧਿਆਪਕ ਕੇਂਦਰ ਵਿੱਚ ਹੋਣੇ ਚਾਹੀਦੇ ਹਨ :** ਕਿਸੇ ਵੀ ਯੂਨੀਵਰਸਿਟੀ ਦੀ ਅਕਾਦਮਿਕ ਮਜ਼ਬੂਤੀ ਯੋਗ ਅਤੇ ਯੋਗਤਾ-ਪ੍ਰਾਪਤ ਅਧਿਆਪਕਾਂ ਤੋਂ ਬਿਨਾਂ ਸੰਭਵ ਨਹੀਂ।

ਆਧੁਨਿਕ ਕੈਂਪਸ ਵਿੱਚ ਸ਼ਾਨਦਾਰ ਇਮਾਰਤਾਂ, ਸਮਾਰਟ ਕਲਾਸਰੂਮ ਅਤੇ ਆਧੁਨਿਕ ਲੈਬੋਰਟਰੀਆਂ ਹੋ ਸਕਦੀਆਂ ਹਨ, ਪਰ ਇਹ ਯੋਗ ਅਧਿਆਪਕਾਂ ਦੀ ਥਾਂ ਨਹੀਂ ਲੈ ਸਕਦੀਆਂ। ਯੂਨੀਵਰਸਿਟੀਆਂ ਨੂੰ ਅਜਿਹੇ ਅਧਿਆਪਕਾਂ ਦੀ ਲੋੜ ਹੈ ਜਿਨ੍ਹਾਂ ਕੋਲ ਪੜ੍ਹਾਉਣ, ਵਿਦਿਆਰਥੀਆਂ ਦੀ ਰਹਿਨੁਮਾਈ ਕਰਨ, ਖੋਜ ਕਰਨ ਅਤੇ ਅਕਾਦਮਿਕ ਵਿਕਾਸ ਵਿੱਚ ਹਿੱਸਾ ਲੈਣ ਲਈ ਯੋਗ ਸਮਾਂ ਹੋਵੇ।

ਇਸ ਲਈ ਅਧਿਆਪਕਾਂ ਦੀ ਭਰਤੀ ਮੁੱਖ ਤੌਰ 'ਤੇ ਅਕਾਦਮਿਕ ਯੋਗਤਾ, ਵਿਸ਼ੇ ਦੀ ਮੁਹਾਰਤ, ਪੜ੍ਹਾਉਣ ਦੀ ਸਮਰੱਥਾ ਅਤੇ ਖੋਜ ਦੀ ਸੰਭਾਵਨਾ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਸੰਸਥਾਵਾਂ ਨੂੰ ਅਜਿਹੀਆਂ ਨਿਰਪੱਖ ਪੇਸ਼ੇਵਰ ਸਥਿਤੀਆਂ ਵੀ ਪੈਦਾ ਕਰਨੀਆਂ ਚਾਹੀਦੀਆਂ ਹਨ ਜੋ ਅਧਿਆਪਕਾਂ ਨੂੰ ਲੰਬੇ ਸਮੇਂ ਤੱਕ ਜੁੜੇ ਰਹਿਣ ਅਤੇ ਵਿਕਾਸ ਕਰਨ ਲਈ ਉਤਸ਼ਾਹਿਤ ਕਰਨ।

ਅਧਿਆਪਕਾਂ ਦਾ ਲਗਾਤਾਰ ਬਦਲਣਾ ਸਿਰਫ਼ ਇੱਕ ਪ੍ਰਸ਼ਾਸਨਿਕ ਅੰਕੜਾ ਨਹੀਂ ਹੈ। ਇਸ ਦਾ ਪ੍ਰਭਾਵ ਪੜ੍ਹਾਈ ਦੀ ਨਿਰੰਤਰਤਾ, ਵਿਦਿਆਰਥੀ ਰਹਿਨੁਮਾਈ ਅਤੇ ਖੋਜ ਉੱਤੇ ਪੈ ਸਕਦਾ ਹੈ।

ਅਕਾਦਮਿਕ ਜਵਾਬਦੇਹੀ ਦਾ ਅਰਥ ਸਿਰਫ਼ ਇਹ ਦੇਖਣਾ ਨਹੀਂ ਕਿ ਯੂਨੀਵਰਸਿਟੀ ਵਿੱਚ ਕਿੰਨੇ ਅਧਿਆਪਕ ਹਨ, ਸਗੋਂ ਇਹ ਵੀ ਦੇਖਣਾ ਹੈ ਕਿ ਉਨ੍ਹਾਂ ਨੂੰ ਕਿਹੋ ਜਿਹਾ ਅਕਾਦਮਿਕ ਮਾਹੌਲ ਮਿਲ ਰਿਹਾ ਹੈ।

**ਖੋਜ ਨੂੰ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ :** ਖੋਜ ਵੀ ਅਕਾਦਮਿਕ ਜਵਾਬਦੇਹੀ ਦਾ ਮਹੱਤਵਪੂਰਨ ਖੇਤਰ ਹੈ।

ਯੂਨੀਵਰਸਿਟੀਆਂ ਅਕਸਰ ਖੋਜ ਪੇਪਰਾਂ, ਪੇਟੈਂਟਾਂ, ਕਾਨਫਰੰਸਾਂ ਅਤੇ ਅਕਾਦਮਿਕ ਸਹਿਯੋਗਾਂ ਦੀ ਗਿਣਤੀ ਨੂੰ ਉਜਾਗਰ ਕਰਦੀਆਂ ਹਨ। ਇਹ ਸੂਚਕ ਲਾਭਦਾਇਕ ਹੋ ਸਕਦੇ ਹਨ, ਪਰ ਸਿਰਫ਼ ਅੰਕੜੇ ਖੋਜ ਦੀ ਗੁਣਵੱਤਾ ਸਾਬਤ ਨਹੀਂ ਕਰਦੇ।

ਵਧੇਰੇ ਮਹੱਤਵਪੂਰਨ ਸਵਾਲ ਇਹ ਹਨ—ਖੋਜ ਕਿਹੜੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ? ਕੀ ਕੰਮ ਮੌਲਿਕ ਹੈ? ਕੀ ਇਹ ਅਕਾਦਮਿਕ ਜਾਂਚ ਦੀ ਕਸੌਟੀ 'ਤੇ ਖਰਾ ਉਤਰਦਾ ਹੈ? ਕੀ ਇਹ ਗਿਆਨ ਜਾਂ ਸਮਾਜ ਵਿੱਚ ਯੋਗਦਾਨ ਪਾਉਂਦਾ ਹੈ? ਕੀ ਵਿਦਿਆਰਥੀ ਅਸਲ ਵਿੱਚ ਖੋਜ ਵਿੱਚ ਸ਼ਾਮਲ ਹਨ? ਕੀ ਖੋਜ ਨੈਤਿਕ ਮਾਪਦੰਡਾਂ ਦੀ ਪਾਲਣਾ ਕਰਦੀ ਹੈ?

ਜੇ ਪ੍ਰਕਾਸ਼ਨਾਂ ਦੀ ਗਿਣਤੀ ਨੂੰ ਗੁਣਵੱਤਾ ਨਾਲੋਂ ਵੱਧ ਮਹੱਤਵ ਦਿੱਤਾ ਜਾਵੇ, ਤਾਂ ਉੱਪਰੀ ਅਤੇ ਕਮਜ਼ੋਰ ਅਕਾਦਮਿਕ ਪ੍ਰਥਾਵਾਂ ਨੂੰ ਉਤਸ਼ਾਹ ਮਿਲ ਸਕਦਾ ਹੈ।

ਇਸ ਲਈ ਯੂਨੀਵਰਸਿਟੀਆਂ ਨੂੰ ਅਰਥਪੂਰਨ ਖੋਜ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਨਾ ਕਿ ਖੋਜ ਦੇ ਨਤੀਜਿਆਂ ਨੂੰ ਸਿਰਫ਼ ਮਾਰਕੀਟਿੰਗ ਦਾ ਸਾਧਨ ਬਣਾਉਣਾ ਚਾਹੀਦਾ ਹੈ।

ਵਿਦਿਆਰਥੀ ਸਿਰਫ਼ ਫੀਸ ਦੇਣ ਵਾਲੇ ਗਾਹਕ ਨਹੀਂ

ਉੱਚ ਸਿੱਖਿਆ ਬਾਰੇ ਸੋਚ ਵਿੱਚ ਸਭ ਤੋਂ ਮਹੱਤਵਪੂਰਨ ਬਦਲਾਅ ਸੰਸਥਾਵਾਂ ਅਤੇ ਵਿਦਿਆਰਥੀਆਂ ਦੇ ਰਿਸ਼ਤੇ ਨੂੰ ਲੈ ਕੇ ਹੋਣਾ ਚਾਹੀਦਾ ਹੈ।

ਕਈ ਵਾਰ ਵਿਦਿਆਰਥੀਆਂ ਨੂੰ 'ਗਾਹਕ' ਕਿਹਾ ਜਾਂਦਾ ਹੈ ਕਿਉਂਕਿ ਉਹ ਫੀਸ ਅਦਾ ਕਰਦੇ ਹਨ। ਪਰ ਸਿੱਖਿਆ ਆਮ ਖਪਤ ਵਾਲੀ ਵਸਤੂ ਖਰੀਦਣ ਤੋਂ ਬਿਲਕੁਲ ਵੱਖਰੀ ਹੈ।



ਯੂਨੀਵਰਸਿਟੀ ਸਿਰਫ਼ ਕੋਈ ਤਿਆਰ ਉਤਪਾਦ ਨਹੀਂ ਦਿੰਦੀ। ਇਹ ਅਜਿਹਾ ਮਾਹੌਲ ਤਿਆਰ ਕਰਦੀ ਹੈ ਜਿੱਥੇ ਵਿਦਿਆਰਥੀ ਸਿੱਖਦੇ ਹਨ, ਸਵਾਲ ਪੁੱਛਦੇ ਹਨ, ਪ੍ਰਯੋਗ ਕਰਦੇ ਹਨ, ਅਸਫਲ ਹੁੰਦੇ ਹਨ, ਸੁਧਾਰ ਕਰਦੇ ਹਨ ਅਤੇ ਬੌਧਿਕ ਤੌਰ 'ਤੇ ਵਿਕਸਿਤ ਹੁੰਦੇ ਹਨ। ਵਿਦਿਆਰਥੀਆਂ ਨੂੰ ਲੈਬੋਰਟਰੀਆਂ, ਲਾਇਬ੍ਰੇਰੀਆਂ, ਕੌਂਸਲਿੰਗ, ਖੇਡਾਂ, ਪ੍ਰੈਕਟੀਕਲ ਸਿਖਲਾਈ, ਇੰਟਰਨਸ਼ਿਪ ਅਤੇ ਸੁਤੰਤਰ ਸੋਚ ਦੇ ਮੌਕੇ ਚਾਹੀਦੇ ਹਨ। ਉਨ੍ਹਾਂ ਨੂੰ ਅਜਿਹੇ ਅਧਿਆਪਕ ਵੀ ਚਾਹੀਦੇ ਹਨ ਜੋ ਉਨ੍ਹਾਂ ਨੂੰ ਸਿਰਫ਼ ਪਾਠ-ਪੁਸਤਕਾਂ ਅਤੇ ਪ੍ਰੀਖਿਆਵਾਂ ਤੋਂ ਅੱਗੇ ਲੈ ਕੇ ਜਾ ਸਕਣ। ਉਦੇਸ਼ ਸਿਰਫ਼ ਫੀਸ ਦੇ ਕੇ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧਾਉਣਾ ਨਹੀਂ, ਸਗੋਂ ਸਮਰੱਥ ਅਤੇ ਜ਼ਿੰਮੇਵਾਰ ਗ੍ਰੈਜੂਏਟ ਤਿਆਰ ਕਰਨਾ ਹੋਣਾ ਚਾਹੀਦਾ ਹੈ।



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

**ਫੀਸ ਅਤੇ ਨਤੀਜਿਆਂ ਬਾਰੇ ਪਾਰਦਰਸ਼ਤਾ :** ਅਕਾਦਮਿਕ ਜਵਾਬਦੇਹੀ ਵਿੱਚ ਵਿੱਤੀ ਪਾਰਦਰਸ਼ਤਾ ਵੀ ਸ਼ਾਮਲ ਹੋਣੀ ਚਾਹੀਦੀ ਹੈ।

ਵਿਦਿਆਰਥੀਆਂ ਅਤੇ ਮਾਪਿਆਂ ਨੂੰ ਟਿਊਸ਼ਨ ਫੀਸ, ਵਾਧੂ ਖਰਚਿਆਂ, ਹੋਸਟਲ, ਪ੍ਰੀਖਿਆ ਫੀਸ ਅਤੇ ਹੋਰ ਲਾਗਤਾਂ ਬਾਰੇ ਸਪੱਸ਼ਟ ਜਾਣਕਾਰੀ ਮਿਲਣੀ ਚਾਹੀਦੀ ਹੈ। ਅਚਾਨਕ ਜਾਂ ਅਸਪਸ਼ਟ ਖਰਚੇ ਪਰਿਵਾਰਾਂ ਉੱਤੇ ਬੇਲੋੜਾ ਵਿੱਤੀ ਦਬਾਅ ਪਾ ਸਕਦੇ ਹਨ।

ਇਸੇ ਤਰ੍ਹਾਂ ਪਲੇਸਮੈਂਟ ਅਤੇ ਕਰੀਅਰ ਦੇ ਨਤੀਜਿਆਂ ਬਾਰੇ ਵੀ ਸੰਸਥਾਵਾਂ ਨੂੰ ਇਮਾਨਦਾਰ ਜਾਣਕਾਰੀ ਦੇਣੀ ਚਾਹੀਦੀ ਹੈ।

ਜੇ ਕੋਈ ਯੂਨੀਵਰਸਿਟੀ ਪਲੇਸਮੈਂਟ ਦੀ ਮਸ਼ਹੂਰੀ ਕਰਦੀ ਹੈ, ਤਾਂ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਪੈਕੇਜ, ਔਸਤ ਜਾਂ ਮੱਧਮਾਨ ਪੈਕੇਜ, ਪਲੇਸਮੈਂਟ ਲਈ ਯੋਗ ਵਿਦਿਆਰਥੀਆਂ ਦੀ ਗਿਣਤੀ ਅਤੇ ਅਸਲ ਵਿੱਚ ਨੌਕਰੀ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿਚਕਾਰ ਫ਼ਰਕ ਸਮਝ ਆਉਣਾ ਚਾਹੀਦਾ ਹੈ।

ਸਪਸ਼ਟ ਜਾਣਕਾਰੀ ਪ੍ਰਚਾਰਕ ਸੁਰਖੀਆਂ ਨਾਲੋਂ ਵੱਧ ਮਹੱਤਵਪੂਰਨ ਹੈ।

ਇਹੀ ਸਿਧਾਂਤ ਰੈਂਕਿੰਗਾਂ, ਮਾਨਤਾਵਾਂ, ਖੋਜ ਉਪਲਬਧੀਆਂ ਅਤੇ ਅੰਤਰਰਾਸ਼ਟਰੀ ਸਹਿਯੋਗਾਂ ਉੱਤੇ ਵੀ ਲਾਗੂ ਹੋਣਾ ਚਾਹੀਦਾ ਹੈ। ਅਕਾਦਮਿਕ ਦਾਅਵੇ ਤਸਦੀਕਯੋਗ ਹੋਣੇ ਚਾਹੀਦੇ ਹਨ।

**ਮਾਨਤਾ ਮਹੱਤਵਪੂਰਨ ਹੈ, ਪਰ ਕਾਫ਼ੀ ਨਹੀਂ :** ਨਿਯਮਕ ਅਤੇ ਮਾਨਤਾ ਪ੍ਰਣਾਲੀਆਂ ਮਿਆਰ ਕਾਇਮ ਰੱਖਣ ਲਈ ਜ਼ਰੂਰੀ ਹਨ। ਇਹ ਸੰਸਥਾਵਾਂ ਦੀ ਬਾਹਰੀ ਜਾਂਚ ਅਤੇ ਮੁਲਾਂਕਣ ਲਈ ਢਾਂਚਾ ਪ੍ਰਦਾਨ ਕਰਦੀਆਂ ਹਨ।

ਪਰ ਮਾਨਤਾ ਸਿਰਫ਼ ਕਾਗਜ਼ੀ ਕਾਰਵਾਈ ਪੂਰੀ ਕਰਨ ਦੀ ਪ੍ਰਕਿਰਿਆ ਨਹੀਂ ਬਣਨੀ ਚਾਹੀਦੀ।

ਕੋਈ ਯੂਨੀਵਰਸਿਟੀ ਰਸਮੀ ਲੋੜਾਂ ਪੂਰੀ ਕਰ ਸਕਦੀ ਹੈ, ਪਰ ਫਿਰ ਵੀ ਉਸ ਨੂੰ ਕਲਾਸਰੂਮ ਪੜ੍ਹਾਈ, ਵਿਦਿਆਰਥੀ ਰਹਿਨੁਮਾਈ, ਖੋਜ ਸੰਸਕ੍ਰਿਤੀ ਜਾਂ ਅਕਾਦਮਿਕ ਇਮਾਨਦਾਰੀ ਵਿੱਚ ਸੁਧਾਰ ਦੀ ਲੋੜ ਹੋ ਸਕਦੀ ਹੈ।

ਇਸ ਲਈ ਲਗਾਤਾਰ ਅੰਦਰੂਨੀ ਮੁਲਾਂਕਣ ਜ਼ਰੂਰੀ ਹੈ। ਯੂਨੀਵਰਸਿਟੀਆਂ ਨੂੰ ਨਿਯਮਿਤ ਤੌਰ 'ਤੇ ਆਪਣੀ ਕਾਰਗੁਜ਼ਾਰੀ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਸੁਤੰਤਰ ਅਕਾਦਮਿਕ ਸਮੀਖਿਆ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

ਗੁਣਵੱਤਾ ਨਿਸ਼ਚਿਤ ਕਰਨ ਦਾ ਉਦੇਸ਼ ਸਿਰਫ਼ ਸਰਟੀਫਿਕੇਟ ਪ੍ਰਾਪਤ ਕਰਨਾ ਨਹੀਂ, ਸਗੋਂ ਅਜਿਹਾ ਮਾਹੌਲ ਬਣਾਉਣਾ ਹੋਣਾ ਚਾਹੀਦਾ ਹੈ ਜਿਸ ਵਿੱਚ ਅਕਾਦਮਿਕ ਗੁਣਵੱਤਾ ਨੂੰ ਲਗਾਤਾਰ ਮਾਪਿਆ ਅਤੇ ਸੁਧਾਰਿਆ ਜਾਵੇ।

ਬੁਨਿਆਦੀ ਢਾਂਚਾ ਸਿੱਖਿਆ ਲਈ ਹੋਣਾ ਚਾਹੀਦਾ ਹੈ

ਆਧੁਨਿਕ ਬੁਨਿਆਦੀ ਢਾਂਚੇ ਦੀ ਉੱਚ ਸਿੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਹੈ। ਲੈਬੋਰਟਰੀਆਂ, ਲਾਇਬ੍ਰੇਰੀਆਂ, ਡਿਜ਼ੀਟਲ ਕਲਾਸਰੂਮ, ਹੋਸਟਲ, ਖੋਜ ਕੇਂਦਰ ਅਤੇ ਨਵੀਨਤਾ ਸਹੂਲਤਾਂ ਸਿੱਖਣ ਦੀ ਪ੍ਰਕਿਰਿਆ ਨੂੰ ਬਿਹਤਰ ਬਣਾ ਸਕਦੀਆਂ ਹਨ।

ਪਰ ਬੁਨਿਆਦੀ ਢਾਂਚਾ ਅਕਾਦਮਿਕ ਉਦੇਸ਼ਾਂ ਦੀ ਪੂਰਤੀ ਕਰੇ, ਨਾ ਕਿ ਉਨ੍ਹਾਂ ਦਾ ਬਦਲ ਬਣੇ।

ਸ਼ਾਨਦਾਰ ਕੈਂਪਸ ਕਮਜ਼ੋਰ ਪੜ੍ਹਾਈ ਦੀ ਭਰਪਾਈ ਨਹੀਂ ਕਰ ਸਕਦਾ। ਆਧੁਨਿਕ ਲੈਬੋਰਟਰੀ ਦੀ ਵੀ ਕੋਈ ਮਹੱਤਤਾ ਨਹੀਂ ਜੇ ਵਿਦਿਆਰਥੀਆਂ ਨੂੰ ਉਸ ਦੀ ਨਿਯਮਿਤ ਵਰਤੋਂ ਦਾ ਮੌਕਾ ਹੀ ਨਾ ਮਿਲੇ। ਵੱਡੀ ਲਾਇਬ੍ਰੇਰੀ ਵੀ ਉਦੋਂ ਹੀ ਅਰਥਪੂਰਨ ਹੈ ਜਦੋਂ ਵਿਦਿਆਰਥੀ ਅਤੇ ਖੋਜਕਰਤਾ ਉਸ ਦੇ ਸਰੋਤਾਂ ਦੀ ਵਰਤੋਂ ਕਰਨ। ਹਰ ਨਿਵੇਸ਼ ਬਾਰੇ ਇੱਕ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ—ਇਹ ਨਿਵੇਸ਼ ਸਿੱਖਿਆ, ਖੋਜ ਜਾਂ ਵਿਦਿਆਰਥੀ ਵਿਕਾਸ ਨੂੰ ਕਿਵੇਂ ਬਿਹਤਰ ਬਣਾਉਂਦਾ ਹੈ?

**ਯੂਨੀਵਰਸਿਟੀਆਂ ਦੀ ਸਮਾਜਿਕ ਜ਼ਿੰਮੇਵਾਰੀ :** ਕੋਈ ਵੀ ਯੂਨੀਵਰਸਿਟੀ ਆਪਣੇ ਆਲੇ-ਦੁਆਲੇ ਦੇ ਸਮਾਜ ਤੋਂ ਵੱਖਰੀ ਨਹੀਂ ਹੁੰਦੀ।

ਨਿੱਜੀ ਯੂਨੀਵਰਸਿਟੀਆਂ ਸਕਾਲਰਸ਼ਿਪਾਂ, ਪੇਂਡੂ ਵਿਦਿਆਰਥੀਆਂ ਦੀ ਸਹਾਇਤਾ, ਕਮਿਊਨਿਟੀ ਪ੍ਰੋਗਰਾਮਾਂ, ਨਵੀਨਤਾ ਅਤੇ ਖੇਤਰੀ ਸਮੱਸਿਆਵਾਂ ਉੱਤੇ ਖੋਜ ਰਾਹੀਂ ਸਥਾਨਕ ਵਿਕਾਸ ਵਿੱਚ ਯੋਗਦਾਨ ਪਾ ਸਕਦੀਆਂ ਹਨ।

ਉਹ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ ਵੀ ਮੌਕੇ ਪੈਦਾ ਕਰ ਸਕਦੀਆਂ ਹਨ।

ਸਿੱਖਿਆ ਉਦੋਂ ਹੋਰ ਅਰਥਪੂਰਨ ਬਣਦੀ ਹੈ ਜਦੋਂ ਗਿਆਨ ਕੈਂਪਸ ਤੋਂ ਬਾਹਰ ਨਿਕਲ ਕੇ ਸਮਾਜ ਅਤੇ ਭਾਈਚਾਰਿਆਂ ਦੇ ਕੰਮ ਆਉਂਦਾ ਹੈ।

ਇਸ ਲਈ ਯੂਨੀਵਰਸਿਟੀ ਦਾ ਸਮਾਜਿਕ ਯੋਗਦਾਨ ਸਿਰਫ਼ ਜਨਸੰਪਰਕ ਜਾਂ ਪ੍ਰਚਾਰ ਦੀ ਗਤੀਵਿਧੀ ਨਹੀਂ, ਸਗੋਂ ਉਸ ਦੀ ਸੰਸਥਾਗਤ ਜ਼ਿੰਮੇਵਾਰੀ ਦਾ ਹਿੱਸਾ ਹੋਣਾ ਚਾਹੀਦਾ ਹੈ।

**ਅਕਾਦਮਿਕ ਆਜ਼ਾਦੀ ਅਤੇ ਇਮਾਨਦਾਰੀ :** ਯੂਨੀਵਰਸਿਟੀਆਂ ਵਿੱਚ ਅਜਿਹਾ ਮਾਹੌਲ ਵੀ ਹੋਣਾ ਚਾਹੀਦਾ ਹੈ ਜਿੱਥੇ ਅਧਿਆਪਕ ਅਤੇ ਵਿਦਿਆਰਥੀ ਔਖੇ ਸਵਾਲ ਪੁੱਛ ਸਕਣ ਅਤੇ ਨਵੇਂ ਵਿਚਾਰਾਂ ਦੀ ਖੋਜ ਕਰ ਸਕਣ।

ਅਕਾਦਮਿਕ ਆਜ਼ਾਦੀ ਦਾ ਅਰਥ ਜ਼ਿੰਮੇਵਾਰੀ ਤੋਂ ਮੁਕਤੀ ਨਹੀਂ ਹੈ। ਇਸ ਦਾ ਅਰਥ ਅਜਿਹਾ ਮਾਹੌਲ ਪੈਦਾ ਕਰਨਾ ਹੈ ਜਿੱਥੇ ਸਬੂਤ, ਤਰਕ ਅਤੇ ਵਿਗਿਆਨਕ ਵਿਚਾਰ-ਵਟਾਂਦਰੇ ਦਾ ਸਨਮਾਨ ਹੋਵੇ।

ਅਕਾਦਮਿਕ ਇਮਾਨਦਾਰੀ ਵੀ ਉਤਨੀ ਹੀ ਮਹੱਤਵਪੂਰਨ ਹੈ। ਨਕਲ, ਪਲੇਜਰਿਜ਼ਮ, ਜਾਅਲੀ ਖੋਜ, ਡਾਟਾ ਨਾਲ ਹੇਰਾਫੇਰੀ, ਅਨੁਚਿਤ ਪ੍ਰੀਖਿਆਵਾਂ ਅਤੇ ਗੁੰਮਰਾਹ ਕਰਨ ਵਾਲੇ ਅਕਾਦਮਿਕ ਦਾਅਵੇ ਪੂਰੀ ਸੰਸਥਾ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਮਜ਼ਬੂਤ ਯੂਨੀਵਰਸਿਟੀਆਂ ਅਜਿਹੀਆਂ ਪ੍ਰਣਾਲੀਆਂ ਬਣਾਉਂਦੀਆਂ ਹਨ ਜੋ ਅਜਿਹੀਆਂ ਪ੍ਰਥਾਵਾਂ ਨੂੰ ਰੋਕਣ ਅਤੇ ਉਨ੍ਹਾਂ ਦੇ ਮਾਮਲਿਆਂ ਵਿੱਚ ਨਿਰਪੱਖ ਕਾਰਵਾਈ ਕਰਨ।

**ਸੁਤੰਤਰ ਨਿਗਰਾਨੀ ਦੀ ਲੋੜ :** ਨਿੱਜੀ ਯੂਨੀਵਰਸਿਟੀਆਂ ਸਮੇਤ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਬਾਹਰੀ ਜਵਾਬਦੇਹੀ ਤੋਂ ਲਾਭ ਮਿਲ ਸਕਦਾ ਹੈ।

ਨਿਯਮਕ ਸੰਸਥਾਵਾਂ, ਮਾਨਤਾ ਏਜੰਸੀਆਂ ਅਤੇ ਸਰਕਾਰਾਂ ਦੀ ਮਹੱਤਵਪੂਰਨ ਭੂਮਿਕਾ ਹੈ, ਪਰ ਜਵਾਬਦੇਹੀ ਬੇਲੋੜੀ ਨੌਕਰਸ਼ਾਹੀ ਨਹੀਂ ਬਣਨੀ ਚਾਹੀਦੀ। ਉਦੇਸ਼ ਅਜਿਹਾ ਸਮਝਦਾਰ ਨਿਯਮਨ ਹੋਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਅਤੇ ਅਕਾਦਮਿਕ ਮਿਆਰਾਂ ਦੀ ਰੱਖਿਆ ਕਰੇ ਅਤੇ ਨਾਲ ਹੀ ਸੰਸਥਾਵਾਂ ਨੂੰ ਨਵੀਨਤਾ ਲਈ ਯੋਗ ਆਜ਼ਾਦੀ ਦੇਵੇ।

ਸੁਤੰਤਰ ਅਕਾਦਮਿਕ ਆਡਿਟ, ਪਾਰਦਰਸ਼ੀ ਜਾਣਕਾਰੀ, ਵਿਦਿਆਰਥੀ ਫੀਡਬੈਕ, ਅਧਿਆਪਕਾਂ ਦੀ ਭਾਗੀਦਾਰੀ ਅਤੇ ਜਨਤਕ ਤੌਰ 'ਤੇ ਉਪਲਬਧ ਗੁਣਵੱਤਾ ਸੰਬੰਧੀ ਸੂਚਕ ਭਰੋਸਾ ਮਜ਼ਬੂਤ ਕਰ ਸਕਦੇ ਹਨ।

ਜਵਾਬਦੇਹੀ ਦਾ ਕੇਂਦਰ ਸਿਰਫ਼ ਕਾਗਜ਼ੀ ਕਾਰਵਾਈ ਨਹੀਂ, ਸਗੋਂ ਅਸਲ ਨਤੀਜੇ ਹੋਣੇ ਚਾਹੀਦੇ ਹਨ।

ਮੁਨਾਫ਼ਾ ਅਤੇ ਸਿੱਖਿਆ: ਸੰਤੁਲਨ ਦੀ ਲੋੜ

ਵਿੱਤੀ ਸਥਿਰਤਾ ਅਤੇ ਮੁਨਾਫ਼ਾ-ਕੇਂਦਰਿਤ ਸਿੱਖਿਆ ਵਿਚਕਾਰ ਫ਼ਰਕ ਕਰਨਾ ਜ਼ਰੂਰੀ ਹੈ।

ਇੱਕ ਨਿੱਜੀ ਯੂਨੀਵਰਸਿਟੀ ਮਜ਼ਬੂਤ ਵਿੱਤੀ ਪ੍ਰਬੰਧ ਤੋਂ ਬਿਨਾਂ ਨਹੀਂ ਚੱਲ ਸਕਦੀ। ਨਿਵੇਸ਼ ਅਤੇ ਵਾਜਬ ਵਿੱਤੀ ਰਿਟਰਨ ਸੰਸਥਾ ਨੂੰ ਬੁਨਿਆਦੀ ਢਾਂਚਾ ਕਾਇਮ ਰੱਖਣ, ਯੋਗ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਅਤੇ ਅਕਾਦਮਿਕ ਮੌਕਿਆਂ ਦਾ ਵਿਸਥਾਰ ਕਰਨ ਵਿੱਚ ਮਦਦ ਕਰ ਸਕਦੇ ਹਨ।

ਮੁੱਦਾ ਇਹ ਨਹੀਂ ਕਿ ਉੱਚ ਸਿੱਖਿਆ ਵਿੱਚ ਪੈਸੇ ਦੀ ਕੋਈ ਥਾਂ ਨਹੀਂ। ਪੈਸਾ ਜ਼ਰੂਰੀ ਹੈ।

ਮੁੱਦਾ ਇਹ ਹੈ ਕਿ ਕੀ ਵਿੱਤੀ ਵਿਚਾਰ ਅਕਾਦਮਿਕ ਜ਼ਿੰਮੇਵਾਰੀ ਉੱਤੇ ਹਾਵੀ ਹੋ ਰਹੇ ਹਨ।

ਇੱਕ ਟਿਕਾਊ ਯੂਨੀਵਰਸਿਟੀ ਨੂੰ ਆਪਣੇ ਸਿੱਖਿਆਕ ਉਦੇਸ਼ਾਂ ਨੂੰ ਕਾਇਮ ਰੱਖਣ ਅਤੇ ਸੁਧਾਰਨ ਲਈ ਲੋੜੀਂਦੇ ਸਰੋਤ ਪੈਦਾ ਕਰਨੇ ਚਾਹੀਦੇ ਹਨ। ਇਸ ਦਾ ਵਿੱਤੀ ਮਾਡਲ ਅੰਤ ਵਿੱਚ ਪੜ੍ਹਾਈ, ਖੋਜ, ਵਿਦਿਆਰਥੀ ਭਲਾਈ ਅਤੇ ਸੰਸਥਾਗਤ ਵਿਕਾਸ ਦੀ ਸਹਾਇਤਾ ਕਰੇ।

**ਨਿੱਜੀ ਉੱਚ ਸਿੱਖਿਆ ਦਾ ਭਵਿੱਖ :** ਭਾਰਤ ਨੂੰ ਆਪਣੀ ਵਧਦੀ ਨੌਜਵਾਨ ਆਬਾਦੀ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਹੋਰ ਚੰਗੀਆਂ ਉੱਚ ਸਿੱਖਿਆ ਸੰਸਥਾਵਾਂ ਦੀ ਲੋੜ ਹੈ। ਨਿੱਜੀ ਯੂਨੀਵਰਸਿਟੀਆਂ ਇਸ ਲੋੜ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਪਰ ਵਿਸਥਾਰ ਦੇ ਨਾਲ ਜ਼ਿੰਮੇਵਾਰੀ ਵੀ ਆਉਣੀ ਚਾਹੀਦੀ ਹੈ।

ਭਵਿੱਖ ਦੀ ਯੂਨੀਵਰਸਿਟੀ ਨੂੰ ਸਿਰਫ਼ ਉਸ ਦੇ ਕੈਂਪਸ ਦੇ ਆਕਾਰ, ਕੋਰਸਾਂ ਦੀ ਗਿਣਤੀ ਜਾਂ ਆਮਦਨ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ। ਉਸ ਨੂੰ ਉਸ ਦੇ ਗ੍ਰੈਜੂਏਟਾਂ ਦੀ ਗੁਣਵੱਤਾ, ਅਧਿਆਪਕਾਂ ਦੀ ਸਮਰੱਥਾ, ਖੋਜ ਦੀ ਪ੍ਰਸੰਗਿਕਤਾ, ਪ੍ਰਸ਼ਾਸਨ ਦੀ ਪਾਰਦਰਸ਼ਤਾ ਅਤੇ ਸਮਾਜ ਪ੍ਰਤੀ ਯੋਗਦਾਨ ਦੇ ਆਧਾਰ 'ਤੇ ਸਮਝਿਆ ਜਾਣਾ ਚਾਹੀਦਾ ਹੈ। ਆਮਦਨ ਕਿਸੇ ਸੰਸਥਾ ਨੂੰ ਚਲਾ ਸਕਦੀ ਹੈ, ਪਰ ਅਕਾਦਮਿਕ ਉਦੇਸ਼ ਹੀ ਯੂਨੀਵਰਸਿਟੀ ਨੂੰ ਅਰਥ ਪ੍ਰਦਾਨ ਕਰਦਾ ਹੈ। ਨਿੱਜੀ ਯੂਨੀਵਰਸਿਟੀਆਂ ਕੋਲ ਗਿਆਨ, ਨਵੀਨਤਾ ਅਤੇ ਸਮਾਜਿਕ ਤਰੱਕੀ ਦੇ ਸ਼ਕਤੀਸ਼ਾਲੀ ਕੇਂਦਰ ਬਣਨ ਦਾ ਮੌਕਾ ਹੈ। ਇਸ ਸਮਰੱਥਾ ਨੂੰ ਹਕੀਕਤ ਬਣਾਉਣ ਲਈ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਸਿਰਫ਼ ਆਮਦਨ ਦਾ ਸਰੋਤ ਨਹੀਂ, ਸਗੋਂ ਸਿੱਖਣ ਵਾਲੇ ਮਨੁੱਖ ਵਜੋਂ ਦੇਖਣਾ ਹੋਵੇਗਾ; ਅਧਿਆਪਕਾਂ ਨੂੰ ਸਿਰਫ਼ ਖਰਚਾ ਨਹੀਂ, ਸਗੋਂ ਬੌਧਿਕ ਸਾਥੀ ਸਮਝਣਾ ਹੋਵੇਗਾ; ਖੋਜ ਨੂੰ ਸਿਰਫ਼ ਅੰਕੜਿਆਂ ਦਾ ਸੰਗ੍ਰਹਿ ਨਹੀਂ, ਸਗੋਂ ਗਿਆਨ ਦੀ ਖੋਜ ਮੰਨਣਾ ਹੋਵੇਗਾ; ਅਤੇ ਜਵਾਬਦੇਹੀ ਨੂੰ ਸਿਰਫ਼ ਨਿਯਮਕ ਰਸਮ ਨਹੀਂ, ਸਗੋਂ ਲਗਾਤਾਰ ਅਕਾਦਮਿਕ ਜ਼ਿੰਮੇਵਾਰੀ ਬਣਾਉਣਾ ਹੋਵੇਗਾ।

ਹਰ ਯੂਨੀਵਰਸਿਟੀ ਨੂੰ ਆਪਣੇ ਆਪ ਤੋਂ ਇੱਕ ਸਧਾਰਨ ਸਵਾਲ ਪੁੱਛਣਾ ਚਾਹੀਦਾ ਹੈ:

ਕੀ ਅਸੀਂ ਸਿਰਫ਼ ਇੱਕ ਸਫਲ ਸੰਸਥਾ ਬਣਾ ਰਹੇ ਹਾਂ, ਜਾਂ ਅਜਿਹੀ ਸੰਸਥਾ ਵੀ ਬਣਾ ਰਹੇ ਹਾਂ ਜੋ ਸਮਾਜ ਦੇ ਭਰੋਸੇ ਦੀ ਸੱਚਮੁੱਚ ਹੱਕਦਾਰ ਹੋਵੇ?

ਇਸ ਸਵਾਲ ਦਾ ਜਵਾਬ ਸਿਰਫ਼ ਨਿੱਜੀ ਉੱਚ ਸਿੱਖਿਆ ਦੇ ਭਵਿੱਖ ਨੂੰ ਹੀ ਨਹੀਂ, ਸਗੋਂ ਆਉਣ ਵਾਲੀ ਪੀੜ੍ਹੀ ਨੂੰ ਮਿਲਣ ਵਾਲੀ ਸਿੱਖਿਆ ਦੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰੇਗਾ।

Dosanjh Family
AUTO GROUP

Cadillac CHEVROLET INFINITI KIA NISSAN BUICK
GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI